# ਸੁੰਨ ਸਿਫ਼ਰ

ਸੁਰਿੰਦਰ ਸਿੰਘ ਸੁੰਨੜ

PUNJAB
PUBLISHERS
ਪੰਜਾਬ ਪਬਲਿਸ਼ਰਜ਼, ਜਲੰਧਰ

## ਏਸੇ ਕਲਮ ਤੋਂ

- ਮੰਜ਼ਿਲ ਨਾ ਮਿਲੀ
- ਸ਼ਬਦ ਪਰਕਾਸ਼
- ਹੀਰ ਸੁੰਨੜ
- ਆਪਣਾ ਅਤੀਤ
- ਮੇਰੇ ਪੰਧ ਪੈਂਡੇ
- ਮੰਜ਼ਿਲ ਨਾ ਮਿਲੀ (ਭਾਗ ਦੂਜਾ)
- One Almighty
- ਆਪਣੀ ਆਵਾਜ਼ (ਸੰਪਾਦਨ)
- ਰੰਗ ਮਜੀਠ
- Logical Logic
- ਬਾਤਾਂ ਤੇ ਬਿਰਤਾਂਤ

# ਸੁੰਨ ਸਿਫ਼ਰ

ਸੁਰਿੰਦਰ ਸਿੰਘ ਸੁੰਨੜ

PUNJAB PUBLISHERS
ਪੰਜਾਬ ਪਬਲਿਸ਼ਰਜ਼, ਜਲੰਧਰ

# SUNN SIFFER

*Poems by*

**Surinder Singh Sunner**

© **Author**

**ISBN :** 978-81-962583-9-9

**Resi. :** 693-Guru Teg Bhadur Nagar,
Jalandhar-144001.
Phone : 98725-49506
e-mail : ssunner@gmail.com

Second Edition – 2024

Rs. 750/-     $-10

Title Design - Inderjeet Singh Artist

Type Setting – Harish Kumar

***Published by***

**Punjab Publishers**

693, GTB Nagar, Jalandhar-144001
email : punjabpublishersjal@gmail.com
Phone : 98725-49506, 94171-94812

# ਸਮਰਪਣ

ਡਾਕਟਰ ਲਖਵਿੰਦਰ ਸਿੰਘ ਜੌਹਲ ਨੂੰ
ਅਤੇ ਦੇਸ਼ ਵਿਦੇਸ਼ਾਂ ਵਿੱਚ ਵਿਚਰਦੇ
ਪੰਜਾਬੀ ਵਿਦਵਾਨਾਂ ਨੂੰ ਸਮਰਪਿਤ

**-ਸੁਰਿੰਦਰ ਸੁੰਨੜ**

# ਅੰਧਿਆਰੇ ਵਿਚ ਸ਼ਬਦ ਜੋਤ

ਇਸ ਕਾਵਿ-ਸੰਗ੍ਰਹਿ ਦਾ ਕਰਤੇ ਸੁਰਿੰਦਰ ਸਿੰਘ ਸੁੰਨੜ ਦੀ ਵਾਰਤਕ ਪੁਸਤਕ 'ਮੇਰੇ ਪੰਧ ਮੇਰੇ ਪੈਂਡੇ' ਵਿਚਲੇ ਬਹੁਤ ਊਰਜਾ ਅਤੇ ਪ੍ਰੇਰਣਾ ਭਰੇ ਵਾਕ ਤੋਂ ਆਪਣੀ ਗੱਲ ਸ਼ੁਰੂ ਕਰਨੀ ਚਾਹੁੰਦਾ ਹਾਂ। ਉਹ ਵਾਕ ਹੈ :

> "ਕਾਦਰ ਦੀ ਕੁਦਰਤ ਦਾ ਕਮਾਲ ਤਾਂ ਦੇਖੋ ਕਿ ਇਨਸਾਨ ਦਾ ਪੰਚ ਭੂਤਕ ਸਰੀਰ ਭਾਵੇਂ ਨਾਸ਼ਵਾਨ ਹੈ ਪਰ ਇਸ ਵਿਚ ਅਸੀਮ ਅਵਿਨਾਸ਼ੀ ਸ਼ਕਤੀਆਂ ਹੁੰਦੀਆਂ ਹਨ। ਅਸੀਮ ਅਵਿਨਾਸ਼ੀ ਸ਼ਕਤੀਆਂ ਹੋਣ ਦੇ ਬਾਵਜੂਦ ਸੀਮਿਤ ਤੇ ਨਾਸ਼ਵਾਨ ਮਨੁੱਖ ਕਿੱਥੋਂ ਤੱਕ ਪਹੁੰਚਦਾ ਹੈ, ਇਹ ਉਸ ਦੀ ਸ਼ਖ਼ਸੀਅਤ ਹੈ।"

ਇਹ ਵਾਕ ਲਿਖਣ ਤੋਂ ਬਾਅਦ ਉਹ ਇਕ ਨੌਜਵਾਨ ਦੀ ਕਹਾਣੀ ਸੁਣਾਉਂਦਾ ਹੈ :

"ਇਕ ਨੌਜਵਾਨ 27 ਸਾਲਾਂ ਦੀ ਉਮਰ ਵਿਚ ਲੱਖਾਂ ਤੋਂ ਕੱਖਾਂ ਦਾ ਹੋ ਗਿਆ। ਡੰਗ ਦੀ ਰੋਟੀ ਵੀ ਚਿੰਤਾ ਬਣ ਗਈ। ਉਧਾਰ ਪੈਸੇ ਫੜ ਕੇ ਵਿਦੇਸ਼ਾਂ ਵਿਚ ਨੌਕਰੀ ਕਰਨ ਲਈ ਤੁਰ ਪਿਆ। ਪਹਿਲੀ ਵਾਰ ਹਵਾਈ ਜਹਾਜ਼ ਵਿਚ ਸਫ਼ਰ ਕਰਦਿਆਂ ਇਹ ਸੋਚ ਕੇ ਕੁਝ ਨਾ ਖਾਧਾ ਕਿ ਕਿਤੇ ਖਾਣੇ ਦੇ ਪੈਸੇ ਨਾ ਦੇਣੇ ਪੈ ਜਾਣ। ਕਈ ਦੇਸ਼ਾਂ ਵਿਚ ਧੱਕੇ ਧੋੜੇ ਖਾਂਦਾ ਹੋਇਆ ਅਮਰੀਕਾ ਪਹੁੰਚ ਜਾਂਦਾ। ਝਾੜੂ ਪੋਚੇ ਲਾਉਣ ਦਾ ਕੰਮ ਵੀ ਉਸ ਨੂੰ ਰੱਬ ਦੀ ਰਹਿਮਤ ਲੱਗਿਆ। ਮੀਂਹ ਹਨ੍ਹੇਰੀ ਵਿਚ ਕੂੜਾ ਸੁੱਟਣ ਵਾਲਾ ਮੋਮਜਾਮੇ ਦਾ ਬੈਗ ਪਾ ਕੇ, ਬੈਗ ਵਿਚੋਂ ਵੇਖਣ ਲਈ ਦੋ ਮੋਰੀਆਂ ਕੱਢ ਕੇ, ਗੜੇ ਪੈਂਦਿਆਂ ਵਿਚ ਵੀ ਤੁਰ ਕੇ ਕੰਮ ਦੇ ਜ਼ਰੂਰ ਪਹੁੰਚਦਾ। ਇਕ ਨਿੱਕਾ ਜਿਹਾ ਕਮਰਾ ਤਿੰਨ ਜਣਿਆਂ ਨੇ ਕਿਰਾਏ 'ਤੇ ਲਿਆ ਰਹਿਣ ਲਈ। ਸਰੀਰਕ ਤੌਰ 'ਤੇ ਬਹੁਤ ਹੀ ਕਮਜ਼ੋਰ, ਉਸ ਦੀ ਦੁਨੀਆ ਜਿਵੇਂ ਸੁੰਗੜ ਕੇ ਉਸ ਕਮਰੇ ਤੋਂ ਕੰਮ ਤੱਕ ਸੀਮਿਤ ਹੋ ਗਈ ਸੀ ਲੇਕਿਨ ਕੁਝ ਸਾਲਾਂ ਵਿਚ ਹੀ ਉਹ ਇਸ ਪੱਧਰ 'ਤੇ, ਇਸ ਮੁਕਾਮ 'ਤੇ ਪਹੁੰਚ ਜਾਂਦਾ ਹੈ ਜਿੱਥੇ ਉਸ ਦੀ ਗਿਣਤੀ ਸਿਆਣੇ, ਗੁਣਵਾਨ ਵਿਓਪਾਰੀਆਂ ਵਿਚ ਹੋਣ ਲੱਗ ਪੈਂਦੀ ਹੈ। ਉਸ ਦਾ ਬਹੁਤ ਵੱਡਾ ਸਮਾਜ ਬਣ ਜਾਂਦਾ ਹੈ। ਹਜ਼ਾਰਾਂ ਲੱਖਾਂ ਲੋਕ ਉਸ ਨੂੰ ਜਾਣਦੇ, ਉਸ ਬਾਰੇ ਲਿਖਦੇ ਪੜ੍ਹਦੇ ਹਨ।

ਬਹੁਤ ਅਜੀਬ ਲਗਦਾ ਹੈ ਕਿ ਇਹ ਕਿਵੇਂ ਹੋ ਗਿਆ।"

ਉਪਰੋਕਤ ਵਿਰਤਾਂਤ ਦਾ ਆਖ਼ਰੀ ਵਾਕ ਇਹ ਹੈ : ਇਹ ਸੋਚ ਕੇ ਹੋਰ ਵੀ ਅਜੀਬ ਲਗਦਾ ਕਿ ਇਹ ਮੇਰੀ ਆਪਣੀ ਹੀ ਕਹਾਣੀ ਹੈ।

ਇਸ ਨੌਜਵਾਨ ਦੀ ਇਸ ਤੋਂ ਅੱਗੇ ਜੋ ਕਹਾਣੀ ਹੈ ਵੀ ਬਹੁਤ ਸ਼ਾਨਾਂ-ਮੱਤੀ ਕਹਾਣੀ ਹੈ।ਉਸ ਕਹਾਣੀ ਦੀ ਇਕ ਸ਼ਾਨ ਤਾਂ ਇਸ ਗੱਲ ਵਿਚ ਹੈ ਕਿ ਉਹ ਉਨ੍ਹਾਂ ਚੰਦ ਪੰਜਾਬੀਆਂ ਵਿਚੋਂ ਹੈ ਜਿਹੜੇ ਖੱਟ ਕਮਾ ਕੇ ਆਪਣੀ ਧਰਤੀ ਵੱਲ ਨੂੰ ਮੁੜੇ। ਦੂਜੀ ਸ਼ਾਨ ਇਹ ਹੈ ਕਿ ਉਹ ਇਕ ਵਿਰਲਾ ਇਨਸਾਨ ਹੈ ਜਿਸ ਨੇ ਆਪਣੀ ਖੱਟੀ ਕਮਾਈ ਵਿਚੋਂ ਆਪਣੀ ਜਨਮ-ਭੂਮੀ ਲਈ ਵੀ ਕੁਝ ਕਰਨ ਦਾ ਤਹੱਈਆ ਕੀਤਾ। ਕਿੰਨੇ ਸਾਰੇ ਮਾਣ ਸਨਮਾਨ ਪੁਰਸਕਾਰ ਪੰਜਾਬੀ ਦੇ ਨਵੇਂ ਤੇ ਸਥਾਪਿਤ ਲੇਖਕਾਂ ਲਈ ਸ਼ੁਰੂ ਕੀਤੇ। ਲਖਵਿੰਦਰ ਜੌਹਲ ਦੀ ਸੁਯੋਗ ਤੇ ਸੁਹਿਰਦ ਅਗਵਾਈ ਵਿਚ '**ਆਪਣੀ ਆਵਾਜ਼**' ਤੇ '**ਕਾਵਿ ਲੋਕ**' ਨਾਮ ਦੇ ਦੋ ਮੈਗਜ਼ੀਨ ਸ਼ੁਰੂ ਕੀਤੇ। ... ...ਤੇ ਹਮੇਸ਼ਾ ਪੰਜਾਬ ਤੇ ਪੰਜਾਬੀ ਲਈ ਕੁਝ ਕਰਨ ਲਈ ਤਤਪਰਤਾ ਉਸ ਦੀ ਕਹਾਣੀ ਦੀ ਸ਼ਾਨ ਦਾ ਇਕ ਹੋਰ ਪਾਸਾਰ ਹੈ।ਉਸ ਦੀ ਕਹਾਣੀ ਦੀ ਸ਼ਾਨ ਦਾ ਇਕ ਹੋਰ ਪਾਸਾਰ ਇਹ ਵੀ ਹੈ ਉਹ ਇਕ ਵਿਲੱਖਣ ਸੋਚਵਾਨ ਪ੍ਰਤਿਭਾਸ਼ੀਲ ਕਵੀ ਵੀ ਹੈ।ਉਸ ਦੀਆਂ ਕਵਿਤਾਵਾਂ ਪੜ੍ਹ ਕੇ, ਉਸ ਨੂੰ ਮਿਲ ਕੇ, ਉਸ ਦਾ ਵਿਵਹਾਰ ਦੇਖ ਕੇ ਇਹ ਯਕੀਨ ਹੋ ਜਾਂਦਾ ਹੈ ਕਿ ਉਹ ਹਿਰਦੇ ਤੋਂ ਕਵੀ ਹੈ।

ਉਸ ਦੀ ਇਹ ਕਿਤਾਬ ਪੜ੍ਹਦਿਆਂ ਕਈ ਥਾਂਵਾਂ 'ਤੇ ਮੈਂ ਰੁਕ ਗਿਆ, ਕਵਿਤਾ ਦੀ ਸ਼ਿੱਦਤ ਅਤੇ ਸੰਵੇਦਨਾ ਵੇਖ ਕੇ। ਇਕ ਗ਼ਜ਼ਲ ਦੇ ਕੁਝ ਸ਼ੇਅਰ ਤੁਹਾਡੇ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ :

ਤਾਕਤਵਰ ਦੁਨੀਆ ਤੋਂ ਹਾਰੇ ਸੱਜਣਾ ਵੇ
ਤੇਰੇ ਕੋਲੋਂ ਹਰ ਜਾਵਣ ਨੂੰ ਜੀ ਕਰਦਾ ਹੈ

ਸਹਿਮੇ ਸਹਿਮੇ ਫਿਰਦੇ ਮਰ ਮਰ ਜੀਂਵਦਿਆ
ਤੇਰੀ ਮੌਤੇ ਮਰ ਜਾਵਣ ਨੂੰ ਜੀ ਕਰਦਾ ਹੈ

ਜਿੱਥੋਂ ਜਿੱਥੋਂ ਜੋ ਜੋ ਤੇਰਾ ਮਿਟ ਚੁੱਕਿਆ
ਖ਼ਾਲੀ ਥਾਵਾਂ ਭਰ ਜਾਵਣ ਨੂੰ ਜੀ ਕਰਦਾ ਹੈ

ਇਨ੍ਹਾਂ ਤਿੰਨ ਸ਼ੇਅਰਾਂ ਵਿਚ ਇਕ ਅਜਿਹੇ ਪਿਆਰੇ ਹਿਰਦੇ ਦੇ ਦਰਸ਼ਨ ਹੁੰਦੇ

ਹਨ ਜੋ ਪਰਾਈ ਪੀੜ ਨੂੰ ਧੁਰ ਗਹਿਰਾਈਆਂ ਤੋਂ ਮਹਿਸੂਸ ਕਰਦਾ ਹੈ। ਸਿਰਫ਼ ਮਹਿਸੂਸ ਹੀ ਨਹੀਂ ਕਰਦਾ, ਉਸ ਦੀ ਖ਼ਾਤਰ ਆਪਣੀ ਹਉਂ ਅਤੇ ਆਪਣੀ ਜਿੰਦ ਵਾਰਨ ਲਈ ਵੀ ਬੇਚੈਨ ਹੈ। ਇਸ ਕਰੁਣਾਧਾਰੀ ਭਾਵਨਾ ਦਾ ਇਕ ਹੋਰ ਪਾਸਾਰ ਇਹ ਹੈ ਕਿ ਇਸ ਵਿਚ ਹਾਰੇ ਹੋਏ ਇਨਸਾਨ ਦੇ ਪੁਨਰ ਉੱਥਾਨ ਦਾ ਸਿਰਜਣਾਤਮਕ ਧਿਆਨ ਵੀ ਹੈ :

ਜਿੱਥੋਂ ਜਿੱਥੋਂ ਜੋ ਜੋ ਤੇਰਾ ਮਿਟ ਚੁੱਕਿਆ
ਖ਼ਾਲੀ ਥਾਵਾਂ ਭਰ ਜਾਵਣ ਨੂੰ ਜੀ ਕਰਦਾ ਹੈ

ਸੁਹਿਰਦ ਭਾਵਨਾ ਵਿਚੋਂ ਫੁੱਟੀਆਂ ਇਨ੍ਹਾਂ ਸਤਰਾਂ ਵਿਚ ਕੋਈ ਉਪਦੇਸ਼ ਜਾਂ ਐਲਾਨ ਨਹੀਂ, ਇਕ ਮਨੋਸਥਿਤੀ ਹੈ ਜੋ ਸਹਿਜ ਸੁਭਾਅ ਹੀ ਦਇਆ ਸਰੂਪ ਹੈ। ਇਨ੍ਹਾਂ ਸਤਰਾਂ ਦੀ ਸਿਰਫ਼ ਭਾਵਨਾ ਹੀ ਨਹੀ, ਇਨ੍ਹਾਂ ਦੀ ਧੁਨੀ ਵੀ ਬਹੁਤ ਦਿਲ-ਟੁੰਬਵੀਂ ਹੈ। ਅਸਲ ਵਿਚ ਭਾਵਨਾ ਅਤੇ ਧੁਨੀ ਦਾ ਆਪਸ ਵਿਚ ਗਹਿਰਾ ਮਾਨਸਿਕ ਸੰਬੰਧ ਹੁੰਦਾ ਹੈ। ਇਸ ਸੰਗ੍ਰਹਿ ਵਿਚ ਕਾਇਨਾਤ ਦੇ 'ਸੁੰਨ ਸਿਫ਼ਰ' (ਜਿਸ ਵਿਚੋਂ ਸ੍ਰਿਸ਼ਟੀ ਦੀ ਰਚਨਾ ਹੋਈ) ਤੋਂ ਲੈ ਕੇ ਹੁਣ ਤੱਕ, ਅਰਬਦ ਨਰਬਦ ਧੁੰਦੂਕਾਰ ਤੋਂ ਲੈ ਕੇ ਸਾਡੇ ਯੁਗ ਵਿਚ ਫੈਲੇ ਕਦਰਾਂ ਕੀਮਤਾਂ ਦੇ ਧੁੰਦੂਕਾਰ ਤੱਕ ਦਾ ਧਿਆਨ ਸ਼ਾਮਿਲ ਹੈ, ਜਿਸ ਧੁੰਦੂਕਾਰ ਵਿਚ ਮਨੁੱਖ ਇਕ ਦੂਜੇ ਦਾ ਸ਼ਿਕਾਰ ਕਰ ਰਹੇ ਹਨ। ਇਸ ਸਥਿਤੀ ਵਿਚ ਕਵੀ ਸੁੱਨੜ ਸਭ ਕੁਝ ਛੱਡ ਛੁਡਾ ਕੇ ਇਸ ਸਾਰੇ ਵਰਤਾਰੇ ਬਾਰੇ ਸੋਚ ਵਿਚਾਰ ਵਿਚ ਡੁੱਬਿਆ ਹੋਇਆ ਹੈ :

'ਸਭ ਕੁਝ ਛੱਡ ਛੁਡਾ ਕੇ ਸੁੱਨੜ ਕਰਦਾ ਸੋਚ ਵਿਚਾਰ'

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਇਸ ਸੋਚ-ਵਿਚਾਰ ਦਾ ਹੀ ਕਾਵਿ-ਰੂਪ ਹਨ।

ਇਸ ਦੀ ਪਹਿਲੀ ਕਵਿਤਾ ਸਤਵਾਰਾ ਦੇ ਰੂਪ ਵਿਚ ਹੈ ਜਿਸ ਵਿਚ ਹਫ਼ਤੇ ਦੇ ਪਹਿਲੇ ਚਾਰ ਦਿਨਾਂ ਨੂੰ ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਯੁਗ ਦੇ ਰੂਪਕ ਬਣਾਇਆ ਗਿਆ ਹੈ। ਕਲਯੁੱਗ ਦੇ ਅੰਧਕਾਰ ਵਿਚ ਸ਼ਬਦ ਦੇ ਮਹੱਤਵ ਨੂੰ ਦ੍ਰਿੜਾਉਣ ਵਾਲੇ ਭਗਤਾਂ ਤੇ ਗੁਰੂ ਸਾਹਿਬਾਨ ਦਾ ਉਦੈ-ਕਾਲ ਹੈ। ਸ਼ੁੱਕਰਵਾਰ ਨੂੰ ਭਵਿੱਖ ਵਿਚ ਆਉਣ ਵਾਲੇ ਸ਼ਬਦ ਯੁਗ ਦੇ ਰੂਪ ਵਿਚ ਸੋਚਿਆ ਗਿਆ ਹੈ। ਸਨਿੱਚਰਵਾਰ ਸ਼ਬਦ ਤੋਂ ਪ੍ਰੇਰਿਤ ਸਚਿਆਰੇ ਜੀਵਨ ਦਾ ਯੁੱਗ ਹੋਵੇਗਾ। ਐਤਵਾਰ ਨੂੰ ਕਵੀ ਜੀ ਨੇ ਆਦਤਵਾਰ ਕਹਿ ਕੇ ਇਸ ਦਾ ਨਵਾਂ ਨਾਮਕਰਣ ਕੀਤਾ ਹੈ। ਐਤਵਾਰ ਉਹ ਯੁੱਗ ਹੋਵੇਗਾ ਜਿਸ ਵਿਚ ਸਚਿਆਰਾਪਨ ਮਾਨਵਤਾ ਦੀ ਆਦਤ ਬਣ ਜਾਵੇਗੀ। ਉਸ ਵਿਚ ਚੰਗਿਆਈ ਕੋਈ ਉਚੇਚ ਨਹੀਂ ਹੋਵੇਗੀ, ਮਾਨਵਤਾ ਦਾ

ਸਹਿਜ ਸੁਭਾਅ ਹੋਵੇਗੀ। ਇਸ ਸਹਿਜ ਸੁਭਾਵੀ ਚੰਗਿਆਈ ਦੀ ਮਿਸਾਲ ਕਵੀ ਸੁੱਨੜ ਦੀ ਉਸ ਕਵਿਤਾ ਵਿਚ ਬਹੁਤ ਉੱਘੜਵੇਂ ਰੂਪ ਵਿਚ ਦੇਖੀ ਜਾ ਸਕਦੀ ਹੈ ਜਿਸ ਦਾ ਜ਼ਿਕਰ ਮੈਂ ਸ਼ੁਰੂ ਵਿਚ ਕਰ ਆਇਆ ਹਾਂ :

ਤਾਕਤਵਰ ਦੁਨੀਆ ਤੋਂ ਹਾਰੇ ਸੱਜਣਾ ਵੇ
ਤੇਰੇ ਕੋਲੋਂ ਹਰ ਜਾਵਣ ਨੂੰ ਜੀ ਕਰਦਾ ਹੈ

ਸਹਿਮੇ ਸਹਿਮੇ ਫਿਰਦੇ ਮਰ ਮਰ ਜੀਂਵਦਿਆ
ਤੇਰੀ ਮੌਤੇ ਮਰ ਜਾਵਣ ਨੂੰ ਜੀ ਕਰਦਾ ਹੈ

ਜਿੱਥੋਂ ਜਿੱਥੋਂ ਜੋ ਜੋ ਤੇਰਾ ਮਿਟ ਚੁੱਕਿਆ
ਖ਼ਾਲੀ ਥਾਂਵਾਂ ਭਰ ਜਾਵਣ ਨੂੰ ਜੀ ਕਰਦਾ ਹੈ

ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਸਤਵਾਰੇ ਦੇ ਰੰਗਾਂ ਵਿਚ ਰੰਗੀਆਂ ਹੋਈਆਂ ਹਨ। ਸ੍ਰਿਸ਼ਟੀ ਤੇ ਮਾਨਵੀ ਜ਼ਿੰਦਗੀ ਦੇ ਆਦਿ ਜੁਗਾਦੀ ਸੁਆਲ ਇਸ ਵਿਚ ਥਾਂ ਪੁਰ ਥਾਂ ਨੁਮਾਇਆਂ ਹਨ :

ਸੋਚ ਵੀ ਸੁਪਨਾ, ਤੂੰ ਵੀ ਸੁਪਨਾ, ਸੁਪਨੇ ਵਿਚ ਵੀ ਆਇਆ ਸੁਪਨਾ
ਸੁਪਨ-ਲੋਕ ਦੇ ਵਾਸੀ ਸੁਪਨੇ ਲੈਂਦੇ ਆਉਂਦੇ ਜਾਂਵਦਿਆਂ

ਸੁਪਨੇ ਦੇ ਵਿਚ ਰੱਬ ਬਣਾਇਆ ਅਪਣੇ ਵਰਗਾ ਚਿਹਰਾ ਲਾਇਆ
ਬ੍ਰਹਮਾ ਨਾਮ ਰੱਖ ਕੇ ਆਪੇ ਖ਼ੁਦ ਹੀ ਫਿਰਨ ਧਿਆਂਵਦਿਆਂ

ਬਹੁਤ ਸਾਰੀਆਂ ਕਵਿਤਾਵਾਂ ਮੁੱਲਵਾਨ ਪ੍ਰਵਚਨ ਹਨ ਜਿਨ੍ਹਾਂ ਦਾ ਮੂਲ ਆਧਾਰ ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਮਨਨ ਤੇ ਚਿੰਤਨ ਹੈ। ਸੱਚ, ਸੁਹਿਰਦਤਾ, ਕੁਰਬਾਨੀ ਅਤੇ ਚੜ੍ਹਦੀ ਕਲਾ ਦੀ ਪ੍ਰੇਰਣਾ ਦਿੰਦੀਆਂ ਇਹ ਕਵਿਤਾਵਾਂ ਇਸ ਕਾਵਿ ਸੰਗ੍ਰਹਿ ਦੀ ਕੈਨਵਸ ਦੇ ਪਿਛੋਕੜ ਅਤੇ ਆਕਾਰਾਂ ਦਾ ਪ੍ਰਮੁਖ ਰੰਗ ਹੈ ਜੋ ਆਦਿ ਤੋਂ ਅੰਤ ਤੱਕ ਫੈਲਿਆ ਹੋਇਆ ਹੈ :

ਕੁਝ ਕਵਿਤਾਵਾਂ ਅਜੋਕੇ ਕਲਯੁੱਗੀ ਮਾਹੌਲ, ਇਸ ਦੀਆਂ ਕੁਰੀਤੀਆਂ, ਵਿਸੰਗਤੀਆਂ ਅਤੇ ਦੁਖਾਂਤਾਂ ਦਾ ਚਿਤ੍ਰਣ ਹਨ :

ਪਿਆਲੇ ਜ਼ਹਿਰ ਦੇ ਹਰ ਕਚਹਿਰੀ ਬਹੁਤ ਮਿਲਦੇ
ਜ਼ਹਿਰ ਨੂੰ ਪੀਵਣ ਵਾਲਾ ਇੱਕੋ ਇਕ ਸੁਕਰਾਤ ਗ਼ਾਇਬ ਹੈ
ਰੱਬ ਬਣ ਬਣ ਬਹਿਣ ਵਾਲੇ ਬਹੁਤ ਭੱਜੇ ਹੀ ਫਿਰਨ
ਪਰ ਰੱਬ ਵਰਗੀ ਉਨ੍ਹਾਂ ਚੋਂ ਔਕਾਤ ਗ਼ਾਇਬ ਹੈ

= = =

ਬਾਂਝ ਰਹਿ ਜਾਵੇ ਕੋਈ ਜ਼ਰਖ਼ੇਜ਼ ਧਰਤੀ ਇਸ ਡਰੋਂ
ਗੰਦਲਾਂ ਉੱਗੀਆਂ ਤਾਂ ਬੱਸ ਅੱਜ ਵੀ ਮਰੇ ਕੱਲ੍ਹ ਵੀ ਮਰੇ

ਏਸੇ ਪ੍ਰਸੰਗ ਵਿਚ ਸਿੱਖ ਭਾਈਚਾਰੇ ਦੀ ਅਜੋਕੀ ਸਥਿਤੀ ਦਾ ਬਹੁਤ ਦਿਲ-ਟੁੰਬਵਾਂ ਬਿਆਨ ਦੇਖਿਆ ਜਾ ਸਕਦਾ ਹੈ :

ਸਾਨੂੰ ਮੰਨੂ ਨੇ ਕੀ ਵੱਢਣਾ, ਅਸੀਂ ਆਪਣੇ ਕਾਤਲ ਆਪ ... ...
ਅਸੀਂ ਖ਼ੁਦ ਨੂੰ ਨਹੀਂ ਪਹਿਚਾਣਿਆਂ ਤਾਂ ਹੀ ਭੋਗ ਰਹੇ ਸੰਤਾਪ

ਇਸ ਦੇ ਵਿਪਰੀਤ ਅਜੋਕੀ ਕਿਸਾਨ ਲਹਿਰ ਨੂੰ ਕਵੀ ਨੇ ਸ਼ਬਦ ਗੁਰੂ ਦੀ ਮਿਹਰ ਦੇ ਰੂਪ ਵਿਚ ਦੇਖਿਆ ਹੈ। ਇਸ ਲਹਿਰ ਦੀ ਸ਼ਾਨ ਬਾਰੇ ਅਤੇ ਇਸ ਦੇ ਪਿਛੋਕੜ ਵਿਚ ਕਿਸਾਨ ਦੇ ਦੁੱਖਾਂ ਅਤੇ ਉਸ ਦੀ ਆਰਥਕ ਦੀਨ-ਦਸ਼ਾ ਬਾਰੇ ਇਸ ਸੰਗ੍ਰਹਿ ਵਿਚ ਬਹੁਤ ਸਾਰੀਆਂ ਕਵਿਤਾਵਾਂ ਹਨ। ਇਕ ਕਵਿਤਾ ਇਸ ਪ੍ਰਸੰਗ ਵਿਚ ਸਾਂਝੀ ਕਰਨੀ ਚਾਹੁੰਦਾ ਹਾਂ :

ਉਹ ਛੋਟਾ ਮੋਟਾ ਅੰਦੋਲਨ ਨਹੀਂ ਹੋ ਸਕਦਾ
ਜਿਸ ਤੋਂ ਡਰਦਿਆਂ ਸਰਕਾਰਾਂ ਨੂੰ ਝੂਠ ਬੋਲਣਾ ਪੈ ਜਾਵੇ
ਕੱਟੜਵਾਦੀ ਅੱਤਵਾਦੀ ਡਿਕਟੇਟਰ ਨੂੰ
ਝੂਠ ਲੁਕੋਣ ਵਾਸਤੇ ਸਭ ਪੱਤਰਕਾਰਾਂ ਨੂੰ ਖਰੀਦਣਾ ਪੈ ਜਾਵੇ
ਸਮਰੱਥ ਗੁਰੂ ਦਾ ਹੱਥ ਸਿਰ ਤੇ ਧਰਿਆ ਹੋਣੈਂ
ਪੋਹ ਮਾਘ ਦੀਆਂ ਰਾਤਾਂ ਨੂੰ ਸਿਰ ਉੱਪਰ ਜਰਿਆ ਹੋਣੈਂ
ਨਹੀਂ ਤਾਂ ਬਹੁਤ ਮੁਸ਼ਕਿਲ ਹੁੰਦਾ ਹੈ ਵਰ੍ਹਦੇ ਕੱਕਰ ਦੇ ਵਿਚ
ਸਾਰਾ ਟੱਬਰ ਆਣ ਸੜਕ ਤੇ ਬਹਿ ਜਾਵੇ
ਜੋ ਜਾਤਾਂ ਧਰਮਾਂ ਨੂੰ ਉਕਸਾਉਂਦਾ ਹੈ ਧਰਮਾਂ ਵਿਚ ਪੇਚਾ ਪਾਉਂਦਾ ਹੈ
ਜੋ ਕੁਰਸੀ ਖ਼ਾਤਰ ਸਭ ਨੂੰ ਲੜਾਉਂਦਾ ਹੈ

ਇਸ ਅੰਦੋਲਨ ਵੇਲੇ ਭਾਰਤੀ ਪੱਤਰਕਾਰੀ ਦੀ ਭੂਮਿਕਾ ਸੁਹਿਰਦਤਾ ਤੇ ਸੱਚ

ਤੋਂ ਬਹੁਤ ਹੱਦ ਤੱਕ ਵਿਹੂਣੀ ਰਹੀ। ਪੱਤਰਕਾਰੀ ਦੇ ਇਸ ਰੋਲ ਬਾਰੇ ਲਿਖੀ ਇਕ ਕਵਿਤਾ ਵਿਚ ਸਾਡੇ ਯੁਗ ਦੀ ਨਾਂਹਮੁਖੀ ਬਿਰਤੀ ਦਾ ਬਿਆਨ ਕੀਤਾ ਗਿਆ ਹੈ :

ਪੱਤਰਕਾਰ ਤਾਂ ਉਹ ਹੁੰਦਾ ਹੈ ਜੋ ਸੱਚ ਬਾਹਰ ਲਿਆਵੇ
ਲੱਖ ਲਾਹਨਤ ਉਸ ਕਲਮ ਦੇ ਜਿਹੜੀ ਸੱਚ ਤੇ ਪਰਦਾ ਪਾਵੇ
ਝੂਠ ਬੋਲਣ ਤੇ ਜਿਸ ਤੋਤੇ ਨੂੰ ਰੱਜਵੀਂ ਚੂਰੀ ਮਿਲਦੀ ਹੈ
ਨੈਸ਼ਨਲ ਮੀਡੀਆ ਨਹੀਂ ਉਹਤਾਂ ਸਰਕਾਰੀ ਤੋਤੇ ਹਨ
ਭੌਂਕਣ ਦੀ ਖੁੱਲ੍ਹ ਉਸ ਨੂੰ ਸਰਕਾਰੀ ਪਟਾ ਗਲਾ ਵਿਚ ਪਾਵੇ
ਵੱਡੇ ਵੱਡੇ ਖਿਡਾਰੀ ਗਾਇਕ ਬਾਲੀਵੁੱਡ ਦੇ ਅਭਿਨੇਤਾ
ਸਭ ਤੋਂ ਝੂਠ ਬੁਲਵਾ ਕੇ ਪਤਾ ਨਹੀਂ ਕੀ ਕਹਿਣਾ ਚਾਹਵੇ
ਸੱਚ ਤੋਂ ਲੁਕਿਆ ਫਿਰਦਾ ਮੰਤਰੀ ਸੱਚ ਨੂੰ ਕਿਹੜਾ ਮੂੰਹ ਨ ਲਾਵੇ
ਚਿੱਟੇ ਝੂਠ ਨੂੰ ਸੱਚ ਕਹਿਣ ਨਾਲ ਸੱਚ ਤਾਂ ਨਹੀਂ ਬਣਦਾ
ਭਾਵੇ ਅਰਨਬ ਪਾਤਰਾ ਅੰਜਨਾ ਅੰਮਿਤ ਸਭ ਤੋਂ ਝੂਠ ਬੁਲਾਵੇ
ਰਾਵੀਸ਼ ਅਜੇ ਤੱਕ ਹਿੱਕ ਤਾਣ ਕੇ ਸੱਚ ਦੇ ਨਾਲ ਖੜਾ ਹੈ
ਸੱਚ ਨੂੰ ਬਾਹਰ ਲਿਆਉਣ ਲਈ ਉਹ ਤਾਂ ਪੂਰੀ ਵਾਹ ਲਾਵੇ ... ...

ਉਹ ਕਵਿਤਾਵਾਂ ਜਿਹੜੀਆਂ ਉੱਤਮ ਪੁਰਖ ਵਿਚ ਲਿਖੀਆਂ ਆਤਮ-ਕਥਾਈ ਅਤੇ ਵਿਅੰਗ ਰੰਗ ਵਾਲੀਆਂ ਹਨ ਉਨ੍ਹਾਂ ਦਾ ਪ੍ਰਭਾਵ ਵੀ ਗਹਿਰਾ ਤੇ ਕਾਵਿਮਈ ਹੈ :

ਜਿਸ ਨੂੰ ਲਭਦੇ ਲਭਦੇ ਦੁਨੀਆ ਤਰਸ ਗਈ
ਉਹ ਤਾਂ ਸੁਣਿਆਂ ਚਾਨਣਵੰਤ ਸਵੇਰਾ ਹੇ

ਮੇਰੀ ਉਮਰ ਹਨ੍ਹੇਰੇ ਦੇ ਵਿਚ ਬੀਤ ਗਈ
ਸਭ ਤੋਂ ਲਾਗੇ ਰਿਸ਼ਤੇਦਾਰ ਹਨ੍ਹੇਰਾ ਹੈ

ਭਰਮ ਦਾ ਅੱਲਣ ਪਾ ਕੇ ਸਬਜ਼ੀ ਪੱਕਦੀ ਹੈ
ਖ਼ੁਸ਼ਫ਼ਹਿਮੀ ਦਾ ਸਾਡੇ ਘਰੇ ਲਵੇਰਾ ਹੈ

= = =

ਅਮੀਰੀਕਾ ਵਿਚ ਪੰਜਾਬੀ ਮੁੰਡੇ ਆਉਂਦੇ ਕਰਨ ਵਿਉਪਾਰ
ਭੋਂਏਂ ਭਾਂਡੇ ਗਹਿਣੇ ਧਰ ਕੇ ਪੈਸੇ ਮੰਗ ਉਧਾਰ

ਏਜੰਟ ਦੇ ਹੱਥੋਂ ਪਹਿਲਾਂ ਹੁੰਦੇ ਖੱਜਲ ਖੁਆਰ
ਕਿਸਮਤ ਵਾਲਾ ਕੋਈ ਕੋਈ ਲੰਘ ਜਾਂਦਾ ਹੈ ਪਾਰ

ਭਾਂਡੇ ਮਾਂਜ ਕੇ ਝਾੜੂ ਲਾ ਕੇ ਪੈਸੇ ਬਣਦੇ ਚਾਰ
ਖਾ ਪੀ ਜਾਂਦੀਆਂ ਮੇਮਾਂ ਕਰ ਕੇ ਝੂਠਾ ਮੂਠਾ ਪਿਆਰ

ਗੋਰੀਆਂ ਨਾਲ ਖਿਚਾਉਂਦੇ ਫੋਟੋ ਹੋ ਕੇ ਤਿਆਰ ਵਿਆਰ
ਸੁੱਨੜ ਕਿੰਝ ਕਹੇ ਇਹਨਾਂ ਨੂੰ ਖਰਲਾਂ ਦੇ ਸਰਦਾਰ

ਗੁੱਸਾ ਨਾ ਕਰਿਓ ਓ ਮੁੰਡਿਓ ਜੇ ਹੋ ਮੇਰੇ ਯਾਰ
ਤੀਹ ਵਰ੍ਹੇ ਪਹਿਲਾਂ ਮੈ ਵੀ ਛਾਣੀ ਸੀ ਏਹੋ ਹੀ ਛਾਰ

= = =

ਖਿੜ ਖਿੜਾ ਕੇ ਹੱਸਣਾ ਮੇਰਾ ਹੀ ਮੇਰੀ ਜਿੱਤ ਹੈ
ਰੋਣ ਪੱਲੇ ਪਾ ਕੇ ਮੈਂ ਜਿੱਤਿਆ ਜਿਤਾਇਆ ਕਿਉਂ ਹਰਾਂ ...
ਆਪਣੀ ਆਵਾਜ਼ ਮੇਰੀ ਬੋਲ ਮੇਰੇ ਆਪਣੇ
ਰਟਿਆਂ ਰਟਾਇਆਂ ਭਾਸ਼ਨਾਂ ਦਾ ਓਪਰਾਪਣ ਕਿਉਂ ਜਰਾਂ

ਗ਼ੈਰਤਮੰਦ ਸਚਿਆਰਾ ਜੀਵਨ ਜੀਉਣ ਦੀ, ਮਾਨਵਤਾ ਲਈ, ਆਪਣੀ ਧਰਤੀ, ਬੋਲੀ ਤੇ ਵਿਰਾਸਤ ਲਈ ਕੁਝ ਕਰਨ ਦੀ ਰੀਝ ਸੁੱਨੜ ਦੇ ਜੀਵਨ ਅਤੇ ਕਵਿਤਾ ਦਾ ਇਕ ਅਹਿਮ ਹਿੱਸਾ ਹੈ :

ਡੋਲ ਨਾ ਜਾਵੀਂ ਤੇ ਬੱਤੀਆਂ ਬੁਝਣ ਨਾ ਦੇਵੀਂ
ਤਕੜਾ ਹੋ ਕੇ ਤੇ ਝੰਡਾ ਅਪਣਾ ਝੁਕਣ ਨਾ ਦੇਵੀਂ

ਸੱਚ ਹੈ ਤੂਫ਼ਾਨਾਂ ਦੇ ਇਰਾਦੇ ਠੀਕ ਨਹੀਂ ਹੁੰਦੇ
ਪਰ ਸੱਚ ਦੇ ਸਮੁੰਦਰ ਨ੍ਹੇਰਿਆਂ ਤੋਂ ਡੀਕ ਨਹੀਂ ਹੁੰਦੇ
ਕੋਈ ਨਹੀਂ ਚਾਰ ਪਲ ਜਰ ਲੈ ਹਨ੍ਹੇਰੇ ਨੂੰ

ਪਰ ਡੋਲਣ ਨਾ ਦੇਵੀਂ ਚਾਨਣ ਦੇ ਆਪਣੇ ਚੁਫ਼ੇਰੇ ਨੂੰ
ਤੂੰ ਦੇਖੀਂ !ਆਪਣੀ ਮੌਤੇ ਹੈ ਮਰ ਜਾਣਾ ਹਨ੍ਹੇਰੇ ਨੇ
ਕਿਸੇ ਦੇ ਰੋਕਿਆਂ ਰੁਕਣਾ ਨਹੀਂ ਸੱਜਰੇ ਸਵੇਰੇ ਨੇ

ਧੀਆਂ ਭੈਣਾਂ ਦੇ ਦੁੱਖਾਂ ਦੀ ਸੁੱਨੜ ਨੂੰ ਸਿਰਫ਼ ਡੂੰਘੀ ਸਾਰ ਹੀ ਨਹੀਂ, ਉਹ ਉਨ੍ਹਾਂ ਦੇ ਜੀਉਣ ਦੇ ਵੇਰਵੇ ਬਹੁਤ ਬਾਰੀਕਬੀਨੀ ਨਾਲ ਜਾਣਦਾ ਹੈ, ਖ਼ਾਸ ਕਰ ਕੇ ਪੇਂਡੂ ਜੀਵਨ ਦੇ ਪ੍ਰਸੰਗ ਵਿਚ। '**ਤਾਰੋ**' ਅਤੇ '**ਧੀਆਂ ਭੈਣਾਂ**' ਕਵਿਤਾਵਾਂ ਇਸ ਪ੍ਰਸੰਗ ਵਿਚ ਖ਼ਾਸ ਤੌਰ 'ਤੇ ਜ਼ਿਕਰ ਯੋਗ ਹਨ।

ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਦੇ ਮਾਨਵੀ ਜੀਣ ਥੀਣ ਅਤੇ ਵਿਚਾਰਧਾਰਾ ਦਾ ਵਿਸ਼ਾਲ ਦ੍ਰਿਸ਼ ਇਸ ਕਾਵਿ-ਸੰਗ੍ਰਹਿ ਦਾ ਪਿਛੋਕੜ ਹੈ। ਪੰਜਾਬ ਦੀ ਵਿਰਾਸਤ, ਅਜੋਕਾ ਪੰਜਾਬ ਅਤੇ ਦੇਸ ਪਰਦੇਸ ਵਿਚ ਵਸਦੇ ਪੰਜਾਬੀ ਇਸ ਦਾ ਫ਼ੋਕਸ ਹਨ ਅਤੇ ਸ੍ਵੈ ਇਸ ਦਾ ਕਲੋਜ਼-ਅੱਪ ਹੈ।

ਆਪਣੀ ਵਿਸ਼ਾਲਤਾ, ਰਵਾਨੀ, ਦ੍ਰਿਸ਼ ਵਰਣਨ, ਦਇਆ, ਸੋਚ ਅਤੇ ਕਰਮਸ਼ੀਲਤਾ ਦੀ ਅੰਤਰ-ਤਰੰਗ ਅਤੇ ਆਪਾ ਚੀਨਣ ਵਾਲੇ ਵਿਅੰਗ ਰੰਗ ਨੇ ਜਿਸ ਕਾਵਿ ਸੰਗ੍ਰਹਿ ਨੂੰ ਸਾਰਥਕਤਾ, ਕਾਵਿਕਤਾ ਅਤੇ ਰਸ ਬਖ਼ਸ਼ਿਆ ਹੈ। ਅਜੋਕੇ ਸਰੋਕਾਰਾਂ, ਸਮੱਸਿਆਵਾਂ ਅਤੇ ਸਮਾਧਾਨਾਂ ਦੇ ਫ਼ੋਕੱਸ ਨੇ ਜਿਸ ਨੂੰ ਪ੍ਰਸੰਗਿਕਤਾ ਪ੍ਰਦਾਨ ਕੀਤੀ ਹੈ। ਆਰੰਭਕ ਧੁੰਦੂਕਾਰੇ ਤੋਂ ਅਜੋਕੇ ਅੰਧਿਆਰੇ ਤੱਕ ਫੈਲੇ ਦ੍ਰਿਸ਼ ਵਿਚ ਸੁਹਿਰਦ ਸੋਚਵਾਨਾਂ ਤੇ ਸਿਰਜਕਾਂ ਦੇ ਸ਼ਬਦ ਜੋਤਾਂ ਵਾਂਗ ਜਗਦੇ ਹਨ। ਇਹ ਜੋਤਾਂ ਹੀ ਮਾਨਵਤਾ, ਪੰਜਾਬ ਅਤੇ ਮਾਨਵ ਦੇ ਆਪੇ ਦੀ ਆਸ ਅਤੇ ਸੰਘਰਸ਼ ਨੂੰ ਰਾਹ ਦਿਖਾਉਂਦੇ ਹਨ। ਉਨ੍ਹਾਂ ਅਨੰਤ ਜੋਤਾਂ ਵਿਚ ਹੀ ਇਸ ਕਾਵਿ ਸੰਗ੍ਰਹਿ ਦੇ ਸ਼ਬਦ ਸ਼ਾਮਿਲ ਹਨ।

ਇਨ੍ਹਾਂ ਸ਼ਬਦਾਂ ਨਾਲ ਹੀ ਮੈ ਇਸ ਕਾਵਿ-ਪੁਸਤਕ ਦੇ ਅਹਿਸਾਸਾਂ ਭਰੇ ਕਰਮਸ਼ੀਲ ਕਰਤਾ ਨੂੰ ਇਸ ਦੇ ਪ੍ਰਕਾਸ਼ਨ ਤੇ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ। ਪੰਜਾਬ ਦੇ ਪੁਨਰ-ਸਿਰਜਣ ਵਿਚ ਅਜਿਹੇ ਕਾਵਿ ਸੰਗ੍ਰਹਿ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ।

**-ਸੁਰਜੀਤ ਪਾਤਰ**

# ਨਿਰਮਲ ਮਨ ਦੀ ਆਵਾਜ਼ : ਸੁੰਨ ਸਿਫ਼ਰ

ਸੁਰਿੰਦਰ ਸਿੰਘ ਸੁੰਨੜ ਪੰਜਾਬੀ ਸਾਹਿਤ ਦਾ ਵਿਲੱਖਣ ਨਾਮ ਹੈ। ਸਾਹਿਤ ਸੇਵਾ ਦਾ ਸਹਿਜ ਸੋਮਾ। ਅਤਿ ਦਿਆਲੂ, ਕਰਮਸ਼ੀਲ ਕਿਰਪਾਲੂ। ਨਿਰਛੱਲ, ਸਰਲ-ਸਾਦੀ ਸ਼ਖ਼ਸੀਅਤ। ਮਨ ਦਾ ਮੌਜੀ ਅਤੇ ਧੁਨ ਦਾ ਪੱਕਾ ਇਹ ਵਿਅਕਤੀ ਅਦਭੁਤ ਗੁਣਾਂ ਵਾਲਾ ਹੈ। ਉਸ ਨੂੰ ਮੈਂ ਪੱਚੀ ਕੁ ਸਾਲਾਂ ਤੋਂ ਜਾਣਦਾ ਹਾਂ, ਪਰ ਪਿਛਲੇ ਡੇਢ ਕੁ ਸਾਲ ਵਿੱਚ ਉਸ ਦੀ ਸ਼ਖ਼ਸੀਅਤ ਦੀਆਂ ਜੋ ਪਰਤਾਂ ਮੇਰੇ ਸਾਹਮਣੇ ਆਈਆਂ, ਉਹ ਅਣਕਿਆਸੀਆਂ ਹਨ। ਉਸ ਦੀ ਸ਼ਾਇਰੀ ਦੇ ਸ਼ਾਊਰ ਨੂੰ ਸਾਧਣਾ ਸਹਿਜ ਨਹੀਂ ਹੈ। 'ਸੁੰਨ-ਸਿਫ਼ਰ' ਉਸ ਦੀ ਸ਼ਾਇਰੀ ਦੀ ਨਵੀਂ ਪੁਸਤਕ ਹੈ। ਇਸ ਸ਼ਾਇਰੀ ਦਾ ਰੰਗ ਰਵਾਇਤੀ ਪਰ ਬਹੁਰੰਗਾ ਹੈ। ਗਹਿਰੇ ਮਾਨਵੀ ਅਹਿਸਾਸਾਂ ਨੂੰ ਰਵਾਇਤੀ ਕਾਵਿ ਰਵਾਨੀ ਪ੍ਰਦਾਨ ਕਰਨਾ ਇਸ ਸ਼ਾਇਰੀ ਦਾ ਸਹਿਜ ਹੈ।

ਧਰਮ ਕਦੇ ਕਿਰਿਆ ਨਹੀਂ ਹੁੰਦੀ ਧਰਮ ਤਾਂ ਇਕ ਧਿਆਨ ਹੈ।
ਕਰਮਕਾਂਡ ਜੋ ਬੰਦਾ ਕਰਦਾ, ਉਹ ਸਭ ਬੰਦੇ ਦਾ ਵਿਗਿਆਨ ਹੈ।
ਵੱਡੇ ਛੋਟੇ ਰੁਤਬੇ ਦਾ ਲੇਕਿਨ ਨਹੀਂ ਧਰਮ ਨਾਲ ਕੁਝ ਲੈਣਾ ਦੇਣਾ।
ਕਿਸ ਕੁਰਸੀ 'ਤੇ ਬੈਠਾ ਬੰਦਾ ਉਹ ਤਾਂ ਬੰਦੇ ਦਾ ਇਕ ਅਭਿਮਾਨ ਹੈ।

ਪੰਨਾ-23.

ਜ਼ਿੰਦਗੀ ਦੀਆਂ ਅਟੱਲ ਸਚਾਈਆਂ ਨੂੰ, ਸ਼ਬਦਾਂ ਦੀ ਸਨਾਤਨੀ ਜੜ੍ਹਤ ਰਾਹੀਂ ਉਜਾਗਰ ਕਰਨ ਵਾਲੀ ਇਹ ਸ਼ਾਇਰੀ ਜਨ-ਸਧਾਰਨ ਨੂੰ ਸਹਿਜ ਜੀਵਨ ਜਾਂਚ ਦੀ ਸੋਝੀ ਪ੍ਰਦਾਨ ਕਰਨ ਵਾਲੀ ਹੈ। ਕਵੀ ਜੋ ਕੁੱਝ ਆਪਣੇ-ਦੁਆਲੇ ਵੇਖਦਾ ਹੈ, ਕਵੀ ਦੇ ਮਨ ਵਿਚ ਇਕ ਆਦਰਸ਼ ਮਨੁੱਖ ਦਾ ਜੋ ਬਿੰਬ ਹੈ, ਉਸ ਨੂੰ ਕਵੀ ਆਪਣੀ ਸ਼ਾਇਰੀ ਰਾਹੀਂ ਪਕੜਨ ਦਾ ਯਤਨ ਕਰਦਾ ਹੈ ਅਤੇ ਇਕ ਉਪਦੇਸ਼ੀ ਅੰਦਾਜ਼ ਵਿੱਚ ਨਸੀਹਤ ਭਰੀ ਸ਼ਾਇਰੀ ਦਾ ਰਾਹ ਚੁਣਦਾ ਹੈ। ਜਨ ਸਧਾਰਨ ਦੀ ਸਰਲ ਜੀਵਨ ਜਾਚ ਦੇ ਇਹ ਕਾਵਿ ਖੰਡ ਸਾਡੇ ਧਾਰਮਿਕ ਵਿਰਸੇ ਦੇ ਪੁਨਰ ਉਚਾਰ ਹਨ। ਧਰਮ ਦੀ ਪਵਿੱਤਰਤਾ ਨੂੰ, ਜੀਵਨ-ਜਾਚ ਦੀ ਸਰਲਤਾ ਨੂੰ, ਨਿਰਾਕਾਰ ਨਾਲ ਇਕਸੁਰਤਾ ਨੂੰ, ਅਤੇ ਪਰਮਾਤਮਾ

ਨਾਲ ਅਭੇਦ ਹੋਣ ਦੀ ਅਕਾਂਖਿਆ ਨੂੰ, ਕਾਵਿ-ਬੋਲ ਪ੍ਰਦਾਨ ਕਰਨ ਦੇ ਯਤਨਾਂ ਵਾਲੀ ਇਹ ਸ਼ਾਇਰੀ ਸਰਲ-ਸਧਾਰਨ ਸੋਝੀਆਂ ਨਾਲ ਭਰੀ ਹੋਈ ਹੈ। ਪਰ ਇਸ ਵਿਚ ਕੋਈ ਉਚੇਚ ਨਹੀਂ ਹੈ।

ਆਪਣੇ ਅਸਮਾਨ ਵਿਚ ਉੱਡਣ ਨੂੰ ਮੇਰਾ ਦਿਲ ਕਰੇ
ਸੋਨੇ ਦੇ ਪਿੰਜਰੇ ਦਾ ਮੈਂ ਲਾਲਚ ਕਰਾਂ ਤਾਂ ਦਸ ਕਿਉਂ ਕਰਾਂ
ਕਿਸੇ ਦੀ ਮੁਥਾਜਗੀ ਕਰਨੀ ਮੇਰੇ ਲਈ ਮੌਤ ਹੈ
ਮੌਤ ਤੋਂ ਪਹਿਲਾਂ ਮਰਾਂ ਤਾਂ ਦਸ ਭਲਾ ਮੈਂ ਕਿਉਂ ਮਰਾਂ? ਪੰਨਾ-65.

ਕਵੀ-ਮਨ ਜੋ ਸੋਚਦਾ ਹੈ, ਉਸ ਨੂੰ ਪ੍ਰਗਟਾ ਰਿਹਾ ਹੈ, ਇਹ ਪ੍ਰਗਟਾਵਾ ਤਮੰਨਾਵਾਂ ਨਾਲ ਭਰਿਆ ਹੋਇਆ ਹੈ। ਤਾਂਘਾਂ ਵਿਚ ਗੜੁਚਿਆ ਹੋਇਆ ਹੈ। ਆਸ਼ਾਵਾਂ ਅਤੇ ਨਿਰਾਸਾਵਾਂ ਨਾਲ ਭਰਪੂਰ ਹੈ। ਇਸ ਵਿਚ ਇਕ ਸਵੱਛਤਾ ਹੈ, ਕਿਸੇ ਬਹੁਤ ਪਿਆਰੇ ਨਾਲ, ਆਪਣੇ ਇਸ਼ਟ ਨਾਲ ਬੁਲੰਦੀ ਭਰਪੂਰ ਇਸ਼ਕ ਦੀ ਸੁੱਚੀ ਆਸਥਾ ਹੈ—

ਹਾਲੇ ਤਾਂ ਪੱਲਾ ਹੀ ਫੜਿਆ ਤੇਰੇ ਵਿਚ ਸਮਾਉਣਾ ਹੈ
ਦੁਨੀਆ ਤੋਂ ਵੈਰਾਗ ਧਾਰ ਕੇ, ਤੈਨੂੰ ਇਸ਼ਟ ਬਣਾਉਣਾ ਹੈ
ਤੇਰਾ ਆਂਚਲ ਛੱਡ ਕੇ ਦਸ ਫਿਰ ਸਾਡੇ ਹੱਥ ਕੀ ਆਉਣਾ ਹੈ
ਰੁੱਸਿਆ ਵੀ ਹੋਵੇਂ ਭਾਵੇਂ, ਇਕ ਵਾਰ ਜ਼ਰੂਰ ਮਨਾਉਣਾ ਹੈ। ਪੰਨਾ-37.

ਪ੍ਰਗੀਤਕ ਧੁਨ ਵਾਲੀ ਅਤੇ ਲੋਕਪ੍ਰਿਆ ਅੰਦਾਜ਼ ਵਾਲੀ ਇਸ ਸ਼ਾਇਰੀ ਦੀ ਮੁੱਖ ਸੁਰ ਨੂੰ ਸਮਾਜ ਸੁਧਾਰ ਅਤੇ ਸ਼ਖ਼ਸੀਅਤ ਉਸਾਰ ਦੇ ਬੋਲਾਂ ਵਜੋਂ ਸਮਝਿਆ ਜਾ ਸਕਦਾ ਹੈ। ਇਹ ਬੋਲ ਜਨ-ਸਧਾਰਨ ਦੇ ਮਨ ਦੀ ਉਹ ਆਵਾਜ਼ ਹਨ, ਜੋ ਨਿਰਮਲ ਅਤੇ ਪਾਕੀਜ਼ ਹਨ। ਇਨ੍ਹਾਂ ਵਿਚ ਕੋਈ ਰਲਾ ਨਹੀਂ ਹੈ। ਇਹ ਅਤਿ ਸਧਾਰਨ ਅਤੇ ਖ਼ਾਲਸ ਮਨੋਵੇਗ ਹਨ।

ਸੱਜਣ ਸਾਡੇ ਸੱਚ ਦੱਸਾਂ, ਕਰ ਗਏ ਕਮਾਲ
ਪ੍ਰਸ਼ਨਚਿੰਨ੍ਹ ਤੱਕ ਸੀਮਤ ਸਾਡਾ ਰਿਹਾ ਸਵਾਲ
ਤਰਸ ਤਰਸ ਕੇ ਮਰ ਗਏ, ਪੁੱਛੂ ਬਾਤ ਕਦੇ
ਪੁੱਛਿਆ ਵੀ ਤਾਂ ਕੀ ਪੁੱਛਿਆ ਜ਼ਖ਼ਮਾਂ ਦਾ ਹਾਲ
ਉੱਚੇ ਪਰਬਤ ਨੂੰ ਮੈਂ ਦਸ, ਫੁੱਲ ਕਿੰਜ ਕਹਾਂ
ਨਾ ਉਹ ਕੋਮਲ, ਨਾ ਖ਼ੁਸ਼ਬੂ, ਨਾ ਹੀ ਰੰਗ ਲਾਲ। ਪੰਨਾ-43.

ਲੋੜਾਂ, ਥੋੜਾਂ ਨਾਲ ਜੂਝਦਾ ਮਨੁੱਖ, ਜਿਥੇ ਆਪਣੀਆਂ ਲਾਲਸਾਵਾਂ ਦਾ ਗ਼ੁਲਾਮ ਹੈ, ਉਥੇ ਆਪਣੀਆਂ ਕੁਦਰਤੀ ਲੋੜਾਂ ਦੀ ਪੂਰਤੀ ਲਈ ਆਪਣੇ ਅੰਤਹਕਰਨ ਅਤੇ ਜ਼ਿੰਦਗੀ ਦੇ ਯਥਾਰਥ ਨਾਲ ਜੂਝਦਾ ਰਹਿੰਦਾ ਹੈ। ਇਸ਼ਕ ਮਜਾਜ਼ੀ ਅਤੇ ਇਸ਼ਕ ਹਕੀਕੀ ਦੇ ਵਿਰੋਧਭਾਸਾਂ ਦੇ ਚੌਤਰਫ਼ੀ ਤਨਾਓ ਦੀਆਂ ਵੰਗਾਰਾਂ ਨੂੰ ਝੇਲਣਾ ਕੋਈ ਸਹਿਜ ਕਾਰਜ ਨਹੀਂ ਹੈ। ਸੁਰਿੰਦਰ ਸਿੰਘ ਸੁੱਨੜ ਨੂੰ ਅਜਿਹੀ ਕਸ਼ਮਕਸ਼ ਨੂੰ ਕਾਵਿ-ਬੋਲਾਂ ਵਿਚ ਢਾਲਣ ਦੀ ਭਰਪੂਰ ਮੁਹਾਰਤ ਹੈ।

ਜਿਸਮ ਮੇਰੇ ਨੂੰ ਭੁੱਖ ਲੱਗੀ, ਪਰ ਗੱਲਾਂ ਕਰਾਂ ਰੂਹਾਨੀ
ਢਿੱਡ ਦੀ ਭੁੱਖ ਪਰ ਕਿੰਝ ਲੁਕਾਵਾਂ, ਬੋਲੇ ਚੜ੍ਹ ਅਸਮਾਨੀ

ਮੇਰੀ ਅਤ੍ਰਿਪਤੀ ਦੀ ਬਿਲਕੁਲ ਸਾਰ ਨਾ ਜਾਣੇ ਕੋਈ
ਗੋਡੇ ਗੋਡੇ ਪਿਆਸ ਮੇਰੀ ਦੀ, ਲੱਭਦੀ ਨਹੀਂ ਨਿਸ਼ਾਨੀ ਪੰਨਾ-66.

ਚਾਵਾਂ, ਮਲਾਰਾਂ, ਖੁਸ਼ੀਆਂ, ਗ਼ਮੀਆਂ, ਚਿੰਤਾਵਾਂ, ਨਿਰਾਸ਼ਾਵਾਂ, ਹੁਲਾਸਾਂ, ਵੰਗਾਰਾਂ, ਤਮੰਨਾਵਾਂ, ਤਰਸੇਵਿਆਂ ਅਤੇ ਹੁਲਾਰਿਆਂ ਦੀਆਂ ਮਾਨਵੀ ਭਾਵਨਾਵਾਂ ਨੂੰ ਸ਼ਬਦ ਪ੍ਰਦਾਨ ਕਰਨ ਵਾਲੀ ਇਹ ਸ਼ਾਇਰੀ ਤੁਹਾਡੇ ਰੂਬਰੂ ਹੈ। ਇਸ ਸ਼ਾਇਰੀ ਨੂੰ ਸਲਾਮ ਅਤੇ 'ਸੁੰਨ-ਸਿਫ਼ਰ' ਦੀ ਆਮਦ ਦਾ ਭਰਪੂਰ ਸਵਾਗਤ ਕਰਦਾ ਹੋਇਆ ਸੁਰਿੰਦਰ ਸਿੰਘ ਸੁੱਨੜ ਨੂੰ ਮੁਬਾਰਕਵਾਦ ਦਿੰਦਾ ਹਾਂ।

**-ਡਾ. ਲਖਵਿੰਦਰ ਸਿੰਘ ਜੌਹਲ**

ਪ੍ਰਧਾਨ,

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ।

ਮੋਬਾਈਲ : 94171-94812

# ਤਤਕਰਾ


- ਅੰਧਿਆਰੇ ਵਿਚ ਸ਼ਬਦ ਜੋਤ
  –ਸੁਰਜੀਤ ਪਾਤਰ 06– 13
- ਨਿਰਮਲ ਮਨ ਦੀ ਆਵਾਜ਼ 14–16
  –ਡਾ. ਲਖਵਿੰਦਰ ਸਿੰਘ ਜੌਹਲ
- ਸਪਤਾਹ – ਸੋਮਵਾਰ 23
  – ਮੰਗਲਵਾਰ 24
  – ਬੁੱਧਵਾਰ 25
  – ਵੀਰਵਾਰ 26
  – ਸ਼ੁੱਕਰਵਾਰ 27
  – ਸਨਿੱਚਰਵਾਰ 28
  – ਆਦਤਵਾਰ 29
- ਸੁੰਨ ਸਿਫ਼ਰ 30
- ਸਿੱਖੀ ਸਿੱਖਿਆ ਗੁਰ ਵਿਚਾਰ 31
- ਇਨਸਾਨੀਅਤ 32
- ਸੱਚ ਝੂਠ 33–34
- ਧਰਮ ਕਰਮ 35
- ਇਕੋ ਇਕ 36
- ਰਾਮ ਰਸ 37
- ਹੋਊ ਦੂਰ ਅੰਧੇਰਾ 38
- ਹੇ ਰਾਮ 39
- ਤੂੰ ਕੌਣ ਹੈਂ 40
- ਖਾਲਸਾ ਤਿਆਰ ਬਰ ਤਿਆਰ 41
- ਦਰਦ 42
- ਸੱਚ ਨੂੰ ਫਾਂਸੀ 43
- ਪੰਜਾਬੀ 44
- ਮਾਂ 45
- ਕਿਰਤੀ ਕਿਸਾਨ ਅੰਦੋਲਨ 46–47
- ਨਜ਼ਰੀਆ 48
- ਪੰਜਾਬ ਦੇਸ਼ 49–50
- ਸੂਰਜ 51
- ਪੰਜਾਬੀ 52
- ਭਾਰਤ ਦੇਸ਼ 53–54
- ਅਗਨੀ ਪ੍ਰੀਕਸ਼ਾ 55
- ਸਬਜ਼ਬਾਗ 55
- ਜੱਗ ਵਿਰੋਧੀ 56
- ਖੁੱਲ ਕੇ ਹਾਲ ਸੁਣਾ ਸੱਜਣਾ 57
- ਸਿਤਾਰ 58
- ਸਜ਼ਾਵਾਂ ਸੁਣਾ ਦਿੱਤੀਆਂ 59
- ਅਣਦੇਖਿਆ ਅਣਸੁਣਿਆ 60
- ਨੰਗੇ ਪੈਰੀਂ ਜਾਣ ਵਾਲਿਆ 61
- ਗੁਰਪੁਰਬ 62
- ਤੇਰਾ ਰੁੱਸਣਾ 63
- ਸੰਤਾਪ 63
- ਇਲਫਾਜ਼ 64
- ਕਿਰਤੀ 65
- ਰੁੱਤ ਰੁੱਤ ਦੇ ਮੇਵੇ 66
- ਮਾਂ ਮਛੋਹਰ 67
- ਪਰਦਾ ਰਿਹਾ 68
- ਰਾਜ ਪਰਜਾ 69
- ਥੱਕ ਗਿਆ ਹਾਂ 70
- ਦੁਨੀਆ ਝੂਠ ਬੋਲਦੀ ਹੈ 71
- ਗੁਰੂ ਫ਼ਤਹਿ 72
  – ਸਿਮਰਓ 73–74
  – ਵਿਸ਼ਵਾਸ 75–84
  – ਰੱਬੀ ਰੰਗ 85–86
  – ਤਸ਼ਬੀਹ 87–88
- ਨਿੰਦਿਆ 89
- ਮਨਾਉਣ ਵਰਾਉਣ
  ਵਾਲਾ ਹੀ ਨਹੀਂ 90
- ਅਨਾਜ ਈਕਣ ਉਗਾਈਏ 91
- ਰੀਝ 91
- ਨਿਰਅੰਕਾਰ 92

- ਰਸਤੇ ਵਿੱਚ 92
- ਰੱਬ ਨੇ ਬੰਦਾ ਆਪ ਬਣਾਇਆ 93
- ਸੜਦੀ ਰੁੱਤ 94
- ਹਰ ਦਿਲ ਹੀ ਜ਼ਖਮੀ ਹੈ 95
- ਹੋਰ ਉਮਰਾਂ 95
- ਸੀਸ ਝੁਕਾ ਲੈਂਦੇ ਹੋ 96
- ਧਰਤੀ ਦਾ ਸਤਿਕਾਰ 97
- ਕਮਲਾ 98
- ਕਸੂਰਵਾਰ 99
- ਅਗਨੀਪਥ 100
- ਸੋਚ 100
- ਪਾਣੀ ਦੇ ਰੰਗ ਅਨੇਕਾਂ 101
- ਅੰਤਰ 102
- ਪਿੰਜਰਾ 103
- ਕਲਮ ਡੰਕ 103
- ਖਾਲੀ ਢੋਲ 104
- ਦੁਨੀਆ ਝੂਠ ਬੋਲਦੀ ਹੈ 105
- ਕਰਮ 106
- ਭਰੋਸਾ 107
- ਰਹਿਣ ਦੇ 108
- ਅਗਨੀ ਭਿਆਨਕ ਹੈ 109
- ਅੱਧੀ ਹੈ ਜਾਂ ਪੂਰੀ 110
- ਬਸੰਤ ਰੁੱਤ 110
- ਪਹਿਲਾਂ ਕੌਣ 111
- ਅੱਜ ਤੱਕ 111
- ਕਿਸਾਨੀ 112
- ਕੌਮ ਨਿਆਰੀ 113
- ਸੁਰ ਤਾਲ 114
- ਪਿੰਜਰਾ 115
- ਸਾਚੇ ਕੇ ਸੱਚ 116
- ਨਿੱਕੇ ਨਿੱਕੇ ਬਰਤਨ ਜਿਹੜੇ 116
- ਬਿਦਾਵਾ 117
- ਡਰ 118
- ਕਰਤਾ ਦੇ ਕਰਮ 118
- ਸੰਤਾਪ 119
- ਜ਼ਹਿਰ ਦੀਆਂ ਕੰਧਾਂ 120
- ਸ਼ੁਕਰ 121
- ਤੁਸੀਂ ਜਦ ਯਾਦ ਕੀਤਾ 122
- ਝਨਾਂ ਸੁੱਕੀ ਹੈ 122
- ਸੁਖ 123
- ਹਰ ਕਿਸੇ ਨੂੰ 124
- ਮੌਸਮ ਬਹੁਤ ਖਰਾਬ ਹੈ 125
- ਸ਼ਰਧਾਂਜ਼ਲੀ 126
- ਤੇਰੀ ਮੈਂ ਮੇਰੀ ਮੈਂ ਨਾਲੋਂ 127
- ਜੇਹੜੀ ਤੈਨੂੰ ਜਚਦੀ ਹੀ ਨਹੀਂ 128
- ਤੇਰਾ ਸਤਿਕਾਰ ਕਰਾਂ 128
- ਚੁੱਪ ਚੁੱਪ ਕਰਕੇ ਨਾ ਬੈਠ ਕੁੜੀਏ 129
- ਕੁੰਤੀ ਦੇ ਪੁੱਤਰਾਂ ਨੂੰ 129
- ਜੇ ਕਿਧਰੇ ਤੂੰ ਗ਼ਜ਼ਲ ਬਣ ਜਾਵੇਂ ਤਾਂ 130
- ਇਹ ਵੀ ਪਤਾ ਸੀ 130
- ਚੰਨ ਬਣਕੇ 131
- ਜੀਅ ਕਰਦਾ 131
- ਤਸਵੀਰ 132
- ਸਰਬੱਤ ਦਾ ਸਾਂਝਾਂ 132
- ਵਸਤਾਂ 133
- ਬਿਚ ਬਿਚ ਕਰਾਂ ਤਾਂ ਕਿਓਂ ਕਰਾਂ 134
- ਗੀਤ 135
- ਹਰਿਆ ਹੋਣੈ 136
- ਸਮਝਦਾਰ 137
- ਸਰਕਾਰਾਂ ਨੂੰ 137
- ਜਿਸ ਮਹੀਨੇ ਚੋਰੀ ਹੋਇਆ 138
- ਮੇਰਾ ਸਾਈਂ 139
- ਗੀਤਾ ਗਾਇਬ ਹੈ 140
- ਕਦੇ ਆਨੇ ਅਤੇ ਦੁਆਨੀ 141
- ਪੰਜ ਦੁਆਬ 142

- ਬੰਦਾ ਬਣ 143
- ਦਰਦ ਕਹਾਣੀ 143
- ਮਾਨਸਿਕ ਬਿਮਾਰ 144
- ਮਨ ਮੱਤ ਮੈਲੀ ਹੋ ਸਕਦੀ 144
- ਧਰਤ ਅਕਾਸ਼ ਪਤਾਲ ਦੀ ਖੋਜ 145
- ਸ਼ੁਭਕਰਮਨ 146
- ਉਲਝੀ ਤਾਣੀ 147-148
- ਆਫਤਾਂ ਵੀ ਆਈਆਂ 149
- ਮੌਕਾ 150
- ਮੇਰੀ ਮੈਂ 151
- ਲੋਹੜੀ 151
- ਦਿਲਾਂ ਦੀ ਜੇਲ੍ਹ 152
- ਮੈਂ 153
- ਸੁਰ ਨਾਲ ਸੁਰ 154
- ਦੋਸ਼ੀ 155-156
- ਤੋਤੇ 157
- ਸੱਚ 158
- ਜੱਟੀ 159
- ਮਿੱਟੀ 160
- ਆਤਮਾ ਹੈ 161
- ਜੇ ਘੁੱਗੀਆਂ ਦੇ ਬੱਚੇ ਮਰਦੇ 161
- ਗੁਰੂ ਪਿਆਰਿਆ 162
- ਨਵਾਂ ਸਾਲ 163
- ਬੇਮਹਿਨੇ 164
- ਸਵਾਰਥ 165
- ਗ਼ਲਤ 166
- ਨਾਮਕਰਨ 166
- ਕਿਰਦਾਰ 167
- ਧਰਮ 168
- ਛਾਇਦ ਮੇਰੀਆਂ ਮੋਮਬੱਤੀਆਂ 168
- ਧਰਵਾਸ 169
- ਅਰਦਾਸ 170
- ਵਸਤਾਂ ਜਿੱਤੀਆਂ 171
- ਜਵਾਨ ਦਿਲ 172
- ਸੱਚ ਸਵੀਕਾਰ ਨਹੀਂ ਕਰਦੀ ਦੁਨੀਆਂ 173
- ਇੱਟ ਲਗਾ 173
- ਔਕਾਤ 174
- ਸੱਚ 174
- ਆਪਣੇ 175
- ਬਿਲਕੁਲ ਨਹੀਂ 176
- ਕੀ ਮੰਗ ਕਰੇਂਗਾ 177
- ਕਮਜ਼ੋਰ 178
- ਡਰ 179
- ਜਿੰਨੀ ਮਿਟਾਉਣੀ ਚਾਹੀ 180
- ਲੱਸੀ ਵੀ ਹੁਣ ਨਹੀਂ ਪਚਦੀ 181
- ਸੋਚ ਵਿਚਾਰ 182
- ਕਿਆ ਕਹਿਣੇ 183
- ਟਿੱਕਾ ਟੀਚਾ 184
- ਅੱਖ਼ਰ-ਅੱਖ਼ਰ ਕਵਿਤਾ -ਪੈਂਤੀ ਅੱਖ਼ਰੀ 185-191
- ਚੇਤ 192
- ਵੈਸਾਖ 193
- ਜੇਠ 194
- ਹਾੜ੍ਹ 195
- ਸਾਉਣ 196
- ਭਾਦੋਂ 197
- ਅੱਸੂ 198
- ਕੱਤਕ 199
- ਮੱਘਰ 200
- ਪੋਹ 201
- ਮਾਘ 202
- ਫੱਗਣ 203
- 1., 2. 204
- 3. 205
- 4. 206
- 5. 207
- 6. 208

- 7. 209
- 8. 210
- ਰੂਹ ਰਾਗ਼
  - –ਰੱਬ ਪ੍ਰਸਤ 211–213
  - –ਰੰਗ ਮਜੀਠ 214–215
  - –ਰਾਖ਼ਸ ਬੁੱਧੀ 216–218
- ਨਾ ਅਨਕ 219–220
- ਦਾਤੇ ਦੀ ਦਾਤ 221–222
- ਧਰਮ 223–224
- ਧਰਮ ਅਸਥਾਨ 225
- ਧਰਮੀਂ 226–227
- ਤੂੰ ਹੀ ਤੂੰ 228
- ਓਅੰਕਾਰ 229
- ਸ਼ਬਦ 230
- ਕਿਆਮਤ 231
- ਰੱਬ ਦੇ ਨਗ਼ਮੇ 232
- ਸੰਪੂਰਣ 233
- ਮੈਂ ਕੌਣ ਹਾਂ 234–235
- ਧਰਵਾਸ 236
- ਕਾਦਰ ਦੀ ਕੁਦਰਤ 237
- ਮਨ ਦੀ ਮੈਲ਼ 238
- ਚੱਕਰਵਿਊ 239
- ਰਾਂਝਣ 240
- ਸੱਚ ਦਾ ਰਾਹ 241
- ਭਗਤੂ–ਭਗਤੂ ਬੋਲ 242
- ਸਦੀਵੀ ਸੱਚ 242
- ਕਰਾਮਾਤ 243
- ਸੱਚ ਦੀ ਖੋਜ 244
- ਪਰਮ ਪੁਰਖ਼ ਦੀਆਂ ਦਾਤਾਂ 245
- ਅਧੂਰਾ ਮਨੁੱਖ 245
- ਸ਼ਬਦ ਗੁਰੂ ਅਵਤਾਰ 246
- ਪ੍ਰੇਮ 247
- ਧਰਮ ਦੀ ਹੋਂਦ 248
- ਸੁਰਤੀ–ਬਿਰਤੀ 249
- ਮਨ ਮੰਦਰ 249
- ਅੰਮ੍ਰਿਤ ਧਾਰਾ 250
- ਇਸ਼ਟ 250
- ਸਤਿਯੁਗ 251
- ਬੰਦੇ ਦਾ ਬਣਾਇਆ ਭਗਵਾਨ 252
- ਸੁਪਨਾ 253
- ਪ੍ਰੇਮ ਦੇ ਪਾਂਧੀ 254
- ਸ਼ੂਨਯ ਤੋਂ ਬ੍ਰਹਿਮੰਡ ਤਕ 255
- ਬੱਦਾ ਰੱਬ ਨੇ ਸਿਰਜਿਆ 256
- ਗਿਆਨ 257
- ਸ਼ਬਦ ਸ਼ਰਣ ਵਿੱਚ 257
- ਭਟਕਣ 258
- ਸ਼ਬਦ ਸ਼ਕਤੀ 259
- ਟੁੱਟੀ ਗੰਢ ਸਤਿਗੁਰ ਦੇ ਨਾਲ 260
- ਜਹਾਨ 261
- ਸੱਚ ਹੈ ਆਦਿ ਜੁਗਾਦਿ 262
- ਸ਼ਬਦਾਂ ਦੀ ਪਰਵਾਜ਼ 263
- ਕਥਾ 263
- ਪ੍ਰੇਮ ਸਮੁੰਦਰ 264
- ਧਾਰਮਿਕਾਤ 265
- ਨਵਾਂ ਸਾਲ ਮੁਬਾਰਕ 266
- ਆਦਮ ਤੇ ਅਵਤਾਰ 267
- ਗੰਦਲਾਂ 268
- ਬਿਨ ਸਿਰਲੇਖੋਂ 269–270
- ਐਨਕ 271
- ਦੁਆ 272
- ਮਜ਼ਬੂਰੀ 273
- ਪੂਜਾ 274
- ਨੀਵੇਂ ਰੁੱਖਾਂ ਦੇ ਫ਼ਲ 275
- ਜ਼ੋਰਾਵਰ 276
- ਮਾਇਆ ਨਗਰੀ 277
- ਪੈਸੇ ਦੀ ਭੁੱਖ 278
- ਵਾਟ 279
- ਜਤੀ–ਸਤੀ 280

- ਲਾਲਚ 281
- ਦੀਪਕ 282
- ਹਾਸੇ 282
- ਭੁੱਖ ਤੇ ਦੁੱਖ 283
- ਕੀਮਤ 284
- ਬੋਲ 285
- ਘਾਟਾ–ਵਾਧਾ 286
- ਹੱਡ–ਮਾਸ ਦਾ ਬੰਦਾ 286
- ਠੰਡੀਆਂ–ਤੱਤੀਆਂ ਹਵਾਵਾਂ 287
- ਅਮਰੀਕਾ 288
- ਆਸਮਾਨ 289
- ਖ਼ਾਲੀ ਹੱਥ 290
- ਮੰਜ਼ਿਲ ਨਾ ਮਿਲੀ 291
- ਭੁਲੇਖਾ 291
- ਮਾਲਕ ਦੀ ਮਲਕੀਅਤ 292
- ਇਕੱਲਤਾ 292
- ਬੇਵਸੀ 293
- ਮਨੁੱਖ ਦੇ ਨਾਂ 294–295
- ਕੋਝ 296
- ਚਾਹਤ 297
- ਮਨ 298
- ਬੰਦੇ ਦੀ ਕਰਾਮਾਤ 298
- ਚੰਦ ’ਤੇ ਦਾਗ਼ 299
- ਤੇਰੇ ਇੱਕ ਮਖੌਲ ਨੇ 300
- ਰੀਝਾਂ 301–302
- ਘਾਟੇ ਵਾਲੇ ਸੌਦੇ 303
- ਮਾਇਆ 303
- ਕਿਸਮਤ 304
- ਸੰਸਾਰ 304
- ਸਿਰ 305
- ਕੋਮਲਤਾ 305
- ਸਹੀ ਰਸਤਾ 306
- ਆਪਣਾ ਭੇਤ 307
- ਪਰਵਾਜ਼ 308
- ਅੱਗ 308
- ਤਰਜ਼ 309
- ਮੋਏ ਅਰਮਾਨ 309
- ਜੀਵਨ ਜੋਤ 310
- ਖ਼ਾਲਸ ਇਨਸਾਨ 310
- ਪੱਤਝੜ 311
- ਯਾਰ 311
- ਰਮਜ਼ 312
- ਰੱਬ ਦਾ ਸਿਰਨਾਵਾਂ 313
- ਵਧਾਈਆਂ 314
- ਬਚਪਨ 315
- ਅਹਿਸਾਸ 315
- ਨੀਂਦ 316
- ਇਮਾਨ 316
- ਦੁਖਦੀ ਰਗ਼ 317
- ਰੰਗਾਂ ਬਿਨ ਹੋਲੀ ਨਹੀਂ 317
- ਸ਼ੀਸ਼ਾ 318
- ਅਖੌਤੀ ਸਾਹਿਤਕਾਰ 318
- ਕਰੁੱਤੀ ਵੇਲ 319
- ਰਿਸ਼ਤਾ 320
- ਚੱਕਰਵਿਊ 321
- ਆਪਣੇ ਅੰਦਰ ਝਾਤ 322
- ਸੂਰਜ ਸਿਖ਼ਰ ਦੁਪਹਿਰ 323
- ਬੀਜ ਤੋਂ ਬਿਰਖ਼ ਤੱਕ 324
- ਹੁੰਗਾਰਾ 325
- ਸੱਤਿਆਨਾਸ 325
- ਅਰਦਾਸ 326
- ਪੱਕੀ ਆੜੀ 327
- ਸਦਾ ਬਹਾਰ 328
- ਸੋਚ 328
- ਪੰਜਾਬੀ ਮੁੰਡੇ ਅਮਰੀਕਾ ਵਿੱਚ 329
- ਸੱਚੋ–ਸੱਚ 330
- ਤਿੱਤਲੀ 330
- ਮਨ ਦੀ ਮੈਲ਼ 331

- ਅੰਤਰਮੁਖ 332
- ਰੁੱਤ 333
- ਮਾਂ ਦੀ ਮਮਤਾ ਮਾਂ ਬੋਲੀ
  ਮਾਂ ਦੀ ਮਹਿਕ 334–335
- ਅੰਮੀ 336
- ਮੇਰੀ ਮਾਂ 337–338
- ਮਾਂ ਪੰਜਾਬੀ 339–340
- ਬੋਲੀ ਬੀਬੀ ਅੰਮ੍ਰਿਤਾ 341
- ਮਾਂ ਦਾ ਧਰਮ 342
- ਮਾਂ ਦੀ ਯਾਦ 343
- ਮਾਂ ਬੋਲੀ 344
- ਪੰਜਾਬੀ ਜ਼ੁਬਾਨ 345
- ਮਾਂ ਮਛੋਹਰ ਨਹੀਂ ਮੈਂ 346
- ਭਾਸ਼ਾ 347
- ਮਾਂ–ਪੁੱਤ ਵਾਲਾ ਸਾਕ 348
- ਪਿਤਰ 348
- ਦੇਸ ਪਿਆਰ ਦੀ ਕਵਿਤਾ
  –ਪੰਜ ਦੁਆਬ 349
  –ਵਤਨ ਵਾਪਸੀ 350
  –ਮੇਰਾ ਦੇਸ਼ 351
  –ਸੱਤ ਸਮੁੰਦਰ ਤਰ ਕੇ 352
- ਗੱਲ ਕਰੀਏ ਦੇਸ਼ ਪੰਜਾਬ ਦੀ353–354
- ਦਰਿਆਵਾਂ ਦਾ ਪਾਣੀ 355–356
- ਪਰਦੇਸੀ 357–358
- ਪੰਜਾਬਣਾਂ 359
- ਪੁਰਾਣਾ ਪੰਜਾਬ 360–361
- ਜੰਡ, ਟਾਹਲੀਆਂ, ਤੂਤ 362
- ਪਿੰਡ ਦੀ ਯਾਦ 363
- ਢਾਈ ਅਖਰ ਪਰੇਮ ਕਾਲੁ
  –ਮੁਟਿਆਰ 364–365
  –ਮਟਿਆਰੇ ! ਕੱਚ ਕਮਾਈ ਨਾ 366
  –ਸੰਗਦੇ ਰਹਿਣਾ 367
  –ਸੱਸੀ ਦੀ ਸੱਜ 368
  –ਬਾਂਕੀਆਂ ਨਾਰਾਂ 369–370
  –ਸੋਹਣਾ ਹੋਇਆ ਸੋਹਣੀਏ 371
- ਕਣੀਆਂ ਦਾ ਗੀਤ 372
- ਜੁਗਨੀ 373
- ਜਿੰਦੂਆ 374–375
- ਢੋਲਾ 376
- ਮਾਹੀਆ 377–378
- ਤੇਰਾ ਕਰਜ਼ ਚੁਕਾਵਾਂਗੇ...379–380
- ਸਿਹਰਾ 381–383
- ਸਬੱਬ 384
- ਜੋਬਨ 385
- ਮਲੰਗ 386
- ਤੇਰਾ ਮੁੜ ਜਾਣਾ 387–388
- ਨੀਲੀਆਂ ਅੱਖਾਂ ਦਾ ਆਸਮਾਨ389–390
- ਦਿਲ 391
- ਮੰਜ਼ਿਲ 392
- ਸੁਪਨਿਆਂ ਨੂੰ 393
- ਬਾਗ਼ ਹਵਾਲੇ ਤੇਰੇ 394
- ਆਸ਼ਿਕ 395
- ਵੈਲਨਟਾਈਨ ਦਾ ਤੋਹਫ਼ਾ 396
- ਦਿਲ ਦਾ ਹਾਲ 397
- ਆਸ 398
- ਸਾਜਨ 399
- ਪੀੜ 400
- ਮਹਫ਼ਿਲ 401
- ਠੋਹਕਰ ’ਤੇ ਜ਼ਮਾਨਾ 401
- ਸਾਂਝ ਦਿਲਾਂ ਦੀ 402
- ਮੋੜ–ਮੁੜਾਈਆਂ 402
- ਸੁਲ੍ਹਾ–ਸਫ਼ਾਈਆਂ 403–404
- ਬਿਨਾ ਸਿਰਲੇਖੋਂ 405–472


••

# ਸਪਤਾਹ

## ਸੋਮਵਾਰ

ਸੋਮਵਾਰ ਸੰਪੂਰਨ ਸੱਚਖੰਡ ਸਤਿਗੁਰ ਸੁੰਨ ਸਿਰਜਾਵੰਦਿਆਂ,
ਧਰਤ ਅਕਾਸ਼ ਪਤਾਲ ਨਹੀਂ ਸੀ, ਨਾ ਕੋ ਆਵਣ ਜਾਵੰਦਿਆਂ।

ਬ੍ਰਹਮਾਂ, ਵਿਸ਼ਨ, ਮਹੇਸ਼ ਨਹੀਂ ਸੀ, ਸ੍ਰਿਸ਼ਟੀ ਦੁਨੀਆ ਦੇਸ਼ ਨਹੀਂ ਸੀ,
ਅਲਫ਼ ਨਹੀਂ ਸੀ ਊੜਾ ਨਹੀਂ ਸੀ, ਨਾ ਕੋ ਪੜ੍ਹਨ ਪੜ੍ਹਾਵੰਦਿਆਂ।

ਪਵਨ ਨਹੀਂ ਸੀ, ਪਾਣੀ ਨਹੀਂ ਸੀ, ਖਾਣੀ ਨਹੀਂ ਸੀ, ਬਾਣੀ ਨਹੀਂ ਸੀ,
ਚਾਰਚੁਫੇਰੇ ਧੰਦੂਕਾਰਾ, ਸੁੰਨ ਸਮਾਧੀ ਲਾਵੰਦਿਆਂ।

ਚੰਦ ਸੂਰਜ ਦਿਨ ਰਾਤ ਨਹੀਂ ਸੀ, ਨਰਕ ਸੁਰਗ ਦੀ ਬਾਤ ਨਹੀਂ ਸੀ,
ਨਾ ਹੀ ਧਰਮ ਨਾ ਹੀ ਧਰਮੀ, ਕਰਮੀਂ ਕਰਮ ਕਮਾਵੰਦਿਆਂ।

ਗਿਆਨ ਨਹੀਂ ਸੀ ਗਣਤ ਨਹੀਂ ਸੀ, ਜੱਗ ਤੀਰਥ ਦੀ ਬਣਤ ਨਹੀਂ ਸੀ,
ਨਾ ਹੀ ਰਾਜ ਭਾਗ ਨਾ ਰਾਜਾ ਬੈਠਾ ਹੁਕਮ ਚਲਾਵੰਦਿਆਂ।

ਨਾ ਹੀ ਸ਼ੇਖ ਨਾ ਗੁਰ ਗੋਬਿੰਦਾ, ਨਾ ਹੀ ਗੋਰਖ ਨਾ ਮਾਛਿੰਦਾ,
ਮਾਤ ਪਿਤਾ ਤੱਤ ਧਾਤ ਨਹੀਂ ਸੀ, ਸੋਮਵਾਰ ਸੱਚ ਪਾਵੰਦਿਆਂ।

•

## ਮੰਗਲਵਾਰ

ਤਿਸ ਭਾਵੇ ਤਾਂ ਜਗਤ ਉਪਾਵੇ, ਪੰਜ ਤੱਤ ਆਪੇ ਉਪਜਾਵੇ,
ਖੰਡ ਬ੍ਰਹਿਮੰਡ ਪਾਤਾਲ ਅਰੰਭੇ, ਮਮਤਾ ਮੋਹ ਉਪਜਾਂਵੰਦਿਆਂ।

ਬਣ ਰਾਜਾ ਧਰਤੀ ਤੇ ਆਵੇ, ਰਾਮ ਰਾਜ ਦੀ ਗੱਲ ਚਲਾਵੇ,
ਸਮਰੱਥ ਮੂਰਖ ਰਾਵਣ ਆਪਣੇ ਹੱਥੀਂ ਮਾਰ ਮੁਕਾਵੰਦਿਆਂ।

ਆਓ ਸਖੀ ਰਲ ਮੰਗਲ ਗਾਵੋ, ਮੰਗਲਵਾਰ ਸੱਚ ਚਿੱਤ ਲਾਵੋ,
ਸਚਿਆਰੇ ਬਣ ਸਕਦੇ ਸਾਰੇ ਸੱਚਾ ਨਾਮ ਧਿਆਵੰਦਿਆਂ।

ਸੱਚ ਰਸਤੇ ਜੇ ਰਾਮ ਵੀ ਜਾਵੇ, ਰਸਤੇ ਵਿੱਚ ਮੁਸੀਬਤ ਪਾਵੇ,
ਸਾਫ਼ ਸਵਿੱਤਰੀ ਸੀਤਾ ਨੂੰ ਵੀ ਅਗਨ ਪ੍ਰੀਖਿਆ ਲਾਵੰਦਿਆਂ।

ਸੱਚ ਮਾਰਗ ਤਾਂ ਕਠਨ ਬੜਾ ਹੈ, ਹਰ ਰਸਤੇ ਤੇ ਝੂਠ ਖੜ੍ਹਾ ਹੈ,
ਰਾਮ ਨੇ ਵੀ ਬਾਲੀ ਵੱਤ ਕੀਤਾ ਲੁਕ ਕੇ ਤੀਰ ਚਲਾਵੰਦਿਆਂ।

ਮੰਗਲਵਾਰ ਮਹਾਂਸੁਖ ਪਾਵੇ, ਸੱਚੇ ਨਾਲ ਜੋ ਪ੍ਰੀਤ ਲਗਾਵੇ,
ਪਰ ਬਨਵਾਸ ਵੀ ਕੱਟਣਾਂ ਪੈਂਦਾ ਰਾਮ ਦਾ ਸਾਥ ਨਿਭਾਵੰਦਿਆਂ।

•

## ਬੁੱਧਵਾਰ

ਬੁੱਧਵਾਰ ਕੰਮ ਸ਼ੁੱਧ ਹੋ ਜਾਵੇ, ਜੇ ਜੱਗ ਸੱਚ ਦੀ ਬੋਲੀ ਪਾਵੇ,
ਦੁਖ ਸੁਖ ਤਾਂ ਵਸਤਰ ਨੇ ਸਾਡੇ, ਲੰਘਦੀ ਉਮਰ ਹੰਢਾਵੰਦਿਆਂ।

ਪੁੱਤਰ ਮੋਹ ਵਿੱਚ ਅੰਨ੍ਹਾਂ ਹੋਵੇ, ਸਾਰੇ ਪੁੱਤ ਮਰਵਾ ਕੇ ਰੋਵੇ,
ਖਾਲੀ ਹੱਥ ਰਥਵਾਨ ਜੇ ਗੋਬਿੰਦ ਕਿਉਂ ਲੜਨਾ ਘਬਰਾਵੰਦਿਆਂ।

ਸਿੱਧੀ ਉਂਗਲੀ ਘਿਓ ਨਹੀਂ ਕੱਢਦੀ, ਲੋਹੇ ਦੀ ਛੈਣੀਂ ਲੋਹਾ ਵੱਢਦੀ,
ਧਰਮਰਾਜ ਨੇ ਝੂਠ ਬੋਲਿਆ ਦਰੋਣਾਚਾਰ ਮਰਾਵੰਦਿਆਂ।

ਸਚਿਆਰੇ ਨੇ ਸੱਚ ਕਮਾਉਣਾ, ਝੂਠ ਨਾਲ ਹੈ ਆਢ੍ਹਾ ਲਾਉਣਾ,
ਪੰਚਾਲੀ ਨੂੰ ਕ੍ਰਿਸ਼ਨ ਬਚਾਵੇ ਵਸਤਰਹੀਣ ਹੋ ਜਾਵੰਦਿਆਂ।

ਅੱਧੋ ਅੱਧ ਜਦ ਝੂਠੇ ਸੱਚੇ, ਸਭ ਤੋਂ ਵੱਧ ਚੜਗਿੱਲੀ ਮੱਚੇ,
ਸਭ ਤੋਂ ਵੱਡਾ ਯੁੱਧ ਕਰਵਾਇਆ, ਕਰਣ ਤੋਂ ਸੱਚ ਲੁਕਾਵੰਦਿਆਂ।

ਬੁੱਧਵਾਰ ਕੰਮ ਸ਼ੁੱਧ ਹੋ ਗਿਆ, ਸੱਚ ਝੂਠ ਦਾ ਯੁੱਧ ਹੋ ਗਿਆ,
ਕਰੇ ਕਰਾਵੇ ਕ੍ਰਿਸ਼ਨ ਮੁਰਾਰੀ ਸੱਚ ਤੋਂ ਝੂਠ ਮਰਵਾਵੰਦਿਆਂ।

•

## ਵੀਰਵਾਰ

ਚੌਥਾ ਦਿਨ ਚੌਥਾ ਯੁੱਗ ਆਇਆ ਕਲਯੁੱਗ ਨੇ ਪਰਚਮ ਲਹਿਰਾਇਆ,
ਝੂਠ ਨੇ ਸੱਚ ਦਾ ਤਖ਼ਤ ਹਿਲਾਇਆ ਝੂਠੀ ਜੂਹ ਵਧਾਵੰਦਿਆਂ।

ਵੀਰਵਾਰ ਦਾ ਅਜਬ ਪਸਾਰਾ, ਚਾਰੀਂ ਕੂਟੀਂ ਹੈ ਅੰਧਿਆਰਾ।
ਟਾਵਾਂ ਟਾਵਾਂ ਸੱਚ ਪਰਸਤੀ ਕਿਤੇ ਲੱਭਦਾ ਸੱਚ ਸਮਝਾਵੰਦਿਆਂ।

ਨਾ ਅਨਕ ਨਾਨਕ ਪਰਮਾਤਮ, ਦੱਸਿਆ ਸੱਚ ਦਾ ਕੀ ਮਹਾਤਮ,
ਚਾਰ ਉਦਾਸੀਆਂ ਚਾਰ ਦਿਸ਼ਾਵਾਂ ਧੁਰ ਕੀ ਬਾਣੀਂ ਗਾਵੰਦਿਆਂ।

ਸ਼ੇਖ ਫ਼ਰੀਦ ਨੇ ਅਲਖ ਉਚਾਰੀ, ਸੱਚਪ੍ਰਸਤਾਂ ਖੇ੍ਲੀ ਪਾਰੀ,
ਨਾਮਦੇਵ ਰਵਿਦਾਸ ਕਬੀਰਾ, ਧੰਨਾ ਜੱਟ ਧਿਆਨ ਲਗਾਵੰਦਿਆਂ।

ਤੱਤੀ ਤਵੀ ’ਤੇ ਗੁਰੂ ਪਿਆਰੇ, ਸੱਚ ਤੇ ਜ਼ੁਲਮ ਕਰਨ ਹਤਿਆਰੇ,
ਚਾਰੇ ਪੁੱਤਰ ਸੱਚ ਨੇ ਵਾਰੇ, ਸਿਰ ਵਾਰ ਕੇ ਧਰਮ ਬਚਾਵੰਦਿਆਂ।

ਸੱਚ ਸੰਜਮ ਸਹਿਜ ਸੰਤੋਖ, ਦਿਨ ਵੀਰਵਾਰ ਹੋ ਰਹੇ ਅਲੋਪ,
ਸੱਚ ਨੂੰ ਸੱਚ ਵੀ ਮੰਨਦੇ ਰਹੇ, ਸਭ ਜ਼ੁਲਮੀਂ ਜ਼ੁਲਮ ਕਮਾਂਵੰਦਿਆਂ।

•

## ਸ਼ੁੱਕਰਵਾਰ

ਸ਼ੁੱਕਰਵਾਰ ਸ਼ੁਕਰ ਬੇਅੰਤਾ, ਰਹਿਮ ਕਰੀਂ ਸਤਿਗੁਰ ਭਗਵੰਤਾ,
ਸ਼ਬਦ ਗੁਰੂ ਦੀ ਉਂਗਲੀ ਫੜ ਕੇ ਭਵਸਾਗਰ ਲੰਘਜਾਵੰਦਿਆਂ।

ਪੰਚਮ ਗੁਰੂ ਸ਼ਬਦ ਲੜ ਲਾਇਆ, ਭਗਤਾਂ ਤੇ ਭੱਟਾਂ ਹਿੱਸਾ ਪਾਇਆ,
ਸ਼ਬਦ ਗੁਰੂ ਸੰਪੂਰਨ ਸਤਿਗੁਰ ਬੇੜਾ ਪਾਰ ਲੰਘਾਵੰਦਿਆਂ।

ਸਮਰੱਥ ਗੁਰੂ ਸ਼ਬਦ ਅਵਤਾਰਾ, ਪਰਮੇਸ਼ਰ ਪੂਰਨ ਨਿਰੰਕਾਰਾ,
ਸੱਚ ਸ਼ਬਦ ਲੜ ਲੱਗ ਕੇ ਤਰਦੇ, ਜੱਗ ਵਿੱਚ ਸੋਭਾ ਪਾਵੰਦਿਆਂ।

ਸ਼ਬਦਾਂ ਵਿੱਚੋਂ ਰੱਬ ਮਿਲ ਜਾਵੇ, ਗ਼ਲਤ ਸ਼ਬਦ ਸਭ ਕੁਝ ਗਵਾਵੇ,
ਸ਼ਬਦ ਬਿਨਾਂ ਤਾਂ ਤਰਕ ਨਹੀਂ, ਸਾਨੂੰ ਇਨਸਾਨ ਕਹਾਂਵਦਿਆਂ।

ਮਾਨਵਤਾ ਦੀ ਸ਼ਬਦ ਹੈ ਸ਼ਕਤੀ, ਸ਼ਬਦਾਂ ਬਿਨ ਕੀ ਕਰੇ ਵਿਅਕਤੀ,
ਸ਼ਬਦਾਂ ਬਿਨ ਨਾ ਪਾਰ ਉਤਾਰਾ ਰੱਬ ਨੂੰ ਮੂੰਹ ਦਿਖਾਵੰਦਿਆਂ।

ਪੰਜਵਾਂ ਯੁੱਗ ਸ਼ਬਦ ਯੁੱਗ ਹੋਸੀ, ਮਨ ਦੀ ਮੈਲ ਸ਼ਬਦ ਨਾਲ ਧੋਸੀ,
ਸ਼ਬਦਜੋਤ ਮਨ ਮੰਦਰ ਅੰਦਰ ਸ਼ਰਧਾ ਸਹਿਤ ਜਗਾਵੰਦਿਆਂ।

•

## ਸਨਿੱਚਰਵਾਰ

ਸ਼ਨੀਵਾਰ ਸੋਚ ਨਾ ਕਰਨਾ ਮਨ ਤਨ ਗੁਰ ਚਰਨਾਂ ਵਿੱਚ ਧਰਨਾ,
ਸ਼ਨੀ ਗ੍ਰਹਿ ਵੀ ਸੰਗ ਜਾਊ ਸਚਿਆਰਿਆਂ ਨੂੰ ਅਜਮਾਵੰਦਿਆਂ।

ਦਿਨ ਰਾਤ ਹੈ ਹੁਕਮ ਖੁਦਾ ਦਾ, ਥਹੁ ਨਹੀਂ ਲਗਦਾ ਰਾਮ ਰਜ਼ਾ ਦਾ,
ਦੁਖ ਸੁਖ ਤਾਂ ਵਸਤਰ ਸਾਡੇ ਜੋ ਮਿਲਦਾ ਓਹੀ ਹੰਢਾਵੰਦਿਆਂ।

ਸੁਣਨਾ ਮੰਨਣਾ ਗਾਉਣਾ ਸਾਡਾ, ਦੁਨੀਆ ਦੇ ਵਿੱਚ ਆਉਣਾ ਸਾਡਾ,
ਜੀਣਾ ਮਰਨਾ ਨਿਰਭਰ ਸਾਡੇ ਸਾਹ ਦੇ ਆਉਂਦੇ ਜਾਵੰਦਿਆਂ।

ਹੁਕਮੀਂ ਮਾਣਸ ਦੇਹੀ ਪਾਵੇ, ਹੁਕਮੀਂ ਉੱਤਮ ਨੀਚ ਕਹਾਵੇ,
ਹੁਕਮ ਬਿਨਾਂ ਪੱਤਾ ਨਹੀਂ ਹਿਲਦਾ, ਸਭ ਹੁਕਮੀਂ ਹੁਕਮ ਚਲਾਵੰਦਿਆਂ।

ਰਾਮ ਰਜ਼ਾ ਵਿੱਚ ਰਹਿਣਾ ਆਵੇ, ਹੁਕਮੀਂ ਦੁਖ ਸੁਖ ਸਹਿਣਾ ਆਵੇ,
ਦਿਨ ਹਫ਼ਤੇ, ਸਾਲ ਸਦੀਆਂ ਯੁੱਗ ਲੰਘਦੇ ਗੁਣ ਗਾਵੰਦਿਆਂ।

ਸ਼ਨੀਵਾਰ ਜੋ ਜੋ ਸਚਿਆਰਾ, ਪਰਮ ਪੁਰਖ ਨੂੰ ਉਹ ਹੀ ਪਿਆਰਾ,
ਝੂਠ ਤੋਂ ਛੁਟਕਾਰਾ ਮਿਲਦਾ ਹੈ, ਸੱਚ ਨਾਲ ਲਿਵ ਲਾਵੰਦਿਆਂ।

•

## ਆਦਤਵਾਰ

ਸੱਚ ਜੇਕਰ ਆਦਤ ਬਣ ਜਾਵੇ, ਹਰ ਪ੍ਰਾਣੀਂ ਜੇ ਨਾਮ ਧਿਆਵੇ,
ਸੱਚ ਖੰਡ ਬਣ ਜਾਵੇ ਦੁਨੀਆ ਮਾਨਵਤਾ ਅਪਣਾਵੰਦਿਆਂ।

ਕਰਮ ਖੰਡ ਵੀ ਕਰਮ ਹੈ ਸਾਡਾ, ਸੁਥਰੀ ਕਿਰਤ ਧਰਮ ਹੈ ਸਾਡਾ,
ਸੁਥਰੇ ਅਖਵਾਉਂਦੇ ਜੋ ਦਿਸਦੇ ਸੁਥਰੇ ਰਸਤੇ ਜਾਵੰਦਿਆਂ।

ਗਿਆਨ ਪ੍ਰਾਪਤ ਵੀ ਕਰਨਾ ਹੈ, ਖਾਲੀ ਬਰਤਨ ਵੀ ਭਰਨਾ ਹੈ,
ਭਰਿਆ ਕਦੇ ਨਾ ਡੋਲੇ, ਦੇਖੋ ਖ਼ਾਲੀ ਨੂੰ ਟਣਕਾਵੰਦਿਆਂ।

ਧਰਮ ਖੰਡ ਵਿੱਚ ਧਰਮੀਂ ਹੋਵੇ, ਧਰਮ ਨੂੰ ਜੀਵਨ ਵਿੱਚ ਪ੍ਰੋਵੇ,
ਪਰ ਧਰਮੀਂ ਦਾ ਹੰਕਾਰ ਰੁਕਾਵਟ, ਧੁਰ ਟਿਕਾਣੇ ਲਾਵੰਦਿਆਂ।

ਪੰਜ ਤੱਤ ਪੰਜੇ ਪਰਮੇਸ਼ਰ, ਦਿਵਸ ਰਾਤ ਸਭ ਬ੍ਰਹਮ ਮਹੇਸ਼ਰ,
ਰਚਨਾ ਸਾਰੀ ਸਹਿਰ ਮੇਲਾ ਜੱਗ ਜਾਦੂਗਰੀ ਦਿਖਾਵੰਦਿਆਂ।

ਸੱਤ ਰੰਗ ਸਪਤਾਹ ਹੈ ਸਾਰਾ, ਸੱਤ ਸੁਰਾਂ ਦਾ ਸਗਲ ਪਸਾਰਾ,
ਸੱਤ ਸਮੁੰਦਰ ਸੱਤ ਅਸਮਾਨ, ਸ਼ਬਦ ਗੁਰੂ ਸਮਝਾਵੰਦਿਆਂ।

•

# ਸੁੰਨ ਸਿਫ਼ਰ

ਸੁੰਨ ਸਿਫ਼ਰ ਚੋਂ ਉਪਜਿਆ, ਮਿਟ ਗਿਆ ਸਭ ਧੰਦੂਕਾਰ।
ਸੁੰਨ ਦੇ ਵਿੱਚ ਬਿਰਾਜਮਾਨ, ਅੱਲਾ ਵਿਧਾਤਾ ਨਿਰਅੰਕਾਰ।
ਬਰਤਨ ਭਰਿਆ ਸ਼ੁੱਭ ਸ਼ਗਨ, ਬੰਦਾ ਭਰਿਆ ਹੈ ਬੇਕਾਰ।
ਧਿਆਨ ਲਗਾਉਣਾ ਕਠਨ ਹੈ, ਸੌਖੀ ਹੈ ਚੁੱਕਣੀ ਤਲਵਾਰ।
ਖਾਲੀ ਹੈ ਜੋ ਖਰਾ ਹੈ ਜਿਸ ਦੇ, ਸਿਰ ਨਹੀਂ ਸਿਆਸੀ ਭਾਰ।
ਬਹੁਤੀ ਉੱਚੀ ਪਦਵੀ ਪਾ ਕੇ, ਬੰਦਾ ਬਣ ਜਾਂਦਾ ਬੇਕਾਰ।
ਸਹਿਜ ਸੰਤੋਖੀ ਸੁਹਜਵਾਨ, ਕਰਦਾ ਨਾ ਕਦੇ ਅੱਤਿਆਚਾਰ।
ਭੱਜ ਨੱਠ ਕਰਦਾ ਆਦਮੀ, ਆਪੇ ਆਪਣਾ ਕਰੇ ਸ਼ਿਕਾਰ।
ਗੁਣ ਤਾਂ ਖਾਲੀ ਹੋਣ ਵਿੱਚ, ਸੁੰਨ ਵਿਚਰ ਰਿਹਾ ਦਾਤਾਰ।
ਸ਼ਕਤੀਵਾਨ ਜੋ ਆਦਮੀ, ਬਣ ਸਕਦਾ ਉਹ ਗੁਨਾਹਗਾਰ।
ਸਭ ਕੁਝ ਛੱਡ ਛਡਾ ਕੇ ਸੁੰਨੜ, ਬੈਠਾ ਕਰਦਾ ਸੋਚ ਵਿਚਾਰ।

•

# ਸਿੱਖੀ ਸਿੱਖਿਆ ਗੁਰ ਵਿਚਾਰ

ਗੁਰੂ ਨਾਨਕ ਨੇ ਲੋਕ ਬੋਲੀ ਵਿੱਚ ਧਰਮ ਚਲਾਇਆ ਜੋ,
ਓਸ ਧਰਮ ਨੂੰ ਲੋਕਾਂ ਕੋਲੋਂ ਖੋਹ ਨਾ ਪਾਵੋਗੇ।
ਸਬਰ ਸਹਿਜ ਸੰਤੋਖ ਸਿਖਾਵੇ ਬਾਣੀ ਸਤਿਗੁਰ ਦੀ,
ਸਿੱਖੀ ਸਿੱਖਿਆ ਸਿੱਖ ਧਰਮ ਨੂੰ ਕਿਵੇਂ ਮਿਟਾਵੋਗੇ।
ਤੱਤੀ ਤਵੀ 'ਤੇ ਬਹਿ ਕੇ ਵੀ ਸਿਮਰਨ ਹੀ ਕਰਦੇ ਸੀ,
ਪੰਚਮ ਪਾਤਸ਼ਾਹ ਵਾਂਗੂੰ ਕਿਦਾਂ ਸਿਦਕ ਨਿਭਾਵੋਗੇ।
ਸੀਸ ਦਿੱਤਾ ਸਿਰੜ ਨਾ ਛੱਡਿਆ ਤੇਗ ਬਹਾਦਰ ਨੇ,
ਧਰਮ ਦੀ ਖ਼ਾਤਰ ਬੰਦ ਬੰਦ ਕਿਸਦਾ ਕਟਵਾਵੋਗੇ।
ਗੀਤ ਅਤੇ ਤਲਵਾਰ ਸਿੱਖੀ ਵਿੱਚ ਇਕ ਬਰਾਬਰ ਹੈ,
ਸਿੱਖ ਬਿਨਾਂ ਇਹ ਹੋਰ ਕਿਸੇ ਨੂੰ ਕੀ ਸਮਝਾਵੋਗੇ।
ਕੁੱਲ ਪਰਿਵਾਰ ਵਾਰਕੇ ਵੀ ਜੋ ਸੀ ਤੱਕ ਨਹੀਂ ਕਰਦਾ,
ਹੋਰ ਕੋਈ ਗੋਬਿੰਦ ਸਿੰਘ ਜੇਹਾ ਕਿਵੇਂ ਲਿਆਵੋਗੇ।
ਅੱਜ ਵੀ ਖ਼ਾਲਸਾ ਮਜ਼ਲੂਮਾਂ ਦੇ ਹਾਜ਼ਰ ਨਾਜ਼ਰ ਹੈ,
ਬਿਨਾਂ ਖ਼ਾਲਸੇ ਦੇ ਇਹ ਕਾਰਜ ਕਿਵੇਂ ਕਰਾਵੋਗੇ।
ਖੰਡੇ ਦੀ ਗੁੜ੍ਹਤੀ 'ਚੋਂ ਉਪਜੇ ਗੁਰੂ ਖ਼ਾਲਸੇ ਨੂੰ,
ਆਪਣੀ ਰੱਖਿਆ ਕਰਨ ਦੀ ਕਿਹੜੀ ਜਾਚ ਸਿਖਾਵੋਗੇ।
ਹਾਰੀ ਸਾਰੀ ਸਿੰਘਾਂ ਦੇ ਸਾਹਵੇਂ ਨਹੀਂ ਖੜ ਸਕਦਾ,
ਜੋ ਅੜਦਾ ਉਹ ਝੜ ਜਾਂਦਾ ਚੂਰ ਚੂਰ ਹੋ ਜਾਵੋਗੇ।

•

# ਇਨਸਾਨੀਅਤ

ਇਨਸਾਨੀਅਤ ਹੀ ਅਸਲ ਵਿੱਚ, ਇਨਸਾਨ ਦੀ ਪਹਿਚਾਨ ਹੈ,
ਸਹਿਜ ਸੰਤੋਖ ਹੈ ਜਿਸ ਵਿੱਚ ਜਿੰਨਾ, ਓਨਾ ਹੀ ਉਹ ਇਨਸਾਨ ਹੈ।
ਖਾਣਾ ਪੀਣਾ ਤੇ ਸੌਂ ਜਾਣਾ, ਇਹ ਤਾਂ ਸਭ ਪਸ਼ੂ ਪੰਛੀ ਵੀ ਕਰਦੇ,
ਸਭ ਬੱਚੇ ਵੀ ਪੈਦਾ ਕਰਦੇ, ਭਾਵੇਂ ਆਦਮੀ ਹੈ ਜਾਂ ਫਿਰ ਹੈਵਾਨ ਹੈ।
ਅਵਤਾਰ ਦੇਵਤੇ ਗਿਣੇ ਜਾਂਦੇ ਸੀ, ਜੱਗ ਨੂੰ ਜਿਹੜੇ ਸੁੱਖ ਦੇਂਦੇ ਸੀ,
ਜੋ ਸਭ ਨੂੰ ਸਭ ਕੁਝ ਦੇਣ ਵਾਲਾ ਹੈ, ਬਸ ਓਹੀ ਤਾਂ ਭਗਵਾਨ ਹੈ।
ਅਰਬਾਂ ਖਰਬਾਂ ਜੋੜਨ ਵਾਲਾ, ਲਾਜ਼ਮੀ ਨਹੀਂ ਅਮੀਰ ਵੀ ਹੋਵੇ,
ਜੋ ਘਾਲ ਖਾਵੇ ਕੁਝ ਹੱਥੋਂ ਦੇਵੇ, ਸੁੰਨੜਾ ਉਹੀ ਸ਼ਖ਼ਸ ਧਨਵਾਨ ਹੈ।
ਸੁਖ ਨਹੀਂ ਦੇ ਸਕਦਾ ਪਰਜਾ ਨੂੰ, ਉਹ ਰਾਜਾ ਕਾਹਦਾ ਰਾਜਾ ਹੈ,
ਜਿਸ ਨੂੰ ਸੀਸਾਂ ਦੇਂਦੇ ਸਾਰੇ, ਉਹ ਸ਼ਾਸਕ ਸਭ ਤੋਂ ਵੱਧ ਬਲਵਾਨ ਹੈ।
ਸਾਹ ਸੁਕਾਵੇ ਜਿਹੜਾ ਹਰ ਦਮ, ਜੀਣਾ ਮੁਸ਼ਕਿਲ ਕਰਦਾ ਹੈ ਜੋ,
ਉਹ ਨਾ ਹੁੰਦਾ ਤਾਂ ਚੰਗੀ ਗੱਲ ਸੀ, ਜਿਸ ਵਿੱਚ ਵੱਸਦਾ ਸ਼ੈਤਾਨ ਹੈ।
ਜਿਸਦੀ ਵੰਝਲੀ ਤੇ ਰਾਧਾ ਨੱਚੇ, ਕਿਸ਼ਨ ਮੁਰਾਰੀ ਉਸ ਨੂੰ ਕਹਿੰਦੇ,
ਜਿਸ ਤੋਂ ਹਰ ਇਕ ਨੂੰ ਡਰ ਆਵੇ, ਉਹ ਦੱਸ ਕਾਹਦਾ ਕਾਹਨ ਹੈ।
ਜੇ ਰੱਬ ਨੇ ਤਾਕਤ ਬਖਸ਼ੀ ਹੈ, ਦੁਰਉਪਯੋਗ ਨਾ ਕਰ ਤੂੰ ਉਸ ਦਾ,
ਸਰਾਪ ਬਣੇ ਜਿਸ ਸ਼ਖ਼ਸ ਦੀ ਸ਼ਕਤੀ, ਉਹ ਦੁਰਯੋਧਨ ਸ਼ਾਨ ਹੈ।
•

# ਸੱਚ ਝੂਠ

ਸੱਚ ਤਾਂ ਇਕੋ ਇਕ ਹੈ ਸਚਮੁੱਚ, ਝੂਠ ਬਿਅੰਤ ਅਨੰਤ,
ਸਵੈਭੰਗ ਕਰਤਾਪੁਰਖ ਹੈ ਝੂਠ ਜਨਮਦੇ ਜੀਵ ਜੰਤ।
ਨ੍ਹੇਰਾ ਉਹ ਪਹਿਚਾਨਦਾ ਜਿਸਨੂੰ ਚਾਨਣ ਦਾ ਅਹਿਸਾਸ,
ਉਹੀ ਆਨੰਦਤ ਹੋਣਗੇ ਜਿਨ੍ਹਾਂ ਨੂੰ ਲੱਗੀ ਪਿਆਸ।
ਜਿਸ ਨੂੰ ਖੁਸ਼ੀ ਮਿਲੀ ਨਹੀਂ ਤਾਂ ਗ਼ਮ ਦੀ ਕੀ ਪਹਚਾਣ।
ਉਹ ਕੀ ਗ਼ਮ ਨੂੰ ਜਾਣਦਾ ਜੋ ਖੁਸ਼ੀ ਤੋਂ ਹੈ ਅਣਜਾਣ।
ਆਸਤਕ ਜਿਸ ਨੂੰ ਆਸ ਹੈ ਨਾਸਤਕ ਸਦਾ ਨਿਰਆਸ,
ਉਹ ਬੱਝਦਾ ਹੈ ਨਾਂਹ ਨਾਲ ਜਿਸ ਨੂੰ ਨਹੀਂ ਵਿਸ਼ਵਾਸ।
ਉਹ ਕਿਉਂ ਨਫ਼ਰਤ ਕਰੇਗਾ ਜੋ ਜਾਣੇ ਪ੍ਰੇਮ ਪਿਆਰ,
ਪਰ ਘਿਰਣਾ ਅਤੇ ਪ੍ਰੇਮ ਪਿਆਰ ਸਭ ਕਰੀ ਫਿਰੇ ਸੰਸਾਰ।
ਅਰਥ ਵਿਅਰਥ ਦੇ ਫਰਕ ਨੂੰ ਜਾਣੇ ਸਭ ਸੰਸਾਰ,
ਸਾਂਭਣ ਵਸਤੂ ਕੰਮ ਦੀ ਵਿਅਰਥ ਨੂੰ ਸੁੱਟਣ ਬਾਹਰਵਾਰ।
ਨਰਕ ਹੈ ਤਾਂ ਸਵਰਗ ਵੀ ਬਣ ਸਕਦਾ ਹੈ ਸੰਸਾਰ,
ਘਿਰਣਾ ਛੱਡ ਕੇ ਲੋਕ ਸਭ ਕਰਨ ਲੱਗਣ ਜੇ ਪਿਆਰ।
ਸੰਨਿਆਸੀ ਜੋ ਰੁਕ ਗਿਆ ਭਗਤ ਨਾ ਛੱਡੇ ਆਸ,
ਰੁਕਿਆਂ ਨਹੀਂ ਪ੍ਰਾਪਤੀ ਤੁਰ ਖ਼ੁਦ 'ਤੇ ਕਰਕੇ ਵਿਸ਼ਵਾਸ।
ਜੋ ਜੰਮਿਆ ਉਹ ਮਰੇਗਾ ਜੀਵਨ ਬਿਨ ਨਹੀਂ ਮੌਤ,
ਤੇਲ ਮੁੱਕਣ ਨਾਲ ਦੀਪ ਦੀ ਬੁਝ ਜਾਵੇ ਹਰ ਇਕ ਜੋਤ।
ਚੜ੍ਹਦਾ ਹੈ ਤਾਂ ਡੁੱਬਦਾ ਹਰ ਸੂਰਜ ਦਿਨ ਤੇ ਰਾਤ,
ਚੜ੍ਹਨ ਬਿਨਾਂ ਜੋ ਡੁੱਬ ਸਕੇ ਇਹ ਕਿਸੇ ਦੀ ਨਹੀਂ ਔਕਾਤ।

ਕਦੇ ਤਰਨ ਬਿਨਾਂ ਨਾ ਡੁੱਬਦਾ ਡੁੱਬਦੇ ਤਾਰੂ ਲੋਕ,
ਡੁੱਬ ਜਾਣਾ ਜਿਨ ਡੁੱਬਣਾ ਉਸ ਨੂੰ ਕੋਇ ਨਾ ਸਕਦਾ ਰੋਕ।
ਗਿਆਨ ਹੈ ਜੇ ਅਗਿਆਨ ਹੈ ਬਿਨਾਂ ਵਜਹਾ ਨਾ ਕੋਇ,
ਅਗਿਆਨ ਮੇਟਣ ਵਾਸਤੇ ਗਿਆਨ ਪ੍ਰਾਪਤ ਹੋਇ।
ਨਾ ਹੁੰਦਾ ਇਤਿਹਾਸ ਜੇ ਤਾਂ ਨਾ ਹੁੰਦਾ ਕੋਈ ਅਤੀਤ,
ਬਣਦਾ ਨਾ ਜੇ ਕੁਝ ਵੀ ਤਾਂ ਕਿੰਝ ਸਕਦਾ ਸੀ ਉਹ ਬੀਤ।
ਸੰਵਾਦ ਦੀ ਕਿਸ ਨੂੰ ਲੋੜ ਸੀ ਜੇ ਨਾ ਹੁੰਦਾ ਕਿਤੇ ਵਿਵਾਦ,
ਇਕ ਦੂਜੇ ਕਾਰਨ ਬਣੇ ਕੌੜੇ ਮਿੱਠੇ ਸਭ ਸਵਾਦ।
ਅਸ਼ਾਂਤ ਨਾ ਮਿਟਦਾ ਸ਼ਾਂਤ ਬਿਨ ਦੋ ਪਾਸੇ ਸ਼ਾਂਤ ਅਸ਼ਾਂਤ,
ਬੱਸ ਕਰ ਸੁੱਨੜਾ ਮੁੱਕਣੇ ਨਹੀਂ ਬਾਤਾਂ ਤੇ ਬਿਰਤਾਂਤ।
•

# ਧਰਮ ਕਰਮ

ਧਰਮ ਕਦੇ ਕਿਰਿਆ ਨਹੀਂ ਹੁੰਦੀ, ਧਰਮ ਤਾਂ ਇਕ ਧਿਆਨ ਹੈ।
ਕਰਮ ਕਾਂਡ ਜੋ ਬੰਦਾ ਕਰਦਾ, ਉਹ ਸਭ ਬੰਦੇ ਦਾ ਵਿਗਿਆਨ ਹੈ।
ਚੰਗਾ ਨਾਮ ਕਮਾਉਣ ਵਾਸਤੇ ਹਰ ਇਕ ਬੰਦੇ ਦਾ ਜੀ ਕਰਦਾ ਹੈ।
ਉਹ ਹੀ ਹੈ ਪਹਿਚਾਣ ਬੰਦੇ ਦੀ, ਜੀਵਨ ਵਿੱਚ ਉਹ ਕੀ ਕਰਦਾ ਹੈ।
ਵੱਡੇ ਛੋਟੇ ਰੁਤਬੇ ਦਾ ਲੇਕਿਨ ਨਹੀਂ ਧਰਮ ਨਾਲ ਕੁਝ ਲੈਣਾ ਦੇਣਾ,
ਕਿਸ ਕੁਰਸੀ ’ਤੇ ਬੈਠਾ ਬੰਦਾ ਉਹ ਤਾਂ ਬੰਦੇ ਦਾ ਇਕ ਅਭਿਮਾਨ ਹੈ।
ਦੁਨੀਆ ਨੂੰ ਬੰਦਾ ਸਮਝਾਉਂਦਾ ਕਿ ਗ਼ਲਤ ਕੰਮ ਚੰਗਾ ਨਹੀਂ ਹੁੰਦਾ,
ਵਾਹ ਲੱਗੇ ਤਾਂ ਖ਼ੁਦ ਸਭ ਕੁਝ ਕਰਦਾ, ਹਰ ਬੰਦਾ ਇਕ ਸ਼ੈਤਾਨ ਹੈ।
ਬੰਦਾ ਧਰਮੀਂ ਬਣ ਬਣ ਬਹਿੰਦਾ, ਲੋਕੋਂ ਲੱਜੋਂ ਸਭ ਕੁਝ ਹੀ ਸਹਿੰਦਾ,
ਪੂਰੇ ਪੈਰ ਜਮਾਉਂਦਾ ਬੰਦਾ ਜਾਣਦਿਆਂ ਕਿ ਉਹ ਇਕ ਮਹਿਮਾਨ ਹੈ।

•

# ਇਕੋ ਇਕ

ਇਕ ਹੈ ਸੀ, ਇਕ ਹਰ ਪਲ ਵਰਤੇ, ਸਦਾ ਸਦਾ ਇਕ ਇਕਓਅੰਕਾਰ।
ਸਹਿਜ ਸਮਾਧੀ ਸੁੰਨ ਸਾਨ ਸਭ ਸਿਰਫ਼ ਇਕੋ ਇਕ ਪਰਵਦਗਾਰ।
ਹੁਕਮ ਅੰਦਰ ਸਭ ਕਰੇ ਕਰਾਇ, ਕਰਤਾ ਕਰਮ ਕਰਣ ਕਰਤਾਰ।
ਪਵਣ ਪਾਣੀ ਬੈਸੰਤਰ ਨਹੀਂ ਸੀ, ਧਰਮੀਂ ਧਵਲ ਨਾ ਧਰਤੀ ਭਾਰ।
ਬ੍ਰਹਮਾਂ ਵਿਸ਼ਨੂੰ ਮਹੇਸ਼ ਨਾ ਕੋਇ, ਸਿਰਫ਼ ਸਵੈਭੰਗ ਨਿਰੰਕਾਰ।
ਨਾ ਅੰਡਜ਼ ਨਾ ਜੇਰਜ਼ ਉਤਭਜ, ਨਾ ਸੇਤਜ ਨਾ ਪਰਗਟ ਅਵਤਾਰ।
ਆਉਣ ਜਾਣ ਵਾਲਾ ਨਾ ਕੋਇ, ਨਾ ਕੋਇ ਖਣਜ ਨਾ ਮੰਡਲ ਸਾਰ।
ਨਾ ਸ਼ਕਤੀ ਨਾ ਵਿਅਕਤੀ ਕੋਇ, ਨਾ ਕੋਇ ਬੋਲੀ ਨਾ ਬੋਲਣਹਾਰ।
ਨਾ ਕੋਇ ਦਿਸ਼ਾ ਦਸੰਤਰ ਕਿਧਰੇ, ਨਾ ਕੋਇ ਅੰਤ ਆਰ ਨਾ ਪਾਰ।
ਨਾ ਕੋਇ ਯੋਗੀ ਨਾ ਸਨਿਆਸੀ, ਨਾ ਹੀ ਸ੍ਰਿਸ਼ਟੀ ਨਾ ਹੀ ਸੰਸਾਰ।
ਇਕ ਦੇ ਤੇਜ ਤਪਸ਼ ਦੇ ਕਰਕੇ, ਹਵਾ ਪਾਣੀ ਧਰਤੀ ਤੇ ਆਕਾਰ।
ਸਾਜ ਸਮੱਗਰੀ ਕੁਦਰਤ ਸਾਜੀ, ਖੰਡ ਬ੍ਰਹਿਮੰਡ ਅਪਰ ਆਪਾਰ।
ਜੀਵ ਜੰਤ ਨੂੰ ਜੀਵਨ ਮਿਲਿਆ, ਜਲ ਥਲ ਤੇ ਆਕਾਸ਼ ਆਧਾਰ।
ਪਾਣੀ ਨਾਲ ਬਨਸਪਤ ਉਪਜੀ, ਪੱਤੇ ਫੁੱਲ ਫਲ ਬੀਜ ਤਿਆਰ।
ਜਲ ਜੀਵਨ ਥਲ ਜੀਵਨ ਵੱਖ-ਵੱਖ, ਪਰਿੰਦੇ ਉੱਡੇ ਉਡਾਰੀ ਮਾਰ।
ਜੰਗਲ ਬੇਲੇ ਤੇ ਬਣ ਦੇ ਵਾਸੀ, ਆਪੋ ਆਪਣਾ ਕਰਨ ਵਿਕਾਰ।
ਬੰਦਾ ਵੀ ਪਹਿਲਾਂ ਬਣਵਾਸੀ, ਹਾਥੀਆਂ ਘੋੜਿਆਂ 'ਤੇ ਅਸਵਾਰ।
ਸਿਖਦਾ ਸਿਖਦਾ ਸਿਖ ਗਿਆ, ਸਭ ਕੁਝ ਕਰਨਾ ਵਣਜ ਵਪਾਰ।
ਸ਼ਬਦਾਂ ਦੀ ਸ਼ਕਤੀ ਨਾਲ ਬੰਦਾ, ਸਭਨਾਂ ਜੀਵਾਂ ਦਾ ਹੈ ਸਰਦਾਰ।
ਸਭ ਜੀਵਾਂ ਤੋਂ ਵੱਧ ਕਰ ਸਕਦਾ, ਕੁੱਲ ਸੰਸਾਰ ਨੂੰ ਪ੍ਰੇਮ ਪਿਆਰ।
ਉੱਡਦੇ ਨੂੰ ਉੱਡਦਾ ਮਿਲ ਸਕਦਾ, ਜਲ ਥਲ ਵਾਸੀ ਵੱਖਰੇ ਯਾਰ।
ਇਕ ਦੇ ਹੁਕਮ 'ਚ ਸਾਰੀ ਸ੍ਰਿਸ਼ਟੀ, ਇਕ ਕਰਤਾ ਇਕੋ ਕਰਤਾਰ।
ਹਰ ਇਕ ਜੀਵ ਇਕੋ ਦੀ ਕ੍ਰਿਪਾ, ਇਕੋ ਕਰਨ ਕਰਾਵਣਹਾਰ।

•

# ਰਾਮ ਰਸ

ਦੁਨੀਆ ਵਿੱਚ ਸ਼ਾਇਦ ਕੋਈ ਨਹੀਂ ਜਿਸ ਰਾਮ ਰਸ ਪੀਣਾ ਨਹੀਂ ਚਾਹਿਆ।
ਰਾਮ ਰਸ ਤਾਂ ਵਰਸ ਰਿਹਾ ਪਰ ਵਿਰਲੇ ਵਿਰਲੇ ਨੂੰ ਹੀ ਨਜ਼ਰੀਂ ਆਇਆ।
ਜੋ ਬੀਤ ਗਿਆ ਸੋ ਬੀਤ ਗਿਆ, ਮਰ ਮੁੱਕਿਆਂ ਨੇ ਵਾਪਿਸ ਨਹੀਂ ਆਉਣਾ,
ਜਿਹੜਾ ਵਾਪਿਸ ਆ ਨਹੀਂ ਸਕਦਾ, ਦੱਸੋ ਫਿਰ ਉਸ ਨੂੰ ਕੀਕਣ ਧਿਆਉਣਾ।
ਮਨ ਤਾਂ ਹਰ ਇਨਸਾਨ ਦਾ ਜੋ ਨਹੀਂ ਬਣ ਸਕਿਆ ਉਹ ਬਣਨਾ ਚਾਹਵੇ।
ਜੋ ਘੜਿਆ ਭੰਨਿਆਂ ਜਾ ਚੁੱਕਿਆ, ਭਲਾ ਉਹ ਕਾਹਤੋਂ ਕੋਈ ਬਣਨਾ ਚਾਹੇ।
ਜੀਵਤ ਮਨ ਵਿੱਚ ਫੁਰਨੇ ਫੁਰਦੇ, ਹਰ ਮਨ ਭਵਿੱਖ ਖ਼ਾਤਰ ਵਿਉਂਤ ਬਣਾਵੇ।
ਸੁਪਨੇ ਵਿੱਚ ਕਿਤੇ ਮਰਿਆ ਦਿਸੇ ਤਾਂ ਡਰਕੇ ਤੇ ਤ੍ਰਭਕ ਕੇ ਨੀਂਦ ਖੁੱਲ ਜਾਵੇ।
ਕਬਰਾਂ ਪੁੱਟਣ ਦਾ ਕੀ ਫਾਇਦਾ ਤੇ ਅਗਾਂਹ ਕੀ ਹੋਣਾ ਭਲਾ ਕਿਹੜਾ ਜਾਣੇ।
ਅਗਲਾ ਸਾਹ ਆਵੇ ਨਾ ਆਵੇ, ਸਭਨੇ ਸਚ ਸੁਣਿਆਂ ਜੋ ਕਹਿਣ ਸਿਆਣੇ।
ਤਾਂ ਫਿਰ ਜੋ ਅੱਜ ਬੀਤ ਰਿਹਾ ਹੈ, ਇਸ ਅੱਜ ਨੂੰ ਕਿਉਂ ਨਾ ਜਿਊਣਾ ਸਿਖੀਏ।
ਪੂਰਨ ਵਿਸ਼ਵਾਸ ਰਾਮ ’ਤੇ ਕਰਕੇ, ਕਿਉਂ ਨਾ ਰੱਬ ਵਰਗੇ ਸਭ ਹੀ ਦਿਖੀਏ।

•

# ਹੋਊ ਦੂਰ ਅੰਧੇਰਾ

ਜਿਓਂ ਜਿਓਂ ਰਾਤਾਂ ਕਾਲੀਆਂ ਹੋਈਆਂ ਭੂਤਰ ਗਿਆ ਹਨ੍ਹੇਰਾ।
ਸੂਰਜ ਹਰ ਹਾਲਤ ਵਿੱਚ ਚੜ੍ਹਨਾ ਹੋਊ ਜ਼ਰੂਰ ਸਵੇਰਾ।
ਅੱਤਿ ਖ਼ੁਦਾ ਦਾ ਵੈਰ ਹੁੰਦਾ ਹੈ ਸਮਝਣ ਨਾ ਹਤਿਆਰੇ,
ਹਾਜ਼ਰ ਨਾਜ਼ਰ ਹਰ ਪਲ ਸਾਡੇ ਅੰਗ ਸੰਗ ਸਤਿਗੁਰ ਮੇਰਾ।
ਰਾਜੇ ਰਾਵਣ ਬਣ ਜਾਵਣ ਜਦ ਸਭਾਪਤੀ ਦੁਰਯੋਧਨ ਹੈ,
ਸੀਤਾ ਹਰਣ ਹੁੰਦੀ ਦਰਬਾਰ 'ਚ ਪੰਚਾਲੀ ਨੂੰ ਪੈਂਦਾ ਘੇਰਾ।
ਅਭਿਮਨਯੂੰ ਮਰ ਵੀ ਜਾਂਦੇ ਨੇ ਚੱਕਰਵਿਊ ਵਿੱਚ ਫਸਕੇ,
ਪਰ ਮਰਕੇ ਵੀ ਉਹ ਨਹੀਂ ਮਰਦੇ ਜੋ ਰੱਖਦੇ ਤਕੜਾ ਜੇਰਾ।
ਅੱਤਿਆਚਾਰ ਵਿਰੁੱਧ ਜੇਕਰ ਤੂੰ ਬੋਲਣ ਤੋਂ ਡਰਦਾ ਹੈਂ,
ਸਮਝ ਨਹੀਂ ਆਉਂਦੀ ਕਮਜ਼ੋਰ ਸ਼੍ਰੀ ਫਿਰ ਕੀ ਨਾਂ ਰੱਖਾਂ ਤੇਰਾ।
ਮੌਤ ਵੀ ਸੱਚ ਹੈ ਇਸ ਦੁਨੀਆ ਵਿੱਚ ਸਭਨੇ ਹੀ ਮਰ ਜਾਣਾ,
ਇਹ ਵੀ ਸੱਚ ਹੈ ਸੂਰਜ ਚੜ੍ਹਨ 'ਤੇ ਹੋਊ ਦੂਰ ਅੰਧੇਰਾ।

•

# ਹੇ ਰਾਮ

ਰਾਮ ਦੀ ਕਥਾ ਸੁਣਾਵੰਦਿਆਂ ਤੈਨੂੰ ਰਾਮ ਕਹਿਣ ਨਾ ਆਇਆ,
ਜੇ ਤੂੰ ਰਾਮ ਬਣਾ ਸਕਦੈਂ ਫਿਰ ਰਾਮ ਨੇ ਕੀ ਬਣਾਇਆ।
ਬ੍ਰਹਮਾਂ, ਵਿਸ਼ਨੂੰ, ਮਹੇਸ਼ ਨੂੰ ਸਿਰਜਣ ਦੇ ਕਾਬਲ ਹੈਂ ਜੇਕਰ ਤੂੰ,
ਫਿਰ ਦੁਨੀਆ ਨੂੰ ਤੂੰ ਕਾਹਤੋਂ ਗਧੀ ਗੇੜ ਵਿੱਚ ਪਾਇਆ।
ਤੇਰੇ ਆਪਣੇ ਜੀਵਨ 'ਚੋਂ ਕਿਤੇ ਰਾਮ ਨਜ਼ਰ ਤਾਂ ਆਉਂਦਾ ਨਹੀਂ,
ਰਾਮ ਰੰਗ ਲਗਦਾ ਸੀ ਤਾਂ ਆਪਣੇ ਵਿੱਚ ਨਾ ਲਾਇਆ.
ਰਾਮ ਖਡੌਣਾਂ ਨਹੀਂ ਬੰਦਿਆ ਤੂੰ ਮਨ ਮਰਜ਼ੀ ਨਾਲ ਖੇਡ ਸਕੇਂ,
ਸਾਰੀ ਖੇਡ ਹੀ ਜਿਸਦੀ ਹੈ ਤੂੰ ਉਸ ਨੂੰ ਹੀ ਖੇਡ ਬਣਾਇਆ।
ਜੇਸ ਤਰ੍ਹਾਂ ਦਾ ਤੂੰ ਚਾਹੂੰਦੈਂ ਰੱਬ ਨੂੰ ਓਸ ਤਰ੍ਹਾਂ ਦਾ ਘੜ ਸਕਦੈਂ,
ਖੁਦ ਨੂੰ ਤਾਂ ਸਾਜ਼ ਨਹੀਂ ਸਕਦਾ ਰੱਬ ਕੀਕਣ ਤੂੰ ਸਜਾਇਆ।
ਰਾਮ ਕਬੀਰਾ ਇਕ ਹੋ ਸਕਦਾ ਤੂੰ ਵੀ ਕਿਉਂ ਨਹੀਂ ਹੋ ਜਾਂਦਾ,
ਜੋ ਤੈਥੋਂ ਪੜ੍ਹ ਨਾ ਹੋ ਸਕਿਆ ਦੁਨੀਆ ਨੂੰ ਪਾਠ ਪੜ੍ਹਾਇਆ।
ਤੂੰ ਝੱਖ ਮਾਰਦਾ ਫਿਰਦੈਂ ਬੰਦਿਆ ਰਾਮ ਦੀ ਸਮਝ ਨਹੀਂ ਤੈਨੂੰ,
ਜੋ ਖ਼ੁਦ ਨੂੰ ਸਮਝ ਨਹੀਂ ਲੱਗਾ ਕਿਸੇ ਨੂੰ ਕੀ ਸਮਝਾਇਆ।
ਰਾਮ ਦੀਆਂ ਤਾਂ ਰਾਮ ਹੀ ਜਾਣੇ ਜਪ ਸਕਦੈਂ ਤਾਂ ਜਪ ਹੇ ਰਾਮ,
ਆਪਣੇ ਚੱਕਰਵਿਊ 'ਚੋਂ ਬੰਦਾ ਕਦੇ ਨਿਕਲ ਨਾ ਪਾਇਆ।

•

# ਤੂੰ ਕੌਣ ਹੈਂ

ਜੇ ਤੂੰ ਜ਼ੁਲਮੀਂ ਨੂੰ ਜ਼ਾਲਮ ਕਹਿਣ ਦੀ ਜ਼ੁਰਤ ਨਹੀਂ ਰੱਖਦਾ ਤਾਂ ਤੂੰ ਸਿੱਖ ਨਹੀਂ ਕੁਝ ਹੋਰ ਹੈਂ।
ਜੇ ਤੂੰ ਚੋਰਾਂ ਵਿੱਚ ਉੱਠਦਾ ਬੈਠਦਾ ਹੈਂ, ਗ਼ਲਤ ਨਹੀਂ ਕਹਿੰਦਾ ਤਾਂ ਤੂੰ ਵੀ ਪੱਕਾ ਵੱਡਾ ਚੋਰ ਹੈਂ।
ਜੇ ਤੈਨੂੰ ਰਾਮ ਤੇ ਰਹੀਮ ਇਕ ਦੂਜੇ ਦੇ ਦੁਸ਼ਮਣ ਲਗਦੇ ਹਨ ਤਾਂ ਤੂੰ ਬਹੁਤ ਚਿਤ ਕਠੋਰ ਹੈਂ।
ਜੇ ਤੈਨੂੰ ਧਰਮਾਂ ਅਤੇ ਜ਼ਾਤਾਂ ਵਿੱਚ ਵਿਰੋਧ ਦਿਸਦਾ ਹੈ ਤਾਂ ਤੂੰ ਧਰਮੀਂ ਨਹੀਂ ਇਕ ਬਦਖੋਰ ਹੈਂ।
ਜੇ ਤੂੰ ਸੰਗੀਤ ਦਾ ਵਿਰੋਧ ਕਰਦਾ ਹੈਂ ਤਾਂ ਫਿਰ ਨਹੀਂ ਪੜ੍ਹੇ ਗੁਰਬਾਣੀ ਦੇ ਸਾਰੇ ਇਕਤੀ ਰਾਗ।
ਜੇ ਤੂੰ ਮਚਲਾ ਹੈਂ ਤਾਂ ਖੈਰਸੱਲਾ ਪਰ ਜੇ ਤੂੰ ਸੁੱਤਾ ਪਿਆ ਹੈਂ ਤਾਂ ਆਪਣੀ ਨੀਂਦ ’ਚੋਂ ਸਿੱਖਾਂ ਜਾਗ।
ਜੇ ਤੂੰ ਅੰਮ੍ਰਿਤ ਵੇਲੇ ਉੱਠ ਸਵਾਂਤ ਬੂੰਦਾਂ ਵਾਸਤੇ ਅਰਦਾਸ ਨਹੀਂ ਕਰਦਾ ਤੂੰ ਬਬੀਹਾ ਨਹੀਂ ਹੈਂ।
ਜੇ ਤੂੰ ਆਪਣੀ ਜਿਦ ਠੋਸਣਾ ਚਾਹੁੰਦਾ ਹੈਂ ਦੁਨੀਆ ’ਤੇ ਤਾਂ ਤੂੰ ਜਾਬਰ ਹੈਂ ਤੂੰ ਮਸੀਹਾ ਨਹੀਂ ਹੈਂ।
ਜੇ ਤੇਰੀ ਪੱਤਰਕਾਰਤਾ ਵਿੱਚ ਖੋਟ ਹੈ, ਝੂਠ ਹੈ ਤਾਂ ਤੂੰ ਕਦਾਚਿਤ ਨਹੀਂ ਹੈਂ ਵਧੀਆ ਪੱਤਰਕਾਰ।
ਜੇ ਤੂੰ ਸੱਚ ਦਾ ਕਤਲ ਕਰਨ ਵਾਲਾ ਹੈਂ ਤਾਂ ਕਾਤਿਲ ਹੈਂ ਨਾ ਤੂੰ ਫਿਰ ਸਿੱਖ ਹੈਂ ਤੇ ਨਾ ਸਰਦਾਰ।
ਜੇ ਤੂੰ ਵੇਦਾਂ ਪ੍ਰਾਕਿਰਤਾਂ, ਪੁਰਾਣਾਂ ਉਪਨਿਸ਼ਦਾਂ ਸ਼ਾਸਤਰਾਂ ਦਾ ਸਮਝਦਾ ਹੈਂ ਖ਼ੁਦ ਨੂੰ ਅਧਿਕਾਰੀ।
ਜੇ ਤੈਨੂੰ ਰੋਗ ਲੱਗਾ, ਕਿਸੇ ਦਾ ਦੋਸ਼ ਨਹੀਂ ਇਸ ਵਿੱਚ ਇਹ ਤੇਰੀ ਆਪਣੀ ਮਾਨਸਿਕ ਬਿਮਾਰੀ।
ਜੇ ਤੂੰ ਬੁੱਧੂ ਦੀ ਸੰਤਾਨ ਨੂੰ ਸਿੱਖ ਨਹੀਂ ਗਿਣਦਾ ਤਾਂ ਗਿਣਤੀ ਤੇਰੀ ਗ਼ਲਤ ਹੈ ਯਕੀਨ ਕਰ ਮੇਰਾ।
ਜੇ ਤੂੰ ਚੰਦੂ ਅਤੇ ਗੰਗੂ ਨੂੰ ਧਾਰਮਿਕ ਗਿਣਦਾਂ ਤਾਂ ਧਰਮ ਨਾਲ ਬਿਲਕੁਲ ਰਿਸ਼ਤਾ ਨਹੀਂ ਤੇਰਾ।
ਜੇ ਤੂੰ ਹਿੰਦੂ ਮੁਸਲਿਮ ਸਿੱਖ ਇਸਾਈਆਂ ਵਿੱਚ ਅਜੇ ਤੱਕ ਪਾ ਰਿਹਾਂ ਆਪਣੇ ਧਾਰਮਿਕ ਕਿਆਰੇ।
ਜੇ ਤੂੰ ਬਾਜ ਨਹੀਂ ਆਉਂਦਾ ਤਾਂ ਗਿਣਤੀ ਦੇ ਬਚੇ ਨੇ ਦਿਨ, ਤੇਰੇ ਸਾਹਮਣੇ ਫੈਸਲੇ ਹੋਣਗੇ ਸਾਰੇ।
ਜੇ ਤੂੰ ਭਲਾ ਚਾਹੁੰਦਾ ਹੈਂ ਤਾਂ ਬੰਦਾ ਬਣ ਕੇ ਬੰਦਿਆਂ ਵਾਲੇ ਕੰਮ ਕਰ ਤੇ ਉਸ ਪਰਮਾਤਮਾ ਤੋਂ ਡਰ।
ਜੇ ਤੂੰ ਸਿੱਖ ਹੈਂ ਤਾਂ ਸਿਦਕ ਰੱਖ ਸਬਰ ਸੰਤੋਖ ਕਰਕੇ ਜਿੰਨਾ ਹੋ ਸਕਦਾ ਤੂੰ ਓਨਾ ਵਿਸ਼ਵਾਸ ਕਰ।

•

# ਖਾਲਸਾ ਤਿਆਰ ਬਰ ਤਿਆਰ

ਸਿੱਖ ਬਬੀਹਾ ਬਾਨੀ ਗਾਵੇ ਤੜ੍ਹਕੇ ਉੱਠ ਕੇ ਹੋ ਕੇ ਤਿਆਰ,
ਹਾਜ਼ਰ ਨਾਜ਼ਰ ਗੁਰੂ ਹੈ ਬਾਨੀ ਗੁਰਬਾਨੀ ਹੈ ਪਰਵਦਗਾਰ।
ਗੀਤ ਇਲਾਹੀ ਹੈ ਗੁਰਬਾਨੀ ਕਰਤਾਰ ਕਹੋ ਜਾਂ ਨਿਰੰਕਾਰ,
ਸਰਬ ਸੁੱਖਾਂ ਦੀ ਖਾਣੀਂ ਬਾਨੀ ਸਿੱਖ ਦਾ ਹੈ ਦਾਤਾ ਦਾਤਾਰ।
ਸਿੱਖ ਵੇਦੀ ਗੁਰੂ ਨਾਨਕ ਆਖੇ, ਚਾਰੋਂ ਵੇਦ ਹੋਇ ਸਚਿਆਰ,
ਜਿਥੇ ਵੇਦ ਪੁਰਾਣ ਹਾਰੇ, ਓਥੇ ਸ੍ਰੋਢੀ ਖਿੱਚ ਲੈਂਦੇ ਤਲਵਾਰ।
ਸ਼ਸਤਰ ਸ਼ਾਸਤਰ ਧਰਮ ਹੈ, ਫਰਕ ਨਹੀਂ ਦੋਹਾਂ ਵਿਚਕਾਰ,
ਸਮਝ ਨਹੀਂ ਲੱਗਾ ਦੁਨੀਆ ਨੂੰ ਸਿੱਖ ਸਿੱਖੀ ਦਾ ਕਿਰਦਾਰ।
ਗੁਰਬਾਣੀ ਹੈ ਸਰਬਧਰਮ, ਹਿੰਦੂ ਮੁਸਲਮ ਸਾਂਝਾ ਪਿਆਰ,
ਜੰਮਣ ਮਰਨ ਹੁਕਮ ਦੇ ਵਿੱਚ ਹੈ, ਭਾਣੇਂ ਦੇ ਵਿੱਚ ਹੈ ਸੰਸਾਰ।
ਜੀਵਨ ਧਰਮਯੁੱਧ ਹੈ ਸਿੱਖ ਦਾ ਇਕ ਸਮਾਨ ਜਿੱਤ ਤੇ ਹਾਰ,
ਹਰ ਮੈਦਾਨ ਫ਼ਤਹਿ ਸਿੱਖ ਦੀ ਫਰਕ ਨਹੀਂ ਆਰ ਜਾਂ ਪਾਰ।
ਦਸਮ ਪਿਤਾ ਦਾ ਹਰ ਪੁੱਤ ਰਾਜਾ ਹਰ ਸਿੱਖ ਪੂਰਨ ਸਰਦਾਰ,
ਮੌਤ ਵੀ ਘੋੜੀ ਬਣੇਂ ਜਿਨ੍ਹਾਂ ਦੀ ਵੱਖਰੇ ਨੇ ਇਹ ਘੋੜਸਵਾਰ।
ਹੱਕਾਂ ਦੀ ਉਗਰਾਹੀ ਕਰਦੇ ਝੂਠ ਦਾ ਨਹੀਂ ਕਰਦੇ ਵਿਓਪਾਰ,
ਜੋ ਅੜਦਾ ਸੋ ਝੜ ਜਾਂਦਾ ਹੈ ਅੜੀ ਕਰੂ ਕਿਹੜੀ ਸਰਕਾਰ।
ਦੁਖ ਸੁਖ ਦੋਵੇਂ ਕੱਪੜੇ ਜਿਸਦੇ ਪਾਉਂਦਾ ਲਾਹੁੰਦਾ ਨਾਲ ਪਿਆਰ,
ਰੁੱਤਾਂ ਆਉਂਦੀਆਂ ਜਾਂਦੀਆਂ ਪਰ ਸਿੱਖ ਹੈ ਸਦਾ ਬਹਾਰ।
ਸਿੱਖ ਖ਼ਤਰੇ ਤੋਂ ਨਹੀਂ ਘਬਰਾਉਂਦਾ ਹਰ ਵੈਰੀ ਨੂੰ ਦੇਵੇ ਲਲਕਾਰ,
ਕਮਰਕੱਸਾ ਬੰਨਿਆ ਖਾਲਸਾ ਤਿਆਰ ਬਰ ਤਿਆਰ।
ਸਿੱਖਾਂ ਦੇ ਨਾਲ ਪੇਚਾ ਪਾ ਕੇ, ਕਿਨਾਂ ਚਿਰ ਕੱਢੂ ਸਰਕਾਰ,
ਜੱਟ ਬੁੱਧੀ ਹੈ ਸਾਡੀ ਭਾਵੇਂ ਪਰ ਹਰ ਮੈਦਾਨ ਸਾਡੀ ਜੈ ਜੈ ਕਾਰ।

•

# ਦਰਦ

ਦਿਲ ਦੀ ਸਾਰੀ ਗੱਲ ਸ਼ਬਦਾਂ ਵਿੱਚ ਕਿਵੇਂ ਹੋਵੇ,
ਸ਼ਬਦ ਨਹੀਂ ਜਾਂਦੇ ਦਰਦ ਜਿਸ ਪਾਰ ਜਾਂਦੇ ਨੇ।
ਠੀਕ ਹੈ ਕਿ ਰਿਸ਼ਤਿਆਂ ਵਿੱਚ ਬਹਿਸ ਜਦ ਹੁੰਦੀ,
ਸ਼ਬਦ ਜਿੱਤ ਜਾਂਦੇ ਤੇ ਰਿਸ਼ਤੇ ਹਾਰ ਜਾਂਦੇ ਨੇ।
ਸਮਝ ਹੈ ਸਭ ਨੂੰ ਕਿ ਕੁਝ ਵੀ ਨਾਲ ਨਹੀਂ ਜਾਣਾ,
ਆਖਰੀ ਦਮ ਤੀਕ ਪਰ ਵਿਓਪਾਰ ਜਾਂਦੇ ਨੇ।
ਪੰਜਾਂ ਦੂਤਾਂ ਤੋਂ ਭਲਾ ਕਿਹੜਾ ਨਹੀਂ ਵਾਕਿਫ਼,
ਲੇਕਿਨ ਫਿਰ ਵੀ ਪੰਜੇ ਦੁਸ਼ਟ ਬਾਜ਼ੀ ਮਾਰ ਜਾਂਦੇ ਨੇ।

•

# ਸੱਚ ਨੂੰ ਫਾਂਸੀ

ਸੱਚ ਨੂੰ ਵੀ ਫਾਂਸੀ ਲੱਗ ਜਾਂਦੀ ਹੈ ਕਦੇ ਕਦੇ ਤਾਂ ਦਰ ਅਸਲ।
ਝੂਠ ਮੁਕਦਮੇਂ ਜਿੱਤ ਜਾਂਦੇ ਨੇ ਜਦ ਹਾਵੀ ਹੋ ਜਾਂਦੇ ਵਲ ਛਲ।
ਸੱਚੇ ਮਾਰਗ ਚੱਲਦਿਆਂ ਵੀ ਤਾਂ ਆ ਸਕਦਾ ਹੈ ਕਦੇ ਤੂਫ਼ਾਨ।
ਹਰ ਵਾਰੀ ਤਾਂ ਸੱਚ ਦੀ ਉਸਤਿਤ ਨਹੀਂ ਕਰਦਾ ਇਹ ਜਹਾਨ।
ਸੱਚ ਤਾਂ ਸੱਚ ਹੀ ਹੁੰਦਾ ਹੈ ਇਹ ਵੀ ਗੱਲ ਮੰਨਦੀ ਹੈ ਦੁਨੀਆ।
ਪਰ ਝੂਠ ਨੂੰ ਸੱਚਾ ਸਾਬਤ ਕਰਦੀਆਂ ਗੱਲਾਂ ਵੀ ਨੇ ਸੁਣੀਆਂ।
ਪਿਓ ਦਾਦੇ ਤਾਂ ਹੋ ਸਕਦਾ ਹੈ ਕਿਸੇ ਦੇ ਸਨ ਰਾਜੇ ਮਹਾਰਾਜੇ।
ਰਾਜਿਆਂ ਦੇ ਵੀ ਪੁੱਤ ਪੋਤਰੇ ਇੰਝ ਲਗਦੇ ਜਿਵੇਂ ਮੁਰਦੇ ਤਾਜ਼ੇ।
ਹੈ ਸੀ ਹੋ ਸੀ ਇਕੋ ਹੀ ਹੈ ਇਸ ਦੁਨੀਆ ਵਿੱਚ ਸੰਪੂਰਨ ਸੱਚ।
ਬਾਕੀ ਤਾਂ ਸਭ ਕੱਚੇ ਪਿਲੇ ਬਹੁਤੀ ਦੁਨੀਆ ਹੈ ਕੱਚ ਮਕੱਚ।
ਸੱਚ ਨੂੰ ਫਾਹੇ ਲਾ ਕੇ ਜਦ ਇਹ ਦੁਨੀਆ ਖੁਸ਼ੀ ਮਨਾਉਂਦੀ ਹੈ।
ਓਸ ਵੇਲੇ ਇਸ ਦੁਨੀਆ ਦੀ ਫਿਤਰਤ ਸਮਝ ਨਾ ਆਉਂਦੀ ਹੈ।
ਆਪਣੇ ਦੁੱਖ ਨਿਵਾਰਣ ਖਾਤਰ ਦੁਨੀਆ ਰੱਬ ਧਿਆਉਂਦੀ ਹੈ।
ਧਰਮਾਂ ਕਰਮਾਂ ਦੀ ਬੁੱਕਲ ਮਾਰ ਕੇ ਕੋਝੇ ਕੁਫ਼ਰ ਕਮਾਉਂਦੀ ਹੈ।

•

# ਪੰਜਾਬੀ

ਵਾਰਿਸ ਹਾਸ਼ਮ ਪੀਲੂ ਕੋਈ ਪਰਾਏ ਨਹੀਂ,
ਇਹ ਸਾਡੀਆਂ ਕਲਮਾਂ ਨੇ ਪੰਜਾਬ ਦੀਆਂ।
ਹੀਰ ਤੇ ਮਿਰਜ਼ਾ ਲਿਖਿਆ ਮਹਿਕ ਖਲਾਰੀ ਹੈ,
ਇਹ ਕਲਮਾਂ ਪੰਜਾਬੀ ਸੁਰਖ ਗੁਲਾਬ ਦੀਆਂ।
ਹਿੰਦੀ ਸਿੰਧੀ ਸ਼ਾਹਮੁਖੀ ਪੰਜਾਬੀ ਨੇ,
ਗੱਲਾਂ ਪੰਜਾਂ ਦਰਿਆਵਾਂ ਦੇ ਅੰਮ੍ਰਿਤ ਆਬ ਦੀਆਂ।
ਬਾਡਰ ਦੇ ਦੋਹੀਂ ਪਾਸੀਂ ਸੁੱਕਦੀ ਜਾਂਦੀ
ਪਰ ਕੁਝ ਵੀ ਹੋਵੇ ਰੀਸਾਂ ਨਹੀਂ ਝਨਾਬ ਦੀਆਂ।
ਦੋਹੀਂ ਪਾਸੀਂ ਨਲਕੇ ਤਰਸਣ ਪਾਣੀ ਨੂੰ
ਲੀਰਾਂ ਕੀਤੀਆਂ ਮਾਝੇ ਮਾਲਵੇ ਦਆਬ ਦੀਆਂ।
ਵੱਢ ਵਢਾਂਗਾ ਹੋਇਆ ਲੱਖਾਂ ਲੋਕ ਮਰੇ,
ਦੋਹੀਂ ਪਾਸੀਂ ਲਾਸ਼ਾਂ ਸਨ ਪੰਜਾਬ ਦੀਆਂ।
ਮਰਦਾਨਾ ਤੇ ਬਾਲਾ ਰਲਕੇ ਨਹੀ ਚੱਲਦੇ,
ਸਾਂਝਾਂ ਮੁੱਕੀਆਂ ਗੁਰੂ ਨਾਨਕ ਦੇ ਖੁਆਬ ਦੀਆਂ।
ਸੁੰਨੜ ਕੱਲੀ ਕਵਿਤਾ ਲਿਖ ਕੇ ਕੀ ਕਰ ਲਊ ,
ਦੋਹੀਂ ਪਾਸੀਂ ਖਬਰਾਂ ਧੁੰਦਲੀ ਤਾਬ ਦੀਆਂ।
•

# ਮਾਂ

ਸੱਚ ਹੈ ਮਾਏ ਰੱਬ ਵਰਗਾ ਹੁੰਦਾ ਹੈ ਮਾਂ ਦਾ ਪਿਆਰ।
ਇਸੇ ਵਾਸਤੇ ਮਾਂ ਤੇ ਰੱਬ ਦਾ ਇਕੋ ਜਿਹਾ ਸਤਿਕਾਰ।
ਰੱਬ ਨੂੰ ਪਤਾ ਸੀ ਇਸੇ ਕਰਕੇ ਮਾਂ ਦੀ ਸਿਰਜਣਾ ਕੀਤੀ,
ਮਾਂ ਬਿਨਾਂ ਨਹੀਂ ਸਿਰਜਿਆ ਜਾਣਾ ਇਹ ਸਾਰਾ ਸੰਸਾਰ।
ਮਾਂ ਬਣਾ ਕੇ ਰੱਬ ਨੇ ਪਹਿਲਾਂ ਫਿਰ ਇਹ ਜੱਗ ਉਪਾਇਆ,
ਇਸ ਖਾਤਰ ਸਾਰਾ ਜੱਗ ਆਖੇ ਰੱਬ ਹੈ ਦਾਤਾ ਦਾਤਾਰ।
ਪੈਦਾ ਕਰੇ, ਮਾਂ ਪਾਲੇ ਪੋਸੇ ਤੇ ਫਿਕਰ ਕਰੇ ਰੱਬ ਵਾਂਗਰ,
ਮਾਂ ਅਸਥੂਲ ਰੱਬ ਬਣੇਂ ਨਿਭਾਵੇਂ ਸੂਖਮ ਦਾ ਕਿਰਦਾਰ।
ਕਰੇ ਕਰਾਵੇ ਰੱਬ ਸਭ ਕੁਝ ਪਰ ਮਾਂ ਦੀ ਕੁੱਖ ਚਾਹੀਦੀ,
ਮਾਂ ਨੂੰ ਸੇਵਾ ਬਖ਼ਸ਼ ਕੇ ਬਣਿਆ ਰੱਬ ਕਰਤਾ ਕਰਤਾਰ।
ਰੱਬ ਦੀਆਂ ਰੱਬ ਹੀ ਜਾਣੇ ਦੋਹਾਂ ਨੂੰ ਸਜਦਾ ਕਰਦੇ ਹਾਂ,
ਮਾਂ ਨੂੰ ਸਿਰਜ ਕੇ ਬੇਫ਼ਿਕਰ ਹੈ ਪਰਬਦਗਾਰ।
ਮੌਲਾ ਮੇਹਰ ਕਰੀਂ ਸਾਨੂੰ ਤੇਰੇ ਹੁਕਮ ’ਚ ਰਹਿਣਾ ਆਵੇ,
ਸ਼ੁਕਰ ਹੈ ਦਾਤਾ ਜੱਗ ’ਤੇ ਤੇਰੀ ਕਿਰਪਾ ਅਪਰ ਅਪਾਰ।

•

# ਕਿਰਤੀ ਕਿਸਾਨ ਅੰਦੋਲਨ

ਇਹ ਧਰਮੀਂ ਹਨ, ਕਿਰਤੀ ਹਨ ਜੋ ਸਾਰੇ ਰਲ ਬੈਠੇ ਕਿਰਸਾਨ,
ਇਨ੍ਹਾਂ ਨੂੰ ਅੱਤਿਵਾਦੀ ਵੱਖਵਾਦੀ ਕਹਿਣ ਵਾਲੇ ਕੌਣ ਨੇ।
ਜਿਹੜੇ ਜ਼ੁਲਮੀਂ ਨੂੰ ਜ਼ਾਲਮ ਕਹਿਣ ਦੀ ਜ਼ੁਰਤ ਰੱਖਦੇ ਨੇ ਲੋਗ
ਇਨ੍ਹਾਂ ’ਤੇ ਬੇਵਜ੍ਹਾ ਬੇਅਰਥ ਊਜਾਂ ਲਾਉਣ ਵਾਲੇ ਕੌਣ ਨੇ।
ਦਸਾਂ ਨੋਹਾਂ ਦੀ ਕਿਰਤ ਕਰਦੇ ਨੇਂ, ਜੋ ਰੱਬ ਦੇ ਆਸਰੇ ਬੈਠੇ,
ਇਹ ਸੱਚੇ ਪਾਤਸ਼ਾਹ ਦਿਆਂ ਰੰਗਾਂ ਉੱਤੇ ਵਿਸ਼ਵਾਸ ਕਰਦੇ ਨੇ।
ਮਿੱਟੀ ਨਾਲ ਮਿੱਟੀ ਹੁੰਦੇ ਵੀ ਰਹਿੰਦੇ ਹੁਕਮ ਦੇ ਅੰਦਰ,
ਕੱਕਰੀ ਰਾਤ ਵਿੱਚ ਫ਼ਸਲਾਂ ਸਿੰਜਦਿਆਂ ਵੀ ਅਰਦਾਸ ਕਰਦੇ ਨੇ।
ਖੇਤੀ ਕਿੱਤਾ ਹੀ ਨਹੀਂ ਇਹ ਤਾਂ ਇਕ ਜੀਵਨ ਜੁਗਤ ਹੈ,
ਖੇਤੀ ਹੀ ਜੱਟ ਦਾ ਧਰਮ ਹੈ ਖੇਤ ਖੇਤੀ ਹੀ ਜੱਟ ਦਾ ਸੰਸਾਰ ਹੈ।
ਖੇਤਾਂ ਵਿੱਚ ਜੱਟ ਸਰਦਾਰ ਹੈ, ਖੇਤਾਂ ਨਾਲ ਜੱਟ ਦਾ ਪਿਆਰ ਹੈ,
ਆਤਮਨਿਰਭਰ ਕਰਮ ਹੈ, ਖੇਤੀ ਇਕ ਸੱਭਿਆਚਾਰ ਹੈ।
ਜੱਟ ਰਾਮ ਵੀ ਰਹੀਮ ਵੀ, ਕਿਰਤੀ ਕਰਮ ਕਰੀਮ ਵੀ,
ਹਿੰਦੂ ਮੁਸਲਮ ਸਿੱਖ ਕਰਿਸਚਿਅਨ ਆਖ ਕੇ ਵੰਡਦੇ ਨੇ ਜਿਨ੍ਹਾਂ ਨੂੰ।
ਰੱਬ ਦੇ ਬੰਦੇ ਨੇ ਸਾਰੇ, ਸ਼ੁਕਰ ਕਰਦੇ ਨੇਂ ਇਹ ਹਰ ਪਲ,
ਧਰਮਾਂ ਦੇ ਪਾ ਕੇ ਕਿਆਰੇ ਸਿਆਸਤਦਾਨ ਛੰਡਦੇ ਨੇ ਜਿਨ੍ਹਾਂ ਨੂੰ।
ਵੱਟਾਂ ਦਾ ਝਗੜਾ ਹੈ ਜੱਟਾਂ ਦਾ ਧਰਮ ਦਾ ਝਗੜਾ ਨਹੀਂ,
ਮੰਦਰ ਮਸਜਦ ਗੁਰਦੁਆਰੇ ਸਭ ਇਕੋ ਜੇਹੇ ਨੇ ਧਰਮਅਸਥਾਨ।
ਜਨਮਦਾਤੀ, ਮਾਤਬੋਲੀ ਤੇ ਤੀਜੀ ਮਾਂ ਜ਼ਮੀਨ ਜੱਟ ਦੀ,
ਸਾਂਝੀ ਮਾਂ ਮਿੱਟੀ ਨੂੰ ਕਿਸ ਤਰ੍ਹਾਂ ਵੰਡ ਸਕਦੇ ਨੇ ਸਿਆਸਤਦਾਨ।

ਧਰਤੀ ਅਗਨ ਹਵਾ ਤੇ ਪਾਣੀ ਨਾਲ ਬਣੇ ਹਰ ਇਕ ਆਕਾਰ,
ਜੱਟ ਦੀ ਜੱਦੀ ਜਾਇਦਾਦ ਹਨ ਇਹ ਸਾਰੇ ਚਾਰਾਂ ਦੇ ਚਾਰ।
ਪੈਸਿਆਂ ਨਾਲ ਵਿਓਪਾਰੀ ਜੇਕਰ ਤੱਤ ਜੱਟ ਦੇ ਖੋਹਵੇ,
ਮਰਦਾ ਕੀ ਨਹੀਂ ਕਰਦਾ ਅੱਜ ਜੱਟ ਹੈ ਲੜਨ ਮਰਨ ਨੂੰ ਤਿਆਰ।
ਘੱਟੋ ਘੱਟ ਕੀਮਤ ਵੀ ਜੇਕਰ ਮੰਗਣਾਂ ਇਕ ਬਗ਼ਾਵਤ ਹੈ,
ਤਾਂ ਫਿਰ ਇਸ ਬਗ਼ਾਵਤ ਨੂੰ ਸੁੱਨੜ ਕਰਨਾਂ ਚਾਹੁੰਦਾ ਨਮਸਕਾਰ।
ਖ਼ਾਲਸਾ ਇਕ ਕੌਮ ਨਹੀਂ ਹੈ ਸਭ ਧਰਮਾਂ ਦਾ ਪਰਚਾ ਹੈ,
ਜ਼ੁਲਮ ਨਾਲ ਟਕਰਾਉਣ ਵਾਸਤੇ ਖ਼ਾਲਸਾ ਤਿਆਰ ਬਰ ਤਿਆਰ।
ਕਰਤਾਪੁਰਖ ਵਿਧਾਤੇ ਉੱਪਰ ਬੱਸ ਰੱਖਿਓ ਪੂਰਨ ਵਿਸ਼ਵਾਸ,
ਦੁਨੀਆ ਦੀ ਕਿਹੜੀ ਤਾਕਤ ਹੈ ਜੋ ਸੱਚ ਦੇ ਸਾਹਵੇਂ ਖੜ੍ਹ ਜਾਵੇ।
ਡੋਲਣ ਤੋਂ ਹੱਥ ਦੇ ਕੇ ਰੱਖੂ ਦਾਤਾ ਸੱਚ ਦੇ ਪਾਂਧੀਆਂ ਨੂੰ,
ਅੜੀਅਲ ਜੇ ਕਿਤੇ ਅੜ ਜਾਵੇ ਉਹ ਸੱਚ ਦੇ ਸਾਹਮਣੇ ਝੜ ਜਾਵੇ।

•

# ਨਜ਼ਰੀਆ

ਦੁਨੀਆ ਵਰਗੀ ਹੈ ਨਜ਼ਰ ਤੇਰੀ ਖੈਰ ਸੱਲਾ,
ਲੇਕਿਨ ਤੇਰਾ ਨਜ਼ਰੀਆ ਸਾਨੂੰ ਸਮਝ ਨਹੀਂ ਆਇਆ।
ਭੁੱਖੀਆਂ ਨਜ਼ਰਾਂ ਵਾਸਤੇ ਚੋਗਾ ਤੂੰ ਲੱਭ ਰਿਹੈਂ,
ਬਦਲੇ ’ਚ ਕੀ ਹੈ ਦੇਣ ਨੂੰ ਉਹ ਦਿਸ ਨਹੀਂ ਪਾਇਆ।
ਮੇਰਾ ਇਹ ਸੁਰ ਤਾਲ ਤੇਰੇ ਦਿਲ ਨਹੀਂ ਲੱਗਿਆ,
ਜਿਸ ਤਰ੍ਹਾਂ ਦੇ ਸਾਜ਼ ਸੀ ਮੈਂ ਉਸ ਤਰ੍ਹਾਂ ਗਾਇਆ।
ਵਧੀਆ ਸੌਦਾ ਭਾਲਦਾ ਲਗਦਾ ਹੈਂ ਤੂੰ ਮੈਨੂੰ,
ਕਿਸ ਕੀਮਤ ’ਤੇ ਮਿਲੇਗਾ ਤੂੰ ਹਿਸਾਬ ਨਹੀਂ ਲਾਇਆ.
ਮੇਰੇ ਤੋਂ ਜੋ ਪੁੱਛਦਾ ਹੈਂ ਉਹ ਖੁਦ ਕੋਲੋਂ ਵੀ ਤਾਂ ਪੁੱਛ,
ਗ਼ਲਤ ਥਾਂ ’ਤੇ ਹਾਂ ਜੇ ਮੈਂ ਤਾਂ ਤੂੰ ਕਿਉਂ ਆਇਆ।
ਮੇਰੀ ਗੱਲ ਸੁਣ ਕੇ ਜੇ ਤੈਨੂੰ ਸੰਗ ਆਉਂਦੀ ਹੈ,
ਬਹੁਤਾ ਸੰਗਾਊ ਹੈਂ ਤਾਂ ਫਿਰ ਦੱਸ ਲੈਣ ਕੀ ਆਇਆਂ।
ਤਰਸ ਆਉਂਦਾ ਹੈ ਜੇ ਤੈਨੂੰ ਮੇਰੀ ਹਾਲਤ ’ਤੇ,
ਦਲਦਲ ’ਚੋਂ ਮੈਨੂੰ ਬਾਹਰ ਕਿਉਂ ਤੂੰ ਕੱਢ ਨਹੀਂ ਪਾਇਆ.
ਤਾਜ਼ੇ ਤਰੀਮ ਫੁੱਲ ਸੁੰਘਣ ਦਾ ਤੂੰ ਸ਼ੌਂਕੀ ਹੈਂ,
ਦੱਸ ਕਿਸ ਕੀਮਤ ’ਤੇ ਲਵੇਂਗਾ ਇਕ ਫੁੱਲ ਕਮਲਾਇਆ।
ਬੰਦਿਆਂ ਵਾਂਗੂੰ ਬੋਲ ਜੇ ਕੀਮਤ ਲਗਾਉਣੀ ਹੈ,
ਕਿਉਂ ਦੇਖਦਾਂ ਉਸ ਨੂੰ ਜੋ ਦਿਲ ਨੂੰ ਹੀ ਨਹੀਂ ਭਾਇਆ।
ਚੱਕਰਵਿਊ ਤੇਰਾ ਹੈ ਤੂੰ ਖ਼ੁਦ ਆਪ ਫਸਿਆ ਹੈਂ,
ਨਿਸ਼ਚਤ ਹੈ ਤੇਰੀ ਮੌਤ ਜੇ ਤੂੰ ਬਾਹਰ ਨਾ ਆਇਆ।

•

# ਪੰਜਾਬ ਦੇਸ਼

ਇਹ ਲਗਭਗ ਇਕ ਸਦੀ ਦੀ ਗੱਲ ਹੈ,
ਇਹ ਸਾਡਾ ਕੰਨੀਂ ਸੁਣਿਆਂ ਕੱਲ੍ਹ ਹੈ।
ਜਦ ਦੇਸ਼ਾਂ ਨੂੰ ਭਾਸ਼ਾ ਕਰਕੇ ਮਿਣਿਆਂ ਕਰਦੇ ਸੀ।
ਪੰਜਾਬ ਨੂੰ ਵੀਹ ਵੱਡਿਆਂ ਦੇਸ਼ਾਂ ਵਿੱਚ ਗਿਣਿਆਂ ਕਰਦੇ ਸੀ।
ਸੁਣੇ ਪੰਜਾਬੀ ਦੁਆਬ ਤੇ ਪੰਜਾਬੀ ਬਾਰਾਂ,
ਸੀ ਪੰਜਾਬ ਤੋਂ ਵੱਡੇ ਕੁੱਲ ਮੁਲਕ ਅਠਾਰਾਂ,
ਰਵਿਦਾਸ ਫ਼ਰੀਦ ਕਬੀਰ ਪੰਜਾਬੀ ਦੇ ਵਿੱਚ ਬਾਣੀਂ ਲਿਖਦੇ ਸੀ।
ਗੁਰੂਆਂ ਭਗਤਾਂ ਰਾਗੀਆਂ ਭੱਟਾਂ ਵਾਂਗ ਪੰਜਾਬੀ ਦਿਸਦੇ ਸੀ।
ਸੁਣਿਆਂ ਸਪਤਸਿੰਧੂ ਵਿੱਚ ਸੀ ਸੱਤ ਨਦੀਆਂ,
ਮਧੁਰ ਦੇਸ਼ ਕਹਿੰਦੇ ਰਹੇ ਪੰਜਾਬ ਨੂੰ ਸਦੀਆਂ,
ਵਹੀਕ ਦੇਸ਼ ਵੀ ਨਾਂ ਸੀ ਲੋਕ ਪੰਜਾਬੀ ਖੇਤੀ ਕਰਦੇ ਸੀ।
ਸਿਕੰਦਰ ਵਰਗਿਆਂ ਧਾੜਵੀਆਂ ਤੋਂ ਵੀ ਨਾ ਡਰਦੇ ਸੀ।
ਦੇਵਨਾਗਰੀ ਸ਼ਾਹਮੁਖੀ ਦੋਵੇਂ ਲਿਪੀਆਂ ਸੀ ਪੰਜਾਬੀ,
ਹਿੰਦੂ ਮੁਸਲਿਮ ਦਾ ਆਪਸੀ ਵੈਰ ਜੇ ਕਰੇ ਖਰਾਬੀ,
ਸਾਂਝੀ ਲਿਪੀ ਗੁਰਮੁਖੀ ਤਾਂ ਹੀ ਸਤਿਗੁਰਾਂ ਬਣਾਈ ਸੀ।
ਹਿੰਦੂ ਮੁਸਲਮ ਨੂੰ ਇਕ ਸਾਂਝੀ ਗੱਲ ਸੁਣਾਈ ਸੀ।

ਪੰਜਾਬ ਦੇਸ਼ ਦੀਆਂ ਵੰਡੀਆਂ ਪਾ ਕੇ,
ਦੋ ਤਿੰਨ ਚਾਰ ਪੰਜਾਬ ਬਣਾ ਕੇ,
ਹਿੰਦੂ ਮੁਸਲਮ ਸਿੱਖ ਨਹੀਂ ਦੋਸ਼ੀ,
ਸੁੱਨੜਾ ਸਿਰਫ਼ ਸਿਆਸਤ ਹੋਛੀ,
ਪੰਜਾਬ ਦੇਸ਼ ਨੂੰ ਖ਼ਤਮ ਕਰਨ ਦਾ ਜ਼ੋਰ ਲਗਾਉਂਦੇ ਨੇ।
ਭਾਸ਼ਾ ਦਾ ਕੀ ਦੋਸ਼ ਹੈ, ਸਾਡੀ ਮਾਂ ਬੋਲੀ ਝਟਕਾਉਂਦੇ ਨੇ।

•

# ਸੂਰਜ

ਸੂਰਜ ਦੇ ਸੇਕ ਨਾਲ ਹੀ ਤਾਂ ਸਾਰਾ ਜਨ ਜੀਵਨ ਚੱਲਦਾ ਹੈ,
ਪਰ ਜੇ ਤੂੰ ਸੂਰਜ ਫੜ੍ਹਨਾਂ ਚਾਹਿਆ ਤਾਂ ਤੇਰਾ ਹੱਥ ਸੜ ਜਾਵੇਗਾ।
ਮਿੱਟੀ ਦੇ ਨਾਲ ਮਿੱਟੀ ਹੋ ਕੇ ਜੋ ਜੱਗ ਦਾ ਢਿੱਡ ਭਰੇ ਕਿਰਸਾਨ,
ਮਿੱਟੀ ਦਾ ਪੁਤਲਾ ਮਿੱਟੀ ਖ਼ਾਤਰ ਕਿਸੇ ਨਾਲ ਵੀ ਲੜ ਜਾਵੇਗਾ।
ਪੋਹ ਦੇ ਕੱਕਰ, ਹਾੜ ਦੀ ਗਰਮੀ ਜਿਸ ਨੂੰ ਝੱਲਣੀ ਆਉਂਦੀ ਹੈ,
ਅੱਥਰੂ ਗੈਸ ਪਾਣੀ ਦੀ ਬਾਛੜ ਅੱਗੇ ਹਿਕ ਤਾਣ ਕੇ ਖੜ ਜਾਵੇਗਾ।
ਖੁੱਡਾਂ ਦੇ ਵਿੱਚ ਰਹਿੰਦੇ ਭਾਵੇਂ ਵੇਖਣ ਨੂੰ ਸੋਹਣੇਂ ਲਗਦੇ ਜੋ,
ਪਰ ਪਾਣੀ ਵੀ ਨਹੀਂ ਮੰਗਦਾ ਉਹ ਜਿਸ ਦੇ ਕੋਬਰਾ ਸੱਪ ਲੜ ਜਾਵੇਗਾ।
ਦੀਵੇ ਵੀ ਬਣਾਉਂਦੇ ਜਿਹੜੇ ਉਹ ਦੀਵੇ ਦਾ ਮੁੱਲ ਖ਼ੁਦ ਰੱਖਦੇ ਨੇ,
ਵਾਜਬ ਮੁੱਲ ਮੰਗਣ ਦੇ ਖਾਤਰ ਕਦੇ ਕਿਸਾਨ ਵੀ ਅੜ ਜਾਵੇਗਾ।
ਲੰਗਰ ਲਾਉਂਦੇ ਕੀਰਤਨ ਗਾਉਂਦੇ ਰੱਬ ਰੱਬ ਕਰਦੇ ਜੋ ਬੈਠੇ,
ਉੱਛਲਿਆ ਸਾਂਭ ਨਹੀਂ ਹੋਣਾ ਜਦ ਸਬਰ ਪਿਆਲਾ ਭਰ ਜਾਵੇਗਾ।
ਗ਼ਲਤ ਜਗ੍ਹਾ ’ਤੇ ਹੱਥ ਪਾ ਬੈਠੀ ਹਾਲੇ ਵੀ ਸੰਭਲ ਸਰਕਾਰੇ,
ਹਨ੍ਹੇਰੀ ਵਗੀ ਤੂਫਾਨ ਜੇ ਆਇਆ ਤਾਂ ਹਰ ਕਾਕੜਾ ਝੜ ਜਾਵੇਗਾ।
ਸੱਚ ਦੱਸਣ ਦਾ ਡਰ ਨਹੀਂ ਹੁੰਦਾ ਖ਼ਬਰਦਾਰ ਕਰਦਾ ਹਾਂ ਮੈਂ ਤਾਂ,
ਝੱਲ ਲਵਾਂਗੇ ਫਤਵਾ ਵੀ ਜੇਕਰ ਸੁੱਨੜ ਦੇ ਸਿਰ ਮੜ੍ਹ ਜਾਵੇਗਾ।
•

# ਪੰਜਾਬੀ

ਕੱਲਾ ਕੱਲਾ ਪੰਜਾਬੀ ਹੈ ਸੈਂਕੜਿਆਂ ’ਤੇ ਹਾਵੀ ਪਰ,
ਧਰਮ ਦਾ ਪਰਚਾ ਪੈ ਜਾਵੇ ਤਾਂ ਸੀਸ ਵੀ ਇਹ ਕਟਵਾ ਲੈਂਦੇ ਨੇ।
ਧਰਮ ਹਾਰਨਾ ਸਿੱਖਿਆ ਹੀ ਨਹੀਂ ਮਰ ਜਾਣਾ ਮਨਜ਼ੂਰ,
ਹੱਸਦੇ ਹੱਸਦੇ ਇਹ ਪੰਜਾਬੀ ਖੋਪੜੀਆਂ ਲਹਾ ਲੈਂਦੇ ਨੇ।
ਦਸਮ ਪਿਤਾ ਦੀ ਗੁੜ੍ਹਤੀ ਕਰਕੇ ਦੇਸ਼ ਭਗਤ ਹਨ ਸਾਰੇ ਪਰ
ਜੇ ਅੱਤਿ ਕਰੇ ਦੁਸ਼ਮਣ ਤਾਂ ਉਸ ਨੂੰ ਲੰਮਾਂ ਪਾ ਲੈਂਦੇ ਨੇ।
ਗ਼ਰੀਬ ਅਤੇ ਕਮਜ਼ੋਰ ਦੀ ਇਨ੍ਹਾਂ ਨੂੰ ਬਾਂਹ ਫੜਨੀ ਆਉਂਦੀ ਹੈ,
ਵੱਡੇ ਫੱਨੇਖਾਹਾਂ ਨੂੰ ਵੀ ਨਾਨੀ ਯਾਦ ਕਰਵਾ ਲੈਂਦੇ ਨੇ।
ਕਿਰਤ ਕਰਨ ਤੇ ਵੰਡ ਸ਼ਕਣ ਦੀ ਗੁਰਮੱਤ ਸਿੱਖੀ ਸਭਨੇ,
ਪਰ ਜੇ ਖੋਹਣ ਪਵੇ ਜੇ ਮੂਰਖ ਉਸ ਨੂੰ ਵੀ ਸਮਝਾ ਲੈਂਦੇ ਨੇ।
ਅੱਥਰੇ ਘੋੜੇ ਕਾਬੂ ਕਰਨੇ ਸ਼ੌਕ ਹੈ ਹਰ ਗੱਭਰੂ ਦਾ,
ਪੰਜਾਬ ਦੇ ਜੰਮੇਂ ਅੱਥਰਿਆਂ ਤੱਤਿਆਂ ਸਭ ਤੇ ਕਾਠੀ ਪਾ ਲੈਂਦੇ ਨੇਂ।
ਸਬਰ ਅਤੇ ਸੰਤੋਖ ਨਾਲ ਇਹ ਵਾਹਿਗੁਰੂ ਵਾਹਿਗੁਰੂ ਕਰਦੇ,
ਪਰ ਸਮਾਂ ਪੈਣ ’ਤੇ ਨਿੱਕੇ ਵੱਡੇ ਸਭ ਨੂੰ ਸ਼ੇਰ ਬਣਾ ਲੈਂਦੇ ਨੇ।
ਨਿਵੇਂ ਸੋ ਗਓਰਾ ਹੋਇ ਇਹ ਸਿਖਿਆ ਅਤੇ ਸਿਖਾਇਆ,
ਅੱਤਿ ਖੁਦਾ ਦਾ ਵੈਰ ਹੁੰਦਾ ਹੈ ਇਹ ਵੀ ਸਾਰੇ ਗਾ ਲੈਂਦੇ ਨੇ।

•

# ਭਾਰਤ ਦੇਸ਼

ਜਨਮਭੂਮੀ ਧਰਮਾਂ ਦੀ ਸੁਣਿਆ ਸੀ ਭਾਰਤ, ਇਹ ਵੇਦਾਂ ਕਤੇਬਾਂ ਗ੍ਰੰਥਾਂ ਦੀ ਧਰਤੀ।
ਮਰਿਯਾਦਾ ਪਰਸ਼ੋਤਮ, ਅੱਲਾ ਰਹੀਮ ਇਹ ਰਿਸ਼ੀਆਂ ਮੁਨੀਆਂ ਤੇ ਸੰਤਾਂ ਦੀ ਧਰਤੀ।

ਇਹ ਬੁੱਧਾਂ, ਮਹਾਵੀਰਾਂ, ਸਾਧੂ ਫਕੀਰਾਂ, ਇਹ ਵਿਸ਼ਨੂੰ ਮਹੇਸ਼ਾਂ ਤੇ ਮਹੰਤਾਂ ਦੀ ਧਰਤੀ।
ਦਰਿਆਵਾਂ ਕੰਢੇ ਧਰਮ ਜਨਮੇਂ ਜਿਥੇ ਇਹ ਗੰਗਾ ਸਿੰਧ ਰਾਵੀ ਬਿਆਸ ਦੀ ਧਰਤੀ।

ਸਭ ਧਰਮੀਂ ਕਰਮੀਂ ਸਬੈ ਮਾਰਗ ਦਰਸ਼ਕ ਦੁਨੀਆ ਦੇ ਵਾਲੀ ਫਿਰ ਆਇਓ ਜ਼ਰਾ।
ਨਗਨ ਹੋਵੇ ਨਿਤ ਦਿਨ ਦਰੋਪਤ ਸਭਾ ਵਿੱਚ ਹੱਥ ਦੇ ਕੇ ਉਸ ਨੂੰ ਬਚਾਇਓ ਜ਼ਰਾ।

ਇਹ ਸਤਿਯੁੱਗ ਤ੍ਰੇਤੇ ਦੁਆਪਰ ਤੇ ਕਲਯੁੱਗ ਚੌਹਾਂ ਯੁੱਗਾਂ ਦੇ ਵਿਸ਼ਵਾਸ ਦੀ ਧਰਤੀ।
ਧਰਮਯੁੱਧ ਮਹਾਂਭਾਰਤ ਹੋਇ ਜਿਸ ਥਾਂਹ 'ਤੇ ਇਹ ਰਾਮ ਦੇ ਕੱਟੇ ਬਨਵਾਸ ਦੀ ਧਰਤੀ।

ਰਾਵਣ ਦੁਰਯੋਧਨ ਅੰਨ੍ਹੇ ਧਰਿਤਰਾਸ਼ਟਰ ਬਹੁਤ ਰਾਜੇ ਬਣ ਗਏ ਹਟਾਇਓਂ ਜ਼ਰਾ।
ਹਰਣ ਹੋਵੇ ਸੀਤਾ ਬਿਨਾਂ ਨਾਗੇ ਹਰ ਦਿਨ, ਜੇ ਹੈ ਕਿਧਰੇ ਚੰਡੀ ਤਾਂ ਘਲਾਇਓ ਜ਼ਰਾ।

ਅਹਿੰਸਾ ਦੀਆਂ ਮਾਰਨ ਫੜ੍ਹਾਂ ਸਾਡੇ ਲੀਡਰ ਕਹਿੰਦੇ ਭਾਰਤ ਸਭ ਜਾਤਾਂ ਦੀ ਧਰਤੀ।
ਜ਼ੁਲਮਾਂ ਦੀ ਅੱਤਿ ਨੂੰ ਖਤਮ ਕਰਨ ਖ਼ਾਤਰ, ਭਾਰਤ ਕਰਿਸ਼ਮੇਂ ਕਰਾਮਾਤਾਂ ਦੀ ਧਰਤੀ।

ਧਰਮ ਝਗੜਦੇ ਨੇ ਵਰਣ ਝਗੜਦੇ ਹਨ, ਇਹ ਜਾਤਾਂ ਦਾ ਝਗੜਾ ਮਿਟਾਇਓ ਜ਼ਰਾ।
ਜੋ ਧਰਤੀ ਵਿੱਚ ਧੱਕੇ ਦੁਰਯੋਧਨਾ ਨੂੰ ਭੀਮਸੈਨ ਇਕ ਵਾਰੀ ਫਿਰ ਲਿਆਇਓ ਜ਼ਰਾ।

ਵਰਣ ਚਾਰ ਹੋਇ ਸਿਰਫ਼ ਜਗਤ ਅੰਦਰ ਇਹ ਚੌਹਾਂ ਦੇ ਪਿਤਰਾਂ ਭਰਾਤਾਂ ਦੀ ਧਰਤੀ।
ਕੁਝ ਨਹੀਂ ਜੇ ਕਰਨਾਂ ਤਾਂ ਛਾਤੀ ਨਾ ਠੋਕੋ, ਧਰਤੀ ਦੇ ਪੁੱਤ ਆਪੇ ਪਾਲੂ ਇਹ ਧਰਤੀ।

ਕਾਇਦੇ ਕਾਨੂੰਨਾਂ ਦਾ ਹੱਥ ਠੋਕਾ ਛੱਡੋ, ਤਕਦੀਰਾਂ ਖ਼ੁਦ ਹੀ ਬਣਾ ਲਊ ਇਹ ਧਰਤੀ।
ਉਹ ਕਾਹਦਾ ਰਾਜਾ ਜੋ ਮਾਂ ਵੇਚ ਦੇਵੇ, ਕਪੁੱਤਾਂ ਬਿਨਾਂ ਕੰਮ ਚਲਾ ਲਊ ਇਹ ਧਰਤੀ।

ਸਿਆਸਤ ਨਾ ਜਾਣੇ ਜੋ ਮਾਂ ਮਮਤਾ ਕੀ ਹੈ, ਕਾਲਜਾ ਮਾਂ ਦਾ ਉਸ ਨੂੰ ਦਿਖਾਇਓ ਜ਼ਰਾ।
ਪੁੱਤਾਂ ਦੀਆਂ ਲਾਸ਼ਾਂ ਮਾਂ ਤੋਂ ਚੁੱਕ ਨਾ ਹੋਵਣ, ਮਾਂ ਰੋਂਦੀ ਦੀਆਂ ਚੀਕਾਂ ਸੁਣਾਇਓ ਜ਼ਰਾ।

•

# ਅਗਨੀ ਪ੍ਰੀਕਸ਼ਾ

ਮੇਰੀ ਅਗਨੀ ਪ੍ਰੀਖਸ਼ਾ ਲੈਣ ਵਾਲਿਆ, ਮੈਂ ਤੇਰੇ ਵਾਸਤੇ ਵਣਾਂ 'ਚ ਝੱਖ ਮਾਰਦੀ ਰਹੀ।
ਤੇਰੇ ਨਾਮ ਨੂੰ ਨਾ ਲੀਕ ਲੱਗ ਜਾਵੇ ਕਿਧਰੇ, ਵੱਡੇ ਵੱਡੇ ਰਾਵਣਾਂ ਨੂੰ ਫਟਕਾਰਦੀ ਰਹੀ।
ਤੂੰ ਧਰਮਰਾਜ ਬਣ ਖੇਡਾਂ ਖੇਡਦਾ ਰਿਹਾ, ਮੈਂ ਦਰੋਪਤੀ ਸੀ ਤਾਹੀਓਂ ਤਾਂ ਮੈਂ ਹਾਰਦੀ ਰਹੀ।
ਵੇ ਤੂੰ ਮੱਝਾਂ ਚਾਰੀਆਂ ਦਾ ਫਿਰੇਂ ਕਰਦਾ ਹਸਾਨ, ਤੇਰੇ ਵਾਸਤੇ ਮੈਂ ਕੋੜਮੇਂ ਨੂੰ ਚਾਰਦੀ ਰਹੀ।
ਤੇਰੀ ਗੱਲ 'ਤੇ ਯਕੀਨ ਕਰ ਬੈਠੀ ਇਕ ਰਾਤ, ਮਾਰੂਥਲਾਂ ਵਿੱਚ ਨੰਗੇ ਪੈਰ ਸਾੜਦੀ ਰਹੀ।
ਮੈਂ ਅੱਗ ਹਾਂ ਤਾਂ ਸੜਨਾਂ ਤਾਂ ਪਵੇਗਾ ਹੀ ਮੈਨੂੰ, ਭਾਣਾਂ ਮੰਨ ਕੇ ਮੈਂ ਸੋਚਦੀ ਵਿਚਾਰਦੀ ਰਹੀ।
ਪਰ ਅੱਗ ਜੇ ਨਾ ਹੁੰਦੀ ਤੂੰ ਵੀ ਨਹੀਂ ਸਿਗਾ ਹੋਣਾ, ਤੇਰੇ ਵਾਸਤੇ ਮੈਂ ਅੱਗ ਨੂੰ ਸ਼ਿੰਗਾਰਦੀ ਰਹੀ।
ਮੈਨੂੰ ਦੱਸ ਤਾਂ ਤੂੰ ਦਿੰਦਾ ਕਿ ਖ਼ਤਾ ਕੀ ਮੈਂ ਕੀਤੀ, ਤੇਰੀ ਬਣ ਕੇ ਮੈਂ ਉਮਰ ਗੁਜ਼ਾਰਦੀ ਰਹੀ।
ਮੇਰੀ ਅਗਨੀ ਪ੍ਰਖੀਸ਼ਾ ਲੈਣ ਵਾਲਿਆ, ਮੈਂ ਤੇਰੇ ਵਾਸਤੇ ਵਣਾਂ 'ਚ ਝੱਖ ਮਾਰਦੀ ਰਹੀ।

•

# ਸਬਜ਼ਬਾਗ

ਦੁਨੀਆ ਨੇ ਮੈਨੂੰ ਮੈਲਾ ਕਰ ਛੱਡਿਆ ਸੀ,
ਮੈਂ ਮੈਲ ਧੋਂਦਿਆਂ ਆਪਣਾ ਆਪ ਨਿਖਾਰ ਲਿਆ।
ਦੁਨੀਆ ਨੂੰ ਆਪਣੀ ਕਹਿਣਾ ਚਾਹੁੰਦਾ ਸਾਂ,
ਕੋਈ ਨਾ ਲੱਭਾ ਆਪਣਾ, ਕੱਲਿਆਂ ਸਾਰ ਲਿਆ।
ਮੇਰਾ ਆਪਣਾਪਨ ਹੀ ਤਾਂ ਮੇਰਾ ਹੈ ਬਸ ਕੁਝ,
ਕੱਲਿਆਂ ਬਹਿ ਕੇ ਮੈਂ ਇਹ ਸੱਚ ਵਿਚਾਰ ਲਿਆ।
ਦਰਦ ਨਾ ਦਿੰਦੀ ਦੁਨੀਆ ਤਾਂ ਸ਼ੱਕ ਰਹਿਣਾ ਸੀ,
ਚੰਗਾ ਹੋਇਆ ਸਬਜ਼ਬਾਗ ਝੱਖ ਮਾਰ ਲਿਆ।

•

# ਜੱਗ ਵਿਰੋਧੀ

ਜਦ ਚਾਰਚੁਫੇਰਾ ਰੋਂਦਾ ਹੈ ਤਾਂ ਅੱਖ ਭਰ ਆਉਂਦੀ ਮੇਰੀ ਵੀ,
ਰੋਣ ਵਾਲੇ ਸਭ ਦੋਸ਼ੀ ਨੇ ਸਿਰ ਫਿਰਿਆ ਹੀ ਕਹਿ ਸਕਦਾ।
ਉਹ ਹੀ ਦਰਦ ਵੰਡਾ ਸਕਦਾ ਜਿਸ ਦਿਲ ਵਿਚ ਹਮਦਰਦੀ ਹੈ,
ਜੋ ਜੱਜ ਬਣ ਬਣ ਕੇ ਬਹਿੰਦਾ ਉਹ ਸਭ ਨੂੰ ਦੋਸ਼ੀ ਕਹਿ ਸਕਦਾ।
ਖਾਹ ਮਖਾਹ ਦੀ ਟੀਕਾ ਟਿਪਣੀ ਕਰਨ ਦੀ ਆਦਤ ਹੈ ਜਿਸ ਦੀ,
ਉਸ ਨੂੰ ਜੱਗ ਵਿਰੋਧੀ ਬੋਲਣਾ, ਇਕ ਦਿਨ ਮਹਿੰਗਾ ਪੈ ਸਕਦਾ।
ਜੋ ਸਭ ਨੂੰ ਸਸਤੇ ਕਹਿੰਦਾ ਹੈ ਉਸ ਦੀ ਵੀ ਕੀਮਤ ਨਹੀਂ ਹੁੰਦੀ,
ਖਰਦਿਮਾਗ਼ ਉਹ ਭੜੂਆ ਚੁੱਪ ਕਰਕੇ ਕਿਉਂ ਨਹੀਂ ਬਹਿ ਸਕਦਾ।
ਜਿਸ ਦੁਨੀਆ ਵਿੱਚ ਰਹਿੰਦੇ ਹੋ ਉਸ ਵਿੱਚ ਹੀ ਜੀਣਾਂ ਪੈਣਾ ਹੈ,
ਜੱਗ ਵਿਰੋਧੀ ਜੋ ਬਣਦਾ ਉਹ ਦੁਨੀਆ ਵਿੱਚ ਕਿੰਝ ਰਹਿ ਸਕਦਾ।
ਸਾਰੇ ਦੇਸ਼ ਦੇ ਲੋਕ ਹਿਤ ਨਾਲ ਜਿਸਦੀ ਸਾਂਝ ਭਿਆਲੀ ਨਹੀਂ,
ਹੋਰ ਤਾਂ ਉਸ ਨੇ ਕੀ ਕਰ ਸਕਣਾ ਸੁੰਨੜ ਨਾਲ ਪੰਗੇ ਲੈ ਸਕਦਾ।
•

# ਖੁੱਲ ਕੇ ਹਾਲ ਸੁਣਾ ਸੱਜਣਾ

ਜੋ ਆਸਮਾਨ ’ਤੇ ਸੂਰਜ ਹੈ ਉਹ ਤੇਰਾ ਵੀ ਹੈ ਮੇਰਾ ਵੀ,
ਪੂਰੇ ਹੱਕ ਨਾਲ ਗਰਮ ਰੁੱਤ ਨੂੰ ਮੌਜਾਂ ਨਾਲ ਹੰਢਾਅ ਸੱਜਣਾ।
ਸੁਪਨਾ ਨਹੀਂ ਇਹ ਸੱਚ ਹੈ ਇਹ ਪਲ ਤੇਰਾ ਵੀ ਹੈ ਮੇਰਾ ਵੀ,
ਆ ਸੰਗਣ ਦੀ ਲੋੜ ਨਹੀਂ ਖੁਸ਼ ਹੋ ਕੇ ਅਪਣਾ ਸੱਜਣਾ।
ਰੀਝਾਂ ਨੂੰ ਪਿੰਜਰੇ ਵਿਚ ਪਾ ਕੇ ਕੁਝ ਵੀ ਨਹੀਂ ਮਿਲਣਾਂ ਤੈਨੂੰ,
ਉੱਡ ਜਿੰਨਾ ਉੱਚਾ ਉੱਡ ਸਕਦੈਂ ਤੂੰ ਨਾ ਸੰਗੀ ਜਾਹ ਸੱਜਣਾ।
ਸੱਚ ਹੈ ਸੂਰਜ ਡੁੱਬਦਾ ਹੈ ਪਰ ਸੂਰਜ ਚੜ੍ਹਦਾ ਵੀ ਤਾਂ ਹੈ,
ਫੁੱਲਾਂ ਵਾਂਗਰ ਖਿੜਿਆ ਕਰ ਨਾ ਬਿਨਾਂ ਵਜ੍ਹਾ ਮੁਰਝਾ ਸੱਜਣਾ।
ਦਿਲ ਵਿਚ ਚਾਅ ਪੈਦਾ ਹੋਣੇ ਇਕ ਕੁਦਰਤੀ ਕਿਰਿਆ ਹੈ,
ਇਸ ਦੁਨੀਆ ਦੇ ਲੋਕੋਂ ਲੱਜੋਂ ਨਾ ਚਾਵਾਂ ਨੂੰ ਝਟਕਾ ਸੱਜਣਾ।
ਹਰ ਦਿਲ ਦੇ ਵਿੱਚ ਤਰੰਨਮ ਹੈ ਸਭ ਕਾਇਨਾਤ ਸੰਗੀਤ ਭਰੀ,
ਜੋ ਤੇਰੇ ਅੰਦਰ ਗੀਤ ਗ਼ਜ਼ਲ ਤੂੰ ਉੱਚੀ ਉੱਚੀ ਗਾ ਸੱਜਣਾ।
ਅੰਦਰੇ ਅੰਦਰ ਘੁਟ ਘੁਟ ਕੇ ਦਰਦ ਛੁਪਾ ਕੇ ਕੀ ਲੈਣਾ,
ਓਇ ਛੱਡ ਪਰੇ ਨਾ ਜਕਿਆ ਕਰ ਖੁੱਲ ਕੇ ਹਾਲ ਸੁਣਾ ਸੱਜਣਾ।
ਹੱਸਦਿਆਂ ਨਾਲ ਦੁਨੀਆ ਹੱਸਦੀ ਹੈ ਰੋਣਾ ਕੱਲਿਆਂ ਪੈਂਦਾ ਹੈ,
ਆ ਖੁਸ਼ ਹੋ ਕੇ ਦੱਸ ਜ਼ਰਾ ਤੇ ਸਾਨੂੰ ਨਾਲ ਹਸਾ ਸੱਜਣਾ।
•

# ਸਿਤਾਰ

ਸਾਡੇ ਚੋਗੇ ਦੀ ਭੁੱਖ ਨਹੀਂ ਰਹੀ ਤੈਨੂੰ ਸਾਡੇ ਵੱਲ ਤਾਹੀਓਂ ਤੇਰੀ ਪਰਵਾਜ਼ ਨਹੀਂ।
ਅਹਿਮੀਅਤ ਹੀ ਨਹੀਂ ਰਹੀ ਸਾਡੀ ਤੈਨੂੰ, ਇਸ ਕਰਕੇ ਤੂੰ ਸਾਡੇ ਨਾ ਨਾਰਾਜ਼ ਨਹੀਂ।

ਤੇਰੀ ਵੱਡਿਆਂ ਲੋਕਾਂ ਵਿੱਚ ਉੱਠਣੀ ਬਹਿਣੀ, ਤਾਹੀਓਂ ਸਾਡੇ ਉੱਪਰ ਤੈਨੂੰ ਨਾਜ਼ ਨਹੀਂ।
ਮੈਂ ਤਾਂ ਅਜੇ ਵੀ ਗੀਤ ਪ੍ਰੇਮ ਦੇ ਗਾਉਂਦਾ ਹਾਂ, ਪਰ ਤੈਨੂੰ ਮੇਰੀ ਸੁਣਦੀ ਆਵਾਜ਼ ਨਹੀਂ।

ਮੇਰੇ ਵੱਸ ਨਹੀਂ ਹੈ ਉੱਚੇ ਉੱਡ ਸਕਣਾ, ਤੈਨੂੰ ਛੂਹ ਨਹੀਂ ਸਕਦਾ ਮੈਂ ਤਾਂ ਬਾਜ਼ ਨਹੀਂ।
ਦਿਲ ਖਾ ਕੇ ਵੀ ਦਿਲ ਭਰ ਜਾਂਦਾ, ਛਿਕਰੇ ਦੀ ਅਸਲੀਅਤ ਹੈ ਇਹ ਰਾਜ਼ ਨਹੀਂ।

ਲੈਣਾ ਦੇਣਾ ਤੇਰਾ ਮੇਰਾ ਚਲਦਾ ਸੀ, ਅਸਲ ਦੀ ਆਸ ਸਿਗੀ ਸਾਨੂੰ ਵਿਆਜ਼ ਨਹੀਂ।
ਕਦੇ ਸਿਤਾਰ ਛੇੜਣ ਦੇ ਬਿਨ ਨਾ ਬੋਲੇ, ਬਿਨਾਂ ਛੇੜਿਆਂ ਬੋਲਣ ਵਾਲਾ ਸਾਜ਼ ਨਹੀਂ।
●

# ਸਜ਼ਾਵਾਂ ਸੁਣਾ ਦਿੱਤੀਆਂ

ਸਾਡੀ ਜੇ ਕਿਤੇ ਗ਼ਲਤੀ ਸੀ ਤਾਂ ਬਣਦੀ ਸਜ਼ਾ ਸਾਨੂੰ ਮਿਲਦੀ,
ਪਰ ਦੁਨੀਆ ਨੇ ਯਾਰੋ ਸਾਡੀਆਂ ਰੀਝਾਂ ਹੀ ਝਟਕਾ ਦਿੱਤੀਆਂ।
ਜੋ ਕਦੇ ਗ਼ਲਤੀ ਨਹੀਂ ਕਰਦਾ ਉਹ ਅੱਲਾ ਤਾਲਾ ਹੋ ਸਕਦਾ,
ਭੁੱਲਣਹਾਰ ਸੁੱਨੜ ਦੀਆਂ ਕਾਹਤੋਂ ਰੀਝਾਂ ਪਿੰਜਰੇ ਪਾ ਦਿੱਤੀਆਂ।
ਅਸੀਂ ਤਾਂ ਹਾਂ ਇਕ ਆਮ ਆਦਮੀ ਜੀਸਸ ਜਾਂ ਸੁਕਰਾਤ ਨਹੀਂ,
ਜ਼ਹਿਰ ਪਿਆਲੇ ਤੇ ਸੂਲੀ ਦੀਆਂ ਕਾਹਤੋਂ ਸਜ਼ਾਵਾਂ ਸੁਣਾ ਦਿੱਤੀਆਂ।
ਇਕ ਸਿਰ ਵਾਲੇ ਲੋਕਾਂ ਵਰਗੇ ਅਸੀਂ ਦਹਿਸਿਰੇ ਰਾਵਣ ਨਹੀਂ,
ਸਾਡੇ ਦਿਲ ਦੀਆਂ ਰਾਜਧਾਨੀਆਂ ਕਾਹਤੋਂ ਦੱਸੋ ਢਾਹ ਦਿੱਤੀਆਂ।
ਸਬਜ਼ਬਾਗ ਦੁਨੀਆ ਦੇ ਦੇਖਣ ਨੂੰ ਕਿਸਦਾ ਨਹੀਂ ਦਿਲ ਕਰਦਾ,
ਦੁਨੀਆ ਵਾਂਗ ਤੁਰਦਿਆਂ ਦੇ ਕਿਉਂ ਪੈਰੀਂ ਬੇੜੀਆਂ ਲਾ ਦਿੱਤੀਆਂ।
ਹਰ ਇਕ ਪੂਰਣ ਭਗਤ ਨਹੀਂ ਮੈਂ ਤਾਂ ਲੂਣਾਂ ਦੇ ਆਖੇ ਲੱਗ ਜਾਂਦਾ,
ਸਲਵਾਨ ਕਿੰਨਾ ਕੁ ਸਹੀ ਸੀ, ਜਿਸ ਪੁੱਤ ਨੂੰ ਸਜ਼ਾਵਾਂ ਸੁਣਾ ਦਿੱਤੀਆਂ।
ਦਿਲ ਦੀਆਂ ਰੀਝਾਂ ਪੂਰਨੀਆਂ ਕਿਸੇ ਹਾਰੀ ਸਾਰੀ ਦਾ ਕੰਮ ਨਹੀਂ,
ਦਿਲ ਨੇ ਮੱਝਾਂ ਚਰਵਾ ਜੱਟ ਦੇ ਕੰਨਾਂ ਵਿਚ ਮੁੰਦਰਾਂ ਪਾ ਦਿੱਤੀਆਂ।

•

# ਅਣਦੇਖਿਆ ਅਣਸੁਣਿਆ

ਜੋ ਹੋ ਰਿਹਾ ਦੇਖਿਆ ਨਹੀਂ ਜਾਂਦਾ, ਅਜੇ ਕੀ ਕੀ ਹੋਰ ਦਿਖਾਵੋਗੇ।
ਜਰਨੈਲੀਆਂ ਸੜਕਾਂ ਉੱਪਰ ਹੁਣ, ਸਰੀਏ ਦੀ ਪਨੀਰੀ ਲਵਾਵੋਗੇ।
ਇਤਨੀ ਉਮੀਦ ਨਹੀਂ ਸੀ ਕਿ ਨਫ਼ਰਤ ਹੱਦਾਂ ਹੀ ਟੱਪ ਜਾਊਗੀ,
ਦਿੱਲੀ ਵਿੱਚ ਚਲਦੇ ਲੰਗਰਾਂ ਦੇ ਪਾਣੀ ਨੂੰ ਵੀ ਬੰਦ ਕਰਵਾਵੋਗੇ।
ਜਿਨ੍ਹਾਂ ਨੇ ਅੱਗ ਬੁਝਾਉਣੀ ਸੀ, ਉਹ ਹੀ ਹੱਥੀਂ ਭਾਂਬੜ ਬਾਲ ਰਹੇ,
ਸਾੜ ਫੂਕ ਕੇ ਦੇਸ਼ ਨੂੰ ਫਿਰ ਤੁਸੀਂ ਕੁਰਸੀ ਕਿਸ ਜਗ੍ਹਾ ਡਾਹਵੋਗੇ।
ਰੁੱਸਿਆਂ ਨੂੰ ਮਨਾਉਣਾ ਨਹੀਂ ਆਉਂਦਾ ਤਾਂ ਜਾਣ ਬੁੱਝ ਕੇ ਮਾਰੋ ਨਾ,
ਇਹ ਜਿਊਂਦੇ ਨਹੀਂ ਜਾਂਦੇ ਜੇ ਤਾਂ ਮਰਿਆਂ ਨੂੰ ਕੀਕਣ ਤੁਰਾਵੋਗੇ।
ਸਰਕਾਰ ਹਿਫ਼ਾਜ਼ਤ ਕਰਦੀ ਹੈ ਹਰ ਹਬੀ ਨਬੀ ਤੋਂ ਦੁਨੀਆ ਦੀ,
ਜਨ ਅੰਦੋਲਨ ਰੋਕਣ ਖਾਤਰ ਤੁਸੀਂ ਕਿਸ ਹੱਦ ਤੀਕਰ ਜਾਵੋਗੇ।
ਤੁਸੀਂ ਮਾਓਵਾਦੀ ਪਾਕਿਸਤਾਨੀ ਖਾਲਸਤਾਨੀ ਵੀ ਆਖ ਲਿਆ,
ਯਕੀਨ ਹੀ ਨਹੀਂ ਆਉਂਦਾ ਸੁਣ ਕੇ, ਹੁਣ ਕੀ ਕੀ ਹੋਰ ਸੁਣਾਵੋਗੇ।
ਰੱਬ 'ਤੇ ਕਬਜ਼ਾ ਕਰਦੇ ਹੋ ਪਰ ਰੱਬ ਰੱਬ ਕਰਨਾ ਨਹੀਂ ਆਉਂਦਾ,
ਕਿੰਨਾ ਚਿਰ ਹਿੰਦੂ ਮੁਸਲਮ ਸਿੱਖਾਂ ਨੂੰ ਆਪਸ ਵਿੱਚ ਲੜਾਵੋਗੇ।
ਜੋ ਕੁਫ਼ਰ ਤੋਲਦਾ ਕਾਫ਼ਰ ਹੈ, ਕਦੇ ਸੱਚ ਸਾੜਿਆ ਨਹੀਂ ਜਾਂਦਾ,
ਰਾਮ ਰਹੀਮ ਖੁਦਾ ਸਤਿਗੁਰ ਵਿੱਚ ਵੰਡੀਆਂ ਕਿਤਰਾਂ ਪਾਵੋਗੇ।
ਜੋ ਅੱਜ ਹੋ ਰਿਹਾ ਭਾਰਤ ਵਿੱਚ ਕਦੇ ਨਾ ਦੇਖਿਆ ਨਾ ਸੁਣਿਆ,
ਦੁਨੀਆ ਵਿੱਚ ਤੁਸੀਂ ਪਤੰਦਰੋ ਇਕ ਨਵਾਂ ਇਤਿਹਾਸ ਰਚਾਵੋਗੇ।

•

# ਨੰਗੇ ਪੈਰੀਂ ਜਾਣ ਵਾਲਿਆ

ਵੇ ਨੰਗੇ ਪੈਰੀਂ ਜਾਣ ਵਾਲਿਆ, ਮਊਜੇ ਮਿਲਦੇ ਤਾਂ ਪੈਰਾਂ ਵਿੱਚ ਪਾ ਲੈ।
ਜੇ ਖਾਸ ਨਹੀਂ ਤਾਂ ਆਮ ਹੀ ਸਹੀ, ਜਿੰਨੇ ਹੰਢਦੇ ਓਨੇ ਹੀ ਹੰਢਾਅ ਲੈ।
ਦੁਨੀਆ ਤਾਂ ਪਰੇ ਤੋਂ ਪਰੇ, ਚੰਗੇ ਮੰਦੇ ਸਾਰੇ ਦੁਨੀਆ ਕਹਾਉਂਦੇ ਸੱਜਣਾ,
ਵਧੀਆ ਕੀ ਭਾਲਦਾ ਫਿਰੇਂ, ਜੇ ਉਡੀਕਦਾ ਉਹਨੂੰ ਹੀ ਗਲ ਲਾ ਲੈ।
ਸਿੱਧ ਪੀਰ ਤਾਂ ਹੋਣਗੇ ਜਹਾਨ 'ਚ ਘਰ ਜੋਗੜਾ ਤਾਂ ਰਾਹ ਤੇਰਾ ਦੇਖਦਾ,
ਓਪਰੇ ਕਰੋੜਾਂ ਹੀ ਫਿਰਨ, ਜਿਹੜਾ ਹਾਜ਼ਰ ਹੈ ਉਹ ਆਪਣਾ ਬਣਾ ਲੈ।
ਸੋਹਣਾ ਤਾਂ ਸਪੋਲੀਆ ਵੀ ਹੁੰਦਾ, ਪਰ ਪਤਾ ਨਹੀਂ ਕਦੋਂ ਡੰਗ ਮਾਰਨਾ,
ਜੋ ਰੁੱਖਾਂ ਮਿੱਸਾ ਮਿਲਣ ਡਿਹਾ, ਭੁੱਖ ਮੇਟਲਾ ਵੇ ਰੁੱਖਾ ਮਿੱਸਾ ਖਾ ਲੈ।
ਕਲਮ ਨੇ ਹੀ ਲਿਖਣਾ, ਸਿਰ ਕਲਮ ਕਰਾ ਕੇ ਹੀ ਤਾਂ ਬਣਦੀ ਕਲਮ,
ਸਿੰਬਲ ਦੇ ਫਲ ਫੁੱਲ ਫਿੱਕੇ ਹੁੰਦੇ ਨੇ, ਮੇਰੇ ਕੋਲੋਂ ਜਿਥੇ ਮਰਜ਼ੀ ਲਿਖਾ ਲੈ।

•

# ਗੁਰਪੁਰਬ

ਦਿੱਲੀ ਦੀਆਂ ਸੜਕਾਂ 'ਤੇ ਬਹਿ ਕੇ, ਇਸ ਵਾਰੀ ਗੁਰਪੁਰਬ ਮਨਾਇਆ।
ਇੱਟਾਂ ਚਿਣਕੇ ਚੁੱਲਿਆਂ ਉੱਤੇ ਅੰਨਪਾਣੀ ਸਭ ਰਲਕੇ ਬਣਵਾਇਆ।
ਗੁਰੂ ਕਾ ਲੰਗਰ ਸੀ ਜੋ ਛਕਿਆ ਪੁਲਸੀਆਂ ਨੂੰ ਵੀ ਨਾਲ ਛਕਾਇਆ।
ਜੀ ਟੀ ਰੋਡ 'ਤੇ ਕੀਰਤਨ ਕੀਤਾ ਸ਼ਬਦ ਗੁਰੂ ਦਾ ਬਹਿ ਕੇ ਗਾਇਆ।
ਰੱਬ ਰੱਬ ਕਰਦਿਆਂ ਰਾਤਾਂ ਲੰਘੀਆਂ ਦਿਨਾਂ ਨੂੰ ਭਾਣੇਂ ਵਿਚ ਲੰਘਾਇਆ।
ਸਾਰੇ ਦੇਸ਼ ਦੇ ਅੰਨਦਾਤੇ ਨੂੰ ਸਰਕਾਰ ਨੇ ਕਿਸ ਚੱਕਰ ਵਿੱਚ ਪਾਇਆ।
ਸਮਝ ਨਹੀਂ ਖੇਤੀ ਦੀ ਬਿਲਕੁਲ ਜਿਨ੍ਹਾਂ ਖੇਤੀ ਦਾ ਕਾਨੂੰਨ ਬਣਾਇਆ।
ਜੱਟ ਕੋਲੋਂ ਖੋਹ ਕੇ ਸਭ ਮੁਨਾਫ਼ਾ ਸ਼ਾਹੂਕਾਰਾਂ ਦੀ ਝੋਲੀ ਵਿੱਚ ਪਾਇਆ।
ਦੁਖ ਸੁਖ ਦੇ ਸਾਥੀ ਆੜ੍ਹਤੀਆਂ ਨੂੰ ਪਤਾ ਨਹੀਂ ਕਿਉਂ ਪਾਸੇ ਲਾਇਆ।
ਘੱਟੋ ਘੱਟ ਕੀਮਤ ਦਾ ਇਸ ਕਾਨੂੰਨ 'ਚ ਕਿਧਰੇ ਜ਼ਿਕਰ ਨਾ ਆਇਆ।
ਜੱਟ ਕਚਹਿਰੀ ਨਹੀਂ ਜਾ ਸਕਦਾ ਕਿਸ ਕਾਨੂੰਨ ਅਧੀਨ ਲਿਖਵਾਇਆ।
ਜੇ ਸਰਕਾਰ ਖ਼ਰੀਦ ਨਹੀਂ ਕਰਦੀ ਤਾਂ ਲੜ ਪੱਲਾ ਨਾ ਕਿਸੇ ਫੜਾਇਆ।
ਸੱਟ ਵੱਜੀ ਤਾਹੀਂ ਰੋਣ ਨਿਕਲਿਆ ਹਾਰ ਕੇ ਜੱਟ ਦਿੱਲੀ ਵੱਲ ਧਾਇਆ।
ਆਪਣੇ ਦੇਸ਼ ਦੀ ਰਾਜਧਾਨੀ ਦਾ ਜ਼ਾਲਮ ਸਰਕਾਰ ਰਾਹ ਰੁਕਵਾਇਆ।
ਛੱਡੇ ਅੱਥਰੂ ਗੈਸ ਦੇ ਗੋਲੇ ਜਲ ਤੋਪਾਂ ਨਾਲ ਠੰਢਾ ਪਾਣੀ ਵਰ੍ਹਾਇਆ।
ਲਾਠੀ ਚਾਰਜ ਕਰਕੇ ਸਭ 'ਤੇ ਜ਼ਿਮੀਂਦਾਰਾਂ ਦਾ ਸਿਦਕ ਅਜ਼ਮਾਇਆ।
ਦੁਨੀਆ ਸਭ ਹੈਰਾਨ ਹੈ ਜੱਟ ਨੂੰ ਅਜੇ ਤੀਕਰ ਗੁੱਸਾ ਨਹੀਂ ਆਇਆ।
ਦਿੱਲੀ ਦੀ ਸਰਕਾਰੇ ਫਿਰ ਨਾ ਆਖਿਓਂ ਕਿਸੇ ਨੇ ਨਹੀਂ ਸਮਝਾਇਆ।
ਭਾਜੀ ਮੁੜੂਗੀ ਪੂਰੀ ਗ਼ਲਤ ਜਗ੍ਹਾ 'ਤੇ ਗਿਆ ਤੁਹਾਥੋਂ ਹੱਥ ਪਾਇਆ।
ਜੱਟਾਂ ਦਿਆਂ ਰਾਹਾਂ ਵਿੱਚ ਵੱਟਾਂ ਪਾਉਣ ਦਾ ਜੋ ਤੁਸੀਂ ਮਤਾ ਪਕਾਇਆ।
ਫਿਰ ਉਦੋਂ ਪਤਾ ਲੱਗਣਾ ਸਰਕਾਰੇ ਜਦ ਤੁਹਾਨੂੰ ਵੱਟੇ ਵੱਟ ਪਾਇਆ।

•

# ਤੇਰਾ ਰੁੱਸਣਾ

ਮਹਾਬਲੀ ਦੁਨੀਆ ਦੇ ਜਿਸ ਧਨੁਸ਼ ਨੂੰ ਚੁੱਕ ਨਹੀਂ ਸੀ ਸਕਦੇ,
ਜਾਨਕੀ ਸੀਤਾ ਉਸ ਧਨੁਸ਼ ਨੂੰ ਨਿਤ ਦਿਨ ਚੁੱਕਦੀ ਧਰਦੀ ਸੀ।
ਸ਼ੇਰ ਗਰਜਦਾ ਸੁਣ ਕੇ ਡਰਦੇ ਜਾਨ ਲੁਕਾਉਂਦੇ ਫਿਰਦੇ ਲੋਕ,
ਪਰ ਮੈਂ ਤਾਂ ਪੜ੍ਹਿਆ ਸੁਣਿਆ ਦੁਰਗਾ ਸ਼ੇਰ ਸਵਾਰੀ ਕਰਦੀ ਸੀ।
ਰਾਧਾ ਦਾ ਨਾਮ ਕ੍ਰਿਸ਼ਨ ਤੋਂ ਪਹਿਲਾਂ ਹੀ ਲਿਖਿਆ ਜਾਂਦਾ ਹੈ,
ਔਰਤ ਜਾਤ ਦਾ ਧੁਰ ਤੋਂ ਲੈ ਕੇ ਦੁਨੀਆ ਪਾਣੀ ਭਰਦੀ ਸੀ।
ਰੁੱਸਣਾ ਮੰਨਣਾ ਮਨਾਉਣਾ ਤਾਂ ਸਦੀਆਂ ਤੋਂ ਚੱਲਦਾ ਆਇਆ,
ਫਿਕਰ ਕਰਨ ਦੀ ਲੋੜ ਨਹੀਂ ਰਾਧਾ ਵੀ ਰੁੱਸਿਆ ਕਰਦੀ ਸੀ।

•

# ਸੰਤਾਪ

ਸਾਨੂੰ ਮੰਨੂੰ ਨੇ ਕੀ ਵੱਢਣਾਂ ਅਸੀਂ ਆਪਣੇ ਕਾਤਲ ਆਪ।
ਅਸੀਂ ਸਿਖਦੇ ਨਹੀਂ ਸਿਖਾਲਦੇ, ਸਭ ਇਕ ਦੂਜੇ ਦੇ ਬਾਪ।
ਦੇਸ਼ ਭਗਤ ਹੈ ਕੌਮ ਇਹ ਸਾਡੀ, ਹੋ ਜਾਂਦੇ ਝੱਟ ਕੁਰਬਾਨ,
ਅਸੀਂ ਖ਼ੁਦ ਨੂੰ ਨਹੀਂ ਪਹਿਚਾਣਿਆਂ ਤਾਂ ਭੋਗ ਰਹੇ ਸੰਤਾਪ।

•

# ਇਲਫਾਜ਼

ਜਿਸ ਗੱਲ ਦੀ ਖੁੱਲ ਕੇ ਦੰਦ ਕਥਿਆ ਹੋ ਚੁੱਕੀ,
ਉਹ ਤਾਂ ਹੁਣ ਕਹਾਣੀ ਹੈ, ਉਹ ਰਾਜ਼ ਨਹੀਂ ਹੈ।
ਜਿਸ ਤੂੰਬੀ ਦੀ ਤਾਰ ਥਿਆਉਂਦੀ ਨਹੀਂ ਕਿਧਰੇ,
ਹੋਰ ਜੋ ਮਰਜ਼ੀ ਹੋ ਸਕਦਾ ਉਹ ਸਾਜ਼ ਨਹੀਂ ਹੈ।
ਮੌਤ ਬਾਅਦ ਤਾਂ ਮੋਢਿਆਂ 'ਤੇ ਚੜ੍ਹ ਜਾਂਦੇ ਲੋਕ,
ਜਿਊਂਦੇ ਦੀ ਗੱਲ ਸੁਣਨ ਦਾ ਰਿਵਾਜ਼ ਨਹੀਂ ਹੈ।
ਉਮਰ ਬਿਤਾਤੀ ਘਰ ਪਰਵਾਰ ਬਣਾਵੰਦਿਆਂ,
ਤੇਰੇ ਨਾਂ ਦੀ ਉਸ ਘਰ ਵਿੱਚ ਆਵਾਜ਼ ਨਹੀਂ ਹੈ।
ਉੱਡਿਆ ਫਿਰਦਾ ਸੀ ਤੂੰ ਸੱਤ ਅਸਮਾਨਾਂ ਵਿੱਚ,
ਖੰਭਾਂ ਦੇ ਬਾਝੋਂ ਅੱਜ ਤੇਰੀ ਪਰਵਾਜ਼ ਨਹੀਂ ਹੈ।
ਝਗੜੇ ਟੋਕਾ ਟੋਕੀ ਖ਼ਤਮ ਹੋਇਆ ਸਭ ਕਝ,
ਅੱਜ ਤੇਰੇ ਨਾਲ ਟੱਬਰ ਹੁਣ ਨਾਰਾਜ਼ ਨਹੀਂ ਹੈ।
ਇਕ ਦਿਨ ਸਿਰ 'ਤੇ ਚੁੱਕੀ ਫਿਰਦਾ ਸੀ ਜਿਹੜਾ,
ਉਸ ਦੀ ਕੀ ਪਹਿਚਾਣ ਜਿਸ 'ਤੇ ਤਾਜ ਨਹੀਂ ਹੈ।
ਤੂੰ ਤਾਂ ਸੁੰਨੜਾ ਭਾਸ਼ਣ ਲੈਕਚਰ ਕਰਦਾ ਸੀ,
ਬੋਲਣ ਨੂੰ ਤੇਰੇ ਮੂੰਹ ਵਿੱਚ ਇਲਫ਼ਾਜ਼ ਨਹੀਂ ਹੈ।
•

# ਕਿਰਤੀ

ਲੱਖਾਂ ਫੁੱਲ ਖਿੜੇ ਜੇ ਇਕ ਬਗੀਚੇ ਵਿੱਚ,
ਹਰ ਫੁੱਲ ਦੇ ਵਿੱਚ ਇਕੋ ਜਿਹੀ ਖੁਸ਼ਬੋ ਹੁੰਦੀ ਹੈ।
ਤੇਰੇ ਮਨ ਦੀ ਗੱਲ ਜੇ ਦੇਸ਼ ਪ੍ਰੇਮ ਹੁੰਦੀ ਹੈ,
ਮੇਰੇ ਮਨ ਦੀ ਗੱਲ ਕਿਉਂ ਦੇਸ਼ ਧਰੋਅ ਹੁੰਦੀ ਹੈ।
ਤੇਰਾ ਅਰਬਾਂ ਖਰਬਾਂ ਕੱਠਿਆਂ ਕਰ ਲੈਣਾ,
ਅਰਬਾਂ ਪਤੀਆਂ ਮਿੱਤਰਾਂ ਨੂੰ ਖੁਸ਼ ਕਰ ਲੈਣਾ।
ਸਿਰ ਧੜ ਦੀ ਬਾਜ਼ੀ ਜਿਸ ਦੀ ਰੋਟੀ ਖਾਤਰ,
ਉਸ ਦੀ ਮਿਹਨਤ ਵਿੱਚ ਵਿਦੇਸ਼ਾਂ ਢੋਅ ਹੁੰਦੀ ਹੈ।
ਦੇਸ਼ ਦੀ ਰਾਖੀ ਕਿਰਤੀਆਂ ਦੇ ਪੁੱਤ ਕਰਦੇ ਨੇ,
ਹਰ ਕੁਰਬਾਨੀ ਕਿਰਤੀ ਹੀ ਤਾਂ ਕਰਦੇ ਨੇ।
ਕਿਰਤੀ ਮਰੇ ਤਾਂ ਸਾਰਿਆਂ ਭੁੱਖੇ ਮਰ ਜਾਣਾ,
ਹਰ ਰੋਟੀ ਵਿੱਚ ਹੀ ਕਿਰਤੀ ਦੀ ਛੋਹ ਹੁੰਦੀ ਹੈ।

•

# ਰੁੱਤ ਰੁੱਤ ਦੇ ਮੇਵੇ

ਕਦੇ ਦੋਸਤਾਂ ਮਿੱਤਰਾਂ ਦੇ ਨਾਲ ਹੱਸਿਆ ਖੇਡਿਆ ਕਰਦੇ ਸੀ,
ਆਪਣਾ ਆਪਣਾ ਲਗਦਾ ਸੀ ਆਪਣਾ ਆਪ ਅਤੇ ਸੰਸਾਰ।
ਆਪਣੇ ਹਾਣੀਆਂ ਦੇ ਵਿਚੋਂ ਕਦੇ ਹਾਣ ਭਾਲਿਆ ਕਰਦੇ ਸੀ,
ਹਾਨਣ ਦੇ ਮਿਲਦਿਆਂ ਸਾਰ ਹੀ ਜਾਂਦੇ ਰਹੇ ਸਭ ਬੇਲੀ ਯਾਰ।
ਮਾਤਾ ਪਿਤਾ ਭਰਾ ਭੈਣਾਂ ਸਭ ਰਿਸ਼ਤੇ ਬਹੁਤ ਕਰੀਬੀ ਸਨ,
ਲਾਵਾਂ ਲੈਂਦੇ ਸਾਰ ਹੀ ਬਸ ਇਕ ਥਾਂ ਸੀਮਤ ਹੋ ਗਿਆ ਪਿਆਰ।
ਪੁੱਤਰ ਪੈਦਾ ਹੁੰਦਿਆਂ ਸਾਰ ਪਿਆਰ ਵੀ ਸਾਰਾ ਖੁੱਸ ਗਿਆ,
ਬਸ ਵੇਖਣ ਸੁਣਨ ਵਾਲੇ ਨੂੰ ਹੀ ਲਗਦੇ ਸੀ ਘਰ ਦੇ ਸਰਦਾਰ।
ਪੁੱਤਰਾਂ ਗੱਭਰੂ ਹੁੰਦਿਆਂ ਸਾਰ ਹੀ ਕਾਰੋਬਾਰ ਸੰਭਾਲ ਲਿਆ,
ਸੌ ਬੰਦੇ ਧੰਦੇ ਲਾਉਣ ਵਾਲਾ ਬਣ ਕੇ ਰਹਿ ਗਿਆ ਇਕ ਬੇਕਾਰ।
ਪੂਰੀ ਭੱਜ ਨੱਠ ਕਰ ਲੈਂਦਾ ਸੀ ਜੋ ਡੰਡ ਬੈਠਕਾਂ ਲਾਉਂਦਾ ਸੀ,
ਉਸ ਦੀਆਂ ਲੱਤਾਂ ਬਾਹਵਾਂ ਹੀ ਨਹੀਂ ਹੁਣ ਤਾਂ ਚੁੱਕਦੀਆਂ ਭਾਰ।
ਰੁੱਤ ਰੁੱਤ ਦੇ ਮੇਵੇ ਨੇ ਮਿੱਤਰਾ ਸਮੇਂ ਸਮੇਂ ਸਮਰੱਥ ਸਭ ਕੁਝ,
ਰੱਬ ਰੱਬ ਕਰਿਆ ਕਰ ਸੁੰਨੜਾ ਹੁਣ ਕਰ ਇਸ਼ਨਾਨੇ ਤੜਕਸਾਰ।

•

# ਮਾਂ ਮਛੋਹਰ

ਬਹੁਤ ਚਿਰਾਂ ਦੀ ਮਰ ਮੁੱਕੀ ਮਾਂ ਜਿਸ ਨੇ ਮੈਨੂੰ ਜਾਇਆ ਸੀ,
ਉਸ ਦੇ ਦਰਸ਼ਣ ਹੋ ਨਹੀਂ ਸਕਦੇ ਜਿਸ ਨੇ ਜਗਤ ਦਿਖਾਇਆ ਸੀ।
ਪੰਜਾਬ ਦੀ ਜੰਮਪਲ ਜੱਟੀ ਸੀ ਉਸ ਦਾ ਸਭ ਕੁਝ ਪੰਜਾਬੀ ਸੀ,
ਪੰਜਾਬੀ ਵਿੱਚ ਲੋਰੀਆਂ ਦੇ ਕੇ ਮੈਨੂੰ ਮਾਂ ਨੇ ਰੋਜ਼ ਸਵਾਂਇਆ ਸੀ।
ਮੇਰੀ ਦੂਜੀ ਮਾਂ ਧਰਤੀ ਪੰਜਾਬੀ ਮਰਦੀ ਜਾਂਦੀ ਹੈ ਉਹ ਵੀ,
ਰਿਸ਼ੀਆਂ ਮੁਨੀਆਂ ਦੀ ਧਰਤੀ ਨੇ ਦੱਸੋ ਕਿਸੇ ਦਾ ਕੀ ਗਵਾਇਆ ਸੀ।
ਮੇਰੀ ਤੀਸਰੀ ਮਾਂ ਬੋਲੀ ਪੰਜਾਬੀ ਨੂੰ ਖ਼ਤਮ ਕਰਨ ਵਾਸਤੇ,
ਖਬਰੇ ਕਾਹਤੋਂ ਸਰਕਾਰੇ ਦਰਬਾਰੇ ਸਭ ਨੇ ਪੂਰਾ ਜ਼ੋਰ ਲਾਇਆ ਸੀ।
ਦਿੱਲੀਓਂ ਚੰਬਾ, ਜੰਮੂੰਓਂ ਅਟਕ, ਗੰਗਾਨਗਰ ਤੋਂ ਦਿੱਲੀ ਤੱਕ,
ਸਭ ਪੰਜਾਬੀ ਬੋਲਦੇ ਨੇ ਲੇਕਿਨ ਸਭ ਨੇ ਹੀ ਝੂਠ ਲਿਖਾਇਆ ਸੀ।
ਤਿੰਨ ਮਾਵਾਂ ਸੀ ਮੇਰੀਆਂ ਪਰ ਮੈਂ ਮਾਂ ਮਛੋਹਰ ਬਣਿਆਂ ਬੈਠਾ,
ਜਿਨ੍ਹਾਂ ਨੂੰ ਆਪਣੇ ਗਿਣਦੇ ਸਾਂ ਉਨ੍ਹਾਂ ਨੇ ਹੀ ਪੜ੍ਹਨੇ ਪਾਇਆ ਸੀ।
ਕਿਸੇ ਨੇ ਤੈਨੂੰ ਨਾ ਪੜਣਾ ਹੈ ਨਾ ਹੀ ਸੁਣਨਾ ਹੈ ਸੁੱਨੜਾ,
ਪਰ ਸਿਰ ਉਠਾ ਕੇ ਕਹਿ ਸਕਦਾ ਤੂੰ ਪੁੱਤ ਦਾ ਧਰਮ ਨਿਭਾਇਆ ਸੀ।

•

# ਪਰਦਾ ਰਿਹਾ

ਤੈਨੂੰ ਕਮਜ਼ੋਰ ਸਮਝ ਕੇ ਮੈਂ ਤੇਰੇ ਤੋਂ ਹਰਦਾ ਰਿਹਾ।
ਤੈਨੂੰ ਜ਼ਰੂਰਤ ਹੈ ਮੇਰੀ ਬਸ ਇਹ ਫਿਕਰ ਕਰਦਾ ਰਿਹਾ।
ਪਰ ਤੂੰ ਬਹੁਤ ਮਜ਼ਬੂਤ ਹੈਂ ਬਹੁਤ ਪੁੱਛ ਗਿੱਛ ਹੈ ਤੇਰੀ,
ਤੈਨੂੰ ਨਿਘ ਪੂਰਾ ਮਿਲੇ ਮੈਂ ਇਸ ਵਜ੍ਹਾ ਠਰਦਾ ਰਿਹਾ।
ਤੇਰੀ ਆਪਣੀ ਸਲਤਨਤ ਹੈ, ਦੂਰ ਤੀਕਰ ਪਹੁੰਚ ਹੈ,
ਤੇਰੀ ਹਿਫਾਜ਼ਤ ਵਾਸਤੇ ਮਰ ਮਰ ਕੇ ਵੀ ਮਰਦਾ ਰਿਹਾ।
ਬਹੁਤ ਲੋਕਾਂ ਦੇ ਕਾਰੋਬਾਰ ਚਲਦੇ ਨੇ ਤੇਰੇ ਆਸਰੇ,
ਮੈਂ ਨਿਆਸਰਾ ਤਾਂ ਬਿਲਕੁਲ ਖਾਹਮਖਾਹ ਡਰਦਾ ਰਿਹਾ।
ਤੇਰੀ ਸ਼ਕਤੀ ਦੇਖ ਕੇ ਕਮਜ਼ੋਰ ਸੁੱਨੜ ਸੋਚੀਂ ਪੈ ਗਿਆ,
ਮੇਰੀਆਂ ਅੱਖਾਂ ਤੇ ਸਾਰੀ ਉਮਰ ਕਿਉਂ ਪਰਦਾ ਰਿਹਾ।

•

# ਰਾਜਾ ਪਰਜਾ

ਰਾਜਿਆ ਵੇ ਰਾਜ ਕਰੇਂਦਿਆਂ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।
ਤੂੰ ਹਾਕਮ ਹੈਂ ਹੁਕਮ ਕਰ ਹੁਕਮ ਤੇਰਾ ਮਨਜ਼ੂਰ,
ਕਾਇਦੇ ਤੇ ਕਾਨੂੰਨ ਬਿਨ ਕੋਈ ਪਹੁੰਚ ਨਾ ਸਕਦਾ ਦੂਰ।
ਸਹੀ ਰਸਤੇ 'ਤੇ ਜਾਣ ਵਾਸਤੇ ਰਾਜੇ ਘੜਨ ਅਸੂਲ,
ਵਿਧੀ ਵਿਧਾਨ ਜੋ ਬਣ ਗਿਆ ਪਰਜਾ ਕਰੇ ਕਬੂਲ।
ਦੇਸ਼ ਤਰੱਕੀਆਂ ਜੇ ਕਰੇ ਤਾਂ ਪਰਜਾ ਨੂੰ ਕੀ ਰੋਸ,
ਡਟਕੇ ਰਾਜੇ ਨਾਲ ਸਭ ਪਰਜਾ, ਬਿਨਾਂ ਕਿਸੇ ਅਫ਼ਸੋਸ।
ਹੱਕ ਤੇ ਫ਼ਰਜ਼ ਬਰਾਬਰ ਹੁੰਦੇ, ਇਹ ਵੀ ਗੱਲ ਸਹੀ,
ਰਾਜਾ ਧਰਮੀਂ ਨਹੀਂ ਤਾਂ ਭੁਗਤੂ ਧਰਮਰਾਜ ਦੀ ਵਹੀ।
ਮਰਿਯਾਦਾ ਵਿੱਚ ਰਹੇ ਸੀ ਰਾਮ ਆਪਣੇ ਦਰਬਾਰ,
ਤਾਂ ਹੀ ਰਾਜੇ ਰਾਮ ਨੂੰ ਦੁਨੀਆ ਮੰਨਦੀ ਹੈ ਅਵਤਾਰ।
ਦੁਰਯੋਧਨ ਹਨ ਰਾਜੇ ਜਿਹੜੇ ਕਰਨ ਪਰਜਾ ਦਾ ਘਾਣ,
ਅੱਤਿ ਖੁਦਾ ਦਾ ਵੈਰ ਹੈ, ਇਹ ਵੀ ਸੱਚ ਫੁਰਮਾਣ।
ਪਰਜਾ ਹੈ ਤਾਂ ਰਾਜ ਹੈ, ਪਰਜਾ ਬਿਨ ਰਾਜ ਨਾ ਕੋਇ,
ਰਾਜਾ ਕੱਲਾ ਕੀ ਕਰੂ ਜੇ ਪਰਜਾ ਹੀ ਸਭ ਨੜੋਇ।
ਪਰਜਾ ਵੱਲ ਵੀ ਵੇਖ ਰਾਜਿਆ, ਚੰਗਾ ਨਹੀਂ ਹੰਕਾਰ,
ਦਸਾਂ ਸਿਰਾਂ ਵਾਲੇ ਵੀ ਜਾਸਣ ਤੂੰ ਕਿਸ ਪਾਣੀਹਾਰ।
ਕੈਸਾ ਇਹ ਦਰਿਆ ਹੈ ਰਾਜੇ ਅਤੇ ਪਰਜਾ ਵਿਚਕਾਰ,
ਨਫਰਤ ਦਾ ਹੜ੍ਹ ਆ ਗਿਆ ਕਿਦਾਂ ਲੰਘਸੀ ਪਾਰ।
ਰਾਜਿਆ ਵੇ ਅਰਦਾਸ ਕਰ, ਪਰਜਾ ਸਾਰੀ ਤਿਆਰ,
ਸਾਰੀ ਪਰਜਾ ਨਾਲ ਜੇ ਰਾਜੇ ਦਾ ਹੋ ਜਾਏ ਪਿਆਰ।
ਰਾਜਿਆ ਵੇ ਰਾਜ ਕਰੇਂਦਿਆਂ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।

•

# ਥੱਕ ਗਿਆ ਹਾਂ

ਜਿਸ ਤਰ੍ਹਾਂ ਦਾ ਹਾਂ ਮੈਂ ਰੁੱਖਾ ਮਿਸਾ ਓਸੇ ਤਰ੍ਹਾਂ ਦਾ ਰਹਿਣ ਦਿਓ,
ਮੈਨੂੰ ਬੁਣਨ ਉਧੇੜਨ ਦੇ ਵਿੱਚ ਕਾਹਤੋਂ ਸਮਾਂ ਗਵਾਉਂਦੇ ਹੋ।
ਰਚ ਗਿਆ ਹੁੰਦਾ ਹੁਣ ਤੀਕਰ ਜੋ ਰਚ ਸਕਦਾ ਸੀ ਮੇਰੇ ਵਿੱਚ,
ਪੱਥਰ ਵੀ ਤੁਸੀਂ ਬਣਾਇਆ ਹੁਣ ਪੱਥਰ ’ਤੇ ਪਾਣੀ ਪਾਉਂਦੇ ਹੋ।
ਜੇ ਹੋ ਸਕਦਾ ਹੁੰਦਾ ਤਾਂ ਹੁਣ ਤੱਕ ਬਦਲ ਗਿਆ ਹੁੰਦਾ,
ਨਿਤ ਨਵਾਂ ਪਾਠ ਪੜ੍ਹਾਉਣ ਦੇ ਖਾਤਰ ਨਵੀਂ ਕਲਾਸ ਲਗਾਉਂਦੇ ਹੋ।
ਤੋੜ ਦਿਓਗੇ ਟੁੱਟ ਜਾਵਾਂਗਾ ਇਸਤੋਂ ਵੱਧ ਕੀ ਹੋਰ ਲਿਫ਼ਾਂ,
ਕੱਕੀ ਰੇਤ ਬਚੀ ਦਰਿਆ ਦੀ, ਇਸ ਦਾ ਕੀ ਮਹਿਲ ਬਣਾਉਂਦੇ ਹੋ।
ਭਾਵੇਂ ਸੁੱਕੀ ਖੜੀ ਹੋਵੇ ਪਰ ਰੀਸਾਂ ਨਹੀਂ ਝਨ੍ਹਾਬ ਦੀਆਂ,
ਕੱਚਿਆਂ ਪੱਕਿਆਂ ਦੀ ਲੋੜ ਨਹੀਂ ਫਿਰ ਕਾਹਤੋਂ ਗੱਲ ਵਧਾਉਂਦੇ ਹੋ।
ਥੱਕ ਗਿਆ ਹਾਂ ਤੁਰ ਤੁਰ ਕੇ ਹੁਣ ਹੋਰ ਨਾ ਖੱਜਲ ਖੁਆਰ ਕਰੋ,
ਕਿਉਂ ਬੁੱਢੇ ਠੇਰੇ ਸੁੰਨੜ ਨੂੰ ਨਵਿਆਂ ਰਾਹਾਂ ’ਤੇ ਪਾਉਂਦੇ ਹੋ।
ਰੱਬ ਤੋਂ ਡਰਨ ਵਾਲਾ ਤਾਂ ਹਾਂ ਮੈਂ ਲੇਕਿਨ ਮੈਂ ਮਨਸੂਰ ਨਹੀਂ,
ਪਰ ਇਹ ਜ਼ਹਿਰ ਪਿਆਲਾ ਫਿਰ ਕਿਉਂ ਮੇਰੇ ਮੂੰਹ ਲਾਉਂਦੇ ਹੋ।
ਕੱਲੇ ਬਹਿ ਕੇ ਰੋਣ ਨੂੰ ਦੱਸੋ ਕਿਸ ਦਾ ਦਿਲ ਕਰਦਾ ਹੈ,
ਕਾਹਤੋਂ ਹੋਰ ਤੋਹਮਤਾਂ ਲਾ ਲਾ ਕੇ ਇਕ ਸਤੇ ਨੂੰ ਹੋਰ ਸਤਾਉਂਦੇ ਹੋ।

•

# ਦੁਨੀਆ ਝੂਠ ਬੋਲਦੀ ਹੈ

ਤੂੰ ਸੱਚ ਮੰਨਣਾ ਤਾਂ ਮੰਨੀਂ ਜਾਹ, ਮੈਨੂੰ ਕੀ ਜਾ ਖਸਮਾਂ ਨੂੰ ਖਾ,
ਪਰ ਜਦ ਇਤਿਹਾਸ ਦੀ ਗੱਲ ਕਰਦੀ, ਦੁਨੀਆ ਝੂਠ ਬੋਲਦੀ ਹੈ।
ਪੰਜ ਸੌ ਸਾਲ ਪਹਿਲਾਂ ਫੁਰਮਾਇਆ, ਪੰਦਰਾਂ ਸੌ ਵਿੱਚ ਝੂਠ ਰਲਾਇਆ,
ਇਤਿਹਾਸ ’ਤੇ ਕਬਜ਼ਾ ਕਰਕੇ ਦੁਨੀਆ ਕੁਫਰ ਤੋਲਦੀ ਹੈ।
ਖਾਰਾ ਹੁੰਦਾ ਸਮੁੰਦਰੀ ਪਾਣੀ, ਨਹੀਂ ਗ੍ਰੀਕ ਤੋਂ ਤੁਰੀ ਕਹਾਣੀ,
ਇਹ ਦੁਨੀਆ ਦਰਿਆਵਾਂ ਤੇ ਜਨਮੀਂ ਉਸ ਨੂੰ ਸਾਗਰ ’ਚ ਟੋਲ੍ਹਦੀ ਹੈ।
ਕੁਝ ਨਾ ਜੰਮੇ ਪਹਾੜ ਦੀ ਟੀਸੀ, ਰੁੱਖ ਬੂਟਾ ਵੀ ਨਾ ਲੱਭੀਸੀ,
ਬਰਫ਼ ਨਾ ਜੰਮਿਆਂ ਮੁਲਕਾਂ ਦੇ ਵਿੱਚ ਕਿਉਂ ਦੁਨੀਆ ਜੂਨ ਰੋਲਦੀ ਹੈ।
ਨਾ ਹੀ ਮਾਰੂਥਲ ਉਪਜਾਊ, ਬੰਦਾ ਪਾਣੀ ਕਿੱਥੋਂ ਲਿਆਊ,
ਅਫਰੀਕਾ ਵਿੱਚ ਜਨਮੀਂ ਦੁਨੀਆ ਮੰਨਕੇ ਇਹ ਕਿਹੜੀ ਕੜ੍ਹੀ ਘੋਲਦੀ ਹੈ।
ਮਿੱਠਾ ਹੈ ਦਰਿਆਵੀ ਪਾਣੀ, ਮੈਂ ਇਹ ਜੋੜੀ ਨਹੀਂ ਕਹਾਣੀ,
ਦੁਨੀਆ ਦਾ ਜਨਮ ਪੰਜਾਬ ਵਿੱਚ ਮੰਨਣ ਤੋਂ ਦੁਨੀਆ ਕਿਉਂ ਡੋਲਦੀ ਹੈ।
ਅੱਖਰ ਲਿਖਣ ਦਾ ਵਿਧੀ ਵਿਧਾਨ, ਇਹ ਵੀ ਪੰਜਾਬੀ ਹੈ ਗਿਆਨ,
ਮੁਢਲੀ ਭਾਸ਼ਾ ਸੀ ਪੰਜਾਬੀ, ਸੰਸਕ੍ਰਿਤ ਇਸ ਦਾ ਭੇਦ ਖੋਲ੍ਹਦੀ ਹੈ।
ਰਿਗਵੇਦ ਹੈ ਪਹਿਲਾ ਗ੍ਰੰਥ, ਬਾਕੀ ਮਗਰੋਂ ਲਿਖੇ ਗਏ ਸਭ,
ਲਿਖੇ ਪੰਜਾਬ ਦੇ ਵਿੱਚ ਵੇਦ ਮਹਾਂਭਾਰਤ ਰਾਮਾਇਣ ਦੀ ਕਥਾ ਬੋਲਦੀ ਹੈ।
ਤੂੰ ਸੱਚ ਮੰਨਣਾ ਤਾਂ ਮੰਨੀਂ ਜਾ, ਮੈਨੂੰ ਕੀ ਜਾ ਖਸਮਾਂ ਨੂੰ ਖਾ,
ਪਰ ਜਦ ਇਤਿਹਾਸ ਦੀ ਗੱਲ ਕਰਦੀ, ਦੁਨੀਆ ਝੂਠ ਬੋਲਦੀ ਹੈ।

•

# ਗੁਰੂ ਫ਼ਤਹਿ

ਉਹ ਆਪ ਇਕ ਸਹਿਜ ਹੈ, ਸਹਿਜ ਸਮਝੀਂ, ਤੇ ਸਹਿਜ ਨਾਲ ਹੀ ਸਹਿਜ ਸਮਝਾਵੀਂ ਸੁੱਨੜਾ।
ਕਰੀਂ ਖੁਦ ਗੱਲ ਘੋਖ ਕੇ ਗਿਆਨ ਦੇ ਨਾਲ, ਤੇ ਬੁੱਧ ਬਿਬੇਕ ਦੇ ਨਾਲ ਬੈਂਤ ਬਣਾਵੀਂ ਸੁੱਨੜਾ।

ਚਰਨ ਛਰਨ ਵਿਚ ਜੇਕਰ ਤੂੰ ਝੁਕ ਵੰਞਿਆਂ, ਅੱਲਾ ਪਾਕ ਪਰਵਦਗਾਰ ਦਾ ਧਿਆਨ ਧਰਕੇ।
ਟਣਕਾ ਕੇ ਠੋਕ ਕੇ ਡਰੀਂ ਨਾ ਢਿਡੋਂ ਟਣਕੀਂ, ਪੰਜਾਂ ਪੀਰਾਂ ਫਕੀਰਾਂ ਤੇ ਗੁਰਾਂ ਨੂੰ ਯਾਦ ਕਰਕੇ।

ਤੱਥਾਂ ਥੰਮਾਂ ਨਾਲ ਦੁਨੀਆਂ ਦੇ ਧਰਮ ਨਿਭਦੇ, ਤੱਥਾਂ ਦੇ ਥੰਮਾਂ ਨਾਲ ਧਰਮ ਨੂੰ ਨਿਭਾਵਣਾ ਜੀ।
ਪਾਪੀ ਫਰੇਬੀ ਬੇਗੈਰਤ ਭਲੇ ਮੂਲੋਂ ਨਹੀਂ ਉਹ, ਮਰਜੰਮੇਂ ਕੋਹੜਿਆਂ ਸੰਗ ਨਾ ਬੈਠਾਵਣਾ ਜੀ।

ਯੁੱਗੋ ਯੁੱਗ ਰਲਕੇ ਲੋਕੀਂ ਵਿਸ਼ਵਾਸ ਪੜ੍ਹਦੇ, ਪੜਨ ਸੁਣਨ ਤੇ ਗਾਉਣ ਵਿਚ ਲਾਭ ਲੱਭਦਾ।
ਪੈਂਤੀ ਅੱਖਰਾਂ ਵਿਚ ਜਿਹੜਾ ਪ੍ਰੋਣ ਕਾਬਲ, ਉਹ ਫਿਰ ਬੈਠਾ ਵਿਚ ਪਰ੍ਹੇ ਪੰਚਾਇਤ ਫੱਬਦਾ।

•

## ਸਿਮਰਓ

ਭਗੌਤੀ ਪਹਿਲਾਂ ਸਿਮਰਕੇ, ਸੁੱਨੜਾ ਫਿਰ ਸ਼ੁਰੂ ਕਰੀਂ ਗੱਲਬਾਤ।
ਵਰਤੀਂ ਸ਼ਬਦ ਸੰਕੋਚ ਨਾਲ, ਲਾਜ਼ਮੀਂ ਸ਼ਬਦਾਂ ਦਾ ਇਤਿਆਤ।
ਆਫਤਾਂ ਨਜਿਠਣ ਵਾਸਤੇ, ਸ਼ਬਦ ਹੈ ਬਹੁਤ ਵੱਢਾ ਹਥਿਆਰ।
ਸੀਨੇ ਵਿੰਨਦਾ ਸ਼ਬਦ ਬਾਣ, ਲੰਘ ਜਾਂਦਾ ਵੈਰੀ ਦੇ ਆਰ ਪਾਰ।
ਕਾਟ ਕਰੇ ਨਾ ਸ਼ਬਦ ਜਦ, ਤਾਂ ਫਿਰ ਚੁੱਕਣਾ ਪੈਂਦਾ ਹਥਿਆਰ।
ਸ਼ਸ਼ਤਰ ਚੁੱਕਣਾ ਧਰਮ ਹੈ, ਸੁੱਨੜਾ ਖੁੱਲ ਕੇ ਤੂੰ ਕਰੀਂ ਵਿਚਾਰ।
ਮਾਲਕ ਹਰ ਹਥਿਆਰ ਦਾ, ਇਕ ਹੀ ਹੈ ਸਰਬ ਸ਼ਕਤੀਮਾਨ।
ਤੇਗਾਂ ਨੇਜ਼ੇ ਤੀਰ ਸਭੈ ਕੁਝ, ਬਿਨ ਰੱਬ ਦੇ ਭੋਰਾ ਨਹੀਂ ਬਲਵਾਨ।
ਬਲ ਮਿਲਿਆਂ ਬੰਧਨ ਛੁੱਟਦੇ, ਬਿਲਕੁਲ ਚਾਰਾ ਨਹੀਂ ਹੈ ਹੋਰ।
ਉਸ ਵੱਢੇ ਦੇ ਹੱਥ ਸ਼ੋਹਰਤਾਂ, ਉਸਦੇ ਬਿਨ ਨਹੀਂ ਚੱਲਦਾ ਜ਼ੋਰ।
ਆਪਣਾ ਆਪ ਬਚਾਵਣਾ, ਇਹ ਤਾਂ ਹਰ ਇਕ ਦਾ ਹੈ ਧਰਮ।
ਇਸਤੋਂ ਵਧਕੇ ਦੁਨੀਆ ਦਾ, ਦਿਸਦਾ ਨਹੀਂ ਇਕ ਵੀ ਕਰਮ।
ਕਾਦਰ ਨੇ ਕੁਦਰਤ ਸਾਜ਼ੀ, ਕਾਦਰ ਜੋ ਨਿਰਭਓ ਤੇ ਨਿਰਵੈਰ।
ਰਣਜੋਧੇ ਮਹਾਬਲੀ ਸਾਜੇ, ਜਿਹੜੇ ਠੱਲ ਸਕਦੇ ਹਨ ਕਹਿਰ।
ਘੋੜਾ ਤੇ ਘੋੜਸਵਾਰ ਦੋਵੇਂ, ਨੇ ਕਰਤਾਪੁਰਖ ਦੀ ਸਾਰੀ ਕਾਰ।
ਹਰ ਤਾਕਤ ਕਰਤਾਪੁਰਖ ਦੀ, ਕਰਤਾ ਕਰਨ ਕਰਾਵਣਹਾਰ।
ਤੂੰ ਸੀ ਤੂੰ ਹੈਂ ਤੂੰ ਰਹੇਂਗਾ ਦਾਤਾ ਸਭ ਕੁਝ ਇਹ ਤੇਰਾ ਹੈ ਖੇਲ।
ਤੂੰ ਖੁਦ ਆਪੇ ਤੋੜ ਵਿਛੋੜਦਾ, ਆਪੇ ਹੀ ਕਰਾਉਂਦੋਂ ਤੂੰ ਮੇਲ।
ਤੇਰੀ ਸ਼ਰਨ ਪਰੇ ਸੋ ਸੋ ਤਰੇ, ਤੂੰ ਮੌਲਾ ਰੱਖੇਂ ਸਭ ਦੀ ਲਾਜ।

ਬਖਸ਼ਣਹਾਰ ਦਾਤਾਰ ਹੈਂ ਤੂੰ, ਤੂੰ ਹੈਂ ਹਰ ਦਿਲ ਦੀ ਆਵਾਜ਼।
ਵਕਤ ਬੇਵਕਤ ਤੂੰ ਬਾਂਹ ਫੜ੍ਹੇਂ, ਹਰ ਮੁਸ਼ਕਿਲ ਕਰਦੈਂ ਦੂਰ।
ਤੇਰੇ ਹੱਥ ਵੱਸ ਹੈ ਸਭ ਜਗਤ, ਤੂੰ ਬਿਲਕੁਲ ਨਹੀਂ ਮਜ਼ਬੂਰ।
ਮੁਆਫ ਕਰੇਂ ਤੂੰ ਹਰ ਭੁੱਲ ਨੂੰ, ਰਿਜ਼ਕ ਰੋਟੀ ਸਭ ਤੇਰੇ ਹੱਥ।
ਵਧੀਆ ਲੱਗੇਂ ਤੂੰ ਪਿਆਰਿਆ, ਤੇਰੀ ਬਹੁਤ ਪਿਆਰੀ ਸੱਥ।
ਤੂੰ ਰਾਜਾ ਰਾਜਾਨ ਹੈਂ ਪਿਆਰੇ ਤੂੰ ਹਰ ਗੁਣ ਗੁਣੀ ਨਿਧਾਨ।
ਮਾਰਗ ਦਰਸ਼ਕ ਹਰ ਕਿਸੇ ਦਾ, ਤੂੰ ਹਰ ਇਕ ਦਾ ਹੈਂ ਮਾਣ।
ਤੂੰ ਨਿਰਆਕਾਰ ਅਤੋਲ ਹੈਂ, ਤੂੰ ਦਾਤਾ ਸਰਬ ਕਲਾ ਸਵੈਭੰਗ।
ਤੂੰ ਸਰਬ ਕਲਾ ਸਮਰੱਥ ਹੈਂ, ਦਾਤਿਆ ਤੂੰ ਜਾਣੇ ਸਭ ਵਿਅੰਗ।
ਤੂੰ ਬਖਸ਼ਣਹਾਰ ਸਵਰਗ ਦਾ, ਤੇਰੀਆਂ ਦਾਤਾਂ ਦਾ ਨਹੀਂ ਅੰਤ।
ਹਰ ਪਾਸੇ ਤੇਰੀਆਂ ਰਹਿਮਤਾਂ, ਤੇਰੀਆਂ ਬਖਸ਼ਿਸ਼ਾਂ ਨੇ ਬੇਅੰਤ।
ਤੂੰ ਪਾਕ ਪਵਿਤਰ ਪਨੀਤ ਹੈਂ, ਤੂੰ ਹੀ ਸਭ ਦਾ ਹੈਂ ਪਾਲਣਹਾਰ।
ਤੇਰੀਆਂ ਮੇਹਰਾਂ ਤੂੰ ਮੇਹਰਵਾਨ, ਦਾਤਾ ਤੂੰ ਕਰਤਾ ਕਰਤਾਰ।
ਤੂੰ ਪੱਥਰਾਂ ਵਿਚ ਰਿਜਕ ਪਹੁੰਚਾਵੇਂ, ਤੇਰਾ ਬਹੁਤ ਵੱਢਾ ਪਾਸਾਰ।
ਤੂੰ ਸੁੰਦਰ ਹੈਂ ਤੂੰ ਸਖੀ ਹੈਂ, ਤੇਰਾ ਦਾਤਿਆ ਬਹੁਤ ਵੱਢਾ ਭੰਡਾਰ।
ਤੂੰ ਹੈਂ ਮਾਣ ਨਿਮਾਣਿਆਂ, ਅਨਾਥਾਂ ਦਾ ਪਾਲਕ ਤੂੰ ਹੈਂ ਨਾਥ।
ਤੂੰ ਖਤਮ ਕਰੇਂ ਸਭ ਦੁਸ਼ਮਣੀ, ਸਚਿਆਰਿਆਂ ਦਾ ਤੂੰ ਸਾਥ।
ਤੇਰੀਆਂ ਹੀ ਸਭ ਵਡਿਆਇਆਂ, ਹਰ ਤੱਤ ਤੇ ਹਰ ਆਕਾਰ।
ਤੇਰੀ ਹੀ ਸਾਰੀ ਵਿਦਵਤਾ, ਵਧੀਆ ਸੋਮਾਂ ਹੈਂ ਅਪਰ ਆਪਾਰ।
ਨਿਪੁੰਨਤਾ ਦਾ ਤੂੰ ਪੁੰਜ ਹੈਂ, ਤੱਤਵੇਤਾ ਸਭਨਾ ਤੱਤਾਂ ਦਾ ਤੂੰ ਤੱਤ।
ਤੂੰ ਇਲਮੀਂ ਹਰ ਇਲਮ ਦਾ, ਤੁਧ ਬਿਨ ਨਹੀਂ ਕਿਸੇ ਦੀ ਗਤਿ।
ਪਰਮੇਸਰ ਪਾਲਣਹਾਰ ਤੂੰ, ਹਰ ਗੱਲ ਦਾ ਹੈ ਤੈਨੂੰ ਗਿਆਨ।
ਤੂੰ ਕਰਤਾ ਤੂੰ ਕਰਮ ਕਰਣ, ਹਰ ਬਲ ਹੈਂ ਤੂੰ ਹਰ ਬਿਆਨ।

•

## ਵਿਸ਼ਵਾਸ

ਸਖੀ ਸਾਖੀ ਪਰਮਾਤਮਾ,  ਕਿਸੇ ਕਸਮ ਤੇ ਨਹੀਂ ਵਿਸ਼ਵਾਸ।
ਝੂਠ ਤੁਫਾਨ ਦੀ ਫੌਜ ਤੋਂ, ਭਲਾ ਕਿੰਝ ਰੱਖ ਸਕਦੇ ਹਾਂ ਆਸ।
ਧਰਮ ਦੀ ਬੁੱਕਲ ਮਾਰ ਕੇ, ਤੂੰ ਬੰਦਿਆ ਕੱਜਦੈਂ ਝੂਠ ਤੁਫਾਨ।
ਕਿੰਝ ਕਰੀਏ ਵਿਸ਼ਵਾਸ, ਤੂੰ ਝੂਠਿਆ ਮੁੱਕਰੇਂ ਦੇ ਕੇ ਜ਼ੁਬਾਨ।
ਜੋ ਤੇਰੇ ਤੇ ਵਿਸ਼ਵਾਸ ਕਰੂ, ਉਹ ਹੋਊ ਬਹੁਤ ਖੱਜਲ ਖੁਆਰ।
ਨੀਯਤ ਵਿਚ ਜਦ ਫਰੜ ਹੈ, ਤਾਂ ਕਿਉਂ ਕਰੀਏ ਇਤਬਾਰ।
ਜੋ ਸੱਚ ਦੇ ਨਾਲ ਸੰਗੁੱਚਿਆ, ਉਸਨੂੰ ਕਦੇ ਨਾ ਚੂੰਡਣ ਕਾਗ।
ਜ਼ਹਿਰੀ ਹੋਵੇ ਫਿਰ ਵੀ, ਉਸਨੂੰ ਨਹੀਂ ਡੰਗਦੇ ਫਨੀਅਰ ਨਾਗ।
ਤੇਰੀ ਜ਼ਹਿਰ ਮੁਬਾਰਕ ਤੈਨੂੰ, ਜਾ ਤੂੰ ਆਪਣੀ ਖੁਦੀ ਨੂੰ ਸਾੜ।
ਜੋ ਰੱਬ ਦੇ ਰੰਗ ਵਿਚ ਰੰਗਿਆ, ਉਸਦਾ ਕੁਝ ਨਾ ਸਕੇਂ ਵਿਗਾੜ।
ਉਹ ਬਿਲਕੁਲ ਅਡੋਲ ਹੈ, ਜਿਸਦੀ ਸ਼ਰਨ ਵਿਚ ਵੱਢਾ ਸ਼ੇਰ।
ਬੱਕਰੀ ਭੇਡ ਤੇ ਹਿਰਨ ਆਦਿ, ਕਦੇ ਨਹੀਂ ਹੁੰਦੇ ਬਹੁਤੇ ਦਲੇਰ।
ਧਰਮੀਂ ਤਾਂ ਧਰਮ ਨਿਭਾਵੰਦੇ, ਧਰਮੀਂ ਰਹਿੰਦੇ ਸਦਾ ਅਡੋਲ।
ਸੱਚ ਹੈ ਸਹੀ ਇਨਸਾਨੀਅਤ, ਸਚਿਆਰੇ ਤਾਂ ਨਿਭਾਉਂਦੇ ਬੋਲ।
ਕਸਮਾਂ ਖਾਕੇ ਮੁੱਕਰਨਾ, ਇਹ ਸੁੱਨੜਾ ਸਹੀ ਨਹੀਂ ਦਸਤੂਰ।

ਰੁੜਦੇ ਜਾਂਦਿਆਂ ਰੁੱਖਾਂ ਨੂੰ, ਸੁੱਨੜਾ ਕਦੇ ਨਹੀਂ ਲਗਦਾ ਬੂਰ।
ਜੇ ਹੋਰ ਹੀਲਾ ਹੀ ਨਾ ਚੱਲੇ, ਫਿਰ ਕੁਝ ਕਰਨਾ ਪਊ ਜ਼ਰੂਰ।
ਸ਼ਸਤਰ ਚੁੱਕਣਾ ਧਰਮ ਹੈ, ਬੰਦਾ ਫਿਰ ਹੋ ਜਾਂਦਾ ਮਜ਼ਬੂਰ।
ਤਲਵਾਰ ਹਿਫਾਜ਼ਤ ਵਾਸਤੇ, ਫਿਰ ਬਣਦਾ ਸਾਡਾ ਧਰਮ।
ਹੱਥਾਂ ਬਾਝ ਕਰਾਰਿਆਂ, ਦੁਸ਼ਮਣ ਕਦੇ ਨਹੀ ਪੈਂਦਾ ਨਰਮ।
ਲੜਨਾ ਭਿੜਨਾ ਗ਼ਲਤ ਹੈ, ਬੰਦੇ ਦੇ ਕੰਮ ਬੜੇ ਹਨ ਹੋਰ।
ਪਰ ਫੜਨਾ ਤਾਂ ਪਵੇਗਾ, ਜੇਕਰ ਸੰਨ੍ਹ ਲਾ ਰਿਹਾ ਹੋਵੇ ਚੋਰ।
ਜੋ ਲੂੰਬੜ ਚਾਲਾਂ ਚੱਲਦੇ, ਉਨ੍ਹਾਂ ਨੂੰ ਡੱਕਣਾ ਤਾਂ ਪਊ ਜ਼ਰੂਰ।
ਤਲਵਾਰ ਉਠਾਉਣੀ ਧਰਮ ਹੈ, ਬੰਦਾ ਹੋ ਜਾਂਦਾ ਮਜ਼ਬੂਰ।
ਮੱਖੀਆਂ ਵਰਗੀ ਫੌਜ ਨੇ, ਟੁੱਟਣਾ ਤਾਂ ਹੀ ਹੈ ਆਖਿਰਕਾਰ।
ਉਸਦੀ ਜਿਤ ਨਿਸਚਤ ਹੈ, ਜਿਸਦੇ ਨਾਲ ਖੜਾ ਦਾਤਾਰ।
ਸੱਚ ਦੇ ਹੱਥ ਤਲਵਾਰ ਹੈ, ਤਾਂ ਵੈਰੀ ਕਦੇ ਨਾ ਅੱਗੇ ਖੜਦਾ।
ਜੋ ਜੋ ਆਉਂਦਾ ਸਾਹਮਣੇ, ਵਾਰੋ ਵਾਰੀ ਉਹ ਜਾਵੇ ਝੜਦਾ।
ਜਿਹੜਾ ਹੋਊ ਸਮਝਦਾਰ, ਉਹ ਕਦੇ ਨਹੀਂ ਲੰਘਦਾ ਦੀਵਾਰ।
ਜੋ ਬਚੇ ਨਾ ਖਾਵੇ ਤੀਰ ਉਹ, ਫਿਰ ਨਹੀਂ ਹੁੰਦਾ ਉਹ ਖੁਆਰ।
ਨਾਡੂ ਖਾਂ ਜੇ ਦਿਸ ਪਵੇ, ਉਸਦੇ ਵੀ ਇਕ ਵੱਜਦਾ ਫਿਰ ਤੀਰ।
ਥਾਂ ਤੇ ਹੀ ਢੇਰੀ ਹੋ ਜਾਵੇ, ਸੱਚ ਦੇ ਹੱਥ ਤੱਕ ਕੇ ਸ਼ਮਸ਼ੀਰ।
ਦੁੜਕੀ ਹੋ ਜਾਂਦੇ ਸਭ ਗੱਪੀ, ਸੱਚ ਅੱਗੇ ਨਹੀਂ ਚੱਲਦਾ ਜ਼ੋਰ।
ਇਕ ਨਹੀਂ ਚੱਲਦੀ ਕਿਸੇ ਦੀ, ਕਿਸੇ ਦਾ ਨਾ ਚੱਲੇ ਜੋਰ ਸ਼ੋਰ।
ਨਾ ਕੁਝ ਚੱਲਦੀ ਸੂਝ ਬੂਝ, ਬੇਅਕਲੀ ਤਾਂ ਕੀ ਚੱਲਣੀ ਹੈ।

ਮਾਰ ਕੇ ਜੇ ਮਰ ਹੀ ਜਾਣਾ ਤਾਂ, ਉਹ ਥਾਂ ਕਾਹਤੋਂ ਮੱਲਣੀ ਹੈ।
ਹਮਲਾਵਰ ਵੀ ਮਰ ਜਾਂਦਾ ਹੈ, ਜੰਗ ਵਿਚ ਸੱਟ ਲੱਗਦੀ ਹੈ।
ਓਹੀਓ ਗੱਲ ਬਸ ਕਰ ਸੁੱਨੜਾ, ਜਿਹੜੀ ਬਣਦੀ ਫੱਬਦੀ ਹੈ।
ਜੋ ਡਰ ਜਾਂਦਾ ਉਹ ਮਰ ਜਾਂਦਾ, ਲੁਕ ਜਾਣਾ ਦਲੇਰੀ ਨਹੀਂ।
ਭੱਜ ਜਾਣਾ ਮਰਦਾਂ ਨੂੰ ਮੇਹਣਾ, ਲੁਕਣਾ ਗੱਲ ਚੰਗੇਰੀ ਨਹੀਂ।
ਸਿਰ ਪੈ ਜਾਵੇ ਤਾਂ ਝੱਲ ਬੰਦਿਆ, ਤਕੜਾ ਹੋਕੇ ਚੁੱਕ ਤਲਵਾਰ।
ਜੇਕਰ ਹਮਲਾ ਕਰਦਾ ਦੁਸ਼ਮਣ, ਬਿਨ ਸੰਕੋਚ ਤੂੰ ਕਰ ਵਾਰ।
ਜੇਕਰ ਮੰਗਤਾ ਯੁੱਧ ਮੰਗਦਾ ਹੈ, ਉਸਦੀ ਝੋਲੀ ਪਾ ਦੇ ਖੈਰ।
ਇਟ ਦਾ ਜਵਾਬ ਪੱਥਰ ਹੀ ਹੈ, ਡਰਿਆਂ ਕਦੇ ਨਾ ਮਿਟਦੇ ਵੈਰ।
ਯੁੱਧ ਵਿਚ ਸੱਟ ਲੱਗਣਾ ਸੰਭਵ ਹੈ, ਦੋਹੀਂ ਪਾਸੀਂ ਮਰ ਸਕਦੇ ਨੇ।
ਟੱਕਰ ਵਿਚ ਟੁੱਟ ਸਕਦਾ ਬੰਦਾ, ਜਿਤ ਸਕਦੇ ਨੇ ਹਰ ਸਕਦੇ ਨੇ।
ਖ਼ੂਨ ਕਿਸੇ ਦਾ ਵੀ ਜਦ ਵਹਿੰਦਾ, ਧਰਤੀ ਦਾ ਰੰਗ ਹੁੰਦਾ ਲਾਲ।
ਯੁੱਧ ਵਿਚ ਹੋ ਤਾਂ ਲੜਨਾ ਪੈਣਾ, ਚੱਕਰਵਿਯੂ ਹੁੰਦਾ ਇਹ ਜਾਲ।
ਖਿਦੋ ਨੂੰ ਕੁੱਟ ਪੈਣੀ ਨਿਸਚਤ, ਜਦ ਖਿਦੋ ਖੂੰਡੀ ਖੇਡਦੇ ਨੇ ਬਾਲ।
ਖਿਦੋ ਖੂੰਡਣ ਜੋ ਚੱਲਿਆ ਹੈ, ਫਿਰ ਖੂੰਡੀ ਪਊ ਲਿਜਾਣੀ ਨਾਲ।
ਚੀਕ ਚਿਹਾੜਾ ਤਾਂ ਪੈਂਦਾ ਹੈ, ਫਿਰ ਜੇਕਰ ਚੱਲਣ ਤੀਰ ਕਮਾਨ।
ਜਾਨ ਤਲੀ ਤੇ ਧਰਨੀ ਪੈਂਦੀ, ਜਿਤਣਾ ਹਰਨਾਂ ਨਹੀਂ ਆਸਾਨ।
ਸਿਰੀ ਸਾਹਬ  ਬਰਛੇ ਚੱਲਦੇ, ਤਾਂ ਸੂਰਮਿਆਂ ਦੀ ਹੋਸ਼ ਗਵਾਚੇ।
ਸੰਭਲ ਕੇ ਯੁੱਧ ਲੜ ਹੁੰਦਾ ਹੈ, ਯੁੱਧ ਵੀ ਤਾਂ ਕਲਾ ਹੈ ਮੇਰੀ ਜਾਚੇ।
ਜਿੰਨਾ ਮਰਜ਼ੀ ਕੋਈ ਬਹਾਦਰ, ਚੱਕਰਵਿਯੂ ਚੋਂ ਬਾਹਰ ਨਾ ਆਵੇ।
ਘੇਰਾ ਪੈ ਜਾਵੇ ਜੇ ਚੌਂਹ  ਤਰਫੋਂ, ਤਾਂ ਫਿਰ ਯੋਧਾ ਕਿਦਾਂ ਬਚ ਪਾਵੇ।

ਸੂਰਜ ਛੁਪੇ ਤਾਂ ਚੰਦ ਚਮਕੇ, ਦਿਨ ਤੇ ਰਾਤ ਦੇ ਵੱਖ ਵੱਖ ਪਾਤਰ।
ਸੂਰਜ ਕਰਕੇ ਹੀ ਚੰਦ ਚਮਕੇ, ਸ਼ੱਕ ਨਹੀਂ ਸੁੱਨੜਾ ਮਾਸਾ ਮਾਤਰ।
ਜਿਹੜਾ ਵੀ ਰੱਬ ਤੇ ਕਰੇ ਭਰੋਸਾ, ਉਸਨੂੰ ਰਾਮ ਦਿਖਾਵੇ ਰਸਤਾ।
ਹੱਥ ਦੇ ਕੇ ਰੱਖੇ ਰੱਬ ਸਭਨੂੰ, ਰੱਬ ਰੱਬ ਕਰਲਾ ਮਹਿੰਗਾ ਸਸਤਾ।
ਸੌਂਹਾਂ ਖਾ ਕੇ ਮੁੱਕਰ ਜਾਣਾ, ਸੁੱਨੜਾ ਇਸਨੂੰ ਕੌਣ ਕਹੂਗਾ ਧਰਮ।
ਧਰਮੀਂ ਤਾਂ ਉਹ ਬਿਲਕੁਲ ਨਹੀਂ, ਉਹ ਮੱਕਾਰ ਫਰੇਬੀ ਬੇਸ਼ਰਮ।
ਧਰਮ ਤੇ ਕਾਇਮ ਰਹਿਣਾ ਮੁਸ਼ਕਿਲ, ਧਰਮੀਂ ਧਰਮ ਦਾ ਪਾਬੰਦ।
ਜੋ ਰੱਬ ਨੂੰ ਭੁੱਲ ਜਾਂਦੇ ਕੋਹੜੇ, ਉਹ ਕਿਸੇ ਕੀਮਤ ਨਹੀਂ ਬੁਲੰਦ।
ਧਰਮ ਨਿਭਾਉਂਦਾ ਜੋ ਉਹ ਧਰਮੀਂ, ਉਹ ਵਾਅਦਾ ਕਦੇ ਨਾ ਤੋੜੇ।
ਮੁੱਕਰਿਆ ਮਰਿਆ ਇਕ ਬਰਾਬਰ, ਉਹ ਨਿਰਲੱਜ ਲੋਕ ਭਗੌੜੇ।
ਵਿਸ਼ਵਾਸ ਤੇ ਉਸ ਤੇ ਕਰੀਏ, ਸੁੱਨੜਾ ਜਿਹੜਾ ਰੱਬ ਤੋਂ ਡਰਦਾ ਹੋਵੇ।
ਝੂਠੇ ਚਾਰ ਜ਼ਮਾਨੇ ਤੇ ਨਹੀਂ, ਜਿਸਦਾ ਸੱਚ ਬਿਨਾ ਹੀ ਸਰਦਾ ਹੋਵੇ।
ਦੁਨੀਆਂ ਨੂੰ ਮਰਵਾਉਂਦੇ ਚਾਤਰ, ਆਪ ਮੈਦਾਨ 'ਚ ਨਹੀਂ ਆਉਂਦੇ।
ਹਥਿਆਰ ਵੇਚਦੇ ਦੁਨੀਆਂ ਨੂੰ, ਖੁਦ ਹਥਿਆਰ ਨੂੰ ਹੱਥ ਨਹੀਂ ਲਾਉਂਦੇ।
ਬੰਦਾ ਤਾਂ ਉਸਨੂੰ ਹੀ ਕਹੀਏ, ਜਿਹੜਾ ਬੰਦਿਆਂ ਵਾਂਗੂੰ ਅੜਦਾ ਹੋਵੇ।
ਜੋ ਮੈਦਾਨ-ਏ-ਜੰਗ ਵਿਚ ਮਰਦਾ ਹੋਵੇ, ਛਾਤੀ ਤਾਣ ਕੇ ਖੜਦਾ ਹੋਵੇ।
ਜੋ ਬੰਦਿਆਂ ਵਾਂਗੂੰ ਖੜ੍ਹੇ ਉਹ ਬੰਦਾ, ਜੋ ਆਪਣੇ ਬੋਲ ਪੁਗਾਉਣੇ ਜਾਣੇ।
ਜੋ ਬਚਨਾ ਤੇ ਪਹਿਰਾ ਦੇਵੇ, ਜਿਹੜਾ ਕੌਲ ਇਕਰਾਰ ਨਿਭਾਉਣੇ ਜਾਣੇ।
ਮੂੰਹ ਤੇ ਗੱਲ ਕਰੇ ਜੋ ਸਾਰੀ, ਜੋ ਕਰੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ।
ਵਾਰ ਕਰੇ ਨਾ ਲੁਕ ਛੁਪ ਕੇ ਜੋ, ਤੇ ਆਉਂਦੀ ਹੋਵੇ ਕਸਮ ਨਭਾਉਣੀ।
ਬੋਲ ਪੁਗਾਉਣੇ ਫਰਜ਼ ਹੁੰਦਾ ਹੈ, ਅਮਲ ਕਰੇ ਜਿਹੜਾ ਵਾਅਦੇ ਉੱਪਰ।

ਜਿਹੜਾ ਕਸਮ ਪੁਗਾਵੇ ਆਪਣੀ, ਵਿਸ਼ਵਾਸ ਕਰੇ ਜੋ ਕਾਇਦੇ ਉੱਪਰ।
ਜੋ ਜੋ ਕੌਲ ਇਕਰਾਰ ਕੀਤੇ ਤੂੰ, ਜੇਕਰ ਬੰਦਿਆਂ ਵਾਂਗੂੰ ਕੌਲ ਨਿਭਾਵੇਂ।
ਭੱਜਣਾ ਤਾਂ ਮਰਦਾਂ ਨੂੰ ਮੇਹਣਾ, ਖੜ੍ਹ ਸਕਦਾ ਹੈਂ ਤੂੰ ਜੇਕਰ ਤੂੰ ਚਾਹਵੇਂ।
ਬੰਦਿਆਂ ਵਾਲੀ ਗੱਲ ਨਹੀਂ ਹੈ, ਤੇਰੇ ਦਿਲ ਵਿਚ ਹੋਰ ਤੇ ਮੂੰਹ ਤੇ ਹੋਰ।
ਤੇਰਾ ਕਾਜ਼ੀ ਜਾਣੇ ਮੁੱਲਾਂ ਜਾਣੇ, ਬੰਦਿਆ ਤੇਰੀ ਬੁੱਕਲ ਦੇ ਵਿਚ ਚੋਰ।
ਕਸਮਨਾਮਾਂ ਤਾਂ ਕਾਗ਼ਜ਼ ਹੈ ਇਕ, ਉਹ ਅਰਜ਼ੀ ਹੈ ਵਿਚ ਦਰਗਾਹ।
ਕਸਮਾਂ ਖਾ ਕੇ ਜੋ ਮੁੱਕਰਦਾ, ਉਸਦਾ ਕਦੇ ਕੋਈ ਨਾ ਕਰਦਾ ਵਿਸਾਹ।
ਆ ਜਾ ਬਹਿ ਕੇ ਗੱਲ ਕਰੀਏ, ਦੋਵੇਂ ਇਕ ਦੂਜੇ ਦਾ ਅੰਦਰ ਪੜ੍ਹੀਏ।
ਝੂਠ ਤਾਂ ਝੂਠ ਹੀ ਰਹੇਗਾ, ਵਾਧੂ ਪੱਜ ਪਲੱਜ ਹਰਗਿਜ਼ ਨਾ ਘੜੀਏ।
ਮਨ ਮੇਲਣ ਖਾਤਰ ਮਿਲਣਾ ਪੈਣਾ, ਪਵੇਗੀ ਤਾਂ ਕਰਨੀ ਮੁਲਾਕਾਤ।
ਹਰ ਜਾਬਤਾ ਹੋ ਸਕਦਾ ਹੈ, ਪਰ ਵਿਧੀ ਵਿਚ ਰੱਖਕੇ ਹਰ ਜਜ਼ਬਾਤ।
ਹੁਕਮ 'ਚ ਸਭ ਜਾਤਾਂ ਸਭ ਗੋਤਾਂ, ਕਿਸੇ ਤੋਂ ਡਰਨ ਦੀ ਨਹੀਂ ਹੈ ਲੋੜ।
ਰੱਬ ਦੇ ਘਰ ਤਾਂ ਸਭ ਕੁਝ ਮਿਲਦਾ, ਕਿਸੇ ਚੀਜ਼ ਦੀ ਨਹੀਂ ਹੈ ਥੋੜ।
ਜੇ ਰੱਬਪ੍ਰਸਤ ਤਾਂ ਕਰ ਇਤਬਾਰ, ਕਿਸ਼ਤੀ ਚੜ੍ਹਕੇ ਤੂੰ ਲੰਘ ਜਾ ਪਾਰ।
ਕਰ ਨਾ ਕਿਸੇ ਤੇ ਅੱਤਿਆਚਾਰ, ਸਤਿਪੁਰਖਾਂ ਤੇ ਤੂੰ ਕਰ ਇਤਬਾਰ।
ਰਾਜਿਆ ਤਖਤ ਦੀ ਰੱਖ ਤੂੰ ਲਾਜ, ਅਜਬ ਜਿਹੀ ਗੱਲ ਕਿਦੂੰ ਹੋਵੇ।
ਰਾਜਾ ਹੈਂ ਤਾਂ ਬਣ ਕੇ ਰਹਿ ਫਿਰ, ਪਰਜਾ ਰਾਜਿਆਂ ਦੀ ਕਾਹਤੋਂ ਰੋਵੇ।
ਆਪਣਾ ਧਰਮ ਨਿਭਾਉਂਦਾ ਨਹੀਂ ਤੂੰ, ਰਾਜਾ ਹੈਂ ਤਾਂ ਕਰ ਇਨਸਾਫ।
ਦੇਣੇ ਪੈਣੇ ਲੇਖੇ ਜੋਖੇ, ਦਰਗਾਹ ਵਿਚ ਨਹੀਂ ਹੋਣਾ ਕੁਝ ਵੀ ਮੁਆਫ।
ਤੇਰੀ ਸਰਦਾਰੀ ਤੇ ਹੈ ਅਫਸੋਸ, ਹੋਰ ਕਿਸੇ ਦਾ ਨਹੀਂਓਂ ਕੋਈ ਦੋਸ਼।
ਜਾਂ ਤੇ ਤੈਨੂੰ ਅਕਲ ਨਹੀਂ ਹੈ, ਜਾਂ ਨਹੀਂ ਤੈਨੂੰ ਬਿਲਕੁਲ ਕੋਈ ਹੋਸ਼।

ਬੇਕਿਰਕ ਹੋ ਕੇ ਨਾ ਕਰ ਤੂੰ ਵਾਰ, ਹਿਫਾਜ਼ਤ ਵਾਸਤੇ ਹੈ ਤਲਵਾਰ।
ਤੂੰ ਵੀ ਮਰ ਸਕਦਾ ਹੈਂ ਜੰਗ ਵਿਚ, ਕਿਸੇ ਦੇ ਹੱਥ ਨਹੀਂ ਜਿਤ ਹਾਰ।
ਰੱਬ ਖੁਸ਼ਾਮਦ ਨਾਲ ਨਾ ਮੰਨਦਾ, ਸੱਚ ਝੂਠ ਦੀ ਤੂੰ ਕਰ ਪਹਿਚਾਣ।
ਅਰਸ਼ ਫਰਸ਼ ਦਾ ਵਾਲੀ ਨਿਰਭੈ, ਚੱਲਣਾ ਨਹੀਂ ਕੋਈ ਤੇਰਾ ਤਾਣ।
ਧਰਤ ਅਕਾਸ਼ ਦਾ ਮਾਲਕ ਦਾਤਾ, ਹਰ ਜੀਵ ਦਾ ਸਿਰਜਣਹਾਰ।
ਨਿਰੰਕਾਰ ਨਿਰਭੌ ਨਿਰਵੈਰ, ਹੈ ਅਕਾਲਮੂਰਤ ਕਰਤਾ ਕਰਤਾਰ।
ਉਹ ਕੀੜੀ ਵੀ ਹਾਥੀ ਵੀ ਪਾਲੇ, ਉਹ ਸਭ ਨਿਤਾਣਿਆਂ ਦਾ ਤਾਣ।
ਪਲ ਵਿਚ ਨਸ਼ਟ ਕਰੇ ਗਾਫਿਲ ਨੂੰ, ਨਿਮਾਣਿਆਂ ਨੂੰ ਬਖਸ਼ੇ ਮਾਣ।
ਗਰੀਬ ਨਿਵਾਜ਼ ਦਾਤਾ ਦਾਤਾਰ, ਉਸਦੀ ਕੀ ਕੋਈ ਕਰੂ ਖਸ਼ਾਮਦ।
ਉਹ ਆਦਿ ਜੁਗਾਦ ਨਿਰੰਤਰ ਦਾਤਾ, ਨਾ ਜਾਵੇ ਨਾ ਉਸਦੀ ਆਮਦ।
ਬੇਪਰਵਾਹ ਬੇਅੰਤ ਸਵਾਮੀਂ, ਉਸ ਵੱਡੇ ਹੱਥ ਹੀ ਸਭ ਵਡਿਆਇਆ।
ਕਿਸੇ ਦਾ ਜ਼ੋਰ ਨਹੀਂ ਚੱਲ ਸਕਦਾ, ਉਹ ਚੱਲਿਆਂ ਜੋ ਉਸਨੇ ਚਾਹਿਆ।
ਰੱਬ ਨੂੰ ਕਿਹੜਾ ਕਰੂ ਅਧੀਨ, ਉਹ ਹਰ ਦਿਨ ਹਰ ਪਲ ਨੁੱਕ ਨਵੀਨ।
ਸਭ ਰਚਨਾ ਉਸ ਆਪ ਉਪਾਵੀ, ਉਹ ਆਪੇ ਰੰਗ ਉਹ ਆਪ ਸ਼ੌਕੀਨ।
ਬੰਦਾ ਬਣਕੇ ਰਹਿ ਤੂੰ ਬੰਦਿਆ, ਆਪਣੇ ਕੀਤੇ ਬਚਨਾ ਤੇ ਤੂੰ ਖੜ੍ਹ ਜਾ।
ਫਰਜ਼ ਨਿਭਾਅ ਜੋ ਤੇਰਾ ਬਣਦਾ, ਆਪਣੇ ਅਸੂਲਾਂ ਤੇ ਬੱਸ ਅੜ ਜਾ।
ਕੀ ਹਇਆ ਜੇ ਤੂੰ ਮਾਰਤੇ ਚਾਰ, ਤਿਆਰ-ਬਰ-ਤਿਆਰ ਨੇ ਬੇਸ਼ੁਮਾਰ।
ਚੰਗਿਆੜਿਆਂ ਨੂੰ ਹੱਥ ਨਾ ਪਾਵੀਂ, ਬਹੁਤ ਹੋਵੇਂਗਾ ਖੱਜਲ ਖੁਆਰ।
ਤੈਨੂੰ ਕਾਹਲੀ ਕਾਹਦੀ ਕਮਲਿਆ, ਕਾਹਤੋਂ ਤੂੰ ਕਰਦੈਂ ਝਗੜੇ ਝੇੜੇ।
ਜਿਸ ਦਿਨ ਗਿਓਂ ਦਰਬਾਰ ਵਿਚ, ਫਿਰ ਹੋਣੇ ਸੱਚ ਝੂਠ ਦੇ ਨਿਬੇੜੇ।
ਕਿਰਪਾ ਕਰੂ ਗੁਸਾਈਆਂ ਉਸ ਤੇ, ਕਿਰਪਾ ਦਾ ਜਿਹੜਾ ਹੈ ਹੱਕਦਾਰ।

ਸਰਦਾਰੀ ਉਸਨੂੰ ਮਿਲਦੀ ਹੈ, ਜਿਹੜਾ ਸਰਦਾਰੀ ਦਾ ਹੈ ਹੱਕਦਾਰ।
ਉਸਦੀ ਤਾਕਤ ਨੂੰ ਨਾ ਭੁੱਲੀਂ, ਉਹ ਸਰਬਕਲਾ ਸਮਰੱਥ ਦਾਤਾਰ।
ਕਿਰਪਾ ਤੇ ਤਾਂ ਹੱਕ ਬਣਨਾ, ਸੱਚੀਂ ਜੇਕਰ ਤੇਰਾ ਹੈ ਕਿਰਦਾਰ।
ਜੋ ਬੀਅ ਬੀਜਿਆ ਉਹ ਹੀ ਉੱਗਣਾ, ਜੈਸੇ ਨੂੰ ਮਿਲਣਾ ਹੈ ਤੈਸਾ।
ਕਾਲੀਆਂ ਕਰਤੂਤਾਂ ਜੋ ਕਰਦਾ, ਉਸਦਾ ਹਸ਼ਰ ਹੋਊ ਫਿਰ ਕੈਸਾ।
ਜਾਣ ਬੁੱਝ ਨਾ ਬਣ ਅਣਜਾਣ, ਆਪਣੇ ਅੰਦਰ ਸੱਚ ਪਹਿਚਾਣ।
ਸੱਚਪ੍ਰਸਤ ਤਾਂ ਨੇਕ ਹੁੰਦੇ ਹਨ, ਗਊ ਗਰੀਬ ਦਾ ਨਾ ਕਰ ਘਾਣ।
ਤੂੰ ਰੱਬ ਰੱਬ ਝੂਠਾ ਕਰਦਾ ਹੈਂ, ਖੁਦਾ ਨੂੰ ਨਹੀਂ ਤੂੰ ਸਕਿਆ ਜਾਣ।
ਬਹੁਤ ਹੀ ਦਿਲ ਦੁਖਾਏ ਨੇ ਤੂੰ, ਤੈਨੂੰ ਹੈ ਆਪਣੇ ਬਲ ਤੇ ਮਾਣ।
ਤੂੰ ਬਹੁਤ ਹੀ ਤਾਕਤਵਰ ਹੈਂ, ਪਰ ਤੇਰੀ ਤਾਕਤ ਖੁਦਾ ਨਾ ਜਾਣੇ।
ਤੂੰ ਖੁਦ ਨੂੰ ਪਹਿਚਾਣ ਨਾ ਸਕਿਆ, ਰੱਬ ਦੱਸ ਤੈਨੂੰ ਕਿਉਂ ਪਛਾਣੇ।
ਸੌ ਸੌਹਾਂ ਭੀ ਜੇ ਤੂੰ ਖਾਵੇਂ, ਰਾਜਿਆ ਫਿਰ ਵੀ ਨਹੀਂ ਤੇਰਾ ਇਤਬਾਰ।
ਖਬਰ ਤਾਂ ਤੈਨੂੰ ਵੀ ਹੈ ਸਾਰੀ, ਫਿਰ ਵੀ ਹੋ ਜਾ ਬੰਦਿਆ ਖਬਰਦਾਰ।
ਤੇਰੇ ਲਾਗੇ ਸੱਚ ਕਿਉਂ ਆਵੇ, ਕਦੇ ਵੀ ਨਾ ਸੱਚ ਤੁਰੇਗਾ ਤੇਰੇ ਰਸਤੇ।
ਸੱਚਾ ਮਾਰਗ ਹੀ ਤਾਂ ਸੱਚ ਹੈ, ਬਾਕੀ ਸਭ ਵਿਕਦੇ ਮਹਿੰਗੇ ਸਸਤੇ।
ਰਚਨਾ ਸਾਰੀ ਝੂਠ ਹੈ ਭਾਵੇਂ, ਜੋ ਬਣਿਆ ਉਹ ਸਭ ਟੁੱਟਣਾ ਵੀ ਹੈ।
ਮਾਇਆ ਮਮਤਾ ਬਹੁਤ ਹੈ ਭਾਵੇਂ, ਜੋ ਦਿਸਦਾ ਉਹ ਮੁੱਕਣਾ ਵੀ ਹੈ।
ਸੱਚ ਜਾਵੇ ਜਿਥੇ ਸੱਚ ਲਿਜਾਵੇ, ਝੂਠ ਵੀ ਬਣ ਸਕਦਾ ਸਚਿਆਰਾ।
ਸੱਚੇ ਮਾਰਗ ਚੱਲਦਿਆਂ ਹੀ ਤਾਂ, ਅਕਸਰ ਹੁੰਦਾ ਹੈ ਪਾਰ ਉਤਾਰਾ।
ਵੱਡੇ ਵੱਡੇ ਹਨ ਸ਼ਾਹ ਸਕੰਦਰ, ਤਾਕਤਵਰ ਬੜੇ ਬਹੁਤ ਸਿਕਦਾਰੀ।
ਚਾਤਰ ਚਤੁਰ ਚਲਾਕ ਬਹੁਤ ਨੇ, ਦੁਨੀਆ ਤੇ ਕਰਦੇ ਨੇ ਸਰਦਾਰੀ।

ਦੇਗ ਤੇਗ ਦੇ ਧਨੀ ਬਹੁਤ ਨੇ, ਤਾਕਤਵਰ ਲੋਕੀਂ ਬਹੁਤ ਸਿਆਣੇ।
ਰਾਜਿਆਂ ਦੇ ਰਾਜਾਨ ਵੀ ਹੈ ਨੇ, ਬਹੁਤ ਵੱਡੇ ਵੱਡੇ ਹਨ ਰਾਜੇ ਰਾਣੇ।
ਦਾਨੀ ਦਾਨਸ਼ਮੰਦ ਬਹੁਤ ਨੇ, ਜੋ ਪਰਬਤ ਵਾਂਗਰ ਰਹਿਣ ਅਡੋਲ।
ਉੱਚੀ ਤੋਂ ਉੱਚੀ ਹੈ ਸ਼ਾਨ, ਹਨ ਫਰਿਸ਼ਤਿਆਂ ਵਰਗੇ ਜਿਨ੍ਹਾਂ ਦੇ ਬੋਲ।
ਸੁੰਦਰ ਸਿਆਣੇ ਦੌਲਤਮੰਦ ਨੇ, ਕਰਦੇ ਫਿਰਦੇ ਬਖਸ਼ਿਸ਼ ਤੇ ਦਾਨ।
ਪਰ ਸੱਚ ਧਰਮ ਤੋਂ ਦੂਰ ਹੈ ਜੋ ਵੀ, ਉਹ ਹੈ ਕੁਝ ਦਿਨ ਦਾ ਮਹਿਮਾਨ।
ਰੱਬ ਦੇ ਬੁੱਤ ਬਣਾਉਂਦੇ ਜਿਹੜੇ, ਉਹ ਰੱਬ ਦੇ ਕੁਝ ਵੀ ਨਹੀਂ ਲਗਦੇ।
ਰਾਮ ਬਣਾਵੇ ਕਰੇ ਕਰਾਵੇ, ਉਹ ਸੂਰਜ ਸਾਹਵੇਂ ਦੀਵੇ ਹਨ ਜਗਦੇ।
ਸਭ ਬੁੱਤ ਰਾਮ ਬਣਾਵੇ ਤੋੜੇ, ਪੁਤਲੇ ਰੱਬ ਨੂੰ ਕਿਤਰਾਂ ਘੜ ਸਕਦੇ।
ਬੁੱਤਾਂ ਦੇ ਉਪਾਸ਼ਕ ਅੰਨ੍ਹੇ, ਰਾਮ ਨੂੰ ਬੁੱਤ ਵਿਚ ਕਿਤਰਾਂ ਜੜ ਸਕਦੇ।
ਸੱਚ ਕੁਫਰ ਦੇ ਭਾਂਡੇ ਭੰਨਦਾ, ਵਿਧਾਤਾ ਬੁੱਤਘਾੜੇ ਸਭ ਮਾਰ ਮੁਕਾਵੇ।
ਫਿਰ ਵੀ ਬੁੱਤਘਾੜੇ ਫਿਰਦੇ ਨੇ, ਸ਼ੇਖੀਆਂ ਮਾਰਨ ਸ਼ਰਮ ਨਾ ਆਵੇ।
ਬੀਤ ਰਿਹਾ ਬੇਵਫਾ ਜ਼ਮਾਨਾਂ, ਸਭ ਚੱਕਰ ਚਲਾਉਂਦੇ ਨੇ ਵੇਖੋ ਵੇਖੀ।
ਜਿਸ ਪਿਛੇ ਪੈ ਜਾਂਦੇ ਸਾਰੇ, ਫਿਰ ਤਾਕਤ ਦਿਖਾਉਂਦੇ ਨੇ ਦੇਖੋ ਦੇਖੀ।
ਤੂੰ ਉਸਦੀ ਸ਼ਕਤੀ ਤਾਂ ਦੇਖ, ਜਿਹੜਾ ਸਵਾ ਲੱਖ ਨਾ ਇਕ ਲੜਾਵੇ।
ਚਿੜੀਆਂ ਕੋਲੋਂ ਬਾਜ਼ ਤੜਾਵੇ, ਉਹ ਕਰ ਸਕਦਾ ਜੋ ਵੀ ਉਹ ਚਾਹਵੇ।
ਜਿਸਦੇ ਸਿਰ ਹੱਥ ਰੱਬੀ ਸ਼ਕਤੀ, ਉਸਨੂੰ ਕੀ ਮਾਰੂ ਕੋਈ ਵਿਅਕਤੀ।
ਜਿਸਨੂੰ ਬਖਸ਼ੇ ਬਖਸ਼ਣਹਾਰ, ਪਰਵਾਨ ਹੋਵੇ ਭਗਤਾਂ ਦੀ ਭਗਤੀ।
ਜਿਸਨੂੰ ਚਾਹਵੇ ਮੁਕਤ ਕਰੇ ਉਹ, ਗੁਣ ਗਾਵਤ ਸਭਦੀ ਉਤਰੇ ਮੈਲ।
ਮੁਸ਼ਕਿਲ ਤੋਂ ਮੁਸ਼ਕਿਲ ਕੰਮ ਸਾਰੇ, ਪਲ ਵਿਚ ਹੋ ਜਾਂਦੇ ਹਨ ਸੈਲ।
ਉਹ ਬਖਸ਼ੰਦ ਉਹ ਬਖਸ਼ਣਹਾਰ, ਉਹ ਇਕੋ ਇਕ ਦਾਤਾ ਦਾਤਾਰ।

ਹਰ ਇਕ ਤੇ ਹੈ ਉਸਦੀ ਬਖਸ਼ਿਸ਼, ਉਹ ਸਵੈਭੰਗ ਉਹ ਨਿਰੰਕਾਰ।
ਸੱਚ ਦਾ ਮਾਰਗ ਓਹੀ ਦਿਖਾਵੇ, ਮੁਕਤ ਕਰਾਵਣ ਆਇਆ ਰਾਮ।
ਪਾਕ ਪਵਿਤਰ ਪਰਵਰਦਗਾਰ, ਕਣ ਕਣ ਵਿਚ ਸਮਾਇਆ ਰਾਮ।
ਉਹ ਚਾਹਵੇ ਤਾਂ ਗੁਣ ਗਵਾਵੇ, ਸਮਰੱਥ ਜੇਕਰ ਸਿਰ ਤੇ ਹੱਥ ਧਰੇ।
ਉਸਦੀ ਨਜ਼ਰ ਪਵੇ ਜੇ ਕੇਰਾਂ, ਤਾਂ ਸੁੱਨੜਾ ਸੁੱਕੇ ਵੀ ਹੋ ਜਾਣ ਹਰੇ।
ਦੁਸ਼ਮਣ ਸਭ ਹੋ ਜਾਵਣ ਅੰਨ੍ਹੇ, ਪਰ ਅਨਾਥਾਂ ਦਾ ਹੈ ਨਾਥ ਹਰੀ।
ਬਿਨਾ ਕਸ਼ਟ ਉਹ ਘਰੀਂ ਪਹੁੰਚਾਵੇ, ਵੱਖ ਕਿਸਮ ਦੀ ਜਾਤ ਹਰੀ।
ਸੱਚ ਮਾਰਗ ਤੇ ਜੋ ਵੀ ਚੱਲਦਾ, ਉਸ ਦੀਆਂ ਹੋ ਜਾਵਣ ਪੌਂ ਬਾਰਾਂ।
ਸੱਚ ਦਾ ਬਣ ਕੇ ਤਾਂ ਕੋਈ ਦੇਖੇ, ਹੋ ਜਾਵਣ ਗੀਆਂ ਸਦਾ ਬਹਾਰਾਂ।
ਤਨੋ ਮਨੋ ਕੋਈ ਉਸਦਾ ਬਣ ਜਾਏ, ਪੂਰਣ ਰਖਵਾਲੀ ਹੈ ਕਰਦਾ।
ਸਭ ਵਾਸਤੇ ਜੋ ਕਰ ਸਕਦਾ, ਉਹ ਰਾਮ ਵਿਧਾਤਾ ਬਣਦਾ ਸਰਦਾ।
ਜੋ ਉਸਦੀ ਨਿਗਰਾਨੀ ਵਿਚ ਹੈ, ਉਸ ਨਾਲ ਕੌਣ ਕਰੂਗਾ ਧੋਖਾ।
ਇਟ ਖੜਿਕਾ ਉਸ ਨਾਲ ਲੈਣਾ, ਬਿਲਕੁਲ ਕੰਮ ਨਹੀਂ ਹੈ ਸੌਖਾ।
ਜੇ ਫੌਜਾਂ ਚੜ੍ਹ ਆਵਣ ਕੱਲੇ ਤੇ, ਤਾਂ ਸਿਰਜਣਹਾਰ ਬਣੇ ਰਖਵਾਲਾ।
ਦੀਨ ਦੁਖੀ ਸਭ ਸ਼ਰਨ 'ਚ ਉਸਦੀ, ਕਰੇ ਹਿਫਾਜ਼ਤ ਦੀਨ ਦਿਆਲਾ।
ਰਾਜੇ ਮਾਣ ਕਰਨ ਤਾਕਤ ਤੇ, ਹੈ ਬਹੁਤ ਵੱਡਾ ਧਨ-ਮਾਲ ਖਜ਼ਾਨਾ।
ਹਰ ਜਨ ਸ਼ੁਕਰ ਕਰਨ ਗੋਬਿੰਦ ਦਾ, ਪੂਜਾ ਕਰਦੇ ਲਾਇ ਧਿਆਨਾ।
ਸੱਚ ਸਮਝ ਸੁਣ ਸ਼ਹਿਨਸ਼ਾਹ, ਇਹ ਦੁਨੀਆਂ ਚਾਰ ਦਿਨਾ ਦਾ ਮੇਲਾ।
ਟਕਰਾਓ ਵਿਚ ਟੁੱਟ ਜਾਵੇਂਗਾ, ਰਾਜਨ ਜੀਵਨ ਜਾਚ ਹੈ ਮੇਲਾ ਗੇਲਾ।
ਕੁਦਰਤ ਕਰੇ ਕਰਾਵੇ ਸਭ ਕੁਝ ਰਾਜਿਆ ਦਾਤੇ ਦਾ ਹੈ ਵਿਧੀ ਵਿਧਾਨ।
ਜਗਤ ਚਲਾਵੇ ਥਾਂਓਂ ਥਾਂ ਹੀ, ਸਭਨੂੰ ਵੱਖ ਵੱਖ ਮਿਲਦਾ ਜੀਵਨ ਦਾਨ।

ਰਾਮ ਗਇਓ ਰਾਵਣ ਗਇਓ, ਜੋ ਸ਼ੁਰੂ ਹੋਆ ਉਹ ਹੋਇਆ ਸਮਾਪਤ।
ਜੋ ਜਨਮੇ ਸਭ ਹੋਇ ਸਮਾਪਤ, ਇਹ ਦੁਨੀਆਂ ਹੈ ਸਭ ਆਵਤ ਜਾਵਤ।
ਬੜੇ ਬੜੇ ਹੰਕਾਰੀ ਲਦ ਗਇ, ਇਕ ਯਾਦ ਕਰਨ ਵਾਲਾ ਨਾ ਬਚਿਆ।
ਰਚਨਾ ਰਾਮ ਬਣਾਵੇ ਢ੍ਹਾਵੇ, ਰਾਮ ਜਾਣੇ ਜਿਸਨੇ ਇਹ ਜੱਗ ਰਚਿਆ।
ਸਮੇਂ-ਬੰਧ ਹੈ ਕਾਲ ਚੱਕਰ ਸਭ, ਹਰ ਇਕ ਜੀਵ ਉੱਪਰ ਇਸਦਾ ਵਾਰ।
ਕਰਮ ਕਾਂਡ ਸਭ ਕਰੇ ਵਿਧਾਤਾ, ਹੋਰ ਕਿਸੇ ਦਾ ਵੀ ਨਹੀਂ ਹੈ ਅਧਿਕਾਰ।
ਤੂੰ ਤਕੜਾ ਬੇਸ਼ੱਕ ਹੋਵੇਂਗਾ, ਪਰ ਰਾਜਨ ਗਊ ਗਰੀਬ ਨੂੰ ਤਾਂ ਨਾ ਮਾਰ।
ਆਪਣਾ ਵਾਅਦਾ ਨਾ ਭੁੱਲ ਜਾਵੀਂ, ਤੂੰ ਛਿਲ ਤਰਾਛ ਨਾ ਸਭ ਸੰਸਾਰ।
ਸਮਰੱਥ ਗੁਰੂ ਸਿਰ ਹੱਥ ਧਰੇ ਤਾਂ, ਕੋਈ ਨਾ ਸਕਦਾ ਫਿਰ ਉਸਨੂੰ ਮਾਰ।
ਵਾਲ ਵਿੰਗਾ ਨਹੀਂ ਕਰ ਸਕਦਾ ਤੂੰ, ਬੇਸ਼ਕ ਜਿੰਨਾ ਮਰਜ਼ੀ ਹੈ ਬਲਵਾਨ।
ਤੇਰੀ ਤਾਕਤ ਰਾਮ ਦੇ ਹੱਥ ਵੱਸ, ਹਰ ਕਰਮ ਧਰਮ ਵੱਲ ਰੱਖੋ ਧਿਆਨ।
ਅਕਾਲ ਪੁਰਖ ਦੇ ਹੱਥ ਵਸ ਸਾਰੇ, ਨੇਜ਼ਾ, ਤੀਰ ਅਤੇ ਤਬਰ ਤਲਵਾਰ।
ਘੋੜਸਵਾਰ ਤੇ ਹਾਥੀ ਘੋੜੇ, ਉਸਦੇ ਹੁਕਮ ਬਿਨਾ ਨਾ ਹੋਵਣ ਤਿਆਰ।
ਅੰਮ੍ਰਿਤ ਜਲ ਫੌਲਾਦੀ ਪਾਣੀ, ਵਿਸ਼ਵਾਸ ਬਣੇ ਇਕ ਵੱਖਰਾ ਹਥਿਆਰ।

•

## ਰੱਬੀ ਰੰਗ

ਅਕਾਲ ਪੁਰਖ ਦੀ ਭਖਸ਼ਿਸ਼ ਹੈ ਸਭ, ਮੁਕਤ ਕਰੇ ਅੰਨ ਦੇਵੇ ਦਿਆਲੂ।
ਆਪਣੀ ਰਜ਼ਾ ’ਚ ਹੀ ਰਹਿੰਦਾ, ਸਰਬ ਸ਼ਕਤੀਮਾਨ ਕਿਰਪਾ ਕਿਰਪਾਲੂ।
ਨਿਆਸਰਿਆਂ ਨੂੰ ਦਵੇ ਆਸਰਾ, ਸੁਖ ਸ਼ਾਂਤੀ ਦੇਵਣਹਾਰ ਸਦਾ ਉਜਾਲੂ।
ਅਨਾਥਾਂ ਦਾ ਨਾਥ ਹੈ ਮਾਲਿਕ, ਪਾਲਕ ਹੈ ਸਭਦਾ ਸਾਜਨ ਪ੍ਰਤੀਪਾਲੂ।
ਵੇਦ ਕਤੇਬਾਂ ਦਾ ਰਚਨਹਾਰ ਹੈ ਵਿਧਾਤਾ ਉੱਚਤਮ ਊਚ ਅਪਰ ਅਪਾਰ।
ਨਿਪੁੰਨਤਾ ਦਾ ਪੁੰਜ ਸਰਬਵਿਆਪੀ, ਉਹ ਤੱਤਵੇਤਾ ਅਤੁਲ ਨਿਰੰਕਾਰ।
ਸਭ ਗੁਣ ਗੁਣਕਾਰੀ ਸੁੱਖਦਾਤਾ, ਉਹ ਹਰ ਮੁਸ਼ਕਿਲ ਦਾ ਕਰੇ ਉਧਾਰ।
ਖ਼ੁਦ ਹੀ ਕਰਤਾ ਕਰੇ ਕਰਾਵੇ, ਚਹੁੰਤਰਫੇ ਚਾਲਾਂ ਚਲੇ ਚਲਾਵਣਹਾਰ।
ਜੋ ਜੋ ਰੱਬ ਦੀ ਰਜ਼ਾ ਵਿਚ ਰਹਿੰਦਾ, ਓਹ ਸੱਚ ਪ੍ਰਸਤ ਸੱਚਾ ਕਿਰਦਾਰ।
ਰਸਤਾ ਵੀ ਰਾਹੀ ਵੀ ਓਹੀਓ, ਉਸਦੀਆਂ ਖੇਡਾਂ ਉਹ ਖਿਲ੍ਹਾਵਣਹਾਰ।
ਵਾਲ ਵਿੰਗਾ ਨਾ ਹੋਵੇ ਉਸਦਾ, ਉਹ ਹਰ ਮੁਸ਼ਕਿਲ ਵਿਚੋਂ ਕੱਢਣਹਾਰ।
ਤੂੰ ਰੱਬ ਪਛਾਣ ਤੇ ਜ਼ਹਿਰ ਘਟਾ ਲੈ, ਛੱਡਦੇ ਕਰਨਾ ਤੂੰ ਅੱਤਿਆਚਾਰ।
ਰੱਬ ਨੂੰ ਲੋੜ ਖੁਸ਼ਾਮਦ ਦੀ ਨਹੀਂ, ਖੁਦ ਨੂੰ ਜਿੱਤ ਨਾ ਹੋ ਖੱਜਲ ਖੁਆਰ।
ਅਰਸ਼ ਫਰਸ਼ ਦਾ ਵਾਲੀ ਦਾਤਾ, ਉਹ ਉਚਿਓਂ ਊਚ ਹੈ ਅਪਰ ਅਪਾਰ।
ਧਰਤ ਅਕਾਸ਼ ਉਸਦੀ ਮਲਕੀਅਤ ਸਭ ਜੀਆਂ ਦਾ ਸਿਰਜਣਹਾਰ।
ਹਰ ਇਕ ਜੀਵ ਨਿਸ਼ਾਨੀ ਉਸਦੀ, ਕੀੜੀ ਅਤੇ ਹਾਥੀ ਸਭ ਦੇ ਆਕਾਰ।
ਨੇਕੀ ਦਾ ਫਲ ਵਧੀਆ ਮਿਲਦਾ, ਨੇਕੀ ਕਰ ਅਤੇ ਤੂੰ ਕੁਫਰ ਨਾ ਤੋਲ।

ਹਰ ਵਰਨਣ ਦੇ ਮਾਇਨੇ ਹੁੰਦੇ, ਸੁੱਨੜਾ ਪਹਿਲਾਂ ਤੋਲ ਤੇ ਫਿਰ ਤੂੰ ਬੋਲ।
ਨੇਕੀ ਅਤੇ ਧਰਮ ਦਾ ਕੰਮ ਹੈ, ਸਚਿਆਰੇ ਹੋਣਾ ਸੱਚੇ ਮਾਰਗ ਚੱਲਣਾ।
ਤੂੰ ਵੀ ਜੇਕਰ ਰਾਮ ਪਛਾਣੇ ਤਦ, ਸੱਚ ਅਸਥਾਨ ਤੂੰ ਵੀ ਜਾ ਮੱਲਣਾ।
ਤੇਰੇ ਕੋਲ ਸੱਚ ਕਿਉਂ ਪਹੁੰਚੇ, ਰਾਜਨ ਸਚਿਆਰੇ ਚੱਲਦੇ ਸੱਚ ਦੇ ਰਸਤੇ।
ਮੇਹਰਬਾਨ ਜਿਸ ਤੇ ਹੈ ਮਾਲਿਕ, ਉਹ ਲੈ ਸਕਦਾ ਸਭ ਮਹਿੰਗੇ ਸਸਤੇ।
ਮੁਕਤੀਦਾਤਾ ਤਾਂ ਇਕੋ ਇਕ ਹੈ, ਗੁਣ ਗਾਵੋ ਉਸਦੀ ਹੈ ਪਾਵਨ ਜਾਤ।
ਦੁਸ਼ਮਣ ਅੰਨ੍ਹੇ ਕਰ ਸਕਦਾ ਉਹ, ਆਸਰਾ ਦੇਵੇ ਜੋ ਜੋ ਸਖਸ਼ ਅਨਾਥ।
ਤਨੋ ਮਨੋ ਜੋ ਸ਼ਰਣ 'ਚ ਆਵੇ, ਫਿਰ ਰੱਬ ਕਰਦਾ ਹਰ ਵਕਤ ਹਿਫਾਜ਼ਤ।
ਆਪ ਬਣੇ ਉਸਦਾ ਰਖਵਾਲਾ, ਕਰਮ ਕਰਣ ਉਸਦੀ ਲੈਣ ਇਜ਼ਾਜ਼ਤ।
ਸਮਰੱਥ ਆਪ ਸਿਰ ਹੱਥ ਧਰੇ, ਕੋਈ ਨਾ ਕੱਲਾ ਫਿਰ ਉਸਦੇ ਹੁੰਦਿਆਂ।
ਦੌਲਤ ਫੌਜਾਂ ਕੰਮ ਨਾ ਆਵਣ, ਕੀ ਚੰਦ ਚਾੜ੍ਹਨਾ ਘੱਗਰਿਆਂ ਬੂੰਦਿਆਂ।
ਸਾਨੂੰ ਸਾਡੇ ਰੱਬ ਦੀਆਂ ਰੱਖਾਂ, ਦੌਲਤ ਦਾ ਮਾਣ ਤਾਂ ਕਰਨ ਵਿਓਪਾਰੀ।
ਜੋ ਰੱਬ ਤੋਂ ਮੁਨਕਰ ਹਨ ਲੋਕੀਂ, ਸਭ ਨਸ਼ਟ ਹੋਣਗੇ ਉਹ ਵਾਰੋ ਵਾਰੀ।

•

## ਤਸ਼ਬੀਹ

ਸੱਚ ਨਹੀਂ ਤਾਂ ਬਾਕੀ ਕੀ ਹੈ, ਬਸ ਮਣਕੇ ਹਨ ਤੇਰੀ ਤਸਬੀ-ਮਾਲਾ।
ਉਸਦਾ ਕੀ ਨੁਕਸਾਨ ਕਰੇਂ ਤੂੰ, ਜਿਸਦੇ ਅੰਗ ਸੰਗ ਹੈ ਦੀਨ ਦਿਆਲਾ।
ਤੇਰੇ ਮਕਰ ਜ਼ਾਲ ਵਿਚ ਫਸ ਜਾਂਦੇ ਨੇ, ਤੂੰ ਚੋਗਾ ਧਾਗੇ ਜਾਲ ਬਣਾਵੇਂ।
ਅੰਮ੍ਰਿਤ ਪਾਨ ਕਰ ਲਿਆ ਜਿਸਨੇ, ਉਹ ਕਿਸੇ ਦੇ ਕਾਬੂ ਵਿਚ ਨਾ ਆਵੇ।
ਹੰਕਾਰੀ ਦੀ ਹਾਰ ਹੁੰਦੀ ਹੈ, ਦੱਖਣ ਪੱਛਮ ਪੂਰਬ ਉੱਤਰ ਚਾਰੇ ਹੀ ਪਾਸੇ।
ਜੋ ਰੱਬ ਦੀ ਸਹੁੰ ਝੂਠੀ ਖਾਵਣ, ਉਹ ਤੀਨਲੋਕ ਵਿਚ ਰਹਿਣ ਨਿਰਾਸੇ।
ਤਪਸ਼ ਨੂੰ ਤਪਸ਼ ਸਹਾਇਤਾ ਕਰਦੀ, ਅੱਗ ਦੀ ਅੱਗ ਹੀ ਉਪਾਸ਼ਕ ਹੋਵੇ।
ਜਿਸਨੂੰ ਜੋ ਸ਼ੈਅ ਚੰਗੀ ਲੱਗੇ ਉਹ ਫਿਰ ਉਸ ਹੀ ਚੀਜ਼ ਦਾ ਆਸ਼ਕ ਹੋਵੇ।
ਜਿੰਨਾ ਮਰਜ਼ੀ ਬਾਘ ਚਾਤਰ ਹੈ, ਉਹ ਸ਼ੇਰ ਨੂੰ ਕਾਬੂ ਨਹੀਂ ਕਰ ਸਕਦਾ।
ਗਿਦੜ ਭਬਕੀਆਂ ਕੋਲੋਂ ਪਿਆਰਿਓ, ਸ਼ੇਰ ਕਦੇ ਵੀ ਡਰ ਨਹੀਂ ਸਕਦਾ।
ਜੋ ਜਨ ਸ਼ੇਰ ਦੀ ਸ਼ਰਣ 'ਚ ਬੈਠਾ, ਉਸ ਤੇ ਬੱਕਰੀ ਭੇਡ ਹਿਰਨ ਨਾ ਝਾਕੇ।
ਕੋਲ ਦੀ ਨਹੀਂ ਲੰਘ ਸਕਦਾ ਹਰ ਕੋਈ, ਮਰਨਾ ਕਿਸੇ ਨੇ ਲਾਗੇ ਆਕੇ।
ਹੜ੍ਹ ਹੋਵੇ ਜਾਂ ਬੰਦੂਕ ਦੀ ਗੋਲੀ, ਕਦੇ ਸੱਚ ਦਾ ਰਾਹ ਨਹੀਂ ਡੱਕ ਸਕਦੀਆਂ।
ਜੋ ਅੜਦੇ ਉਹ ਸਾਰੇ ਝੜਦੇ, ਕਦੇ ਚੀਂ ਨਾ ਕਰਦੀਆਂ ਮਰਨੋ ਬਚਦੀਆਂ।
ਦੀਵਾਰ ਦੀ ਓਟ 'ਚ ਬਚੇ ਜੋ ਬਚਦਾ, ਪਰ ਉਹ ਲਾਹਨਤੀ ਨਹੀਂ ਬਹਾਦਰ।
ਜਿਸਦੀਆਂ ਲੱਤਾਂ ਭਾਰ ਨਹੀਂ ਝੱਲਦੀਆਂ, ਕਿਹੜਾ ਉਸਨੂੰ ਕਹੂ ਬਹਾਦਰ।
ਮਿਰਤਕ ਦਿਸਣ ਯੁੱਧ ਵਿਚ ਹਰ ਥਾਂ, ਮੱਛਰ ਮੱਖੀਆਂ ਮਰ ਜਾਂਦੇ ਹਨ।

ਸਿਰਾਂ ਦੇ ਢੇਰ ਦਿਸਣ ਵਿਚ ਜੰਗ ਦੇ, ਓਥੇ ਬੜੇ ਬੜੇ ਵੀ ਹਰ ਜਾਂਦੇ ਹਨ।
ਸੂਰਜ ਡੁੱਬਜੇ ਤਾਂ ਚੰਦ ਚੜਦਾ, ਚੰਦ ਸੂਰਜ ਲੇਕਿਨ ਕਦੇ ਨਹੀਂ ਮਰਦੇ।
ਭਓ ਨਾ ਹੁੰਦਾ ਕਿਸੇ ਕਿਸਮ ਦਾ, ਜਦ ਭਵ ਸਾਗਰ ਵਿਚ ਯੋਧੇ ਤਰਦੇ।
ਸੌਂਹਾਂ ਤੇ ਕੀ ਕਰੇ ਭਰੋਸਾ, ਕਾਫਰਾਂ ਨੇ ਤਾਂ ਹਰ ਦਮ ਹੀ ਕੁਫਰ ਤੋਲਣਾ।
ਬੇਇਤਬਾਰੇ ਨੇ ਉਹ ਸਾਰੇ, ਝੂਠਿਆਂ ਨੇ ਤਾਂ ਸੁੱਖ ਨਾਲ ਝੂਠ ਹੀ ਬੋਲਣਾ।
ਲੱਕੜਾਂ ਕਦੇ ਨਾ ਅੱਗ ਬੁਝਾਵਣ, ਜੋ ਜਲ ਹੋਵੇ ਤਾਂ ਉਹ ਅੱਗ ਬੁਝਾਵੇ।
ਹਵਾ ਹੋਰ ਚੰਗਿਆੜੇ ਕੱਢਦੀ, ਸ਼ੈਤਾਨਾਂ ਨੂੰ ਕਦੇ ਕੁਝ ਸਮਝ ਨਾ ਆਵੇ।

•

# ਨਿੰਦਿਆ

ਕਿਸੇ ਦੀ ਨਿੰਦਿਆ ਕਰਨ ਤੋਂ ਪਹਿਲਾਂ ਤੂੰ ਆਪਣੀ ਗੱਲ ਕਰਲੈ।
ਨਫਰਤ ਦੇ ਸ਼ਸਤਰ ਜੋ ਤੇਰੇ, ਤੂੰ ਬੰਦਿਆ ਆਪਣੇ ਕੰਨ ਤੇ ਧਰਲੈ।
ਗੁਲਾਬ ਨੇ ਆਲ ਦੁਆਲੇ ਕੰਡੇ ਆਪਣੀ ਮਰਜ਼ੀ ਨਾਲ ਨਹੀਂ ਰੱਖੇ।
ਬੰਦਿਆ ਲੋਭ ਮੋਹ ਹੰਕਾਰ ਦੇ ਕੰਡੇ, ਤੇਰੇ ਕੰਡਿਆਂ ਨਾਲੋਂ ਵੀ ਤਿੱਖੇ।
ਸਾਗਰ ਦੀ ਮਰਜ਼ੀ ਤਾਂ ਨਹੀਂ ਸੀ ਕਿ ਸਾਗਰ ਦਾ ਪਾਣੀ ਹੋਵੇ ਖਾਰਾ।
ਦੱਸ ਕਾਮ ਕ੍ਰੋਧ ਦਾ ਤੇਰਾ ਬੰਦਿਆ ਕਿਸ ਗੱਲੋਂ ਚੜ੍ਹ ਗਿਆ ਪਾਰਾ।
ਕੋਇਲ ਦਾ ਰੰਗ ਕਾਲਾ ਹੋਵੇ, ਕਦੇ ਕੋਇਲ ਨੇ ਤਾਂ ਨਹੀਂ ਚਾਹਿਆ।
ਦੱਸ ਤੇਰੇ ਮਨ ਦੀ ਕਾਲਖ ਬੰਦਿਆ ਕਿਸ ਵਿਧ ਤੇਰਾ ਸਰਮਾਇਆ।
ਨਿੰਦਿਆ ਕਰਨੀ ਹੈ ਤਾਂ ਬੰਦਿਆ ਫਿਰ ਤੂੰ ਖੁਦ ਆਪਣੀ ਕਰਲੈ।
ਕਿਸੇ ਕੋਲੋਂ ਤਾਂ ਤੂੰ ਹਾਰ ਨਹੀਂ ਮੰਨਦਾ ਚੱਲ ਆਪਣੇ ਕੋਲੋਂ ਹਰਲੈ।

ਸੱਚ ਕਹਿਣ ਸੱਚ ਸੁਣਨ ਲਈ ਏ, ਔਖਾ ਸੱਚ ਨਿਭਾਉਣਾ ਵੋ।
ਮਤਲਬ ਨਾ ਹੋਸੀ ਤਾਂ ਕਿਸਨੇ ਪਰਵਦਗਾਰ ਧਿਆਉਣਾ ਵੋ।
ਹਾਸਲ ਕਰਨ ਲਈ ਸਭ ਦੌੜੇ, ਚਾਰ ਚੁਫੇਰੇ ਭਾਉਣਾ ਵੋ।
ਸ਼ਹੁ ਪਾਵਣ ਦੇ ਲਈ ਤਾਂ ਪੈਣਾ ਆਪਣਾ ਆਪ ਮਿਟਾਉਣਾ ਵੋ।
ਹੋਰ ਕਿਸੇ ਨੂੰ ਕੀ ਸਮਝਾਸਾਂ ਮੈਨੂੰ ਵੀ ਨਾ ਆਉਣਾ ਵੋ।
ਮੱਤੀਂ ਦੇਸਾਂ ਆਪ ਨਾ ਕਰਸਾਂ ਏਸੇ ਗੱਲ ਦਾ ਰੋਣਾ ਵੋ।
ਤਮ੍ਹਾਂ ਦਿਆਂ ਤੀਰਾਂ ਤੋਂ ਤੈਨੂੰ ਕਿਨੇ ਨਾ ਆਣ ਬਚਾਉਣਾ ਵੋ।
ਬੰਦਿਆਂ ਵਰਗੇ ਕੰਮ ਕਰ ਬੰਦਿਆ ਜੇ ਬੰਦਾ ਅਖਵਾਉਣਾ ਵੋ॥

•

# ਮਨਾਉਣ ਵਰਾਉਣ ਵਾਲਾ ਹੀ ਨਹੀਂ

ਕੋਈ ਮਨਾਉਣ ਵਰਾਉਣ ਵਾਲਾ ਹੀ ਨਹੀਂ ਜਿਸ ਦਾ,
ਉਹ ਦੱਸੀਂ ਕਿਸਦੇ ਨਾਲ ਰੁੱਸ ਕੇ ਬਹਿ ਸਕਦਾ।
ਸਾਰੀ ਉਮਰ ਲਬ੍ਹਾਂ ਤੋਂ ਕੁਝ ਨਾ ਕਹਿ ਸਕਿਆ,
ਕਲਮ ਨਾਲ ਭਾਵੇਂ ਉਹ ਕਈ ਕੁਝ ਕਹਿ ਸਕਦਾ।
ਸਾਰੀ ਉਮਰ ਬੀਤ ਗਈ ਸੋਚਾਂ ਸੋਚਦਿਆਂ,
ਜਰਦਾ ਆਇਆ ਹੋਰ ਵੀ ਮਾਸਾ ਸਹਿ ਸਕਦਾ।
ਉਸ ਦਾ ਗੁੱਸੇ ਹੋਣਾ ਤਾਂ ਬਣਦਾ ਹੀ ਨਹੀਂ,
ਅੰਦਰੋ ਅੰਦਰ ਹੀ ਉਹ ਰੋਂਦਾ ਰਹਿ ਸਕਦਾ।
ਰੱਬ ਜਾਣੇ ਕਰਮਾਂ ਵਿੱਚ ਕੀ ਕੀ ਲਿਖਿਆ ਹੈ,
ਮਰਜ਼ੀ ਨਾਲ ਤਾਂ ਕੋਈ ਵੀ ਕੁਝ ਨਹੀਂ ਲੈ ਸਕਦਾ।

•

# ਅਨਾਜ ਈਕਨ ਉਗਾਈਏ

ਸਿੰਜ ਕੇ ਸਵਾਰ ਕੇ ਸੀਆਂ ਲਾਅ ਕਿਆਰੇ ਪਾਈਏ,
ਨੀਵੇਂ ਖੇਤ ਨਿਆਈਆਂ ਦੇ ਵਿੱਚ ਰੁੱਤ ਵਿਚਾਰ ਕੇ ਬੀਜ ਲਗਾਈਏ।
ਕੱਖ ਕੰਡਾ ਨਦੀਨ ਸਭ ਕੱਡੀਏ ਰੂੜੀ ਰੇਹ ਰਲਾਈਏ,
ਲਹਿਰਾਂ ਬਹਿਰਾਂ ਲਾਵੇ ਕੁਦਰਤ ਅੱਨ ਅਨਾਜ ਈਕਣ ਉਗਾਈਏ।
ਮਾਲਕ ਦੀ ਮਲਕੀਅਤ ਉੱਤੇ ਕਾਬਜ ਕਦੇ ਨਾ ਹੋਣਾ ਚਾਹੀਏ,
ਰੋਜ਼ੀ ਰੋਟੀ ਦਾਤਾ ਦੇਵੇ ਦੇਣਹਾਰ ਦਾ ਸ਼ੁਕਰ ਮਨਾਈਏ।
ਰਹਿਣ ਸਹਿਣ ਨੂੰ ਸੁਥਰਾ ਰੱਖੀਏ ਸਹਿਜ ਸੁਭਾਅ ਹੋ ਜਾਈਏ,
ਤਨ ਮਨ ਦੀ ਪਰਕ੍ਰਿਆ ਖਾਤਰ ਜੋ ਮਿਲਿਆ ਸੋ ਖਾਈਏ।
•

# ਰੀਝ

ਰੀਝ ਜਨਮੇ ਨਾ ਤਾਂ ਫਿਰ ਉਹ ਰੀਝ ਕਿੰਝ ਕਹਿਲਾਏਗੀ।
ਬੀਜ ਨਾਂ ਉਂਗਰੇ ਤਾਂ ਫਿਰ ਉਹ ਬਿਰਖ ਕਿੰਝ ਬਣ ਪਾਏਗੀ।
ਭਾਫ ਬਣਕੇ ਜੇ ਸਮੁੰਦਰ ਆਸਮਾਂ ਵੱਲ ਨਾ ਉੜੇ।
ਕਿਵੇਂ ਬੱਦਲ ਬਣਨਗੇ ਕਾਲੀ ਘਟਾ ਨਾ ਛਾਏਗੀ।
ਬਾਲ ਗੱਭਰੂ ਹੋਏਗਾ ਤਾਂ ਰੀਝ ਵੀ ਬਦਲੂ ਜ਼ਰੂਰ।
ਜੇ ਨਹੀਂ ਖਡੌਣੇ ਬਦਲਦੇ ਤਾਂ ਬਾਲੜੀ ਰਹਿ ਜਾਏਗੀ।
ਨਦੀ ਦਾ ਵਹਿਣਾ ਨਦੀ ਦੀ ਇੱਕੋ ਇੱਕ ਪਹਿਚਾਣ ਹੈ।
ਵਹਿਣ ਰੁਕ ਜਾਵੇ ਤਾਂ ਕਿੰਝ ਸਾਗਰ ਚ ਡੁਬਕੀ ਲਾਏਗੀ।
ਇੱਕ ਵੀ ਜੇ ਇੱਕ ਰਹੇ ਤਾਂ ਇੱਕੋ ਇੱਕ ਰਹਿ ਜਾਏਗਾ।
ਦੋ ਨਹੀਂ ਬਣਦੇ ਤਾਂ ਫਿਰ ਦੁਨੀਆਂ ਵੀ ਨਾ ਬਣ ਪਾਏਗੀ।
•

# ਨਿਰਅੰਕਾਰ

ਨਿਰਅੰਕਾਰ ਸੰਸਾਰ ਉਪਾਇਆ, ਭਵਜਲ ਦੁਨੀਆ ਦਾ ਸਰਮਾਇਆ,
ਸਾਰੇ ਦੂਖ ਦਰਦ ਸੰਸਾਰੀ ਜੱਗਤ ਜਲੰਦਾ ਸਾਰਾ ਹੂ
ਜਿਸ ਦਿਨ ਸਾਡੀ ਵਾਰੀ ਆਊ ਮਲਕਲ ਮੌਤ ਹਿਸਾਬ ਦਿਖਾਊ,
ਪਾਈ ਪਾਈ ਜਦ ਗਿਣ ਹੋਈ ਕਰਜ਼ਾ ਨਿਕਲੂ ਭਾਰਾ ਹੂ॥

•

# ਰਸਤੇ ਵਿੱਚ

ਰਸਤੇ ਵਿੱਚ ਛੱਡ ਜਾਣ ਜੇਕਰ ਹਮਸਫਰ ਸਫਰ ਜੀਵਨ ਦਾ ਕਦੇ ਮੁੱਕਦਾ ਨਹੀਂ।
ਵਕਤ ਆਪਣੀ ਤੋਰ ਤੁਰਦਾ ਹੈ ਸਦਾ ਸਾਹ ਰੁਕਣ ਦੇ ਨਾਲ ਵੀ ਰੁਕਦਾ ਨਹੀਂ।
ਪੀੜ ਦਿਲ ਵਿੱਚ ਹੈ ਤਾਂ ਅੱਥਰੂ ਆਓਣਗੇ ਅੱਖਾਂ ਦਾ ਪਾਣੀਂ ਉਮਰ ਭਰ ਸੁੱਕਦਾ ਨਹੀਂ।
ਸਿਰ ਨਿਵਾ ਕੇ ਤੁਰਨ ਤੋਂ ਵੱਧ ਕੀ ਕਰਾਂ, ਇਸ ਤੋਂ ਜਿਆਦਾ ਹੋਰ ਸਿਰ ਝੁਕਦਾ ਨਹੀਂ।
ਪਤਾ ਲੱਗ ਜਾਂਦਾ ਹੈ ਦਿਲ ਦੇ ਦਰਦ ਦਾ ਲੱਖ ਲੁਕਾਈਏ ਫੇਰ ਵੀ ਲੁਕਦਾ ਨਹੀਂ।
ਰਜ਼ਾ ਦੇ ਵਿੱਚ ਰਹਿਣਾ ਪੈਣਾ ਸੁੱਨੜਾ ਇਸ ਤੋਂ ਵਧੀਆ ਹੋਰ ਕੋਈ ਨੁਕਤਾ ਨਹੀਂ।
ਹਾਸੇ ਵੰਡਣੇ ਲੋਚਦਾ ਹੈ ਹਰ ਕੋਈ ਪਰ ਪੀੜ ਵੰਡਣ ਵੇਲੇ ਕੋਈ ਢੁਕਦਾ ਨਹੀਂ।

•

# ਰੱਬ ਨੇ ਬੰਦਾ ਆਪ ਬਣਾਇਆ

ਰੱਬ ਨੇ ਬੰਦਾ ਆਪ ਬਣਾਇਆ ਬੰਦਾ ਬਣ ਕੇ ਰਹਿਣ ਲਈ
ਪਰ ਅਕਲ ਦੇ ਪਿੱਛੇ ਲੱਗ ਬੰਦੇ ਨੇ ਕਰ ਲਿਆ ਸੱਤਿਆਨਾਸ।
ਬੰਦੇ ਨੂੰ ਇਹ ਪਤਾ ਹੈ ਬਹੁਤ ਸਿਆਣਪ ਸਹੀ ਨਹੀਂ ਹੁੰਦੀ
ਰਜ਼ਾ 'ਚ ਰਾਜ਼ੀ ਰਹਿਣ ਨੂੰ ਰਚ ਲਿਆ ਧਰਮਾਂ ਦਾ ਇਤਹਾਸ।
ਖੁਦ ਨੂੰ ਕਾਬੂ ਕਰਨ ਲਈ ਕਾਨੂੰਨ ਬਨਾਉਣੇਂ ਪੈ ਗਏ ਰੱਬ ਵਰਗੇ
ਬੰਦੇ ਦਾ ਖੁਦ 'ਤੇ ਬਿਲਕੁਲ ਨਹੀਂ ਵਿਸ਼ਵਾਸ।
ਧਰਮ ਤਾਂ ਮਰਿਯਾਦਾ ਹੈ ਕੋਈ ਵੀ ਮਰਿਯਾਦਾ ਨਹੀਂ ਮਾੜੀ
ਪਰ ਇੱਕ ਦੂਜੇ ਦੀ ਨਿੰਦਿਆ ਕਰਕੇ ਕਰ ਲਿਆ ਪਰਦਾ ਫਾਸ਼।
ਵੇਦ ਸੱਚ ਇਲਹਾਮ ਵੀ ਸੱਚਾ ਸੱਚੀ ਧੁਰ ਕੀ ਬਾਣੀ
ਫਿਰ ਸੱਚ ਨੂੰ ਸੱਚ ਨਾਲ ਝਗੜਣ ਦੀ ਤਾਂ ਲੋੜ ਨਹੀਂ ਲਗਦੀ ਖਾਸ।
ਹੁਕਮ ਰਜ਼ਾ ਵਿੱਚ ਰਹਿਣ ਦਾ ਬੰਦੇ ਨੂੰ ਇੱਕ ਮੌਕਾ ਮਿਲਿਆ
ਪਰ ਜੂਨਾਂ ਦੇ ਚੱਕਰ ਵਿੱਚ ਪੈ ਗਿਆ ਜੰਮਦਾ ਮਰਦਾ ਮਾਸ।
ਸਾਰਿਆਂ ਧਰਮ ਗ੍ਰੰਥਾਂ ਦੇ ਵਿੱਚ ਸੱਚ ਤਾਂ ਇੱਕੋ ਇੱਕ ਹੈ ਸੱਚ
ਸ਼ਬਦ ਦੇ ਚਰਨਾਂ ਦੇ ਵਿੱਚ ਸੁੱਨੜਾ ਕਰ ਅਰਦਾਸ।
ਮਹਿਲ ਮਾੜੀਆਂ ਅਤੇ ਜਗੀਰਾਂ ਨਾਲ ਨਹੀਂ ਕੁਝ ਜਾਣਾ ਝੂਠੇ
ਦੁਨੀਆਂ ਦੇ ਸਭ ਚਸਕੇ ਝੂਠੇ ਬਿਲਕੁਲ ਭੋਗ ਵਿਲਾਸ।
ਰਾਜੇ ਰੰਕ ਅਮੀਰ ਵਜੀਰ ਤਾਂ ਹਰ ਕੋਈ ਬਣਨਾ ਚਾਹੁੰਦਾ
ਕੋਈ ਨਹੀਂ ਜੋ ਇਸ ਦੁਨੀਆ ਵਿੱਚ ਬਣਨਾ ਚਾਹੁੰਦਾ ਦਾਸ।
ਭੋਂ ਭਾਂਡਾ ਜਿੰਨਾ ਮਰਜ਼ੀ ਤੂੰ ਕੱਠਾ ਕਰ ਲੈ ਮਿੱਤਰਾ ਪਰ
ਸਾਢ੍ਹੇ ਤਿੰਨ ਹੱਥ ਧਰਤੀ 'ਤੇ ਤੇਰਾ ਹੋਣਾ ਕੰਮ ਖਲਾਸ।

•

# ਸੜਦੀ ਰੁੱਤ

ਸੜਦੀ ਰੁੱਤ ਅਸਾੜ ਦੀ ਲੋਆਂ ਕਰਨ ਨਿਰਾਸ਼,
ਤਪਸ਼ ਤਪਾਇਆ ਧਰਤ ਨੂੰ ਡੋਲ ਚੱਲੇ ਵਿਸ਼ਵਾਸ।
ਠੱਕਾ ਵਗਿਆ ਪੁਰੇ ਦਾ ਫਲ ਫੁੱਲ ਸੱਤਿਆਨਾਸ,
ਬਹੁੜ ਸਿਰਾਂ ਦਿਆ ਸਾਈਆਂ ਜਗਤ ਕਰੇ ਅਰਦਾਸ।
ਕਿਣਮਿਣ ਹੋਈ ਅੰਬਰੋਂ ਸਾਹ ਵਿੱਚ ਆਈ ਸਾਸ,
ਸਾਵਣ ਸੀਤਲ ਵਾ ਵਗੀ ਮਿਲਿਆ ਕੁਝ ਧਰਵਾਸ।
ਮੋਰ ਬਬੀਹੇ ਬੋਲਦੇ ਬਦਲ ਗਏ ਅਹਿਸਾਸ,
ਜਲ ਥਲ ਚਾਰ ਚੁਫੇਰਿਓਂ ਸਵਰਗ ਪੁਰੀ ਵਿੱਚ ਵਾਸ।
ਖੁੱਡੀਂ ਪਾਣੀ ਵੜ ਗਿਆ ਜੋ ਸੱਪ ਸਪੋਲਿਆਂ ਵਾਸ,
ਕੀੜਾ ਨਾ ਕੋਈ ਡੱਸ ਲਵੇ ਨਾ ਤੋੜ ਖਾ ਲਵੇ ਮਾਸ।
ਹਰ ਰੁੱਤ ਹਰ ਇੱਕ ਜੀਅ ਨੂੰ ਕਦੇ ਨਾ ਆਉਂਦੀ ਰਾਸ,
ਹੁੱਟ ਗਰਮੀਂ ਤੋਂ ਵੀ ਬੁਰਾ ਬੁਰੀ ਭਾਦੋਂ ਦੀ ਭੜਾਸ।
•

# ਹਰ ਦਿਲ ਹੀ ਜ਼ਖਮੀ ਹੈ

ਹਰ ਦਿਲ ਹੀ ਜ਼ਖਮੀ ਹੈ ਫਿਰ ਵੀ ਟਲਦੇ ਨਹੀਂ ਲੋਕੀਂ,
ਸਾਰੇ ਦਿਲ ਜਿੱਤਦੇ ਸਾਰੇ ਹੀ ਹਰਦੇ ਫਿਰਦੇ ਨੇ।
ਐਨੀ ਆਪਾ ਧਾਪੀ ਪਤਾ ਨਹੀਂ ਕਾਹਤੋਂ ਪੈ ਗਈ,
ਸਾਰੇ ਆਪੋ ਆਪਣਾ ਠੂਠਾ ਅੱਗੇ ਧਰਦੇ ਨੇ।
ਹਰ ਕੋਈ ਆਪਣੇ ਚੱਕਰਵਿਊ ਵਿੱਚ ਫਸਿਆ ਫਿਰਦਾ ਹੈ,
ਅੱਧ ਪਚੱਦੇ ਸੜਦੇ ਅੱਧੇ ਠਰਦੇ ਫਿਰਦੇ ਨੇ।
ਨਾਜ਼ਕ ਬਣ ਬਣ ਬਹਿਣ ਵਾਲੇ ਵੀ ਗਹੁ ਨਾ ਜੇ ਤੱਕੀਏ,
ਬਚਦੇ ਵੀ ਨੇ ਨਾਲੇ ਕਈ ਕੁਝ ਕਰਦੇ ਫਿਰਦੇ ਨੇ।
ਕਾਹਨੂੰ ਚਿੰਤਾ ਕਰਦੈਂ ਆਪਣੀ ਕਵਿਤਾ ਲਿਖ
'ਸੁੱਨੜਾ' ਕੱਚ ਦੇ ਬਰਤਨ ਅਕਸਰ ਹੀ ਟੁੱਟ ਜਾਇਆ ਕਰਦੇ ਨੇ।

•

# ਹੋਰ ਉਮਰਾਂ

ਹੋਰ ਉਮਰਾਂ ਦੀ ਸਜ਼ਾ ਜੇ ਨਾ ਸੁਣਾਵੇਂ ਤਾਂ ਖਰਾ
ਇਸ ਉਮਰ ਨੇ ਹੀ ਕਰਾਤੇ ਯਾਦ ਸਾਨੂੰ ਨਾਨਕੇ।
ਰੱਬ ਕਰੇ ਤੈਨੂੰ ਕੋਈ ਤੱਤੀ ਹਵਾ ਵੀ ਨਾ ਲੱਗੇ
ਅਸੀਂ ਦੇਖੀ ਤੱਤੀ ਠੰਡੀ ਬਹੁਤ ਹੀ ਖੇਹ ਛਾਣਕੇ।
ਕਦੇ ਜੇ ਸੁਪਨੇ 'ਚ ਕੋਈ ਹੁਸਨਬਾਨੋ ਦਿਸ ਪਵੇ
ਨੱਚ ਪਵਾਂ ਮੈਂ ਵੀ ਕਦੇ ਜੇ ਸੁਪਨਿਆਂ ਨੂੰ ਮਾਣਕੇ।
ਮੇਰੀਆਂ ਮਜਬੂਰੀਆਂ ਹੀ ਧਰਮ ਬਣ ਗਈਆਂ
ਮੇਰਾ ਰਹਿਣਦੇ ਸਾਡੀ ਕਹਾਣੀ ਤੂੰ ਕੀ ਲੈਣਾ ਜਾਣਕੇ।
ਯਤਨ ਵੀ ਕੀਤਾ ਕੋਈ ਤਸਵੀਰ ਪਰ ਨਾ ਬਣ ਸਕੀ
ਟੂਣੇਹਾਰੀ ਪਰੀ ਨੇ ਵੀ ਰੱਖਿਆ ਪਰਦਾ ਤਾਣਕੇ।

•

# ਸੀਸ ਝੁਕਾ ਲੈਂਦੇ ਹੋ

ਸੁਣਿਆਂ ਹੈ ਤੁਸੀਂ ਕਦੇ ਕਦਾਵੀਂ ਗੀਤ ਗ਼ਜ਼ਲ ਵੀ ਗਾ ਲੈਂਦੇ ਹੋ।
ਕਦੇ ਕਦੇ ਗੁੱਸੇ ਵਿਚ ਆ ਕੇ ਤੁਸੀਂ ਰੱਬ ਦਾ ਨਾਮ ਧਿਆ ਲੈਂਦੇ ਹੋ।
ਗਰਦਨ ਸਿਧੀ ਰੱਖਕੇ ਤੁਰਦਾ, ਇਹ ਤਾਂ ਤੇਰਾ ਨਾਮਕਰਣ ਸੀ।
ਪਰ ਮੰਦਰ ਮਸਜਦ ਗੁਰੂਦੁਆਰੇ ਜਾ ਕੇ ਸੀਸ ਝੁਕਾ ਲੈਂਦੇ ਹੋ।
ਪੈਸਾ ਧੇਲਾ ਕੱਠਿਆਂ ਕਰਦਿਆਂ ਸਾਰੀ ਉਮਰ ਬਿਤਾ ਦਿਤੀ ਜੇ,
ਸੱਚ ਬੋਲਿਆਂ ਨਹੀਂ ਸਰਦਾ ਤਾਂ ਝੂਠ ਦਾ ਤੜਕਾ ਲਾ ਲੈਂਦੇ ਹੋ।
ਘਰ ਪਰਵਾਰ ਆਪਣੇ ਖਾਤਰ ਹਰ ਪੰਗਾ ਲੈਂਦੇ ਹੋ ਹਰ ਦਮ,
ਮਹਿਲ ਮਾੜੀਆਂ ਜੋ ਕੁਝ ਬਣਦਾ ਪੂਰੀ ਵਾਹ ਲਗਾ ਲੈਂਦੇ ਹੋ।
ਹਰ ਸਿਆਣਪ ਸਿਖ ਛੱਡੀ ਹੈ ਸਾਨੀ ਨਾ ਕੋਇ ਤੇਰਾ ਕਿਧਰੇ,
ਸਰਕਾਰੇ ਦਰਬਾਰੇ ਆਪਣੀ ਤੁਸੀਂ ਪੂਰੀ ਧਾਕ ਜਮਾ ਲੈਂਦੇ ਹੋ।
ਕੁੱਲ ਜ਼ਮਾਨਾਂ ਜਿਸਨੂੰ ਜਾਣੇ ਹਰਫਨਮੌਲਾ ਕਹਿੰਦੀ ਦੁਨੀਆਂ,
ਜਿੰਨੀਂ ਉੱਚੀ ਹੋ ਸਕਦੀ ਹੈ ਤੁਸੀਂ ਆਪਣੀਂ ਝੰਡੀ ਲਾ ਲੈਂਦੇ ਹੋ।
ਜਿਸ ਦਿਨ ਤੇਰੇ ਆਪਣੇ ਤੈਨੂੰ ਆਪਣਾ ਰੰਗ ਦਿਖਾ ਦੇਂਦੇ ਹਨ।
ਦੁਨੀਆਂ ਤੋਂ ਤਾਂ ਇਕ ਪਾਸੇ ਤੁਸੀਂ ਖੁਦ ਤੋਂ ਮੂੰਹ ਛੁਪਾ ਲੈਂਦੇ ਹੋ।
ਕਦੇ ਕਦੇ ਤੁਸੀਂ ਰੋ ਲੈਂਦੇ ਹੋ ਅਤੇ ਕਦੇ ਕਦੇ ਮੁਸਕਾ ਲੈਂਦੇ ਹੋ।
ਨੱਥ ਪਾ ਕੇ ਰੱਖੀ ਸੀ ਜਿਸਨੇ ਸਮੇਂ ਦੀਆਂ ਵਾਗਾਂ ਸੀ ਹੱਥ ਵਿਚ,
ਜਿਵੇਂ ਸਮੇਂ ਨੇ ਚਾਹਿਆ ਬਸ ਓਦਾਂ ਹੀ ਵਕਤ ਲੰਘਾ ਲੈਂਦੇ ਹੋ।
ਜਿਸ ਤਰਾਂ ਦਾ ਮੇਲਾ ਹੈ ਉਸ ਤਰਾਂ ਦਾ ਸਵਾਂਗ ਬਣਾ ਲੈਂਦੇ ਹੋ।
ਨੱਕ ਥੱਲੇ ਨਹੀਂ ਸੀ ਕੁਝ ਹੁੰਦਾ, ਹੁਣ ਜੋ ਮਿਲਦਾ ਖਾ ਲੈਂਦੇ ਹੋ।
ਕਿਸੇ ਵੀ ਰੰਗ ਦਾ ਮਿਲ ਜਾਵੇ ਓਹੀਓ ਹੀ ਕੁੜਤਾ ਪਾ ਲੈਂਦੇ ਹੋ।
ਝੱਟ ਪੱਟ ਕਰਨਾਂ ਭੁੱਲਕੇ ਹੁਣ ਜਿਓਂ ਲੰਘੇ ਝੱਟ ਲੰਘਾ ਲੈਂਦੇ ਹੋ।
ਹੋਰ ਕਿਸੇ ਨੇ ਕੀ ਸਮਝਾਉਣਾਂ ਤੁਸੀਂ ਖੁਦ ਨੂੰ ਹੀ ਸਮਝਾ ਲੈਂਦੇ ਹੋ।
ਜਿਸ ਤਰਜ਼ ਵਿਚ ਗੀਤ ਸੁਣੇ ਉਸ ਤਾਲ ਚ' ਸਾਜ਼ ਵਜਾ ਲੈਂਦੇ ਹੋ।

•

# ਧਰਤੀ ਦਾ ਸਤਿਕਾਰ

ਲੱਗ ਜਾਣਦੇ ਨਜ਼ਰ ਤੂੰ ਮੇਰੀਆਂ ਨਜ਼ਮਾਂ ਨੂੰ,
ਬਿਨਾਂ ਵਜ੍ਹਾ ਨਾ ਮਹਿੰਗੇ ਭਾਅ ਦੀਆਂ ਮਿਰਚਾਂ ਵਾਰ।
ਸੱਚ ਜਿਸਨੇ ਵੀ ਲਿਖਿਆ ਪੜ੍ਹਦੇ ਨਹੀਂ ਲੋਕੀਂ,
ਮੇਰੇ ਸਿਰ ਵਾਧੂ ਫਿਰ ਤੂੰ ਵੀ ਨਾ ਚੜ੍ਹਾ ਇਹ ਭਾਰ।
ਪੰਜਾਬੀ ਦੀ ਖਾਤਰ ਮਰਦੇ ਦਮ ਤੱਕ ਲੜਾਂਗਾ,
ਭਾਵੇਂ ਮੈਂ ਇਕੱਲਾ ਹੀ ਕਿਉਂ ਨਾ ਰਹਿ ਜਾਵਾਂ ਯਾਰ।
ਕਦੇ ਕਦੇ ਤਾਂ ਬੁੱਧੀ ਜੀਵੀ ਵਾਹ ਵਾਹ ਵੀ ਕਰਦੇ,
ਰਾਤ ਖਤਮ ਤੇ ਬਾਤ ਖਤਮ ਇਹੋ ਜਿਹਾ ਸੰਸਾਰ।
ਪਿਆਰ ਦੀਆਂ ਵੀ ਕਵਿਤਾਵਾਂ ਮੈਂ ਲਿਖੀਆਂ ਨੇ,
ਹੀਰ ਦਾ ਕਿਸਾ ਵੀ ਤਾਂ ਲਿਖਿਆ ਸੀ ਇਕ ਵਾਰ।
ਬਹੁਤ ਕੀਤੀਆਂ ਧਰਮ ਦੀਆਂ ਗੱਲਾਂ ਵੀ ਮੈਂ,
ਮੰਗਿਆ ਮੈਂ ਰੰਗ ਮਜੀਠ ਵੀ ਸਤਿਗੁਰ ਦੇ ਦਰਬਾਰ।
ਪੰਜਾਬ ਦੀ ਪੀੜਾ ਜ਼ਰੀ ਨਹੀਂ ਜਾਂਦੀ ਲੇਕਿਨ,
ਪੰਜਾਂ ਦਰਿਆਵਾਂ ਦੀ ਧਰਤੀ ਨਾਲ ਹੈ ਮੇਰਾ ਪਿਆਰ।
ਜੇਹੜੀ ਧਰਤੀ ਜਨਮਅਸਥਾਨ ਹੈ ਦੁਨੀਆਂ ਦਾ,
ਕਿਉਂ ਨਾ ਕਰੇ ਸੁੱਨੜ ਉਸ ਧਰਤੀ ਦਾ ਸਤਿਕਾਰ।

•

# ਕਮਲਾ

ਦੁਨੀਆ 'ਚ ਚਰਚਾ ਹੋ ਰਹੀ ਕਿ 'ਸੁੱਨੜ' ਕਮਲਾ ਹੋ ਗਿਆ,
ਆਪਾਂ ਤਰੀਕਾ ਲੱਭ ਲਿਆ ਅਕਲਾਂ ਤੋਂ ਬਚ ਕੇ ਰਹਿਣ ਦਾ।
ਘਰ ਘਰ ਲੋਕੀਂ ਆਖਦੇ ਪਾਗਲ ਹੈ ਬੁੜ ਬੁੜ ਕਰ ਰਿਹਾ,
ਮੈਨੂੰ ਨਜ਼ਾਰਾ ਆ ਰਿਹਾ ਗੱਲ ਖੁੱਲ੍ਹ ਕੇ ਦਿਲ ਦੀ ਕਹਿਣ ਦਾ।
ਡਰਦਾ ਰਿਹਾ ਮੈਂ ਉਮਰ ਭਰ ਕੁਝ ਗ਼ਲਤ ਨਾ ਮੈਂ ਕਹਿ ਦਿਆਂ,
ਪਿੰਜਰੇ ਚੋਂ ਬਾਹਰ ਲੁਤਫ ਹੈ, ਅੰਬਰੀਂ ਉਡਾਰੀਆਂ ਲੈਣ ਦਾ।
ਸਹਿਜ ਸੰਜਮ ਖਰਾ ਹੁੰਦਾ ਪਰ ਮੈਂ ਖੋਟਾ ਤਾਂ ਖੋਟਾ ਹੀ ਸਹੀ,
ਮੈਂ ਠੇਕਾ ਤਾਂ ਨਹੀਂ ਲੈ ਰੱਖਿਆ, ਮੇਹਣੇ ਤਾਹਨੇ ਸਹਿਣ ਦਾ।
ਬੰਦੀ ਬਣਕੇ ਰਿਹਾ ਡਰਦਾ ਇਹ ਦੁਨੀਆਂ ਕੀ ਮੈਨੂੰ ਕਹੇਗੀ,
ਪਾਗਲ ਨਜ਼ਾਰਾ ਲੈ ਰਿਹਾ ਮਰਜ਼ੀ ਨਾਲ ਉੱਠਣ ਬਹਿਣ ਦਾ।
ਵੱਟਾਂ ਬੰਨੇ ਬਹੁਤ ਲੱਗੇ ਮੈਂ ਪਹਿਲਾਂ ਤੋਲਿਆ ਫਿਰ ਬੋਲਿਆ।
ਕਮਲੇ ਨੂੰ ਵੱਲ ਆ ਗਿਆ ਆਪਣੇ ਵਹਾਅ ਵਿਚ ਵਹਿਣ।

•

# ਕਸੂਰਵਾਰ

ਕੋਇ ਨਾ ਕੋਇ ਕਸੂਰ ਤਾਂ ਹਰ ਇਕ ਬੰਦਾ ਹੀ ਕਰਦਾ ਹੈ,
ਕਿਸੇ ਨਾ ਕਿਸੇ ਕਚੈਹਰੀ ਕੋਲੋਂ ਹਰ ਇਕ ਬੰਦਾ ਹੀ ਡਰਦਾ ਹੈ।
ਜਦੋਂ ਕਦੇ ਕੋਇ ਗਲਤੀ ਸਾਨੂੰ ਜੱਜ ਸਾਹਮਣੇਂ ਲੈ ਜਾਂਦੀ ਹੈ,
ਜੇ ਸਾਡੀ ਗ਼ਲਤੀ ਕਾਰਣ ਸਾਨੂੰ ਕੋਇ ਮੁਸੀਬਤ ਪੈ ਜਾਂਦੀ ਹੈ।
ਆਪਣੀ ਗ਼ਲਤੀ ਕਾਰਣ ਬੰਦਾ ਮਿਲੀ ਸਜ਼ਾ ਨੂੰ ਜਰ ਲੈਂਦਾ,
ਮਿਲੀ ਸਜ਼ਾ ਤੋਂ ਬੰਦਾ ਆਪਣੇ ਕਰਮਾਂ ਕਰਕੇ ਹਰ ਲੈਂਦਾ ਹੈ।
ਜਦ ਕਦੇ ਸਮਾਜਿਕ ਸ਼ਕਤੀਆਂ ਕਸੂਰਵਾਰ ਠਹਿਰਵਣ ਤਾਂ,
ਤੁਹਾਡੇ ਆਪਣੇ ਰਿਸ਼ਤੇ ਜੇਕਰ ਸਾਨੂੰ ਦੱਬਣਾਂ ਚਾਹਵਣ ਤਾਂ।
ਫਿਰ ਆਪਣੇ ਲੋਕਾਂ ਦੇ ਕੋਲੋਂ ਤੁਸੀਂ ਕਿੱਤਰਾਂ ਜਾਨ ਛਡਵਾਓਗੇ,
ਰਗ ਰਗ ਦੇ ਵਾਕਿਫ ਨੇ ਜੋ ਓਹਨਾਂ ਤੋਂ ਕਿਵੇਂ ਬਚ ਪਾਓਗੇ।
ਆਪਣਿਆ ਦਾ ਵਾਰ ਤਾਂ ਵਿਰਲਾ ਹੀ ਕੋਇ ਜ਼ਰ ਸਕਦਾ ਹੈ,
ਜਾਂ ਫਿਰ ਆਪਣਿਆਂ ਹੱਥੋਂ ਅਣਿਆਇ ਮੌਤੇ ਮਰ ਸਕਦਾ ਹੈ।
ਪਤਾ ਨਹੀਂ ਕਿਥੇ ਮਾਰਨਗੇ, ਤੇ ਮਾਰਕੇ ਕਿਥੇ ਦੱਬਣਗੇ,
ਆਪਣਿਆਂ ਨੂੰ ਮਾਰਨ ਵਾਲੇ ਹੁਣ ਹਰ ਗਲੀ ਮਹੱਲੇ ਲੱਭਣਗੇ।
ਮੇਰੇ ਆਪਣੇ ਦੋਸ਼ ਜੇ ਲਾਉਂਦੇ ਕਸੂਰਵਾਰ ਤਾਂ ਹੋਵਾਂਗਾ,
ਦਿਲ ਦਿਮਾਗ ਤੇ ਦਾਗ ਜੋ ਲੱਗ ਗਇ ਕਿਵੇਂ ਉਹ ਸਾਰੇ ਧੋਵਾਂਗਾ।
ਤੂੰ ਹੀ ਜੇ ਮੇਹਰ ਕਰੇਂ ਸਤਿਗੁਰ ਤਾਂ ਭੋਗ ਹੀ ਇਸਦਾ ਪਾ ਦੇਵਾਂ,
ਆਪਣੇ ਮੁੱਕਣ ਤੋਂ ਪਹਿਲਾਂ ਮੈਂ ਮੁਕਦੀ ਗੱਲ ਮੁਕਾ ਦੇਵਾਂ।

•

# ਅਗਨੀਪਥ

ਚਹੁੰ ਸਾਲਾਂ ਦਾ ਅਗਨੀਪਥ ਤੇ ਬਾਅਦ ਵਿਚ ਠੁਣ ਠੁਣ ਗੋਪਾਲ।
ਪਰ ਸਾਂਸਦ ਵਿਧਾਇਕ ਮਾਣਦੇ ਹਰ ਵਾਰ ਦੀ ਪੈਂਨਸ਼ਨ ਕਮਾਲ।
ਚੌਂਵੀ ਸਾਲਾਂ ਦਾ ਨੌਜਵਾਂਨ ਉਮਰ ਕਰਕੇ ਨਹੀਂ ਰੱਖਦੇ ਫੌਜ ਵਿਚ,
ਅੱਸੀ ਨੱਬੇ ਸਾਲ ਦੇ ਮੁੱਖ ਮੰਤਰੀ, ਸਾਂਸਦ ਵਿਧਾਇਕ ਬੇਮਿਸਾਲ।
ਵੀਹ ਸਾਲਾ ਜੇ ਜ਼ਿਦ ਕਰੇ ਤਾਂ ਭਰਤੀ ਕਰਨ ਚੌਂਹ ਸਾਲਾਂ ਵਾਸਤੇ,
ਜਦ ਪੱਚੀਆਂ ਦਾ ਹੋ ਗਿਆ ਤਾਂ ਖੁਦ ਕਰੇ ਉਹ ਆਪਣਾ ਖਿਆਲ।
ਧਰਮ ਨੂੰ ਖ਼ਤਰਾ ਹੈ ਜੇਕਰ ਅੰਦੋਲਨ ਚੱਲਦਾ ਹੱਕ ਸੱਚ ਵਾਸਤੇ,
ਧਰਮਾਂ ਤੇ ਕਾਬਜ਼ ਸਿਆਸੀ ਹੀ ਕਰ ਸਕਦੇ ਧਰਮਾਂ ਦੀ ਸੰਭਾਲ।
ਸੱਤਿਵਾਦੀ ਸੀ ਸਾਰੇ ਸੁਕਰਾਤ ਜੀਸਸ ਅਤੇ ਰਾਮ ਵੀ ਰਹੀਮ ਵੀ।
ਨਾਨਕ ਤੋਂ ਜੇਹੜੇ ਡਰ ਰਹੇ ਉਹ ਭੁੱਲੇ ਨੇ ਹੈ ਕਿਸ ਰਾਹ ਦੀ ਭਾਲ।

•

# ਸੋਚ

ਮੈਂ ਕਿਉਂ ਆਪਣੇ ਬਾਰੇ ਸੋਚਾਂ, ਜਿਸਦਾ ਹੈ ਸਭ ਕੁਝ ਉਹ ਸੋਚੇ।
ਜੋ ਮੇਰੇ ਵੱਸਦੀ ਹੀ ਨਹੀਂ ਤਾਂ ਉਸ ਗੱਲ ਬਾਰੇ ਦਿਲ ਕਿਉਂ ਲੋਚੇ।
ਮੈਂ ਤਾਂ ਕੁਝ ਵੀ ਨਹੀਂ ਬਣਾਇਆ, ਜੋ ਮਿਲਿਆ ਉਹੀ ਪਾਇਆ।
ਮੈਂ ਕਿਉਂ ਲੋਚਾਂ, ਮੈਂ ਕਿਉਂ ਸੋਚਾਂ ਕਿਵੇਂ ਮਿਲੂ ਮੈਂ ਜੋ ਜੋ ਚਾਹਿਆ।
ਜਿਸਨੇ ਜੀਵਨ ਬਖਸ਼ਿਸ਼ ਕੀਤਾ ਉਸਨੇ ਵੀ ਕੁਝ ਸੋਚਿਆ ਹੋਊ।
ਜੋ ਮਿਲਿਆ ਉਹ ਹੀ ਮਿਲਣਾ ਸੀ ਮੈਂ ਵੀਹ ਵਾਰੀ ਲੋਚਿਆ ਹੋਊ।
ਕਿਉਂ ਲਗਾਵ ਕਰਾਂ ਆਪਣੇ ਨਾਲ, ਰਿਸ਼ਤਾ ਤਾਂ ਉਮੀਦ ਜਗਾਵੇ।
ਰਿਸ਼ਤੇ ਤੋਂ ਕੁਝ ਆਸ ਉਪਜਦੀ, ਉਮੀਦ ਟੁੱਟੇ ਤਾਂ ਦਿਲ ਟੁੱਟ ਜਾਵੇ।
ਮੇਰੇ ਵਿਚ ਮੇਰਾ ਕੁਝ ਨਹੀਂ ਤਾਂ ਕਿਉਂ ਰੱਖਾਂ ਮੈਂ ਫਿਰ ਰਿਸ਼ਤੇਦਾਰੀ।
ਰੰਗ ਵੀ ਉਹ ਰੰਗਦਾ ਵੀ ਓਹੀ ਉਹ ਵਸਤਰ ਉਹ ਆਪ ਲਲਾਰੀ।

•

# ਪਾਣੀ ਦੇ ਰੰਗ ਅਨੇਕਾਂ

ਪਾਣੀ ਵੱਟਾਂ ਬੰਨੇ ਤੋੜ ਕੇ ਵਹਿ ਤੁਰੇ ਤਾਂ ਉਸਨੂੰ ਹੜ੍ਹ ਕਹਿੰਦੇ ਨੇ।
ਪਾਣੀ ਲੱਭੇ ਹੀ ਨਾ ਤਾਂ ਅਓੜ, ਬੱਦਲਾਂ 'ਚੋਂ ਗਿਰੇ ਪਾਣੀ ਤਾਂ ਮੀਂਹ,
ਅਸਮਾਨ ਵੱਲ ਉਡ ਤੁਰੇ ਪਾਣੀ ਤਾਂ ਭਾਫ,
ਅਸਮਾਨ ਤੋਂ ਡਲੀਆਂ ਬਣ ਕੇ ਗਿਰੇ ਤਾਂ ਗੜ੍ਹੇ,
ਪਾਣੀਂ ਜੰਮ ਜਾਵੇ ਤਾਂ ਬਰਫ, ਫੁੱਲਾਂ ਤੇ ਜੇ ਸਵੇਰੇ ਦਿਸੇ ਉਹ ਤ੍ਰੇਲ,
ਫੁੱਲਾਂ ਦਾ ਅਰਕ ਪਾਣੀ ਇਤਰ, ਇਕ ਜਗ੍ਹਾ ਜਮ੍ਹਾਂ ਹੋਇਆ ਪਾਣੀ
ਛੱਪੜ ਤਲਾ ਝੀਲ, ਵਹਿੰਦਾ ਪਾਣੀਂ ਦਰਿਆ ਨਦੀਆਂ ਨਹਿਰਾਂ,
ਅਥਾਹ ਪਾਣੀ ਸਮੁੰਦਰ, ਪਾਣੀ ਧਰਤੀ ਚੋਂ ਫੁੱਟੇ ਤਾਂ ਝਰਨਾਂ,
ਬਹੁਤੀ ਠੰਢ ਨਾਲ ਜੰਮ ਕੇ ਸਵੇਰੇ ਧਰਤੀ ਤੇ ਦਿਸੇ ਤਾਂ ਕੋਰਾ,
ਪਾਣੀ ਜਿਸਮ 'ਚੋਂ ਨਕਿਲੇ ਤਾਂ ਪਸੀਨਾਂ,
ਪਾਣੀ ਅੱਖ ਚੋਂ ਨਿਕਲੇ ਤਾਂ ਹੰਝੂ।
ਦੁਨੀਆ ਦਾ ਹਰ ਜੀਵ ਜੰਤੂ ਪਛੂ ਪੰਛੀ ਬਨਾਸਪਤੀ
ਪਾਣੀ ਬਿਨਾਂ ਸਾਹ ਹੀ ਨਹੀਂ ਲੈ ਸਕਦਾ।
ਜਿਸ ਦਿਨ ਪਾਣੀ ਖਤਮ ਬਸ ਸਭ ਕੁਝ ਖਤਮ।
'ਪਾਣੀ ਦਿਵਸ' ਨੂੰ ਯਾਦ ਕਰਦਿਆਂ ਤੁਹਾਡਾ ਆਪਣਾ
ਸੁਰਿੰਦਰ ਸਿੰਘ ਸੁੰਨੜ

•

# ਅੰਤਰ

ਧਨ ਦੌਲਤ ਵੀ ਬਹੁਤ ਕਮਾਇਆ, ਪਿਆਰ ਵੀ ਬੇਹਿਸਾਬਾ ਮਿਲਿਆ।
ਪਿਛਲੀ ਉਮਰੇ ਸਮਝ ਪਿਆ ਹੈ ਦੁਨੀਆਂ ਦੇ ਤਨ ਤੇ ਮਨ ਦਾ ਅੰਤਰ।
ਜੇਕਰ ਭਾਂਡੇ ਨੂੰ ਬਹੁਤਾ ਭਰ ਦੇਵੋ ਤਾਂ ਉਹ ਚਾਰ ਚੁਫੇਰੇ ਫਿਰੂ ਉਛਲਦਾ।
ਕਿਸੇ ਨੂੰ ਪੂਰਾ ਖੁਸ਼ ਕਰਨ ਦਾ ਪੈਸਾ ਨਹੀ ਬਿਲਕੁਲ ਵਧੀਆ ਜੰਤਰ।
ਚੜਦੀ ਮਾਲੀ ਹੈ ਪੈਸਾ ਹੈ ਤਾਂ ਦੁਨੀਆਂ ਫਿਰ ਬਹੁਤ ਮੁਹੱਬਤ ਕਰਦੀ।
ਜੇ ਦੁਨੀਆਂ ਨੂੰ ਜਤਾ ਦੇਓ ਕੇਰਾਂ ਫਿਰ ਇਹ ਦੁਨੀਆਂ ਕਦੇ ਨਾ ਹਰਦੀ।
ਆਪ ਲਗਾਇ ਰੁੱਖਾਂ ਦੇ ਟਾਹਣੇ ਜਦ ਆਪਣੇ ਹੀ ਸਿਰ ਉੱਤੇ ਵੱਜਣ।
ਸਾਗਰ ਦੀ ਭਾਫ ਬਣਾਇ ਜੋ ਬੱਦਲ ਸਾਗਰ ਤੇ ਆ ਕੇ ਜਦ ਗੱਜਣ।
ਸਭ ਕੂਝ ਹੀ ਤੁਹਾਡੇ ਕੋਲੋਂ ਲੈ ਕੇ ਜੇਕਰ ਤੁਹਾਨੂ ਹੀ ਟਿਚ ਨਾ ਜਾਨਣ।
ਤੁਹਾਡੇ ਰੰਗਾਂ ਨਾ ਤੁਹਾਨੂੰ ਦਿਖਾ ਕੇ ਰੱਜ ਰੱਜ ਕੇ ਰੰਗ ਰਲੀਆਂ ਮਾਨਣ।
ਤੁਹਾਡੇ ਸੇਕ ਨਾਲ ਖਾਅ ਪਕਾ ਕੇ ਜਦ ਤੁਹਾਨੂੰ ਹੀ ਆਖਣ ਬੜਾ ਠੰਡਾ।
ਤੁਹਾਡੇ ਬਲ ਨਾਲ ਜਿਤ ਜਤਾ ਕੇ ਜਦ ਉਹ ਆਪਣਾ ਗੱਡ ਦੇਣ ਝੰਡਾ।
ਤਨ ਤਾਂ ਰੋਜ਼ ਧੋਂਦੀ ਹੈ ਦੁਨੀਆਂ ਲੇਕਿਨ ਕੋਇ ਨਾ ਧੋਵੇ ਮਨ ਦੀ ਮੈਲ।
ਵਰਤ ਕੇ ਪੂੰਝ ਕੇ ਸੁੱਟ ਦੇਂਦੇ ਹਨ, ਦੁਨੀਆਂ ਦਾ ਇਹ ਤਰੀਕਾ ਹੈ ਸੈਲ।
ਜਿਸ ਵਿਧ ਦੁਨੀਆਂ ਜਿਤ ਹੋ ਜਾਵੇ ਮੈਨੂੰ ਨਹੀਂ ਮਿਲਿਆ ਉਹ ਮੰਤਰ।
ਪਿਛਲੀ ਉਮਰੇ ਸਮਝ ਪਿਆ ਹੈ ਦੁਨੀਆਂ ਦੇ ਤਨ ਤੇ ਮਨ ਦਾ ਅੰਤਰ॥

•

## ਪਿੰਜਰਾ

ਜਿਸ ਪਿੰਜਰੇ ਚੋਂ ਬਚਣ ਦੀਆਂ ਤਰਕੀਬਾਂ ਦੱਸ ਰਿਹੈਂ,
ਉਹ ਪਿੰਜਰਾ ਤੂੰ ਆਪਣੇ ਆਲ ਦੁਆਲੇ ਪਾ ਰੱਖਿਆ।
ਸਹੀ ਗ਼ਲਤ ਰੰਗਾਂ ਦੀ ਜੇਕਰ ਪਰਖ ਹੈ ਤੈਨੂੰ ਤਾਂ,
ਫਿਰ ਗ਼ਲਤ ਰੰਗ ਤੂੰ ਆਪਣੇ ਉੱਤੇ ਕਾਹਤੋਂ ਲਾ ਰੱਖਿਆ।
ਲੋਕਾਂ ਨੂੰ ਲੱਭ ਲੱਭ ਕੇ ਨੁਕਤੇ ਦੱਸਦਾ ਫਿਰਦਾ ਹੈਂ,
ਆਪਣੇ ਆਪ ਨੂੰ ਫਿਰ ਕਿਓਂ ਅੱਜ ਤੀਕ ਗੰਵਾ ਰੱਖਿਆ।
ਜਿਤ ਜਾਣ ਦੇ ਦਾਅ ਪੇਚ ਜੇ ਆਉਂਦੇ ਹਨ ਤੈਨੂੰ,
ਤਾਂ ਤੂੰ ਖ਼ੁਦ ਨੂੰ ਕਿਸ ਕਾਰਣ ਬੰਦਿਆ ਆਪ ਹਰਾ ਰੱਖਿਆ।

•

## ਕਲਮ ਡੰਕ

ਕਲਮ ਡੰਕ ਪੈਨਸਿਲ ਦੀ ਪ੍ਰਤਿਭਾ ਹਰ ਕਿਸੇ ਦੇ ਕੰਮ ਨਹੀਂ ਆਉਂਦੀ।
ਸਿਆਹੀ ਵੀ ਇਕ ਰੰਗ ਹੁੰਦਾ ਹੈ ਸਿਆਹੀ ਸਭਦੇ ਮਨ ਨਹੀਂ ਭਾਉਂਦੀ।
ਸ਼ਬਦ ਚੋਣ ਕਰਨੀ ਔਖੀ ਹੈ ਇਹ ਜੁਗਤ ਨਹੀਂ ਹਰੇਕ ਨੂੰ ਥਿਆਉਂਦੀ।
ਉਸਦੇ ਬੋਲ ਬਲਾਵੇ ਵੀ ਉਹ ਕੁਦਰਤ ਕਰਤਾ ਸਭ ਕਰਮ ਕਰਾਉਂਦੀ।
ਰੰਗ ਕਸੁੰਭ ਮਜੀਠ ਵੀ ਰੰਗ ਹੈ ਕਿਸਨੂੰ ਕੀ ਜਿੰਦਗੀ ਰੰਗ ਲਾਉਂਦੀ।
ਸ਼ਬਦਾਂ ਦੀ ਵਰਤੋਂ ਜੀਵਾਂ ਨੂੰ ਮਾਨਵਤਾ ਤੋਂ ਇਕ ਇਨਸਾਨ ਬਣਾਉਂਦੀ।

•

# ਖਾਲੀ ਢੋਲ

ਬੰਦਾ ਕਾਹਦਾ ਜੇ ਬੁੱਧ ਨਹੀਂ ਹੈ,
ਗਾਂ ਕਾਹਦੀ ਜੇ ਦੁੱਧ ਨਹੀਂ ਹੈ।
ਇਨਸਾਨ ਤਾਂ ਹਰ ਕੋਈ ਬਣ ਸਕਦਾ,
ਅਸੀਂ ਉਹ ਬਣਦੇ ਜੋ ਚਹੁੰਦੇ ਹਾਂ।
ਭੁੱਲੇ ਮਾਰਗ ਦੇ ਅਸੀਂ ਪਾਂਧੀ,
ਕਿਰਤ ਕਰਮ ਸਾਨੂੰ ਉਲਝਾਂਦੀ,
ਲੱਛਣੀ ਧੱਕੇ ਖਾਂਦੇ ਫਿਰਦੇ,
ਪੁੱਠੇ ਰਾਹ ਵਾਟ ਵਧਾਉਂਦੇ ਹਾਂ।
ਕੋਈ ਦੁਨੀਆ ਕੋਈ ਰਾਹ ਨਾ ਸਾਡਾ,
ਕੋਈ ਸਮਝ ਕੋਈ ਸਾਹ ਨਾ ਸਾਡਾ,
ਮੇਰਾ ਮੇਰਾ ਕਰਦੇ ਫਿਰਦੇ,
ਖੁਦ ਅੱਖੀਂ ਘੱਟਾ ਪਾਉਂਦੇ ਹਾਂ।
ਜੰਮਣ ਮਰਨ ਤੇ ਜੋਰ ਨਾ ਕੋਈ,
ਰਿਸ਼ਤੇ ਗੰਢਦੀ ਫਿਰੇ ਲਕੋਈ,
ਝੂਠਾ ਟੱਬਰ ਟੀਰ ਬਣਾ ਕੇ,
ਮੋਹ ਮਮਤਾ ਲਾਲਚ ਲਾਉਂਦੇ ਹਾਂ।
ਜਿਕਰ ਰੱਬ ਦਾ ਵੀ ਕਰਦੇ ਹਾਂ,
ਦੁਨੀਆ ਭਾਣੇ ਰੱਬ ਤੋਂ ਡਰਦੇ ਹਾਂ,
ਖੌਂਫ ਘੱਟ ਪਰ ਜਿਕਰ ਬਹੁਤ,
ਹਾਥੀ ਦੇ ਦੰਦ ਦਿਖਾਉਂਦੇ ਹਾਂ।
ਮੇਹਰ ਕਰੀਂ ਮੇਰੇ ਮੌਲਾ ਸਾਈਂ,
ਸਾਨੂੰ ਸਾਡਾ ਰਾਹ ਦਰਸਾਈਂ,
ਸੱਤ ਸੰਤੋਖ ਸਬਰ ਨਾਲ ਭਰ,
ਅਸੀਂ ਖਾਲੀ ਢੋਲ ਵਜਾਉਂਦੇ ਹਾਂ।

•

# ਦੁਨੀਆ ਝੂਠ ਬੋਲਦੀ ਹੈ

ਤੂੰ ਸੱਚ ਮੰਨਣਾਂ ਤਾਂ ਮੰਨੀਂ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦੁਨੀਆਂ ਝੂਠ ਬੋਲਦੀ ਹੈ।
ਪੰਜ ਸੌ ਸਾਲ ਪਹਿਲਾਂ ਫੁਰਮਾਇਆ, ਪੰਦਰਾਂ ਸੌ ਵਿਚ ਝੂਠ ਰਲਾਇਆ, ਇਤਹਾਸ ਤੇ ਕਬਜ਼ਾ ਕਰਕੇ ਦੁਨੀਆਂ ਕੁਫਰ ਤੋਲਦੀ ਹੈ।
ਖਾਰਾ ਹੁੰਦਾ ਸਮੁੰਦਰੀ ਪਾਣੀਂ, ਨਹੀਂ ਗ੍ਰੀਕ ਤੋਂ ਤੁਰੀ ਕਹਾਣੀਂ,
ਇਹ ਦੁਨੀਆਂ ਦਰਿਆਵਾਂ ਤੇ ਜਨਮੀਂ ਉਸਨੂੰ ਸਾਗਰ ਚ' ਟ੍ਹੋਲਦੀ ਹੈ।
ਕੁਝ ਨਾਂ ਜੰਮੇਂ ਪਹਾੜ ਦੀ ਟੀਸੀ, ਰੁੱਖ ਬੂਟਾ ਵੀ ਨਾਂ ਲੱਭੀਸੀ,
ਬਰਫ ਨਾਂ ਜੰਮਿਆਂ ਮੁਲਕਾਂ ਦੇ ਵਿਚ ਕਿਉਂ ਦੁਨੀਆਂ ਜੂਨ ਰੋਲਦੀ ਹੈ।
ਨਾਂ ਹੀ ਮਾਰੂਥਲ ਉਪਜਾਊ, ਬੰਦਾ ਪਾਣੀਂ ਕਿਥੋਂ ਲਿਆਊ,
ਅਫਰੀਕਾ ਵਿਚ ਜਨਮੀਂ ਦੁਨੀਆਂ ਮੰਨਕੇ ਇਹ ਕੇਹੜੀ ਕੜ੍ਹੀ ਘੋਲਦੀ ਹੈ।
ਮਿਠਾ ਹੈ ਦਰਿਆਵੀ ਪਾਣੀ, ਮੈਂ ਇਹ ਜੋੜੀ ਨਹੀਂ ਕਹਾਣੀ,
ਦੁਨੀਆਂ ਦਾ ਜਨਮ ਪੰਜਾਬ ਵਿਚ ਮੰਨਣ ਤੋਂ ਦੁਨੀਆਂ ਕਿਉਂ ਡੋਲਦੀ ਹੈ।
ਅੱਖਰ ਲਿਖਣ ਦਾ ਵਿਧੀ ਵਿਧਾਨ, ਇਹ ਵੀ ਪੰਜਾਬੀ ਹੈ ਗਿਆਨ,
ਮੁਢਲੀ ਭਾਸ਼ਾ ਸੀ ਪੰਜਾਬੀ, ਸੰਸਕਰਿਤ ਇਸਦਾ ਭੇਦ ਖ੍ਹੋਲਦੀ ਹੈ।
ਰਿਗਵੇਦ ਹੈ ਪਹਿਲਾ ਗ੍ਰੰਥ, ਬਾਕੀ ਮਗਰੋਂ ਲਿਖੇ ਛੜਯੰਤ,
ਲਿਖੇ ਪੰਜਾਬ 'ਚ ਚਾਰੋਂ ਵੇਦ ਮਹਾਂਭਾਰਤ ਰਾਮਾਇਣ ਦੀ ਕਥਾ ਬੋਲਦੀ ਹੈ।
ਤੂੰ ਸੱਚ ਮੰਨਣਾ ਤਾਂ ਮੰਨੀ ਜਾਹ, ਮੈਨੂੰ ਕੀ ਜਾਹ ਖਸਮਾਂ ਨੂੰ ਖਾਹ,
ਪਰ ਜਦ ਇਤਹਾਸ ਦੀ ਗੱਲ ਕਰਦੀ, ਦਨੀਆਂ ਝੂਠ ਬੋਲਦੀ ਹੈ।

•

# ਕਰਮ

ਹਰ ਇਨਸਾਨ ਦੇ ਆਪੋ ਆਪਣੇ ਕਰਮ ਹੁੰਦੇ ਨੇ।
ਹਰ ਇਨਸਾਨ ਦੇ ਆਪੋ ਆਪਣੇ ਧਰਮ ਹੁੰਦੇ ਨੇ।
ਹਰ ਇਕ ਬੰਦਾ ਲੜਦਾ ਫਿਰਦਾ ਹੈ ਧਰਮ ਯੁੱਧ।
ਬਣ ਬਣ ਬਹਿੰਦੇ ਫਿਰਦੇ ਦੁਨੀਆਂ ਦੇ ਮਹਾਂਵੀਰ,
ਕੁਝ ਆਪਣੇ ਆਪ ਨੂੰ ਸਮਝ ਰਹੇ ਗੌਤਮ ਬੁੱਧ।
ਆਪਣੇ ਮਨ ਦੇ ਅੰਦਰ ਨੂੰ ਕੋਇ ਨਾ ਲਿੰਬੇ ਪੋਚੇ।
ਬਾਹਰ ਵੱਲ ਨੂੰ ਭੱਜ ਤੁਰਨ ਦੀ ਹਰ ਕੋਇ ਸੋਚੇ।
ਜੋ ਭੱਜਦਾ ਹੈ ਉਹ ਠੇਡਾ ਵੀ ਤਾਂ ਖਾ ਸਕਦਾ ਹੈ।
ਬਿਖੜੇ ਰਾਹਾਂ ਤੇ ਰਸਤਾ ਭੁੱਲ ਭੁਲਾ ਸਕਦਾ ਹੈ।
ਰਸਤੇ ਤੇ ਤੁਰੇ ਨੂੰ ਰਸਤਾ ਆਪ ਮਕੌਣਾ ਪੈਣਾ।
ਜੰਗਲ ਹੈ ਤਾਂ ਬਣਾ ਦੇ ਵਿਚ ਵੀ ਸੌਣਾ ਪੈਣਾ।
ਹਰ ਮੰਜ਼ਿਲ ਹੀ ਬੰਦੇ ਨੇ ਆਪ ਚੁਣੀ ਹੁੰਦੀ ਹੈ।
ਅਸੀਂ ਫੈਸ਼ਨ ਦੀ ਬੁਣਤੀ ਆਪ ਬੁਣੀ ਹੁੰਦੀ ਹੈ।
ਖਾ ਰਹੇ ਹਾਂ ਜੋ ਉਹ ਸਾਡੇ ਕਰਮਾਂ ਦਾ ਫਲ ਹੈ।
ਓਨਾਂ ਚੁੱਕੀ ਫਿਰਦੇ ਹਾਂ ਜਿੰਨਾਂ ਸਾਡਾ ਬਲ ਹੈ।
ਉਹ ਖੂਹ ਤੇਰਾ ਹੀ ਹੈ ਜੋ ਤੂੰ ਖੁਦ ਪੁੱਟਿਆ ਹੈ।
ਲੁੱਟ ਹੋ ਸਕਦਾ ਸੀ ਤੂੰ ਤਾਂਹੀ ਤਾਂ ਲੁੱਟਿਆ ਹੈ।
ਤੇਰੇ ਕਿਰਤ ਕਰਮ ਨੇ ਹੀ ਤੈਨੂੰ ਬਿਠਾਇਆ ਹੈ।
ਜਿਸ ਬੂਟੇ ਥੱਲੇ ਬੈਠਾਂ ਹੈਂ ਉਹ ਤੂੰਹੀ ਲਾਇਆ ਹੈ॥

•

# ਭਰੋਸਾ

ਪੂਰਾ ਭਰੋਸਾ ਹੈ ਤਾਂ ਸੱਜਣਾ ਨਾਲ ਤੁਰੀਂ,
ਪਰ ਮੈਥੋਂ ਨਹੀਂ ਨਿਭਾਇ ਜਾਂਦੇ ਰਿਸ਼ਤੇ ਅੱਧ ਅਧੂਰੇ।
ਵਿਚ ਵਿਚਾਲੇ ਨਾ ਤੂੰ ਸੱਜਣਾ ਭੱਠ ਝੋਕੀਂ,
ਵਾਟ ਨਹੀਂ ਕੱਠਿਆਂ ਮੁੱਕਦੀ ਜੇ ਮਿਲਦੇ ਨਹੀਂ ਕਰੂਰੇ।
ਤੇਰੀ ਉਪਮਾਂ ਬਹੁਤ ਸੁਣੀ ਤੂੰ ਵਧੀਆ ਹੋਣੈਂ,
ਮੇਰੇ ਵਿਚ ਜੇ ਊਣ ਦਿਸੇ ਤਾਂ ਭਰਿਆ ਭਾਲ ਲਵੀਂ।
ਪੈਂਚਰ ਲਾ ਲਾ ਰਿਸ਼ਤੇ ਨਹੀਂ ਨਿਭਿਆ ਕਰਦੇ,
ਜੱਕੋ ਤੱਕੀ ਵਿਚ ਨਾ ਉਮਰ ਫਾਲਤੂ ਗਾਲ ਲਵੀਂ।
ਤੇਰ ਮੇਰ ਜੇ ਬਣੀ ਰਹੀ ਤਾਂ ਆਪਾਂ ਤਾਂ ਨਾ ਹੋਇ,
ਤਨ ਮਨ ਸਾਂਝਾ ਨਹੀਂ ਤਾਂ ਉਹ ਨਹੀਂ ਜੋੜੀਆਂ।
ਮਰ ਮਰ ਕੇ ਹੀ ਗੀਤ ਗਾਉਣ ਦਾ ਫਾਇਦਾ ਕੀ,
ਰੋਂਦੇ ਘੋੜੀ ਜੋ ਚੜਦੇ ਉਨ੍ਹਾਂ ਦੀਆਂ ਕੀ ਘੋੜੀਆਂ।
ਮੇਰੇ ਦੋਸ਼ ਦੀ ਸਜ਼ਾ ਤੂੰ ਦੱਸ ਕਿਉਂ ਭੁਗਤੇਂ,
ਦੁਨੀਆਂ ਬਹੁਤ ਵੱਢੀ ਹੈ ਬਹੁਤ ਵੱਢਾ ਧਰਤ ਆਕਾਸ਼।
ਹੱਕ ਹਾਣ ਆਪਣਾ ਲੱਭਣ ਦਾ ਕੀ ਦੋਸ਼,
ਪਰ ਮੈਨੂੰ ਤਾਂ ਤਾਂਹੀ ਚੁਣੀ ਜੇ ਮੇਰੇ ਤੇ ਪੂਰਾ ਵਿਸ਼ਵਾਸ਼।

•

# ਰਹਿਣ ਦੇ

ਤੈਨੂੰ ਮੁਹੱਬਤ ਨਹੀਂ ਹੈ ਤਾਂ ਨਾਂ ਸਹੀ, ਖੈਰ ਸੱਲਾ,
ਲੇਕਿਨ ਤੂੰ ਮੈਨੂੰ ਆਪਣਾ ਸਤਿਕਾਰ ਤਾਂ ਕਰ ਲੈਣਦੇ।
ਤੇਰੀ ਪੂਜਾ, ਤੇਰੀ ਉਪਮਾਂ, ਤੈਨੂੰ ਸਜ਼ਦਾ ਕਰਨ ਦੇ,
ਬੱਸ ਆਪਣੇ ਚਰਣ ਸ਼ਰਣ ਵਿਚ ਬੰਦੇ ਨੂੰ ਉੱਠਣ ਬੈਹਣ ਦੇ।
ਤੇਰੇ ਜਿਹਾ ਦੁਨੀਆਂ ਦੇ ਵਿਚ ਕੋਇ ਹੋਰ ਦਿਸਦਾ ਹੀ ਨਹੀਂ,
ਇਹ ਮੇਰਾ ਮੰਨਣਾਂ ਹੈ, ਬੱਸ ਤੂੰ ਮੈਨੂੰ ਮੰਨਦੇ ਰਹਿਣ ਦੇ।
ਵਰ ਹੀ ਲਗਦਾ ਮੈਨੂੰ ਤਾਂ ਸਰਾਪ ਵੀ ਤੇਰਾ ਮਹਿਰਮਾਂ,
ਪਾਗਲ ਕਹਿੰਦੀ ਮੈਨੂੰ ਦੁਨੀਆਂ ਤਾਂ ਜੱਗ ਨੂੰ ਕਹਿਣ ਦੇ।
ਪਤਾ ਨਹੀਂ ਇਹ ਸਵਰਗ ਹੈ, ਨਰਕ ਹੈ ਜਾਂ ਕੁਝ ਭੀ ਹੈ,
ਇਹ ਜ਼ੁਲਮ ਹੈ ਜਾਂ ਸਜ਼ਾ ਹੈ ਬੱਸ ਤੂੰ ਮੈਨੂੰ ਸਹਿਣ ਦੇ।
ਤੇਰਾ ਮੇਰਾ ਰਿਸ਼ਤਾ ਹੈ ਇਕ ਸਾਂਝ ਹੈ ਇਕ ਵਹਿਣ ਹੈ,
ਇਹ ਹੜ੍ਹ ਹੈ ਜਾਂ ਇਕ ਨਦੀ ਹੈ, ਵਹਿੰਦਾ ਹੈ ਜਿਦਾਂ ਵਹਿਣ ਦੇ।

•

# ਅਗਨੀ ਭਿਆਨਕ ਹੈ

ਅਗਨੀ ਭਿਆਨਕ ਹੈ,
ਜਲ ਰਿਹਾਅ ਹੈ ਚਾਰਚੁਫੇਰਾ।
ਚੁੰਝਾਂ ਦੇ ਪਾਣੀਆਂ ਨਾਲ ਬੁਝ ਤਾਂ ਨਹੀਂ ਸਕਣੀ ਸ਼ਾਇਦ।
ਚਿੜੀਆਂ ਦਾ ਜੇਰਾ ਵੀ ਦੇਖੋ,
ਸਾਹ ਚੱਲਦਾ ਹੈ ਜਦੋਂ ਤੱਕ
ਪਰਾਂ ਵਿਚ ਉਡਣ ਸ਼ਕਤੀ ਹੈ
ਚੁੰਝਾ ਵੀ ਤਾਂ ਦੋ ਤੁਬਕੇ ਪਾਣੀ ਲਿਆਉਂਦੀਆਂ
ਅੱਗ ਨੂੰ ਬੁਝਾਉਂਦੀਆਂ
ਬੁਝੇ ਜਾਂ ਨਾ ਬੁਝੇ
ਚਿੜੀਆਂ ਦਾ ਵੀ ਸਿਰੜ ਹੈ
ਚਿੜੀ  ਵਰਗਾ ਹੀ ਸਹੀ
ਚਿੜੀਆਂ ਪਰ ਜਿੰਦਾ ਮਹਿਸੂਸ ਕਰਦੀਆਂ।
ਛੇਤੀ ਤਾਂ ਨਹੀਂ ਹਰਦੀਆਂ
ਪਰ ਅਗਨੀ ਭਿਆਨਕ ਹੈ,
ਜਲ ਰਿਹਾਅ ਹੈ ਚਾਰਚੁਫੇਰਾ।

•

# ਅੱਧੀ ਹੈ ਜਾਂ ਪੂਰੀ

ਅੱਧੀ ਹੈ ਜਾਂ ਪੂਰੀ ਆਜਾ ਰਲਮਿਲ ਬਹਿ ਕੇ ਖਾਈਏ।
ਜੋ ਜੋ ਸਾਨੂੰ ਮਿਲਿਆ ਉਸਦਾ ਲੱਖ ਲੱਖ ਸ਼ੁਕਰ ਮਨਾਈਏ।
ਇਹ ਜੋ ਜੀਵਨ ਮਿਲਿਆ ਹੈ ਇਹ ਤਾਂ ਰੱਬ ਦੀ ਰਹਿਮਤ ਹੈ।
ਪਰ ਜੀਵਨ ਜਿਊਣ ਦਾ ਹੱਕ ਸਾਨੂੰ ਆ ਹਸਖੇਡ ਬਿਤਾਈਏ।
•

# ਬਸੰਤ ਰੁੱਤ

ਬਸੰਤ ਰੁੱਤ ਵਿਚ ਫੁੱਲਾਂ ਦੇ ਰੰਗ ਮਹਿਕ ਮਾਣਦੀ ਹੈ ਦੁਨੀਆ,
ਪੱਤਝੜ ਵਿਚ ਬਾਗਾਂ ਦੇ ਪੱਤੇ ਝਾੜੂਆਂ ਨਾਲ ਹਟਾਉਂਦੇ ਲੋਕ।
ਸੂਰਜ ਦੀ ਗਰਮੀ ਵਿੱਚ ਲੋਕੀਂ ਛਾਵਾਂ ਲੱਭਦੇ ਫਿਰਦੇ ਨੇ,
ਪਰ ਢਲਦੇ ਪਰਛਾਵੇਂ ਦੇ ਥੱਲੇ ਕਦੇ ਨਾ ਮੰਜੀ ਡਾਹੁੰਦੇ ਲੋਕ।
•

# ਪਹਿਲਾਂ ਕੌਣ

ਮਾਤ ਪਿਤਾ ਪਹਿਲਾਂ ਜਨਮੇਂ ਕਿ ਪਹਿਲਾਂ ਸਿਗਾ ਜਹਾਨ।
ਆਂਡਾ ਪਹਿਲਾਂ ਬਣਿਆ ਜਾਂ ਫਿਰ ਪੰਛੀ ਸਿਗਾ ਮਹਾਨ।
ਗਿਟਕ ਬੀਜ ਤੋਂ ਬਣੀ ਬਨਸਪਤ ਜਾਂ ਫਿਰ ਪੇੜ ਤੋਂ ਬੀਜ।
ਪਹਿਲਾਂ ਸਿਗੀ ਸਮੱਘਰੀ ਜਾਂ ਫਿਰ ਪਹਿਲਾਂ ਹੈ ਸੀ ਚੀਜ।
ਸੁੰਨ ਸਿਫਰ ਸ਼ੁਰੂ ਤੋਂ ਪਹਿਲਾਂ ਜਾਂ ਸਿਫਰ ਇਕ ਤੋਂ ਬਾਅਦ।
ਵਿਧੀ ਵਿਧਾਨ ਪਹਿਲਾਂ ਜਾਂ ਫਿਰ ਦੁਨੀਆ ਸੀ ਆਬਾਦ।
ਪਰਮਾਤਮ ਪਹਿਲਾਂ ਸੀ ਜਾਂ ਦੁਨੀਆ ਨੇ ਰੱਬ ਬਣਾਇਆ।
ਚੱਕਰ ਵਿੱਚ ਸ੍ਰਿਸ਼ਟੀ ਸੀ ਜਾਂ ਜੱਗ ਨੇ ਚੱਕਰ ਚਲਾਇਆ।
ਕੌਣ ਸੀ ਪਹਿਲਾਂ ਪਤਾ ਨਹੀਂ ਤਾਂ ਕਾਹਤੋਂ ਪਤਾ ਲਗਾਈਏ।
ਪਤਾ ਇਹ ਲੱਗਣਾ ਨਹੀਂ ਅਸੀਂ ਚਾਹੀਏ ਜਾਂ ਨਾ ਚਾਹੀਏ।

•

# ਅੱਜ ਤੱਕ

ਅੱਜ ਤੱਕ ਕਿਸੇ ਦਾ ਆਪਣੇ ਸਾਹਾਂ ਤੇ ਤਾਂ ਕਬਜ਼ਾ ਹੋਇਆ ਨਹੀਂ,
ਵਸਤਾਂ ਤੇ ਕਬਜ਼ੇ ਕਰਦਾ ਫਿਰਦਾ ਪਰ ਹੁੰਦਾ ਖੁਆਰ ਆਦਮੀ।
ਕੱਲਿਆਂ ਆਇਆ ਕੱਲਿਆਂ ਜਾਣਾ ਇਹ ਵੀ ਸਮਝਦੇ ਨੇ ਸਾਰੇ,
ਫਿਰ ਵੀ ਆਪਣੇ ਆਲਦੁਆਲੇ ਜੋੜੀ ਫਿਰਦਾ ਬੇਸ਼ੁਮਾਰ ਆਦਮੀਂ।
ਮੰਜਲਾਂ ਮਾਰਦਾ ਫਿਰਦਾ ਹਰ ਕੋਈ ਨਠਭਜ ਕਰਦਾ ਫਿਰਦਾ ਹੈ,
ਮਲਕਲ ਮੌਤ ਨੂੰ ਸੁਣਨ ਵਾਸਤੇ ਕੋਈ ਵੀ ਨਹੀਂ ਤਿਆਰ ਆਦਮੀਂ।
ਜਿਸਨੇ ਸਭ ਕੁਝ ਦਿੱਤਾ ਹੈ ਉਸਦੀ ਸਮਝ ਤਾਂ ਸਭ ਨੂੰ ਹੈ ਇਕਦਮ,
ਪਰ ਮੇਰਾ ਮੇਰਾ ਕਰਦਾ ਫਿਰਦਾ ਬਣਦਾ ਬਹੁਤ ਹੁਸ਼ਿਆਰ ਆਦਮੀ।

•

# ਕਿਸਾਨੀ

ਆਨੰਦ ਹੈ ਕਿਸਾਨੀ, ਆਤਮਾ ਹੈ ਕਿਸਾਨੀ।
ਧਰਮ ਹੈ ਕਿਸਾਨੀ, ਕਰਮ ਹੈ ਕਿਸਾਨੀ।
ਜਿਸਨੇ ਹਲ ਵਾਹਿਆ ਕਰਤਾਰਪੁਰ।
ਜਿਸਨੇ ਗੋਡੇ ਤੇ ਗੰਢਾ ਤੋੜਿਆ।
ਕੱਕਰੀਆਂ ਰਾਤਾਂ ਵਿਚ ਪਾਣੀ ਲਾਇਆ।
ਹੱਥ ਪੈਰ ਨੀਲੇ ਕਰਾਉਣੇ ਧਰਮ ਹੈ ਜਿਸਦਾ।
ਕਿਸਾਨੀ ਰੋਟੀ ਹੈ ਕਪਾਹ ਹੈ ਕੱਪੜਾ ਹੈ।
ਨਰਮਾਂ ਹੈ ਸਾਡਾ ਕਿਸਾਨੀ।
ਤੂਤ ਦੇ ਮੋਛਿਆਂ ਦੀ ਛੱਤ ਹੈ ਕਿਸਾਨੀ।
ਹਾੜੀ ਸੌਣੀ ਹੈ ਕਿਸਾਨੀ, ਨਿੱਤਨੇਮ ਹੈ।
ਵੈਸਾਖ ਹੈ, ਨਵੀਆਂ ਕਰੂੰਬਲਾਂ ਹੈ ਕਿਸਾਨੀ।
ਜੇਠ ਹਾੜ ਹੈ, ਮੁੜਕਾ ਹੈ ਕਿਸਾਨੀ।
ਦਿਨ ਰਾਤ ਹੈ ਕਿਸਾਨੀ ਸੌਣ ਭਾਦੋਂ ਹੈ।
ਸੱਪਾਂ ਸਪੋਲੀਆਂ ਨਾਲ ਖੇਹਲ ਹੈ ਕਿਸਾਨੀ।
ਕੱਤਣ ਜਾਣਦੀ ਮਨਘਰ ਹੈ ਮਨ ਹੈ ਕਿਸਾਨੀ।
ਪੋਖ ਤੁਖਾਰ ਹੈ, ਚਰਨਧੂੜ ਹੈ ਕਿਸਾਨੀ।
ਆਸ ਹੈ ਵਿਸ਼ਵਾਸ ਹੈ ਕਿਸਾਨੀ।
ਸਾਡੀ ਜਾਨ ਹੈ, ਸਾਡਾ ਇਮਾਨ ਹੈ ਕਿਸਾਨੀ।
ਫਲ ਹੈ ਫਲਗੁਣ ਹੈ ਕਿਸਾਨੀ।
ਅਰਾਧਨਾ ਹੈ, ਆਨੰਦ ਹੈ ਕਿਸਾਨੀ।
•

# ਕੌਮ ਨਿਆਰੀ

ਇਕ ਦਿਨ ਚਨੇ ਚਬਾਏ ਪੋਰਸ ਨੇ ਸਕੰਦਰ ਨੂੰ,
ਜਿਸਦੀ ਫੌਜ ਕਦੇ ਨਾ ਦੁਨੀਆ ਦੇ ਵਿਚ ਹਾਰੀ।
ਸਾਰੀ ਦੁਨੀਆ ਦੇ ਵਿਚ ਦਿਸਦੇ ਵੱਖਰੇ ਪੰਜਾਬੀ,
ਐਸੀ ਗੁਰ ਨਾਨਕ ਨੇ ਸਿਰਜੀ ਕੌਮ ਨਿਆਰੀ।
ਇਕ ਦਿਨ ਪੇਂਦ ਚਾੜ੍ਹ ਕੇ ਖਾਲਸੇ ਦੀ ਗੁਰੂ ਗੋਬਿੰਦ ਨੇ,
ਕਿਰਤੀ ਕਾਮਿਆਂ ਨੂੰ ਸੀ ਬਖਸ਼ ਦਿੱਤੀ ਸਰਦਾਰੀ।
ਇਕ ਦਿਨ ਕਾਬਲ ਅਤੇ ਕੰਧਾਰ ਹਿਲਾਏ ਨਲੂਏ ਨੇ,
ਜਿਸਦੇ ਸਾਹਮਣੇ ਨਾ ਖੜ੍ਹ ਸਕਦੇ ਹਾਰੀ ਸਾਰੀ।
ਸੰਨ ਸੰਤਾਲੀ ਦੇ ਵਿਚ ਜਾਨਾ ਵਾਰਦੇ ਪੰਜਾਬੀ,
ਸਿਗੀ ਪੰਜਾਬੀਆਂ ਨੇ ਕੁਰਬਾਨੀ ਦਿੱਤੀ ਭਾਰੀ।
ਕਾਹਤੋਂ ਦਿੱਲੀ ਵਿਤਕਰਾ ਕਰਦੀ ਹੈ ਪੰਜਾਬੀਆਂ ਨਾ,
ਪਤਾ ਨਹੀਂ ਕਿਉਂ ਬਿਲਕੁਲ ਦਿੱਲੀ ਦੀ ਮੱਤ ਮਾਰੀ।
ਸਭ ਪੰਜਾਬੀ ਦੇਸ਼ ਵਿਦੇਸ਼ਾਂ ਵੱਲ ਨੂੰ ਹੋ ਤੁਰੇ ,
ਸਾਰੇ ਹਰ ਹਾਲਤ ਵਿਚ ਕਰਦੇ ਫਿਰਨ ਤਿਆਰੀ।

•

# ਸੁਰ ਤਾਲ

ਮੰਨਦਾ ਹਾਂ ਪਰਦੇਸਾਂ ਵਿਚ ਮੈਂ ਰਿਹਾ ਵਿਚਰਦਾ ਚਾਲੀ ਸਾਲ ।
ਮੇਰੀ ਵਤਨਪਰਸਤੀ ਦੀ ਵੀ ਹਰ ਮਹਿਫਲ ਵਿਚ ਰਹੀ ਮਸਾਲ।
ਮਾਂ ਮਿੱਟੀ ਮਾਂ ਬੋਲੀ ਦੇ ਨਾਲ ਬਣਿਆ ਰਿਹਾਅ ਸਨੇਹ ਹਰ ਦਮ ਹੀ,
ਸ਼ਬਦਾਂ ਦਾ ਸਤਿਕਾਰ ਹੈ ਦਿਲ ਵਿਚ ਸ਼ਬਦ ਗੁਰੂ ਵੀ ਰਿਹਾ ਦਿਆਲ।
ਅੱਧੀ ਸਦੀ ਤੋਂ ਵੱਧ ਕੁਝ ਮਿੱਤਰ ਮੇਰੇ ਨਾਲ ਨਿਭੀ ਜਾਂਦੇ ਹਨ,
ਸਾਰੀ ਉਮਰ ਨਿਭ ਗਈ ਯਾਰੀ ਸੱਜਣ ਮਿੱਤਰ ਬੜੇ ਹਮ ਖਿਆਲ।
ਜੀਵਨ ਵਿਚ ਨੱਠ ਭੱਜ ਵੀ ਕੀਤੀ ਛੱਤੀ ਪੱਤਣ ਤਰ ਕੇ ਦੇਖੇ,
ਕਿਸੇ ਕਿਸਮ ਦੀ ਥੁੜ੍ਹ ਨਹੀਂ ਕੋਈ ਸਭ ਕੁਝ ਵਾਧੂ ਗੁਰ ਕਿਰਪਾਲ।
ਵੈਰ ਵਿਰੋਧ ਮਿਟਾ ਕੇ ਸਾਰੇ ਆਓ ਰਲਮਿਲ ਮੰਗਲ ਗਾਈਏ,
ਆਪਣੀ ਇਕ ਆਵਾਜ ਹੋ ਜਾਏ ਖੁਸ਼ੀ ਖਰਚੀਏ ਨਾਲੋ ਨਾਲ।
ਆਪਣੇ ਤਾਂ ਅਪਣੱਤ ਨਾਲ ਬਣਦੇ ਢਿੱਡੋਂ ਲਾ ਆਪਣੇ ਬਣ ਜਾਈਏ,
ਗੀਤ ਵਿਆਹ ਦੇ ਰਲ ਕੇ ਗਾਈਏ ਆਪੇ ਰਲ ਜਾਊ ਸੁਰ ਤਾਲ।

•

# ਪਿੰਜਰਾ

ਖੁੱਲ੍ਹੇ ਅਸਮਾਨ ਵਿੱਚ ਉਡਣ ਦੀ ਸ਼ਕਤੀ ਸੀ ਤੇਰੀ ਦੋਸਤਾ,
ਪਰ ਤੂੰ ਖੁਦ ਹੀ ਆਪਣੇ-ਆਪ ਨੂੰ ਸੀਮਤ ਜਿਹਾ ਬਣਾਂ ਲਿਆ।
ਤੂੰ ਆਜਾਦ ਸੀ ਮਰਜੀ ਨਾਲ ਉਡਦਾ ਫਿਰਦਾ ਅੰਬਰਾਂ ਵਿੱਚ,
ਪਰ ਤੂੰ ਖੁਦ ਹੀ ਆਪਣੇ-ਆਪ ਨੂੰ ਸੋਨੇ ਦੇ ਪਿੰਜਰੇ ਪਾ ਲਿਆ।
ਰਿਸ਼ਤੇਦਾਰ ਬਣਾਇਆ ਤੂੰ ਆਪਣਾ ਇਦਾਰਾ ਆਪ ਹੀ,
ਆਪਣੇ-ਆਪ ਹੀ ਤੂੰ ਦੋਸਤਾ ਇਹ ਆਪਣੇ ਗਲ ਫਾਹਾ ਪਾ ਲਿਆ।
ਹੱਥਾਂ ਦੇ ਨਾਲ ਦਿੱਤੀਆਂ ਦੰਦਾਂ ਦੇ ਨਾਲ ਖੋਹਲ ਹੁਣ,
ਖੁਦ ਨੂੰ ਤੂੰ ਖੁਦ ਹੀ ਤਾਂ ਆਪਣੇ-ਆਪ ਹੀ ਸੂਲੀ ਚੜ੍ਹਾਅ ਲਿਆ।
ਕਿਸੇ ਦਾ ਨਹੀਂ ਦੋਸ਼ ਇਹ ਕਰਤੂਤ ਤੇਰੀ ਆਪਣੀ,
ਕਿਸੇ ਨੇ ਨਹੀਂ ਤੂੰ ਖੁਦ ਹੀ ਆਪਣੇ-ਆਪ ਨੂੰ ਆਪ ਚਾਟੇ ਲਾ ਲਿਆ।
ਦੁਨੀਆ ਨੂੰ ਨਾ ਦੋਸ਼ ਦੇਹ ਐਵੇਂ ਨਾ ਰੋਅ ਰੋਅ ਕੇ ਦੱਸ,
ਝਟਕਾ ਵੀ ਤੇਰਾ ਹੋਇਆ ਤੂੰ ਆਪ ਹੀ ਝੱਟਕਾਅ ਲਿਆ।

•

# ਸਾਚੇ ਨੇ ਸੱਚ

ਸਾਚੇ ਨੇ ਸੱਚ ਸਿਰਜਿਆ ਅਗਨੀ ਕੀਤੀ ਤਿਆਰ।
ਪਵਨ ਸੇਕ ਕਰਕੇ ਵਗੀ ਸੁੱਨੜਾ ਕਰੀਂ ਵਿਚਾਰ।
ਜੇ ਪ੍ਰਕਾਸ਼ ਨਾ ਉਪਜਦਾ ਤਾਂ ਰਹਿੰਦਾ ਧੰਦੂਕਾਰ।
ਪਵਨ ਤੋਂ ਪਾਣੀ ਉਪਜਿਆ ਚਾਰੋਂ ਤਰਫ ਬਹਾਰ।
ਧਰਤੀ ਮਾਂ ਦੇ ਗਰਭ ਚੋਂ ਸਭ ਪ੍ਰਗਟਿਓ ਸੰਸਾਰ।
ਹਰ ਇੱਕ ਜੀਅ ਦਾ ਕੁਦਰਤੀ ਹੁੰਦਾ ਕੋਈ ਅਕਾਰ।
•

# ਨਿੱਕੇ ਨਿੱਕੇ ਬਰਤਨ ਜੇਹੜੇ

ਨਿੱਕੇ ਨਿੱਕੇ ਬਰਤਨ ਜੇਹੜੇ, ਵਾਛੜ ਨਾਲ ਹੀ ਭਰ ਜਾਂਦੇ ਨੇ।
ਗਰਮ ਵੀ ਛੇਤੀਂ ਹੋ ਜਾਂਦੇ ਨੇ, ਪਲਾਂ ਛਿਣਾ ਵਿਚ ਠਰ ਜਾਂਦੇ ਨੇ।
ਵਾਹ ਲੱਗੇ ਤਾਂ ਬਹੁਤ ਡਰਾਉਂਦੇ, ਇਕ ਦਮ ਪੂਰੀ ਵਾਹ ਲਾਉਂਦੇ।
ਪਰ ਜੇ ਨਾਸਾਂ ਭੱਜਦੀਆਂ ਦੇਖਣ, ਸਮਝ ਸੋਚ ਕੇ ਡਰ ਜਾਂਦੇ ਨੇ।
ਅੰਬਰਾਂ ਨੂੰ ਟਾਕੀ ਵੀ ਲਾਉਂਦੇ, ਆਪਣਾ ਪੂਰਾ ਜੋਰ ਦਿਖਾਉਂਦੇ।
ਆਸ਼ਕ ਵਰਗਾ ਜਿਗਰਾ ਹੁੰਦਾ, ਝਿਜਕ ਨਾਲ ਹੀ ਮਰ ਜਾਂਦੇ ਨੇ।
ਆਪਣੇ ਡੌਲੇ ਵੀ ਫੜਕਾਉਂਦੇ, ਜਿਸ ਥਾਂਹ ਪਵੇ ਹੱਥ ਪਾਉਂਦੇ।
ਜੋਰਾਵਰ ਅੱਗਿਓਂ ਮਿਲ ਜਾਵੇ, ਇਕਦਮ ਹੀ ਚੁੱਪ ਕਰ ਜਾਂਦੇ ਨੇ।
•

# ਬਿਦਾਵਾ

ਲਿਖ ਆਏ ਸੀ ਸਿੱਖ ਬਿਦਾਵਾ ਆਪਣੇ ਗੁਰੂ ਤੋਂ ਮੁੱਖ ਮੋੜ ਕੇ।
ਕਿਲਾ ਅਨੰਦਪੁਰ ਛੱਡ ਗਏ ਸੀ ਗੁਰੂ ਨੂੰ ਇਕ ਦਿਨ ਕੱਲ੍ਹੇ ਛੋਡਕੇ।
ਕੱਲਾ ਵਿਦਿਆ ਸਾਗਰ ਹੀ ਨਹੀਂ ਅਸੀਂ ਗਏ ਸਭ ਕੁਝ ਰੋਹੜ ਕੇ।
ਕੀ ਮਿਲਿਆ ਸੀ ਕੋਈ ਤਾਂ ਦੱਸੋ ਗੋਬਿੰਦ ਦੇ ਨਾਲੋਂ ਨਾਤਾ ਤੋੜ ਕੇ।
ਗੁਰੂ ਬਿਦਾਵੇ ਪਾੜ ਵੀ ਦੇਵੇ ਜਦ ਸਿੱਖ ਬਣਦੇ ਨੇ ਚਾਲੀ ਮੁਕਤੇ।
ਮਰਕੇ ਮੁਆਫ਼ੀ ਮੰਗਣੀ ਪੈਂਦੀ ਟੁੱਟੀ ਗੰਢਣ ਦੇ ਨੇ ਇਹ ਨੁਕਤੇ।
ਗੋਬਿੰਦ ਗੁਰੂ ਨਹੀਂ ਹੈ ਸਿੱਖ ਦਾ ਅੱਜ ਵੀ ਅਸੀਂ ਲਿਖੀ ਫਿਰਦੇ ਹਾਂ।
ਡੁੱਬਣਾ ਤਾਂ ਨਿਸ਼ਚਿਤ ਹੈ ਜੇਕਰ ਗੁਰੂ ਦੇ ਹੱਥਾਂ ਚੋਂ ਕਿਰਦੇ ਹਾਂ।
ਸ਼ਬਦ ਗੁਰੂ ਸਿੱਖ ਦਾ ਗੋਬਿੰਦ ਹੈ ਸ਼ਬਦ ਗੁਰੂ ਤੋਂ ਟੁੱਟ ਨਾ ਜਾਈਏ।
ਜੇ ਟੁੱਟਣ ਡੁੱਬਣ ਤੋਂ ਬਚਣਾ ਤਾਂ ਬਾਣੀ ਪੜ੍ਹੀਏ ਸੁਣੀਏਂ ਗਾਈਏ।

•

## ਡਰ

ਝੂਠ ਐਨਾ ਤਾਕਤਵਰ ਹੋ ਗਿਆ ਹੈ ਕਿ
ਸੱਚ ਬੋਲਣ ਲੱਗਿਆਂ ਵੀ ਡਰ ਲਗਦਾ ਹੈ।
ਸਚਿਆਰੇ ਹੋਣਾ ਵੀ ਇਕ ਗੁਨਾਹ ਮਾਤਰ ਹੈ
ਝੂਠ ਤਾਂ ਬਸ ਝੂਠੇ ਦੇ ਮੂਹੋਂ ਫੱਬਦਾ ਹੈ।
ਬਿਨਾ ਤੇਲ ਤੋਂ ਦੀਵਾ ਬੱਤੀ ਕਿਸ ਕੰਮ ਦੇ
ਤੇਲ ਨਾਲ ਹੀ ਤਾਂ ਹਰ ਦੀਵਾ ਜਗਦਾ ਹੈ।
ਸੱਚਪ੍ਰਸਤ ਹੋਣਾ ਵੀ ਅੱਜ ਅੰਧੇਰ ਹੈ ਲਗਦਾ
ਝੂਠ ਦਾ ਦੀਵਾ ਹੀ ਤਾਂ ਜਗਦਾ ਹੈ।
ਸੁੱਨੜਾ ਬੱਸ ਤੂੰ ਚੁੱਪ ਕਰਕੇ ਹੀ ਵੇਖੀ ਜਾਹ
ਜੇਹੜਾ ਐਥੇ ਬੋਲੇ ਉਹੀਓ ਦਬਦਾ ਹੈ।
•

## ਕਰਤਾ ਦੇ ਕਰਮ

ਕਰਤਾ ਦੇ ਕਰਮ ਕਰਨ ਦਾ ਕੋਈ ਕਾਰਨ ਨਾ ਹੋਵੇ
ਤਾਂ ਉਹ ਕਰਮ ਹੋ ਹੀ ਨਹੀਂ ਸਕਦਾ।
ਹਾਥੀ ਜਿੰਨਾ ਮਰਜ਼ੀ ਤਾਕਤਵਰ ਹੋਵੇ
ਉਹ ਨਿੱਕੇ ਜਿਹੇ ਸ਼ੇਰ ਨੂੰ ਮਾਰ ਨਹੀਂ ਸਕਦਾ
ਕਿਉਂਕਿ ਸ਼ੇਰ ਨੂੰ ਮਾਰਨ ਦਾ
ਹਾਥੀ ਕੋਲ ਕੋਈ ਕਾਰਣ ਹੀ ਨਹੀਂ ਹੁੰਦਾ।
ਪਰ ਸ਼ੇਰ ਹਾਥੀ ਨੂੰ ਮਾਰ ਸਕਦਾ ਹੈ ਕਿਉਂਕਿ
ਸ਼ੇਰ ਵਾਸਤੇ ਹਾਥੀ ਦਾ ਮਾਸ ਉਸ ਦਾ ਭੋਜਨ ਹੁੰਦਾ ਹੈ।
••

# ਸੰਤਾਪ

ਨਾਨਕ ਨਾਮ ਲੈਵੀਆਂ ਨੂੰ ਕਿਉਂ ਝੱਲਣਾ ਪੈਂਦਾ ਹੈ ਸੰਤਾਪ।
ਸੱਚ ਨੂੰ ਤਾਂ ਅੱਗ ਵੀ ਨਹੀਂ ਸਾੜਦੀ ਸੱਚ ਕਿਉਂ ਸਹੇ ਸੰਤਾਪ।
ਸੱਚ ਕਦੇ ਟਕਰਾਓ ਨਹੀਂ ਕਰਦਾ ਫਿਰ ਵੀ ਕਿਉਂ ਸਹੇ ਸੰਤਾਪ।
ਸੱਚ ਕਰਤਾਰਪੁਰੋਂ ਖਡੂਰ ਚਲੇ ਜਾਂਦਾ ਟਕਰਾਓ ਨਹੀਂ ਕਰਦਾ।
ਸੱਚ ਖਡੂਰ ਤੋਂ ਗੋਇੰਦਵਾਲ ਜਾਂਦਾ ਹੈ ਟਕਰਾਓ ਨਹੀਂ ਕਰਦਾ।
ਸੱਚ ਅੰਮ੍ਰਿਤਸਰ ਜਾਅ ਵਸਾਉਂਦਾ ਹੈ ਟਕਰਾਓ ਨਹੀਂ ਕਰਦਾ।
ਸੱਚ ਨੇ ਤਰਨਤਾਰਨ ਜਾਅ ਵਸਾਇਆ ਟਕਰਾਓ ਨਹੀਂ ਕੀਤਾ।
ਸੱਚ ਨੂੰ ਕੀਰਤਪੁਰ ਜਾਣਾ ਮਨਜੂਰ ਸੱਚ ਟਕਰਾਓ ਨਹੀਂ ਕਰਦਾ।
ਸੱਚ ਆਨੰਦਪੁਰ ਜਾਅ ਵਸਾਉਂਦਾ ਪਰ ਟਕਰਾਓ ਨਹੀਂ ਕਰਦਾ।
ਗੋਬਿੰਦ ਅੰਮ੍ਰਿਤਸਰ ਜਾਂਦੇ ਹੀ ਨਹੀਂ ਸੱਚ ਟਕਰਾਓ ਨਹੀਂ ਕਰਦਾ।
ਸੱਚ ਨੂੰ ਹੀ ਭਲਾ ਹਮੇਸ਼ਾਂ ਕਿਉਂ ਝੱਲਣਾ ਪੈਂਦਾ ਹੈ ਸਿਰ ਤੇ ਸੰਤਾਪ।
ਸੱਚ ਨੂੰ ਹੀ ਭਲਾ ਕਿਉਂ ਸੜਨਾ ਪੈਂਦਾ ਹੈ ਤੱਤੀ ਤਵੀ ਦੇ ਉੱਪਰ।
ਸੱਚ ਤਾਂ ਜੋੜਦਾ ਹੈ ਸੱਚ ਦਾ ਭਲਾ ਕਿਉਂ ਹੋਵੇ ਪਰਿਵਾਰ ਵਿਛੋੜਾ।
ਸੱਚ ਕਿਉਂ ਝੱਲੇ ਚਮਕੌਰ ਦੀ ਜੰਗ ਦਾ ਇਕ ਡਰਾਉਣਾ ਸੰਤਾਪ।
ਸੱਚ ਸਰਹਿੰਦ ਦੀਆਂ ਨੀਹਾਂ ਵਿੱਚ ਕਿਓਂ ਚਿਣਿਆਂ ਜਾਵੇ ਭਲਾ।
ਸੱਚ ਪ੍ਰਸਤੀ ਹੀ ਭਲਾ ਕਿਉਂ ਸਹਿਣ ਸੰਨ ਸੰਤਾਲੀ ਦਾ ਸੰਤਾਪ।
ਹਰੀ ਦਾ ਸਿਰਨਾਵਾਂ ਹਰਮੰਦਰ ਕਿਉਂ ਸਹੇ ਭਲਾ ਸਨ ਚੁਰਾਸੀ।
ਨਾਨਕ ਕਿਸਾਨ ਸੀ ਕੀ ਤਾਹੀਓਂ ਝੱਲਦਾ ਹੈ ਕਿਸਾਨ ਸੰਤਾਪ।
ਪ੍ਰਕਾਸ਼ ਮਿਟਾਉਣ ਵਾਲਿਆਂ ਨੂੰ ਵੀ ਝਲਣਾ ਪਵੇਗਾ ਅੰਧੇਰਾ।
ਸੂਰਜ ਜੇ ਠੰਢਾ ਹੋਇਆ ਤਾਂ ਠੰਢਾ ਹੋ ਜਾਏਗਾ ਸਭ ਕੁਝ ਹੀ।
ਸੱਚ ਸੇਕ ਜੇ ਠਰ ਗਿਆ ਤਾਂ ਠਾਰਨ ਵਾਲਿਆਂ ਵੀ ਠਰ ਜਾਣਾ।
ਸੱਚ ਨੂੰ ਹੀ ਭਲਾ ਕਿਉਂ ਝੱਲਣਾ ਪੈਂਦਾ ਚਾਂਦਨੀ ਚੌਕ ਦਾ ਸੰਤਾਪ।

•

# ਜ਼ਹਿਰ ਦੀਆਂ ਕੰਧਾਂ

ਜ਼ੋਰਾਵਰ ਤੇ ਫ਼ਤਿਹ ਸਿੰਘ ਨੂੰ ਸੂਬੇ ਨੇ ਖੁਦ ਹੀ ਮਰਵਾਇਆ ਸੀ।
ਨਿੱਕੀਆਂ ਨਿੱਕੀਆਂ ਦੋ ਜਿੰਦਾਂ ਨੂੰ ਕੰਧਾਂ ਵਿਚ ਚਿਣਵਾਇਆ ਸੀ।
ਜਾਣਦਿਆਂ ਕਿ ਦੋਸ਼ ਕੋਈ ਨਹੀਂ ਫਿਰ ਵੀ ਕਹਿਰ ਕਮਾਇਆ ਸੀ।
ਰਾਜ ਸੀ ਉਸਦਾ ਇਸ ਕਰਕੇ ਜ਼ੁਲਮੀ ਨੇ ਜ਼ੁਲਮ ਕਮਾਇਆ ਸੀ।
ਅੱਜ ਪੰਜਾਬ ਦੀਆਂ ਸਰਕਾਰਾਂ ਖੁਦ ਬੱਚਿਆਂ ਨੂੰ ਮਰਵਾ ਰਹੀਆਂ।
ਚਿੱਟੇ ਕਾਲੇ ਦੀਆਂ ਕੰਧਾਂ ਵਿਚ ਖੁਦ ਬੱਚਿਆਂ ਨੂੰ ਚਿਣਵਾ ਰਹੀਆਂ।
ਕਾਹਦੀ ਉਹ ਸਰਕਾਰ ਕਿ ਜੇਹੜੀ ਜ਼ਹਿਰ ਨਹੀਂ ਬੰਦ ਕਰ ਸਕਦੀ।
ਲੱਖ ਲਾਹਨਤ ਸਰਕਾਰ ਦੇ ਜੇਹੜੀ ਦੋਸ਼ੀਆਂ ਨੂੰ ਨਹੀਂ ਫੜ ਸਕਦੀ।
ਕੋਈ ਖਾਸ ਕਾਰਨ ਹੋਵੇਗਾ ਜਿਸ ਲਈ ਬੱਚਿਆਂ ਨੂੰ ਮਰਵਾਉਂਦੇ ਨੇ।
ਚਿੱਟੇ ਕਾਲੇ ਦੀਆਂ ਕੰਧਾਂ ਵਿਚ ਲੱਖਾਂ ਬੱਚਿਆਂ ਨੂੰ ਚਿਣਵਾਉਂਦੇ ਨੇ।

•

# ਸ਼ੁਕਰ

ਰੱਬ ਨੇ ਮਾਨਸ ਦੇਹੀ ਬਖਸ਼ੀ, ਬੰਦਿਆ ਰੱਬ ਦਾ ਸ਼ੁਕਰ ਗੁਜ਼ਾਰ।
ਲਿਖਤਾਂ ਪਹਿਲਾਂ ਲਿਖੀਆਂ ਰੱਬ ਨੇ, ਫਿਰ ਬਣਿਆ ਇਹ ਸੰਸਾਰ।
ਵੇਖਣ ਸੁਣਨ ਸੁੰਘਣ ਬੋਲਣ ਦੀਆਂ ਸ਼ਕਤੀਆਂ ਦਿੱਤੀਆਂ ਚਾਰ।
ਕਰਮ ਇੰਦਰੀਆਂ ਬਖਸ਼ੀਆਂ ਬਖਸ਼ਿਆ ਗਿਆਨ ਦਾ ਭੰਡਾਰ।
ਮੋਹ ਮਮਤਾ ਮਾਇਆ ਮੋਹਣੀ ਨਾਲ ਬੰਦਾ ਕਰ ਬੈਠਾ ਪਿਆਰ।
ਕਾਮ ਭੁੱਖ ਲਾਲਚ ਹੰਕਾਰ ਬੰਦੇ ਨੂੰ ਕਰਦਾ ਬੜਾ ਖੱਜਲ ਖੁਆਰ।
ਨਾਸ਼ਵਾਨ ਦੇਹੀ ਤੇ ਬੰਦਾ ਪਰ ਲਾਉਂਦਾ ਫਿਰਦਾ ਹਾਰ ਸ਼ਿੰਗਾਰ ।
ਇਕ ਦਿਨ ਸਭਨੇ ਵੰਞਣਾ ਸੌਹਰੀਂ ਬੈਠਾ ਮਲਕਲ ਮੌਤ ਤਿਆਰ।
ਕਿਰਤ ਕਰਮ ਕਮਲੇ ਬੰਦੇ ਦੇ ਸੁੰਨੜਾ ਹੋਣ ਨਾ ਦੇਂਦੇ ਬੇੜਾ ਪਾਰ।
ਸੱਚ ਦਾ ਹੀ ਮਾਰਗ ਸੱਚਾ ਹੈ ਬਾਕੀ ਸਭ ਝੂਠੇ ਵਣਜ ਵਪਾਰ।

•

## ਤੁਸੀਂ ਜਦ ਯਾਦ ਕੀਤਾ

ਤੁਸੀਂ ਜਦ ਯਾਦ ਕੀਤਾ ਤਾਂ ਅਸੀਂ ਦੌੜੇ ਚਲੇ ਆਏ
ਕਿਤੇ ਇਸ ਤਰ੍ਹਾਂ ਨਾ ਲੱਗੇ ਅਸੀਂ ਮਗਰੂਰ ਹੋ ਗਏ।
•

## ਝਨਾਂ ਸੁੱਕੀ ਹੈ

ਝਨਾਂ ਸੁੱਕੀ ਹੈ ਪੱਤਣ ਦਾ ਪਰ ਪਤਨ ਨਹੀਂ ਹੋਇਆ।
ਹਾਲੇ ਉਮੀਦ ਹੈ, ਬਰਸਾਤ ਹੋਵੇਗੀ ਸੋਹਣੀਆਂ ਦੇ
ਡੁੱਬਣ ਜੋਗਾ ਪਾਣੀ ਤਾਂ ਹੋ ਹੀ ਜਾਵੇਗਾ।
ਨਿੰਦਿਆ ਤਾਂ ਸਾਡੀ ਕੀਤੀ ਤੂੰ ਗੁਣਾਂ ਕਰ ਕਰ ਕੇ।
ਸਿਫ਼ਤ ਤਕਸੀਮ ਕਰ ਕੇ ਵੀ ਕਰਦਾ ਤਾਂ ਕੀ ਘਟ ਜਾਂਦਾ।
•

# ਸੁਖ

ਸੁਖ ਪ੍ਰਾਪਤ ਕਰਨ ਵਾਸਤੇ ਹਰ ਕੋਈ ਪੂਰੀ ਵਾਹ ਲਾਉਂਦਾ,
ਸੁਖ ਪ੍ਰਦਾਨ ਕਰਨ ਲੱਗਿਆਂ ਪਰ ਹਰ ਕੋਈ ਕਰਦਾ ਵਣਜ ਵਪਾਰ।
ਵਿਰਲੇ ਨੇ ਦੁਨੀਆਂ ਵਿੱਚ ਜੇਹੜੇ ਸੁਖ ਦੇ ਕੇ ਖੁਸ਼ ਹੁੰਦੇ ਹਨ,
ਸੁਖ ਵੱਧ ਘੱਟ ਦੀ ਗਿਣਤੀ ਕਰਕੇ ਮਿਣਦੇ ਨੇ ਆਪਣੀ ਜਿੱਤ ਹਾਰ।
ਕਰਮਾਂ ਵਾਲਿਆਂ ਨੂੰ ਸੁਖ ਮਿਲਦੇ ਟਾਵੇਂ ਟਾਵੇਂ ਮਿਲਣ ਵਪਾਰੀ।
ਦੁੱਖ ਦੇਣ ਦੀਆਂ ਬਹੁਤ ਦੁਕਾਨਾਂ ਸੁੱਨੜਾ ਭਰਿਆ ਪਿਆ ਬਜਾਰ।
ਖੁਦ ਨਾਲ ਗੱਲ ਕਰਕੇ ਜੇ ਤੱਕੀਏ ਸੁਖ ਦੁੱਖ ਚੋਂ ਅਸੀਂ ਕੀ ਦੇਂਦੇ ਹਾਂ,
ਖੁਦ ਨਾਲ ਝੂਠ ਬੋਲਣ ਲਈ ਸਾਰੇ ਹੋ ਜਾਂਦੇ ਹਾਂ ਅਸੀਂ ਤਿਆਰ।
ਸੁਖ ਪ੍ਰਦਾਨ ਕਰਨ ਦੀਆਂ ਰੀਝਾਂ ਹੋਣ ਜੇ ਸਾਰੀ ਦੁਨੀਆ ਨੂੰ,
ਸਾਖਸ਼ਾਤ ਸਤਯੁੱਗ ਬਣ ਜਾਵੇ ਨਰਕ ਭੋਗਦਾ ਜੋ ਇਹ ਸੰਸਾਰ।

•

# ਹਰ ਕਿਸੇ ਨੂੰ

ਹਰ ਕਿਸੇ ਨੂੰ ਹਰ ਇਕ ਰੰਗ ਫੱਬਦਾ ਨਹੀਂ।
ਸਿੰਬਲ ਰੁੱਖ ਕਾਹਦਾ ਜੇ ਫਲ ਲੱਗਦਾ ਨਹੀਂ।
ਦੀਪ ਜਗਦਾ ਹੈ ਤਾਂ ਹੁੰਦੀ ਰੌਸ਼ਨੀ,
ਤੇਜ ਵਗਦੀ ਵਾਅ ਚ ਪਰ ਜਗਦਾ ਨਹੀਂ।
ਪਾਣੀ ਦੇ ਕੁਝ ਵੱਖੋ-ਵੱਖਰੇ ਰੂਪ ਨੇ,
ਦਰਿਆ ਦਾ ਨਹੀਂ ਪਾਣੀ ਜਿਹੜਾ ਵਗਦਾ ਨਹੀਂ।
ਕੋਲੇ ਦੀ ਕਾਲਖ ਕਿਸੇ ਨਹੀਂ ਕੰਮ ਦੀ,
ਸੇਕ ਨਹੀਂ ਕੋਇਲੇ ਚ ਜੇਕਰ ਮਘਦਾ ਨਹੀਂ।
ਭੀੜ ਹੈ ਕੱਠੀ ਉਹ ਮੇਲਾ ਨਹੀਂ ਹੈ,
ਆਪਣਾ ਕੋਈ ਜਿਸਦੇ ਵਿਚ ਲੱਭਦਾ ਨਹੀਂ।
ਦੁਨੀਆ ਦਬਾਉਣ ਜਾਣਦੀ ਹਰ ਕਿਸੇ ਨੂੰ,
ਵਿਰਲਾ ਹੀ ਹੁੰਦਾ ਹੈ ਜਿਹੜਾ ਦਬਦਾ ਨਹੀਂ।
•

# ਮੌਸਮ ਬਹੁਤ ਖਰਾਬ ਹੈ

ਮੌਸਮ ਬਹੁਤ ਖਰਾਬ ਹੈ ਮਿੱਤਰੋ ਜਰਾ ਸੰਭਲ ਕੇ ਜਾਇਓ।
ਤਿਲਕਣ ਚਾਰਚੁਫੇਰੇ ਹੈ ਜਰਾ ਸੰਭਲ ਕੇ ਪੈਰ ਟਿਕਾਇਓ।
ਮੀਂਹ ਝੱਖੜ ਘੁੱਪ ਹਨੇਰਾ ਬਿਲਕੁਲ ਕਾਹਲ ਨਾ ਪਾਇਓ।
ਤੁਰਿਓ ਬਾਹਾਂ ਵਿੱਚ ਬਾਂਹ ਪਾ ਕੇ ਰਲਕੇ ਹੱਥ ਵਟਾਇਓ।
ਇਮਤਿਹਾਨ ਚੋਂ ਪਾਸ ਹੋਣਾ ਤਾਂ ਜਰਾ ਵੀ ਨਾ ਘਬਰਾਇਓ।
ਸਾਰੇ ਦੇਵਤੇ ਰਾਖਸ਼ ਬਣ ਗਏ ਖੁਦ ਹੀ ਬਚ ਬਚਾਇਓ।
ਏਸੇ ਵਿੱਚ ਸਿਆਣਪ ਹੈ ਦੜ ਵੱਟ ਕੇ ਹੀ ਝੱਟ ਲੰਘਾਇਓ।
ਤਾਂਹ ਨੂੰ ਮੂੰਹ ਚੁੱਕਕੇ ਨਾ ਤੁਰਿਓ ਐਵੇਂ ਨਾ ਮੂੰਹ ਦੀ ਖਾਇਓ।
ਤਾਕਤ ਨਹੀਂ ਚੱਲਣੀ ਬਿਲਕੁਲ ਵੀ ਤਾਕਤ ਨਾ ਅਜਮਾਇਓ।
ਰੱਬ ਦੇ ਆਸਰੇ ਸਮਝਦਾਰੀ ਨਾਲ ਭਵਸਾਗਰ ਲੰਘ ਜਾਇਓ।
ਸੂਰਜ ਚੜ੍ਹਨਾ ਰਾਤ ਬੀਤਣੀ ਫਿਰ ਮਿਲ ਕੇ ਕਿੱਕਲੀ ਪਾਇਓ।

•

# ਸ਼ਰਧਾਂਜ਼ਲੀ

ਦੀਦਾਰ ਸਿੰਘ ਬੈਂਸ ਅੱਜ ਮਰਿਆ, ਸੁੰਨ ਹੋ ਗਈ ਪੰਜਾਬੀ ਦੁਨੀਆ,
ਅੰਬਰ ਨੇ ਅੱਜ ਹੌਉਕਾ ਭਰਿਆ।
ਦੀਦਾਰ ਸਿੰਘ ਵੱਡਾ ਸਰਦਾਰ, ਪੰਜਾਬੀਅਤ ਦਾ ਸੀ ਲੰਬੜਦਾਰ,
ਜਿਸਦੀ ਧੌਣ ਭਾਰ ਨਾ ਝੱਲੇ, ਉਹ ਉਸਦੇ ਨਾਲ ਵੰਡਾਉਂਦਾ ਭਾਰ।
ਗੁਰਦੁਆਰੇ ਬੜੇ ਬਣਵਾਇ, ਝੰਡੇ ਗੁਰਮਤ ਦੇ ਬਹੁਤ ਝੁਲਾਇ,
ਆਪਣੀ ਕੌਮ ਦੇ ਕੰਮਾਂ ਦੇ ਵਿਚ ਮੋਹਰੇ ਹੋ ਹੋ ਕੇ ਕਈ ਹਿੱਸੇ ਪਾਇ।
ਦੁਨੀਆ ਦੇ ਵਿਚ ਲੱਤ ਘੁਮਾਈ ਨਾਮ ਛੋਹਰਤ ਰੱਜ ਰੱਜ ਕਮਾਈ।
ਜਿੱਥੇ ਕਿਤੇ ਵੀ ਉਸਦੀ ਬਣਦੀ ਜਾ ਕੇ ਆਪਣੀ ਹਾਜ਼ਰੀ ਲਾਈ।
ਇਹ ਦੁਨੀਆ ਇਕ ਸੇਹਰਮੇਲਾ, ਮੌਤ ਨਾ ਵੇਂਹਦੀ ਕੋਈ ਵੀ ਵੇਲਾ।
ਪੰਜ ਤੱਤ ਬਿਖਰ ਜਾਂਦੇ ਜਦ ਮੁੱਕ ਜਾਂਦਾ ਉਸਦਿਨ ਮੇਲਾ ਗੇਲਾ।
ਉੱਚੇ ਰੁਤਬੇ ਦੀ ਸ਼ਖਸੀਅਤ ਹਰ ਭਵਸਾਗਰ ਬੈਂਸ ਨੇ ਤਰਿਆ।
ਦੀਦਾਰ ਸਿੰਘ ਬੈਂਸ ਅੱਜ ਮਰਿਆ, ਸੁੰਨ ਹੋ ਗਈ ਪੰਜਾਬੀ ਦੁਨੀਆ,
ਅੰਬਰ ਨੇ ਅੱਜ ਹੌਉਕਾ ਭਰਿਆ।

•

# ਤੇਰੀ ਮੈਂ ਮੇਰੀ ਮੈਂ ਨਾਲੋਂ

ਤੇਰੀ ਮੈਂ ਮੇਰੀ ਮੈਂ ਨਾਲੋਂ ਕਿਸੇ ਤਰ੍ਹਾਂ ਕਮਜ਼ੋਰ ਨਹੀਂ।
ਇਹ ਜੋ ਛੂਛੇ ਛਣਕ ਰਹੇ ਨੇ ਮੈਂ ਹਾਂ ਤੂੰ ਹੈਂ ਹੋਰ ਨਹੀਂ।
ਇਕ ਦੂਜੇ ਤੋਂ ਪਰਦਾ ਰੱਖਣਾ ਆਦਤ ਆਪਣੀ ਦੋਹਾਂ ਦੀ,
ਆਪਣੇ ਘਰ ਵਿੱਚ ਤੇਰੇ ਮੇਰੇ ਬਿਨ ਕੋਈ ਤੀਜਾ ਚੋਰ ਨਹੀਂ।
ਵਾਹ ਆਪਣੀ ਪੂਰੀ ਲਾਉਂਦੇ ਹਾਂ, ਭੱਜ ਨੱਠ ਪੂਰੀ ਕਰਦੇ ਹਾਂ,
ਬੱਸ ਉਹ ਹੀ ਰਹਿ ਜਾਂਦਾ ਕਰਨੋ ਜਿੱਥੇ ਚੱਲਿਆ ਜੋਰ ਨਹੀਂ।
ਝੂਠ ਨੂੰ ਸੱਚ ਸਮਝੀ ਬੈਠਾ ਹਾਂ ਇਹ ਕੋਈ ਵੱਖਰੀ ਸੋਚ ਨਹੀਂ,
ਜੱਗ ਸਾਰਾ ਏਦਾਂ ਹੀ ਸੋਚੇ ਆਪਣੀ ਕੋਈ ਵੱਖਰੀ ਤੋਰ ਨਹੀਂ।
ਤੇਰੀ ਮੈਂ ਮੇਰੀ ਮੈਂ ਨਾਲੋਂ ਕਿਸੇ ਤਰ੍ਹਾਂ ਕਮਜ਼ੋਰ ਨਹੀਂ।
ਇਹ ਜੋ ਛੂਛੇ ਛਣਕ ਰਹੇ ਨੇ ਮੈਂ ਹਾਂ ਤੂੰ ਹੈਂ ਹੋਰ ਨਹੀਂ।

•

## ਜੇਹੜੀ ਤੈਨੂੰ ਜਚਦੀ ਹੀ ਨਹੀਂ

ਜੇਹੜੀ ਤੈਨੂੰ ਜਚਦੀ ਹੀ ਨਹੀਂ ਉਹ ਬਾਤ ਭਲਾ ਮੈਂ ਪਾਵਾਂ ਤਾਂ ਕਿਉਂ ਪਾਵਾਂ।
ਜੇਹੜਾ ਰਾਹ ਤੇਰੇ ਵੱਲ ਜਾਂਦਾ ਹੀ ਨਹੀਂ, ਉਸ ਰਾਹ ਜਾਵਾਂ ਤਾਂ ਕਿਉਂ ਜਾਵਾਂ।
ਆਪਣੇ ਇਸ਼ਟ ਨੂੰ ਤਾਂ ਸਜਦਾ ਕਰੀਦਾ ਬਲਿਹਾਰ ਜਾਈਏ ਇਸ਼ਟ ਉੱਪਰ।
ਮਨ ਮਰਜੀ ਕਰਨ ਦੀ ਤੋਹਮਤ ਮੈਂ ਆਪਣੇ-ਆਪ ਤੇ ਲਾਵਾਂ ਤਾਂ ਕਿਉਂ ਲਾਵਾਂ।

•

## ਤੇਰਾ ਸਤਿਕਾਰ ਕਰਾਂ

ਤੇਰਾ ਸਤਿਕਾਰ ਕਰਾਂ ਤਾਂ ਤੂੰ ਚੜ੍ਹ ਜਾਵੇਂ ਅਸਮਾਨੀ,
ਤੈਨੂੰ ਪਿਆਰ ਕਰਾਂ ਤਾਂ ਤੂੰ ਬਿਲਕੁਲ ਮਸਤ ਹੋ ਜਾਵੇਂ।
ਮੈਂ ਤੁਰਾਂ ਤਾਂ ਤੂੰ ਸੂਰਜ ਬਣਕੇ ਚਮਕੇਂ ਤੇ ਨਾਲ ਚੱਲੇਂ,
ਜੇਕਰ ਆਰਾਮ ਕਰਾਂ ਸੌਂਵਾਂ ਤਾਂ ਤੂੰ ਅਸਤ ਹੋ ਜਾਵੇਂ।
ਮੈਨੂੰ ਸੁਖ ਮਿਲਿਆ ਤਾਂ ਹੀ ਮੈਂ ਤੈਨੂੰ ਦੇਵਤਾ ਆਖਾਂ,
ਪਿਆਰ ਵਿੱਚ ਮੈਂ ਤੇਰੀ ਤੇ ਤੂੰ ਮੇਰੀ ਵਸਤ ਹੋ ਜਾਵੇਂ।

•

# ਚੁੱਪ ਚੁੱਪ ਕਰਕੇ ਨਾ ਬੈਠ ਕੁੜੀਏ

ਚੁੱਪ ਚੁੱਪ ਕਰਕੇ ਨਾ ਬੈਠ ਕੁੜੀਏ, ਜੇ ਖੁਸ਼ੀ ਮਿਲੀ ਆ ਤੇ ਸ਼ੌਂਕ ਨਾ ਮਨਾਈਏ। ਸਾਰਾ ਪਿੰਡ ਖੁਸ਼ੀਆਂ ਮਨਾਉਣ ਆਇਆ ਹੋਇਆ ਨੀ ਆਜਾ ਸਾਰਿਆਂ 'ਚ ਘੁਲਮਿਲ ਜਾਈਏ। ਖੁਸ਼ੀਆਂ ਵੰਡਾਉਣ ਨਾਲ ਵਧਦੀਆਂ ਕਹਿੰਦੇ ਚੁੱਪ ਬੈਠ ਕੇ ਫੇ ਘਾਟਾ ਕਾਹਤੋਂ ਪਾਈਏ। ਖੁੱਲ੍ਹਕੇ ਮੈਦਾਨ ਵਿੱਚ ਆਜਾ ਹਾਨਣੇ ਘੁੰਡ ਕੱਢਣ ਦੀ ਰੀਤ ਨੂੰ ਹਟਾਈਏ। ਕਰਮਾਂ ਚ ਸੀਗੀ ਸਾਡੇ ਤਾਂ ਹੀ ਖੁਸ਼ੀ ਮਿਲੀ ਸਚੇਪਾਤਸ਼ਾਹ ਦਾ ਸ਼ੁਕਰ ਮਨਾਈਏ। ਲੰਘ ਗਈ ਕੇਰਾਂ ਤਾਂ ਇਹ ਫੇਰ ਨਹੀਂ ਰੁਤ ਆਉਣੀ ਮੇਵੇ ਰੁਤ ਰੁਤ ਦੇ ਨੂੰ ਆਪਾਂ ਖਾਈਏ। ਦਿਲ ਚ ਖੁਸ਼ੀ ਹੈ ਤਾਂ ਫੇ ਜਗਜਾਹਰ ਕਰੀਏ, ਆਜਾ ਨੱਚੀਏ ਤੇ ਸਭਨੂੰ ਨਚਾਈਏ।

•

# ਕੁੰਤੀ ਦੇ ਪੁੱਤਰਾਂ ਨੂੰ

ਕੁੰਤੀ ਦੇ ਪੁੱਤਰਾਂ ਨੂੰ ਕ੍ਰਿਸ਼ਨ ਜੇ ਕਰਨ ਦੇ ਬਾਰੇ ਦੱਸ ਦੇਂਦੇ,
ਅਰਜੁਨ ਕਦੇ ਵੀ ਵੱਡੇ ਵੀਰ ਤੇ ਹਰਗਿਜ ਵਾਰ ਨਾ ਕਰਦਾ।
ਦਰੋਣਾਚਾਰੀਆ ਦੱਸ਼ਣਾ ਦੇ ਵਿਚ ਜੇ ਗੂਠਾ ਨਾ ਮੰਗਦਾ ਤਾਂ,
ਉਸਦਾ ਚੰਡਿਆ ਦੁਨੀਆ ਦੇ ਵਿਚ ਕਿਸੇ ਕੋਲੋਂ ਨਾ ਹਰਦਾ।
ਧਰਮਰਾਜ ਜੇ ਹਾਥੀ ਦਾ ਨਾਂ ਲੈ ਕੇ ਝੂਠ ਨਾ ਬੋਲਦਾ ਤਾਂ ਫਿਰ,
ਦਰੋਣਾਚਾਰੀਆ ਅਰਜੁਨ ਦੇ ਤੀਰਾਂ ਨਾਲ ਕਦੇ ਨਾ ਮਰਦਾ।
ਸੱਚ ਝੂਠ ਦੇ ਯੁੱਧ ਵਿੱਚ ਵੀ ਜੇ ਸਿਆਸਤ ਹੀ ਚੱਲਦੀ ਹੈ ਤਾਂ,
ਕਵਿਤਾ ਲਿਖਣ ਲੱਗਾ ਸੁੰਨੜ ਫਿਰ ਡੁੱਬਦਾ ਜਾਂ ਫਿਰ ਤਰਦਾ।

•

## ਜੇ ਕਿਧਰੇ ਤੂੰ .ਗਜ਼ਲ ਬਣ ਜਾਵੇਂ ਤਾਂ

ਜੇ ਕਿਧਰੇ ਤੂੰ .ਗਜ਼ਲ ਬਣ ਜਾਵੇਂ ਤਾਂ ਤੈਨੂੰ ਸਦਾ ਸਦਾ ਹੀ ਗੁਣਗੁਣਾਵਾਂ।
ਜੇਕਰ ਤੂੰ ਗੀਤ ਬਣ ਜਾਵੇਂ ਤਾਂ ਤੈਨੂੰ ਮੇਰੇ ਮੀਤਾ ਫਿਰ ਉਮਰ ਭਰ ਗਾਵਾਂ।
ਤੈਨੂੰ ਸੰਗੀਤ ਚਾਹੀਦਾ ਤੇ ਮੈਨੂੰ ਗੀਤ ਚਾਹੀਦਾ ਹੁੰਘਾਰਾ ਮਿਲੇ ਸੁਣਾਵਾਂ।
ਝਾਂਜਰਾਂ ਪਾਅ ਕੇ ਹੀ ਬੈਠਾ ਹਾਂ, ਤੇਰਾ ਇਸ਼ਾਰਾ ਮਿਲੇ ਤਾਂ ਹੀ ਛਣਕਾਵਾ।
•

## ਇਹ ਵੀ ਪਤਾ ਸੀ

ਇਹ ਵੀ ਪਤਾ ਸੀ ਕਿ ਸਾਗਰ ਦੀ ਗਹਿਰਾਈ ਤਾਂ ਬਹੁਤ ਹੁੰਦੀ ਹੈ,
ਪਰ ਕਿਸੇ ਤਣ ਪੱਤਣ ਲੱਗਣ ਵਾਸਤੇ ਅਸੀਂ ਉਮਰ ਭਰ ਤਰਦੇ ਰਹੇ।
ਮੋਹਲੇ ਤਾਂ ਪੈਣੇ ਹੀ ਸੀ ਜਦ ਉੱਖਲੀ ਵਿੱਚ ਸਿਰ ਦੇ ਦਿੱਤਾ ਸੀ ਅਸੀਂ,
ਲੇਕਿਨ ਸੁਖ ਦੀ ਉਮੀਦ ਕਰਕੇ ਅਸੀਂ ਹਰ ਪੀੜ ਨੂੰ ਜਰਦੇ ਰਹੇ।
ਮਾਣ ਕਰਦੇ ਰਹੇ ਕਿਉਂਕਿ ਸਾਨੂੰ ਮਾਣ ਸੀ ਆਪਣੇ ਮਾਣ ਦੇ ਉੱਪਰ,
ਗੱਲ ਨਸ਼ਰ ਨਾ ਹੋਵੇ ਬਸ ਇਸ ਕਰਕੇ ਵਿੱਚੇ ਵਿੱਚ ਮਰਦੇ ਰਹੇ।
ਇਹ ਸਮਝ ਹੈ ਮੈਨੂੰ ਕਿ ਨਿੱਘ ਦੇ ਸਕਣ ਦੇ ਸਮਰੱਥ ਹੈਂ ਤੂੰ ਸੂਰਜਾ,
ਇਸ ਵਿਸ਼ਵਾਸ ਕਰਕੇ ਹੀ ਅਸੀਂ ਪਰ ਸਾਰੀ ਉਮਰ ਠਰਦੇ ਰਹੇ।
•

# ਚੰਨ ਬਣਕੇ

ਚੰਨ ਬਣਕੇ ਮੈਂ ਘੁੰਮਾਂ ਤੈਨੂੰ ਚਾਂਦਨੀ ਨਾ ਚੁੰਮਾਂ।
ਪਰਕਰਮਾਂ ਕਰਾਂ ਮੈਂ ਦਿਨ ਰਾਤ ਧਰਤੀ ਦੀ,
ਅਸੀਂ ਬੜੀਆਂ ਹੀ ਅਰਜੀਆਂ ਪਾਈਆਂ ਦੇਰ ਤੋਂ।
ਰੀਝਾਂ ਸਾਡੀਆਂ ਵੀ ਦੇਖੀਂ ਸਾਡੇ ਲਿਖੀਆਂ ਸੀ ਲੇਖੀਂ ।
ਚਾਅ ਰੀਝਾਂ ਤੇਰੇ ਗਿਰਦ ਘੁਮਾਈਆਂ ਦੇਰ ਤੋਂ।
ਅਸੀਂ ਘੁੰਮਾਂਗੇ ਇਵੇਂ ਹੀ, ਅਸੀਂ ਚੁੰਮਾਂਗੇ ਇਵੇਂ ਹੀ।
ਨਿੱਤ ਦਿਨ ਏਹੀਓ ਔਂਸੀਆਂ ਪਾਈਆਂ ਦੇਰ ਤੋਂ।
ਤੇਰੀ ਰਜਾ ਵਿੱਚ ਰਹਿਣਾ ਚੁੱਪ ਚਾਪ ਸਭ ਸਹਿਣਾ।
ਬੱਸ ਇਹੋ ਹੀ ਨੇ ਸਾਡੀਆਂ ਕਮਾਈਆਂ ਦੇਰ ਤੋਂ।

•

# ਜੀਅ ਕਰਦਾ

ਜੀਅ ਕਰਦਾ ਹੈ ਤੇਰੇ 'ਤੇ ਇਤਬਾਰ ਕਰਾਂ।
ਕੋਰੀ ਕਿਤਾਬ ਦਿਲ ਦੀ ਤੇਰੇ ਸਾਹਮਣੇ ਧਰਾਂ।
ਹਾਂ ਕਹੀਂ ਜਾਂ ਨਾਂਹ ਪਰ ਗੱਲ ਲਟਕਦੀ ਨਾ ਰੱਖੀਂ।
ਦਿਲ ਨਹੀਂ ਕਰਦਾ ਮੈਂ ਫਿਰ ਤੋਂ ਵਾਰ ਵਾਰ ਮਰਾਂ।
ਜ਼ਹਿਰ ਪਿਆਲਾ ਦੇ ਦਿੰਦੇ ਤਾਂ ਗੱਲ ਬਣਦੀ ਸੁਕਰਾਤ ਵਾਲੀ
ਸ਼ਬਦਾਂ ਦਾ ਜ਼ਹਿਰ ਪੀ ਕੇ ਤਾਂ ਗੱਲ ਰਹਿ ਗਈ ਔਕਾਤ ਵਾਲੀ।

•

# ਤਸਵੀਰ

ਸ਼ੀਸ਼ੇ ਦੇ ਸਾਹਮਣੇ ਖੜ੍ਹਕੇ ਮੈਂ ਖੁਦ ਨੂੰ ਦੇਖਦਾ ਸੀ ਜਦ
ਮੇਰੇ ਕਰਪੈਰ ਚਲਦੇ ਸੀ ਮੇਰੀ ਆਵਾਜ ਸੁਣਦੀ ਸੀ।
ਜਮਾਨੇ ਨੇ ਇਕ ਆਦਮੀ ਤਸਵੀਰ ਕਰ ਦਿੱਤਾ
ਨਾ ਉਹ ਬੋਲਦਾ ਸੁਣਦਾ ਤੇ ਨਾ ਕਰਪੈਰ ਹਿਲਦੇ ਨੇ।
•

# ਸਰਬੱਤ ਦਾ ਸਾਂਝਾ

ਗੁਰੂ ਨਾਨਕ ਇਕ ਬੂਟਾ ਲਾਇਆ, ਗੁਰੂ ਅਰਜਨ ਨੇ ਪਾਣੀ ਪਾਇਆ।
ਨੌਂਵੇਂ ਗੁਰੂ ਨੇ ਸਿਰੜ ਸਿਖਾਇਆ, ਦਸਮ ਪਿਤਾ ਨੇਂ ਪੇਂਦ ਚੜ੍ਹਾਇਆ।
ਦੁਨੀਆ ਦੇ ਹਰ ਇਕ ਰਾਹੀ ਨੂੰ, ਇਸ ਰੁੱਖ ਦੀ ਛਾਂ ਦੇ ਹੇਠ ਬਠਾਇਓ।
ਪੜਿਓ ਅਤੇ ਪੜ੍ਹਾਇਓ ਸਭਨੂੰ ਜੇ ਹੋ ਸਕੇ ਤਾਂ ਇਸ ਨੂੰ ਸਭ ਗਾਇਓ ।
•

# ਵਸਤਾਂ

ਭਾਵੇਂ ਵਸਤਾਂ ਹੋਣ ਹਜ਼ਾਰਾਂ ਪਰ ਵਸਤਾਂ ਹੁੰਦੀਆਂ ਕੱਲਮ ਕੱਲੀਆਂ।
ਸਾਥ ਤਾਂ ਇਕ ਜੀਵੰਤਾ ਸੁਖ ਹੈ ਸਹਿਜ ਸਿਆਣਪਾਂ ਝੱਲ ਵਲੱਲੀਆਂ।
ਰੂਹ ਦੀਆਂ ਗੱਲਾਂ ਜਿਸਮਾਂ ਦਾ ਨਿੱਘ ਜੀਵੰਦਿਆਂ ਦੇ ਹੁੰਦੇ ਰਿਸ਼ਤੇ,
ਛੱਤੀ ਕੰਬਲ ਖੇਸ ਰਜਾਈਆਂ ਨਿੱਘੀਆਂ ਕਦੇ ਨਾ ਹੋਵਣ ਕੱਲੀਆਂ।
ਜਿਸਨੂੰ ਸਾਹ ਆਉਂਦਾ ਉਹ ਨਿੱਘਾ ਨਿਘਿਆਂ ਨੂੰ ਨਿੱਘੇ ਮਿਲਦੇ ਨੇ,
ਮਿੱਟੀ ਨਿੱਘ ਹਵਾ ਪਾਣੀ ਬਿਨ ਕਦੇ ਵੀ ਕਿਤੇ ਨਾ ਫੁੱਲ ਖਿਲਦੇ ਨੇ।
ਮਿਲਿਆ ਗਿਲਿਆ ਕਰੋ ਜੇ ਜੀਣਾ ਕੱਲਿਆਂ ਵਸਤਾਂ ਨਾ ਬਣ ਜਾਈਏ
ਵਸਤਾਂ ਨੇ ਕੀ ਗਿੱਧੀ ਪਾਉਣੀ ਆ ਜਾ ਰਲਮਿਲ ਕਿੱਕਲੀ ਪਾਈਏ।
ਕਦੇ ਹੰਢਾਅ ਨਹੀਂ ਸਕਦੀਆਂ ਵਸਤਾਂ ਆਜਾ ਹੰਢੀਏ ਅਤੇ ਹੰਢਾਈਏ।
ਵਸਤਾਂ ਨਾ ਰੋਵਣ ਨਾ ਹੱਸਣ ਮਿਲ ਗਿਲ ਰੋਈਏ ਤੇ ਮੁਸਕਾਈਏ।
ਕੱਲੇ ਕੱਲੇ ਹੀ ਰਹਿ ਕੇ ਐਵੇਂ ਕਿਤੇ ਵਸਤਾਂ ਵਰਗੇ ਨਾ ਬਣ ਜਾਈਏ।
ਆਜਾ ਧਾਅ ਗਲਵਕੜੀ ਪਾਅ ਕੇ ਵਸਤਾਂ ਦੇ ਵਿਚ ਜੀਵਨ ਪਾਈਏ।

•

# ਬਿਚ ਬਿਚ ਕਰਾਂ ਤਾਂ ਕਿਓਂ ਕਰਾਂ

ਬਿਚ ਬਿਚ ਕਰਾਂ ਤਾਂ ਕਿਓਂ ਕਰਾਂ ਜੀਵਨ ਦੇ ਵਿਚ
ਜੋ ਕਰ ਹੋਇਆ ਸਭ ਕੁਝ ਹੀ ਕਰ ਕੇ ਦੇਖਿਆ।
ਅਸੀਂ ਪੰਗੇ ਸਾਰੇ ਹੀ ਲੈ ਵੇਖੇ ਜੀਵਨ ਯੁੱਧ ਵਿੱਚ ਲੜੇ ਹਾਂ
ਪੂਰੇ ਜਿੱਤਕੇ ਦੇਖਿਆ ਹਰ ਕੇ ਦੇਖਿਆ।
ਕੋਈ ਕਸਰ ਹੀ ਨਹੀਂ ਛੱਡੀ ਸਾਰੇ ਪੱਤਣ ਤਰੇ ਹਾਂ
ਜੋ ਤਰ ਹੋਇਆ ਹਰ ਸਾਗਰ ਤਰ ਕੇ ਦੇਖਿਆ।
ਆਦਰਸ਼ਵਾਦੀ ਕਦੇ ਨਹੀਂ ਸਾਂ ਦੁਨੀਆ ਵਿਚ
ਦੁਨੀਆ ਵਾਂਗ ਡਰਾ ਕੇ ਦੇਖਿਆ ਡਰ ਕੇ ਦੇਖਿਆ।
ਮਰਨ ਤੱਕ ਵੀ ਨੌਬਤ ਆਈ ਰੱਜ ਰੱਜ ਵੀ ਜੀਵੇ
ਹਰ ਤਰਾਂ ਹੀ ਜੀਅ ਕੇ ਦੇਖਿਆ ਮਰ ਕੇ ਦੇਖਿਆ।
ਐਵੇਂ ਨਾ ਮੱਤਾਂ ਦੇ ਮੈਨੂੰ ਤੂੰ ਜੋ ਵੀ ਚਾਹੁੰਦੈਂ ਕਰਨਾ
ਜੱਗ ਵਿੱਚ ਮੈਂ ਪਹਿਲਾਂ ਹੀ ਸਭ ਕਰਕੇ ਦੇਖਿਆ।

•

# ਗੀਤ

ਉਹ ਕਾਹਦਾ ਗੀਤ ਜੀਹਨੂੰ ਗਾਇਆ ਹੀ ਨਾ ਜਾਏ,
ਗੀਤ ਤਾਂ ਉਹੀਓ ਹੈ ਜਿਹੜਾ ਗਾਉਣ ਵਾਲਾ ਹੋਵੇ।
ਰੁੱਸ ਰੁੱਸ ਬਹਿਣ ਦਾ ਸਵਾਦ ਤਾਂਹੀਓਂ ਆਉਂਦਾ,
ਇਕ ਰੁੱਸੇ ਤੇ ਉਹਨੂੰ ਦੂਸਰਾ ਮਨਾਉਣ ਵਾਲਾ ਹੋਵੇ।
ਹੁਸਨ ਤੇ ਜਵਾਨੀ ਦੀ ਕਹਾਣੀ ਬਣਦੀ ਹੈ ਤਾਹੀਓਂ,
ਜੇ ਯਾਰੋ ਇਕ ਦੂਸਰੇ ਨੂੰ ਕੋਈ ਚਾਹੁਣ ਵਾਲਾ ਹੋਵੇ।
ਪਰੇ ਜਾਣ ਦੇ ਡਰਾਵੇ ਦਾ ਵੀ ਮੁੱਲ ਤਾਂਹੀਓਂ ਪੈਂਦਾ,
ਜਦੋਂ ਬਾਹੋਂ ਫੜ ਕੋਈ ਉਸਨੂੰ ਬਿਠਾਉਣ ਵਾਲਾ ਹੋਵੇ।
ਰੱਬ ਵਾਲਾ ਦਰਜਾ ਤਾਂ ਉਹਦਾ ਹੀ ਹੁੰਦਾ ਹੈ ਜਿਹਨੂੰ,
ਰੱਬ ਵਾਂਗ ਦਿਲੋਂ ਲਾ ਕੋਈ ਧਿਆਉਣ ਵਾਲਾ ਹੋਵੇ।

•

# ਹਰਿਆ ਹੋਣੈ

ਧੜਕਣ ਚੱਲ ਰਹੀ ਹੈ ਸਾਹ ਵੀ ਆਉਂਦਾ ਹੈ।
ਇਸਦਾ ਮਤਲਬ ਜੀਵਨ ਦਾ ਕੁਝ ਹਰਿਆ ਹੋਣੈ।
ਮਾਰੂ ਪੀੜਾ ਦਰਦ ਜਮਾਨੇ ਤੋਂ ਮਿਲਿਆ ਹੈ
ਚੀਸ ਵੱਟ ਕੇ ਸਭ ਕੁਝ ਆਪਾਂ ਜਰਿਆ ਹੋਣੈ।
ਰਿਸ਼ਤੇ ਨਾਤੇ ਤਾਂ ਮੂੰਹ ਮੋੜ ਗਏ ਸੀ ਸਾਰੇ ਹੀ,
ਪਰ ਕਿਸੇ ਨੇ ਤਾਂ ਜਖਮਾਂ ਤੇ ਫੰਭਾ ਧਰਿਆ ਹੋਣੈ।
ਕਿਸੇ ਨੂੰ ਕੁਝ ਸਾਡਾ ਵੀ ਚੰਗਾ ਲੱਗਿਆ ਹੋਊ,
ਕਿਸੇ ਨੂੰ ਭਾਉਂਦਾ ਅਸੀਂ ਵੀ ਕੁਝ ਤਾਂ ਕਰਿਆ ਹੋਣੈ।
ਡੁੱਬੇ ਮੋਏ ਨਹੀਂ ਅਜੇ ਤੱਕ ਜੀਵਤ ਹਾਂ ਬਿਲਕੁਲ,
ਭਵਸਾਗਰ ਨੂੰ ਅਸੀਂ ਵੀ ਮਾਸਾ ਤਰਿਆ ਹੋਣਾ।
ਬਿਨਾ ਵਜ਼ਾਹ ਹੀ ਦੁਨੀਆਂ ਕੋਲੋਂ ਡਰ ਆਉਂਦਾ ਸੀ,
ਕਦੇ ਕਦਾਈਂ ਸਾਥੋਂ ਵੀ ਕੋਈ ਤਾਂ ਡਰਿਆ ਹੋਣੈਂ।

•

## ਸਮਝਦਾਰ

ਸਮਝਦਾਰ ਸੱਜਣੋ ਸਮਝਾਇਓ ਸਿੱਧਾ ਰਸਤਾ ਸਾਨੂੰ ਵੀ,
ਥੱਕ ਹਾਰ ਗਏ ਹਾਂ ਭੱਜ ਭੱਜ ਆਪਣੇ ਰਾਹ ਬਣਾਵੰਦਿਆਂ।
ਸਾਡਾ ਰਾਹ ਕੋਈ ਵੀ ਸੱਚੀਂ ਕਿਸੇ ਕਿਨਾਰੇ ਨਹੀਂ ਲੱਗਿਆ,
ਸੰਗ ਜਿਹੀ ਆਉਂਦੀ ਹੈ ਸਾਨੂੰ ਆਪਣੀ ਗੱਲ ਸੁਣਾਉਂਦਿਆਂ।
•

## ਸਰਕਾਰਾਂ ਨੂੰ

ਸਰਕਾਰਾਂ ਨੂੰ ਦੇਸ਼ ਦੀ ਜੰਤਾ ਚੁਣਦੀ ਆਪਣੀਆਂ ਵੋਟਾਂ ਨਾਲ।
ਚੁਣੀ ਹੋਈ ਸਰਕਾਰ ਬਦਲ ਜਾਂਦੀ ਹੈ ਅਜਕਲ ਨੋਟਾਂ ਨਾਲ।
ਆਮ ਆਦਮੀ ਦਾ ਤੇ ਡੰਗ ਦੀ ਡੰਗ ਕੰਮ ਚੱਲਣਾਂ ਔਖਾ ਹੈ,
ਅਰਬਾਂਪਤੀ ਧੰਨ ਕਰਨ ਇਕੱਤਰ ਜੀ ਸਰਕਾਰੀ ਛੋਟਾਂ ਨਾਲ।
ਅੱਨੀ ਪੀਹਵੇ ਅਤੇ ਕੁੱਤੀ ਚੱਟੇ ਕਿਸੇ ਨੂੰ ਕੁਝ ਨਹੀਂ ਗੌਲ ਰਿਹਾ,
ਕੋਈ ਫਰਕ ਨਹੀਂ ਪੈਣਾ ਸੁੱਨੜਾ ਅਈਥੇ ਤੇਰੀਆਂ ਚੋਟਾਂ ਨਾਲ।
ਜੇ ਕੋਈ ਆਪਣਾ ਲਗਦੈ ਤਾਂ ਕੁਝ ਤੇ ਵਜ੍ਹਾ ਹੋਵੇਗੀ,
ਪਰ ਉਸ ’ਤੇ ਮਾਣ ਕਰਨਾ ਹੈ ਤਾਂ ਕਰਨਾ ਪੈਣਾ ਸੋਚਾਂ ਨਾਲ।
•

# ਜਿਸ ਮਹੀਨੇ ਚੋਰੀ ਹੋਇਆ

ਜਿਸ ਮਹੀਨੇ ਚੋਰੀ ਹੋਇਆ ਜੀਵਤ ਜਾਗਤ ਗੁਰੂ ਸਰੂਪ,
ਹਰ ਸਾਲ ਹੀ ਉਸ ਮਹੀਨੇ ਉਸਦਾ ਚੇਤਾ ਆਉਂਦਾ ਹੈ।
ਚੋਰਾਂ ਨੂੰ ਮੋਰ ਮੋਰਾਂ ਨੂੰ ਹੋਰ ਇਕ ਦੂਜੇ ਨੂੰ ਦੇਣ ਹਿਫਾਜ਼ਤ,
ਬਿੜਕ ਵੀ ਰੱਖਣ ਇਕ ਦੂਜੇ ਦੀ ਵੋਟਾਂ ਕੌਣ ਪਵਾਉਂਦਾ ਹੈ।
ਅੱਖੀਂ ਘੱਟਾ ਕਿੰਝ ਪਾਉਣਾ ਹੈ ਚਾਤਰ ਸਾਰੀ ਜਾਨਣ ਖੇਡ,
ਝੂਠਾ ਹਰ ਝੂਠੇ ਦੇ ਉੱਪਰ ਵਧਚੜ ਤੋਹਮਤ ਲਾਉਂਦਾ ਹੈ।
ਖਾਸ ਚੋਰੀ ਜੇ ਹੋਵੇ ਕੋਈ ਤਾਂ ਓਸੇ ਦਿਨ ਪਕੜੀ ਜਾਂਦੀ ਏ,
ਜੋ ਗੁਰੂ ਨੂੰ ਖਾਸ ਨਾ ਸਮਝੇ ਰਾਜਾ ਕਿਉਂ ਕਹਾਉਂਦਾ ਹੈ।
ਜਾਂ ਤੇ ਕਹਿ ਦਿਓ ਗੁਰੂ ਨਹੀਂ ਸਾਡਾ ਇਕ ਹੋਰ ਬਿਦਾਵਾ,
ਚੁਤਰਫੁਰਤੀਆਂ ਕਰਨ ਵਾਲਾ ਕਿਉਂ ਸਿੱਖ ਅਖਵਾਉਂਦਾ ਹੈ।

•

# ਮੇਰਾ ਸਾਈਂ

ਮੇਰੀ ਨਜ਼ਰ ਨਾਲ ਦੇਖੋ ਜੀ ਉਹ ਮੇਰੇ ਸਿਰ ਦਾ ਸਾਈਂ।
ਸਈਅਦ ਸਈਅਦ ਨਾ ਆਖੋ ਮੈਨੂੰ ਕਹੋ ਜੀ ਰਾਈਂ।
ਇਸ਼ਟ ਗਲੇ ਨਾਲ ਲਾਇਆ ਹੈ, ਲੱਗ ਗਏ ਚਾਈਂ ਚਾਈਂ।
ਮੇਰੇ ਮੌਲਾ ਮੇਹਰ ਕਰੀਂ ਹੁਣ ਤਾਂ ਲੱਗੀਆਂ ਨੂੰ ਤੋੜ ਨਿਭਾਈ।
ਮੇਰ ਤੇਰ ਸਾਡੀ ਖਤਮ ਹੋਈ ਈਕਣ ਹੀ ਪਿਆਰ ਵਧਾਈਂ।
ਜੋ ਮੁਰਸ਼ਦ ਦੇ ਵੱਲ ਨਹੀਂ ਜਾਂਦਾ ਮੈਨੂੰ ਉਸ ਰਸਤੇ ਨਾ ਪਾਈਂ।
ਜਿਸ ਕੋਲੋਂ ਨੱਚਣਾ ਸਿਖਿਆ ਹੈ ਉਸ ਦੇ ਹੀ ਨਾਲ ਨਚਾਈ।
ਜੇਹੜਾ ਰੰਗ ਮੇਰੇ ਮਾਲਕ ਦਾ ਓਹੀਓ ਹੀ ਰੰਗ ਚੜ੍ਹਾਈਂ।
ਧਰਤੀ ਤੇ ਉਸਦੇ ਅੰਗ ਬਹਾਂ ਅੰਬਰਾਂ ਵਿੱਚ ਨਾਲ ਉਡਾਈਂ।
ਉਹ ਜਿਸਨੂੰ ਸੁਣ ਕੇ ਤੁੱਠ ਪਵੇ ਬੱਸ ਉਹ ਹੀ ਬੋਲ ਬੁਲਾਈਂ।
ਮੰਗ ਸਲਾਮਤ ਲੱਗੀਆਂ ਦੀ ਸੁੱਨੜਾ ਹੋਰ ਕਿਤੇ ਨਾ ਲਾਈਂ।

•

# ਗੀਤਾ ਗਾਇਬ ਹੈ

ਇਕ ਗੀਤ ਸੁਣ ਰਿਹਾ ਹਾਂ, ਇਕ ਸੰਗੀਤ ਸੁਣ ਰਿਹਾ ਹਾਂ।
ਸਦੀਆਂ ਤੋਂ ਚੱਲਦੀ ਆ ਰਹੀ ਇਕ ਗੀਤ ਸੁਣ ਰਿਹਾ ਹਾਂ।
ਅੰਦਰੋਂ ਰਾਮ ਰਾਮ ਦੀ ਵੀ ਆ ਰਹੀ ਆਵਾਜ,
ਰਾਵਣ ਦੇ ਗੜ੍ਹਕਿਆਂ ਦੇ ਵੀ ਸੁਣ ਰਹੇ ਨੇ ਸਾਜ।
ਦੁਰਯੋਦਨ ਦੇ ਹੰਕਾਰ ਦੇ ਵੀ ਖੁਲ੍ਹ ਰਹੇ ਨੇ ਰਾਜ,
ਅੱਖਾਂ ਬੰਦ ਕਰ ਬਾਪ ਉਸਦਾ ਕਰਦਾ ਰਾਜ ਭਾਗ।
ਅੰਦਰ ਦੁਰਸ਼ਾਸਨ ਪਕੜਦਾ ਦਰੋਪਤੀ ਦੇ ਵਾਲ,
ਦਰੋਣਾਚਾਰੀਆ ਭੀਸ਼ਮ ਵੀ ਬੈਠੇ ਨੇ ਨਾਲ ਨਾਲ।
ਬਿਦਰ ਵੀ ਦੱਸ ਰਿਹਾ ਯੁੱਧ ਦਾ ਸਾਰਾ ਹੀ ਹਾਲ।
ਅਰਜੁਨ ਵੀ ਸਿੱਟੀ ਬੈਠਾ ਹੈ ਆਪਣਾ ਤੀਰ ਕਮਾਨ।
ਰੱਥ ਤੇ ਕ੍ਰਿਸ਼ਨ ਵੀ ਰੱਖ ਰਿਹਾ ਹੈ ਪੂਰਾ ਧਿਆਨ।
ਗੀਤਾ ਤਾਂ ਹੈ ਪਰ ਗੀਤਾ ਦਾ ਸੁਣਦਾ ਨਹੀਂ ਸੰਦੇਸ਼।
ਭਔ ਭਾਔ ਨਹੀਂ ਹੈ ਤਾਂ ਕਿਵੇਂ ਮੁੱਕ ਸਕਦਾ ਕਲੇਸ਼।
ਗੀਤਾ ਗਾਇਬ ਹੈ ਤਾਂ ਅਰਜੁਨ ਯੁੱਧ ਕੀ ਕਰੇਗਾ।
ਝੂਠ ਜਿੱਤ ਰਿਹਾ ਹੈ ਤਾਂ ਫਿਰ ਸੱਚ ਮਰੇਗਾ ਮਰੇਗਾ।

•

# ਕਦੇ ਆਨੇ ਅਤੇ ਦੁਆਨੀ

ਕਦੇ ਆਨੇ ਅਤੇ ਦੁਆਨੀ ਦੀ ਗੱਲ ਹੁੰਦੀ ਸੀ,
ਹੁਣ ਲੱਖਾਂ ਲੋਕ ਹੀ ਕਰੋੜਪਤੀ ਅਖਵਾਉਂਦੇ ਨੇ।
ਕਦੇ ਧੌਲੀਆਂ ਧੇਲੀਆਂ ਲੋਕੀਂ ਗਿਣਿਆ ਕਰਦੇ ਸੀ
ਹੁਣ ਨੋਟ ਹਜ਼ਾਰਾਂ ਲੱਖਾਂ ਦੇ ਛਪਵਾਉਂਦੇ ਨੇ।
ਕਦੇ ਰਤੀਆਂ ਮਾਸੇ ਤੋਲੇ ਵਜਨ ਵੀ ਹੁੰਦਾ ਸੀ,
ਹੁਣ ਟੰਨਾ ਦੇ ਜੈਟ ਹਵਾ ਦੇ ਵਿਚ ਉਡਾਉਂਦੇ ਨੇ।
ਕਦੇ ਕੋਹ ਪੈਂਡਾ ਕਰਨਾ ਵੀ ਮੁਸ਼ਕਿਲ ਹੁੰਦਾ ਸੀ,
ਹੁਣ ਘੰਟਿਆਂ ਵਿੱਚ ਧਰਤੀ ਦਾ ਗੇੜਾ ਲਾਉਂਦੇ ਨੇ।
ਕਦੇ ਇਕੱ ਦਮੜਾ ਵੀ ਲੱਖਾਂ ਵਰਗਾ ਹੁੰਦਾ ਸੀ,
ਹੁਣ ਲੱਖਾਂ ਚੁੱਕਕੇ ਜੇਬੀ ਦੇ ਵਿਚ ਪਾਉਂਦੇ ਨੇ।
ਕਦੇ ਹਵਾ ਪਾਣੀ ਅਗਨੀ ਹੀ ਰੱਬ ਅਖਵਾਉਂਦੇ ਸੀ,
ਹੁਣ ਮਨਮਰਜ਼ੀ ਦੇ ਰੱਬ ਦੇ ਰੂਪ ਬਣਾਉਂਦੇ ਨੇ।
ਸੁੰਨੜਾ ਰੱਬ ਰੱਬ ਕਰ ਤੇ ਬਹਿਕੇ ਵੇਖੀ ਜਾ ਸਭ ਕੁਝ,
ਹੁਣ ਆਉਂਦੇ ਕਲ ਨੂੰ ਕੇਹੜਾ ਚੰਦ ਚੜ੍ਹਾਉਂਦੇ ਨੇ।

•

# ਪੰਜ ਦੁਆਬ

ਪੰਡਤ ਮੰਦਰਾਂ ਵਿੱਚ ਬੁੱਤ ਪੂਜਣ, ਮੁੱਲਾਂ ਮੱਕੇ ਕਰਨ ਹਜ਼ਾਬ।
ਸੁੱਨੜ ਦਾ ਕੀ ਕਰੀਏ ਜਿਸਦੀ ਪੂਜਾ ਉਸਦੇ ਪੰਜ ਦੁਆਬ।
ਚੰਦ ਤਾਰਿਆਂ ਤੇ ਹੈ ਕੀ ਕੀ, ਦੁਨੀਆਂ ਲੱਭਦੀ ਫਿਰਦੀ ਹੈ,
ਸੁੱਨੜ ਖੋਜ ਕਰੇ ਕੰਢਿਆਂ ਤੇ ਸਤਲੁਜ ਰਾਵੀ ਸਿੰਧ ਝਨ੍ਹਾਬ।
ਚੀਨੀ ਅਫਰੀਕੀ ਤੇ ਰੋਮਨ ਬਹੁਤ ਪੁਰਾਤਨ ਗਿਣਦੇ ਲੋਕ,
ਸੁੱਨੜ ਆਖੇ ਮਾਨਵਤਾ ਦਾ ਮੁੱਢ ਕਦੀਮ ਤਾਂ ਹੈ ਪੰਜਾਬ।
ਗੀਤਾ ਅਤੇ ਰਮਾਇਣ ਵੀ ਤਾਂ ਜਾਈਆਂ ਨੇ ਪੰਜਾਬ ਦੀਆਂ,
ਸੰਸਕ੍ਰਿਤ ਵੀ ਜੰਮੀਂ ਏਥੇ ਸੁੱਨੜ ਦਾ ਤਾਂ ਇਹੀ ਹਿਸਾਬ।
ਅੱਲਾ ਅੱਲਾ ਕਰੀਂ ਫਰੀਦਾ ਫੇਰ ਕਿਤੇ ਵੀ ਆਵੇਂ ਜੇ।
ਪਾਕ ਪਵਿੱਤਰ ਪੰਜਾਬੀ ਵਿੱਚ ਵਾਰਿਸ ਸ਼ਾਹ ਦਾ ਨਹੀਂ ਜਵਾਬ।
ਝੂਠ ਤੁਫਾਨ ਬੋਲ ਕੇ ਲੋਕੀਂ ਨਕਲੀ ਧਰਮ ਬਣਾ ਲੈਂਦੇ,
ਨਾਨਕ ਦੀ ਬਾਣੀ ਤੇ ਸੁਨੜਾ ਦੱਸੀਂ ਕਿੱਥੇ ਦਿਸਦਾ ਦਾਗ।
ਕਾਦਰ ਦੀ ਕੁਦਰਤ ਹੈ ਉਪਜੀ ਇਸ ਓਪਜਾਊ ਧਰਤੀ ਤੇ,
ਉੱਚੇ ਪਰਬਤ ਡੂੰਘੇ ਪਾਣੀ ਮਾਰੂਥਲ ਨਾ ਹੋਣ ਅਬਾਦ।
ਜਾਣ ਬੁੱਝ ਕੇ ਮਚਲੇ ਹੋਏ ਸਭ ਕੁਝ ਜਾਣੇ ਇਹ ਦੁਨੀਆਂ,
ਬਹਿ ਜਾ ਤੂੰ ਚੁੱਪ ਕਰਕੇ ਸੁੱਨੜਾ, ਚਾਤਰ ਲੋਕੀਂ ਬੜੇ ਖਰਾਬ।
ਪਾੜ ਚੀਰ ਕੇ ਲੀਰਾਂ ਕੀਤਾ ਕੋਹਿਆ ਬੜਾ ਕਸਾਈਆਂ ਨੇ,
ਮਹਿਕ ਅਜੇ ਵੀ ਓਡੋ ਕੇਡੀ ਮੌਲਾ ਖਿੜਿਆ ਰਹੇ ਗੁਲਾਬ॥

•

# ਬੰਦਾ ਬਣ

ਕੀ ਅਸਮਾਨ ਨੂੰ ਠੁੱਮਣੇ ਲਾਉਣ ਦੀ ਸੋਚ ਰਿਹਾਂ,
ਬੰਦਿਆਂ ਵਾਂਗੂੰ ਬੰਦਾ ਬਣ ਕੇ ਰਹਿ ਬੰਦਿਆ।
ਤੇਰੇ ਬਿਨ ਦੁਨੀਆ ਪਹਿਲਾਂ ਵੀ ਵਸਦੀ ਸੀ,
ਸੰਕਟ ਮੋਚਨ ਬਣ ਬਣ ਕੇ ਨਾ ਬਹਿ ਬੰਦਿਆ।
ਸੀਮਾਂਬੱਧ ਸ੍ਰਿਸ਼ਟੀ ਦਾ ਤੂੰ ਪਾਤਰ ਹੈਂ,
ਆਪਣੀ ਸੀਮਾਂ ਦੇ ਵਿਚ ਸੀਮਤ ਰਹਿ ਬੰਦਿਆ।
ਜਿਉਂ ਰਖਸੀ ਉਸ ਤਰ੍ਹਾਂ ਹੀ ਤੈਨੂੰ ਰਹਿਣਾ ਪੈਣਾ ਹੈ,
ਰਾਮ ਵਾਹਿਗੁਰੂ ਅੱਲਾ ਜੀਸਸ ਕਹਿ ਬੰਦਿਆ।
•

# ਦਰਦ ਕਹਾਣੀ

ਆਪਣੀ ਦਰਦ ਕਹਾਣੀ ਤਾਂ ਤੂੰ ਹਰ ਮਹਿਫਲ ਵਿੱਚ ਕਰਦਾ ਫਿਰਦੈਂ,
ਸਾਡੇ ਤੇ ਕੀ ਬੀਤ ਰਹੀ ਹੈ, ਕਦੇ ਉਸਦਾ ਜਿਕਰ ਵੀ ਕਰਿਆ ਕਰ।
ਦੁਨੀਆਂ ਨੂੰ ਦੱਸਣਾ ਸਮਝਾਉਣਾ ਬਹੁਤ ਸੌਖਾ ਹੁੰਦਾ ਸੱਜਣਾ ਮੇਰਿਆ,
ਜੋ ਪੀੜ ਜਰਨ ਦੇ ਵੱਲ ਦੱਸਦੈਂ, ਉਸਤੇ ਅਮਲ ਵੀ ਕਰਿਆ ਕਰ।
ਭਵ ਸਾਗਰ ਨੂੰ ਤਰਨ ਦੇ ਵਿਧੀ ਵਿਧਾਨ ਤਾਂ ਬਹੁਤ ਨੇ ਤੇਰੇ ਕੋਲ,
ਜੇਕਰ ਮੇਰੀ ਗੱਲ ਮੰਨੇ ਤਾਂ ਤੂੰ ਵੇ ਮਿੱਤਰਾ ਮਾਸਾ ਤਰਿਆ ਕਰ।
•

## ਮਾਨਸਿਕ ਬਿਮਾਰ

ਇਮੀਗ੍ਰੇਸ਼ਨ ਖਾਤਰ ਜੇਹੜੇ ਕਰਦੇ ਫਿਰਦੇ ਪਿਆਰ,
ਸੁੱਨੜ ਕਿੰਝ ਕਹੇ ਉਹਨਾ ਨੂੰ ਖਰਲਾਂ ਦੇ ਸਰਦਾਰ।
ਗੀਤ ਨਹੀਂ ਗ਼ਜ਼ਲ ਨਹੀਂ ਕਵਿਤਾ ਵੀ ਨਹੀਂ ਜੇਹੜਾ,
ਹਾਈਕੂ ਦੇ ਫੋੜੇ ਫਿਣਸੀ ਨੂੰ ਕਵਿਤਾ ਨਾ ਕਹਿ ਯਾਰ।
ਜਪਾਨੀ ਸਿੱਖਣ ਵਾਲਾ ਦੁਨੀਆ ਦੇ ਲਈ ਕਾਫੀ ਕੁਝ ਹੈ,
ਬਹੁਤ ਹੀ ਵਧੀਆ ਸੋਚ ਜਪਾਨੀ ਹੋਰ ਬਹੁਤ ਉਜਿਆਰ।
ਭੇਡਚਾਲ ਤੁਰੀਆਂ ਜਾਂਦੀਆਂ ਕਈ ਭੇਡਾਂ ਨੀਵੀਂ ਪਾਅ ਕੇ,
ਦੇਖਣ ਨੂੰ ਚੰਗੀਆਂ ਭਲੀਆਂ ਪਰ ਮਾਨਸਿਕ ਤੌਰ ਬਿਮਾਰ।
•

## ਮਨ ਮੱਤ ਮੈਲੀ ਹੋ ਸਕਦੀ

ਮਨ ਮੱਤ ਮੈਲੀ ਹੋ ਸਕਦੀ ਦੁਨੀਆਂ ਦੀ ਅਕਸਰ,
ਵਸਤਰ ਮੈਲੇ ਹੋਣੇ ਕੋਈ ਵੀ ਅਸਚਰਜ ਨਹੀਂ ਹੈ।
ਨਿੰਦਕ ਚੁਗਲ ਮੈਲ ਧੋਣ ਦਾ ਸਾਬੁਣ ਨੇ ਸਭ ਹੀ,
ਫਰਜੀ ਹੈ ਫਿਤਰਤ ਇਹ ਸੱਚਮੁਚ ਫਰਜ ਨਹੀਂ ਹੈ।
ਆਸਮਾਨ ਵਿੱਚ ਧੂੰਆਂ ਵੀ ਸੂਰਜ ਨੂੰ ਕੱਜ ਲੈਂਦਾ ਹੈ,
ਧੂਏਂ ਦੇ ਬੱਦਲਾਂ ਵਿੱਚ ਪਰ ਕੋਈ ਗਰਜ ਨਹੀਂ ਹੈ।
ਜੋ ਭਾਫ ਬਣ ਉਡਦਾ ਹੈ ਪਾਣੀ ਸਾਗਰ ਨਦੀਆਂ ਚੋਂ,
ਵਰ੍ਹੂ ਜਰੂਰ ਭਾਵੇਂ ਸਮਾਂ ਸਥਾਨ ਕਿਤੇ ਦਰਜ ਨਹੀਂ ਹੈ।
ਸੱਚਪਰਸਤੀ ਰਾਮ ਨੂੰ ਵੀ ਤਾਂ ਮਹਿੰਗੀ ਪੈ ਸਕਦੀ ਹੈ,
ਪਰ ਸੱਚੇ ਮਾਰਗ ਚੱਲਣ ਦਾ ਕੋਈ ਹਰਜ ਨਹੀਂ ਹੈ।
•

# ਧਰਤ ਅਕਾਸ਼ ਪਤਾਲ ਦੀ ਖੋਜ

ਧਰਤ ਅਕਾਸ਼ ਪਤਾਲ ਦੀ ਖੋਜ ਕਰੀ ਫਿਰਦੈਂ,
ਪਰ ਤੇਰਾ ਕੀ ਸਿਰਨਾਵਾਂ ਓਏ ਕੱਚਿਆ ਪਿੱਲਿਆ ।

ਗਿਰੀ ਹੀ ਖਾਣ ਵਾਲੀ ਅਖਰੋਟ ਬਦਾਮਾਂ ਦੀ,
ਕਿਵੇਂ ਗਿਰੀ ਨਿਕਲੂ ਜੇ ਨਾ ਭੰਨਿਆ ਛਿੱਲਿਆ ।

ਦੁਨੀਆ ਨੂੰ ਸਮਝਾਵੇਂ ਬਹੁਤ ਹੀ ਸਖਤੀ ਨਾਲ,
ਪਰ ਖੁਦ ਤੇ ਸਖਤੀ ਕਿਉਂ ਨਹੀ ਤੂੰ ਕਰਦਾ ਢਿੱਲਿਆ।

ਬੰਦ ਡੋਡੀਆਂ ਫੁੱਲ ਤੋੜੇ ਤਾਂ ਕੀ ਤੋੜੇ,
ਚੱਜਦਾ ਫੁੱਲ ਇਕ ਵੀ ਵਿਹੜੇ ਵਿੱਚ ਨਹੀਂ ਖਿਲਿਆ ।

ਮੋਟੇ ਪਤਲੇ ਲੱਕ ਬਹੁਤ ਹੀ ਟੋਹ ਦੇਖੇ,
ਪਰ ਜੋ ਦਿਲ ਟੋਂਹਦਾ ਫਿਰਦਾ ਸੀ ਉਹ ਨਾ ਮਿਲਿਆ।

ਤੇਜ ਹਵਾਵਾਂ ਚੱਲੀਆਂ ਬਹੁਤ ਦਿਸ਼ਾਵਾਂ ਤੋਂ,
ਦਿਲ ਵਿਚਲੇ ਫੁੱਲ ਦਾ ਪੱਤਾ ਵੀ ਨਾ ਹਿੱਲਿਆ ।

ਮਹਿੰਗੀਆਂ ਸਸਤੀਆਂ ਵਸਤਾਂ ਬਹੁਤ ਹੰਢਾਈਆਂ ਨੇ,
ਪਰ ਅਣਮੁੱਲਾ ਅਹਿਸਾਸ ਨਹੀਂ ਮਿਲਿਆ ਗਿਲਿਆ।

•

# ਸ਼ੁਭਕਰਮਨ

ਯਤਨਸ਼ੀਲ ਹੋਣਾ ਅਤਿਅੰਤ ਜ਼ਰੂਰੀ ਹੈ।
ਸੱਚੇ ਮਨ ਨਾਲ ਵਾਹ ਪੂਰੀ ਤਾਂ ਲਾਈ ਹੈ।
ਕਿਸੇ ਕਿਸੇ ਨੂੰ ਸਮਾਂ ਵਫਾ ਕਰ ਜਾਂਦਾ ਹੈ।
ਸਮੇਂ ਨੇ ਕਈ ਵਾਰੀ ਕੰਨੀ ਖਿਸਕਾਈ ਹੈ।
ਹਰ ਚੰਗੇ ਕੰਮ ਦਾ ਫਲ ਮਿਲੇ ਜਰੂਰੀ ਨਹੀ।
ਗਲਤ ਲੋਕਾਂ ਵੀ ਸ਼ੋਹਰਤ ਬੜੀ ਕਮਾਈ ਹੈ।
ਹੱਥਾਂ ਦੀਆਂ ਲਕੀਰਾਂ ਦੀ ਵੀ ਗੱਲ ਸਹੀ।
ਹਿੰਮਤੀ ਲੋਕਾਂ ਨੇ ਤਕਦੀਰ ਬਣਾਈ ਹੈ।
ਕਿਸੇ ਕਿਸੇ ਦਾ ਐਵੇਂ ਦਾਅ ਲੱਗ ਜਾਂਦਾ ਹੈ।
ਵਾਂਝੇ ਰਹਿੰਦੇ ਕਈ ਜਿਨਾਂ ਘੋਲ ਕਮਾਈ ਹੈ।
ਪਰਸੰਸਾ ਨਾ ਭਾਲਿਆ ਕਰ ਐਵੇਂ ਸੁੰਨੜਾ।
ਸ਼ੁਭਕਰਮਨ ਦੀ ਰੀਝ ਵੀ ਇਕ ਕਮਾਈ ਹੈ।

•

# ਉਲਝੀ ਤਾਣੀ

ਪੰਜ ਦੁਸ਼ਟ ਕਹਿੰਦਾ ਹਾਂ।
ਪੰਜ ਦੂਤ ਵੀ ਆਖਦਾਂ।
ਪੰਜ ਚੋਰ ਵੀ ਗਿਣਦਾ ਹਾਂ।
ਕੁਕਰਮ ਵੀ ਕਹਿ ਦੇਂਦਾਂ।
ਪਰ ਕੁਕਰਮ ਕਰਦਾ ਵੀ ਹਾਂ।
ਦਾਦਾ ਕੁਕਰਮ ਨਾ ਕਰਦਾ
ਤਾਂ ਮੇਰਾ ਪਿਤਾ ਨਾ ਹੁੰਦਾ।
ਮੇਰੇ ਪੁੱਤਰ ਕਾਮ ਬਿਨ ਕਿਵੇਂ ਹੁੰਦੇ।
ਗੱਲ ਗੱਲ ਤੇ ਕ੍ਰੋਧ ਆਉਂਦਾ ਹੈ।
ਜੇ ਸਭ ਕੁਝ ਠੀਕ ਲਗਦਾ
ਤਾਂ ਕੁਝ ਵੀ ਗ਼ਲਤ ਨਾ ਲਗਦਾ।
ਗੁੱਸਾ ਤਾਂ ਫਿਰ ਬਿਲਕੁਲ ਨਾ ਆਉਂਦਾ।
ਮੈਂ ਕ੍ਰੋਧੀ ਹਾਂ ਜਾਂ ਮੈਂ ਕਿਸੇ ਦੂਤ ਦੇ ਵੱਸ ਹਾਂ।
ਲਾਲਚ ਹਰ ਕੋਈ ਕਰਦਾ ਮੈਂ ਵੀ ਲਾਲਚੀ।
ਪਿਆਰ ਤੇ ਸਤਿਕਾਰ ਦਾ ਲਾਲਚ।
ਜੀਣ ਦਾ ਖਾਣ-ਪੀਣ ਦਾ ਲਾਲਚ।
ਲਾਲਚ ਜੇ ਕੁਕਰਮ ਹੈ ਤਾਂ ਕਿਉਂ ਕਰਦਾ ਹਾਂ।
ਜਾਣ ਬੁੱਝ ਕੇ ਫਿਰ ਮੈਂ ਬਈ ਕਿਉਂ ਹਰਦਾ ਹਾਂ।
ਮੋਹ ਵੀ ਮੈਨੂੰ ਬਹੁਤ ਹੈ।
ਆਪਣੇ ਤੇ ਆਪਣਿਆਂ ਨਾਲ ਮੋਹ।

ਰਿਸ਼ਤਿਆਂ ਨਾਲ ਮੋਹ।
ਫੁੱਲਾਂ ਦੇ ਰੰਗਾਂ ਤੇ ਮਹਿਕ ਨਾਲ ਮੋਹ।
ਮੋਹ ਨਾ ਕਰਾਂ ਤਾਂ ਦੱਸ ਹੋਰ ਕੀ ਕਰਾਂ।
ਜਿਊਣਾ ਨਹੀਂ ਤਾਂ ਕਿੱਥੇ ਜਾ ਮਰਾਂ।
ਮੈਂ ਤਾਂ ਹੰਕਾਰੀ ਵੀ ਹਾਂ।
ਵਧੀਆ ਕੁਝ ਕਰਨ ਦਾ ਹੰਕਾਰ ।
ਤਾਰੂ ਨੂੰ ਤਰਨ ਦਾ ਹੰਕਾਰ।
ਆਪਣੇ ਹਰ ਤਾਣ ਦਾ ਹੰਕਾਰ।
ਆਪਣੀ ਪਹਿਚਾਣ ਦਾ ਹੰਕਾਰ।
ਪੰਜ ਤਾਣ ਪੰਜਾਂ ਤੇ ਮਾਣ।
ਮੇਰੇ ਤੋਂ ਤਕੜੇ ਪੰਜੇ ਦੂਤ।
ਮੈਂ ਫਸਿਆ ਫਿਰਾਂ ਕਸੂਤ।
ਪੰਜਾਂ ਦੇ ਵੱਸ ਹਾਂ ਕਮਜ਼ੋਰ ਹਾਂ।
ਅੰਦਰੋਂ ਕੁਝ ਹੋਰ ਬਾਹਰੋਂ ਹੋਰ ਹਾਂ।
ਖੁਦ ਆਪਣਾ ਮਚਾਇਆ ਛੋਰ ਹਾਂ।
ਪੰਜ ਚੋਰਾਂ ਦੀ ਨਹੀਂ ਮੇਰੀ ਕਹਾਣੀ ਹੈ।
ਖੁਦ ਉਲਝਾਈ ਇਹ ਮੇਰੀ ਤਾਣੀ ਹੈ।
•

# ਆਫਤਾਂ ਵੀ ਆਈਆਂ

ਆਫਤਾਂ ਵੀ ਆਈਆਂ, ਬਹੁਤ ਹੜ੍ਹ ਆਏ ਗਮਾਂ ਦੇ ਵੀ
ਅਸੀਂ ਖੁਸ਼ੀਆਂ ਵੀ ਰੱਜਕੇ ਮਨਾਈਆਂ ਦੋਸਤੋ।
ਸਿਰੇ ਦੀਆਂ ਦਾਅਵਤਾਂ ਤੇ ਸ਼ਾਹੀ ਖਾਣੇ ਖਾਅ ਕੇ ਦੇਖੇ,
ਕਈ ਵਾਰੀ ਰਾਤਾਂ ਫਾਕੀਆਂ ਲੰਘਾਈਆਂ ਦੋਸਤੋ।
ਕਈ ਵੇਰ ਟੁੱਟੇ, ਤੇ ਕਈ ਵਾਰ ਡਿੱਗੇ ਮੂੰਹ ਭਾਰ,
ਆਸਮਾਨ ਤੱਕ ਅਸੀਂ ਗੁੱਡੀਆਂ ਚੜ੍ਹਾਈਆਂ ਦੋਸਤੋ।
ਚੁਣ ਚੁਣ ਲਾਏ ਚਸਕੇ, ਸਾਰੇ ਲੱਲੇ ਲਾਅ ਕੇ ਦੇਖੇ,
ਰੋਅ ਰੋਅ ਵੀ ਰਾਤਾਂ ਕਾਲੀਆਂ ਲੰਘਾਈਆਂ ਦੋਸਤੋ।
ਸਾਰੇ ਹੀ ਸਬਜਬਾਗ ਦੇਖੇ ਅਸੀਂ ਆਪ ਅੱਖੀਂ,
ਲੋਕਾਂ ਰੀਝਾਂ ਸਾਡੀਆਂ ਸਾਡੇ ਸਾਹਵੇਂ ਝਟਕਾਈਆਂ ਦੋਸਤੋ।
ਖੁਸ਼ੀ ਗਮੀਂ, ਧੁੱਪ ਛਾਂ, ਦੁਖ ਸੁਖ ਸਾਰੇ ਇੱਕੋ ਜਿਹੇ,
ਮਿੱਠਾ ਤੇ ਕਸੈਲਾ ਹੁਣ ਲਗਦਾ ਹੈ ਇਕੋ ਜਿਹਾ।
ਜਿਸ ਰੰਗ ਵਿਚ ਰੱਖੇਂ, ਓਹੀਓ ਰੰਗ ਖਰਾ,
ਅਸੀਂ ਹਰ ਰੰਗ ਨਾਲ ਸਾਂਝਾਂ ਪਾਈਆਂ ਦੋਸਤੋ।
ਖੜ੍ਹੇ ਹਾਂ ਅਡੋਲ, ਕੁਝ ਸਕਦੇ ਨਾ ਬੋਲ,
ਸਿਰ ਉੱਪਰੋਂ ਕਈ ਨੇਰੀਆਂ ਲੰਘਾਈਆਂ ਦੋਸਤੋ।
ਜਿੱਦਾਂ ਦੀਆਂ ਝਾਂਜਰਾਂ ਪਵਾਈਆਂ ਸਾਡੇ ਪੈਰੀਂ,
ਓਸੇ ਤਰਾਂ ਅਸੀਂ ਸਦਾ ਛਣਕਾਈਆਂ ਦੋਸਤੋ।
•

# ਮੌਕਾ

ਤਿਆਰ ਪਿਆ ਦਿਸਦਾ ਹੈ ਜਦ ਜੋ ਦਿਲ ਨੂੰ ਭਾਉਂਦਾ ਹੈ।
ਸਵਾਗਤ ਕਰਦਾ ਹੈ ਉਹ, ਦਿਲ ਜਿਸਨੂੰ ਚਾਹੁੰਦਾ ਹੈ।
ਵਿਸ਼ਵਾਸ ਨਹੀਂ ਆਉਂਦਾ ਕਿ ਇਹ ਅਨਹੋਣੀ ਕਿੰਝ ਹੋਈ,
ਜਿਸਨੂੰ ਭਾਲਦੇ ਸੀ ਉਹ ਕੋਲ ਆ ਕੇ ਮੁਸਕਾਉਂਦਾ ਹੈ।
ਹਿੰਮਤ ਨਹੀਂ ਪੈਂਈਂਦੀ ਕਿ ਚਿਤ ਪਰਚਾ ਲਵਾਂ ਰੱਜ ਕੇ,
ਸੁਣ ਲਵਾਂ ਉਹ ਗੀਤ ਜੋ ਉਹ ਖੁਦ ਹੀ ਸੁਣਾਉਂਦਾ ਹੈ।
ਜਿਸ ਮੋਢੇ ਸਿਰ ਧਰਕੇ ਦਿਲ ਹੌਲਾ ਕਰਨਾ ਚਾਹੁੰਦਾ ਸੀ।
ਭੱਜ ਕੇ ਮਿਲਾਂ ਜੇ ਆਪ ਆਪਣੇ ਗਲ ਨਾਲ ਲਾਉਂਦਾ ਹੈ।
ਜੇ ਹਿੰਮਤ ਨਾ ਕਰਾਂ ਬੁਰਕੀ ਨਾ ਲਾਵਾਂ ਤਿਆਰ ਥਾਲੀ ਚੋਂ,
ਸੋਚਾਂ ਕਿ ਇਹ ਸੱਚ ਹੈ ਜਾਂ ਕੋਈ ਸੁਪਨਾ ਆਉਂਦਾ ਹੈ।
ਹੁਣ ਵਾਲ ਦੀ ਨਾ ਖਾਲ ਲਾਹੀ ਜਾਹ ਤੂੰ ਐਵੇਂ ਸੁੱਨੜਾ,
ਤੂੰ ਉੱਕੀਂ ਨਾ ਕਿਸਮਤ ਨਾਲ ਐਸਾ ਮੌਕਾ ਆਉਂਦਾ ਹੈ।
•

# ਮੇਰੀ ਮੈਂ

ਜਿਸ ਦਿਨ ਮੇਰੀ ਮੈਂ ਮਰੇ ਮੈਂ ਸ਼ਗਨ ਮਨਾਵਾਂ।
ਬੱਸ ਮੈਂ ਮਰ ਜਾਵੇ ਇੱਕ ਵਾਰੀਂ ਤਾਂ ਭੰਗੜੇ ਪਾਵਾਂ।
ਸਭਨੇ ਹੀ ਮਰ ਜਾਣਾ ਹੈ ਇਹ ਤਾਂ ਵਿਧੀ ਵਿਧਾਨ,
ਮੈਂ ਮੇਰੀ ਦੀ ਸੋਚ ਮਰਨੋ ਬਾਅਦ ਵੀ ਜੀਣਾ ਚਾਹਵਾਂ।
ਆਪ ਮੋਏ ਜੱਗ ਪਰਲੋ ਸਭ ਕੁਝ ਹੀ ਖਤਮ ਹੋਏਗਾ,
ਮੈਂ ਮਿੱਟੀ ਜੇ ਕਰੇ ਹਦਾਇਤ ਉਸਨੂੰ ਕਿੰਝ ਸਮਝਾਵਾਂ।
ਮਰਨੋ ਥਾਅਦ ਮਕਬਰੇ ਦੁਨੀਆ ਸ਼ਾਇਦ ਬਣਾਵੇ,
ਜਿਉਂਦੇ ਮੈਂ ਦੇ ਆਖੇ ਲੱਗਕੇ ਮੜ੍ਹੀ ਤੇ ਦੀਪ ਜਗਾਵਾਂ।
ਮੈਂ ਨੇ ਮੈਨੂੰ ਖੱਜਲ ਕੀਤਾ ਨੱਥ ਪਾ ਕੇ ਰਹੀ ਜੂੜਦੀ,
ਮੈਂ ਤੋਂ ਖਹਿੜਾ ਛੁੱਟ ਜਾਵੇ ਸੱਚੀਂ ਮੈਂ ਸੌਖਾ ਮਰ ਜਾਵਾਂ।

•

# ਲੋਹੜੀ

ਤੈਨੂੰ ਪਾਅਕੇ ਇਉਂ ਲੱਗਿਆ ਮੰਜ਼ਿਲ ਮੇਰੀ ਮਿਲ ਗਈ ਮੈਨੂੰ,
ਮੇਰੇ ਵੰਨੀਓਂ ਮੁੱਖ ਮੋੜ ਕੇ ਦੇਖੀਂ ਕਿਤੇ ਨਾ ਵਾਟ ਵਧਾਵੀਂ।
ਸਾਡਾ ਜੀਵਨ ਮਹਿਲ ਰੇਤ ਦਾ ਪਤਾ ਨਹੀਂ ਕਿੱਦਣ ਢਹਿ ਜਾਵੇ
ਕਮਲ ਨਾ ਕੁੱਟੀਂ ਦੇਖੀਂ ਕਿਧਰੇ ਆਪਣੇ ਹੱਥੀਂ ਹੀ ਨਾ ਢਾਵੀਂ।
ਤੈਨੂੰ ਆਪਣਾ ਰੱਬ ਬਣਾਇਆ, ਮੈਂ ਤੇਰੀ ਪੂਜਾ ਕੀਤੀ ਹੈ,
ਸ਼ੱਕ ਮੇਰੀ ਸ਼ਰਧਾ ਤੇ ਕਰਕੇ ਨਾ ਕੋਈ ਝੂਠੀ ਤੋਹਮਤ ਲਾਵੀਂ।
ਆਜਾ ਰਲਮਿਲ ਕੇ ਸੇਕੀਏ, ਲੋਹੜੀ ਦਾ ਚੱਲ ਨਿੱਘ ਮਾਣੀਏਂ,
ਨਫਰਤ ਕੋਰਾਕੱਕਰ ਪਾਅਕੇ ਲੋਹੜੀ ਦੀ ਨਾ ਅੱਗ ਬੁਝਾਵੀ।
ਜੂਨ ਮਿਲੀ ਜੀਵੀਏ ਇਸਨੂੰ ਅੰਮ੍ਰਿਤਜਲ ਹੈ ਪੀਵੀਏ ਇਸਨੂੰ,
ਰੱਬ ਦੀ ਰਜ਼ਾ ਚ ਰਹੀਏ ਚੱਲ ਰਿਸ਼ਤੇ ਦਾ ਧਰਮ ਨਿਭਾਈਏ।

•

# ਦਿਲਾਂ ਦੀ ਜੇਲ੍ਹ

ਜੀਅ ਕਰਦਾ ਕੈਦੀ ਬਣ ਜਾਈਏ ਰਿਸ਼ਤੇ ਕਿਸੇ ਦੀ ਜੇਲ੍ਹ ਵਿੱਚ।
ਹਰ ਕੋਈ ਚਾਹੁੰਦਾ ਬਣਾਂ ਖਿਡਾਰੀ ਰਿਸ਼ਤਿਆਂ ਦੀ ਇਸ ਖੇਲ੍ਹ ਵਿੱਚ।
ਰੱਬ ਨੇ ਹੀ ਰਿਸ਼ਤੇ ਜੋੜੇ ਹਨ ਮਾਂ ਦੇ ਨਾਲ ਤੇ ਇਸ ਦੁਨੀਆ ਨਾਲ।
ਫਿਰ ਮਿਲਣ ਵਧਾਈਆਂ ਦੋਹੀਂ ਪਾਸੀਂ ਪਰਵਾਰਾਂ ਦੇ ਮੇਲ ਵਿੱਚ।
ਕਰਮ ਕੁਕਰਮ ਤਾਂ ਹੀ ਬਣਦੇ ਹਨ ਵੱਸ ਤੋਂ ਬਾਹਰ ਹੋਵਣ ਜਦ।
ਮਰਿਆਦਾ ਵਿੱਚ ਹਰ ਕਾਰਜ ਸ਼ੁਭ ਸ਼ਗਨ ਹੁੰਦਾ ਹੈ ਖੇਲ੍ਹ ਵਿਚ।
ਗਾਨੀ ਤਾਂ ਸੁੰਨੜਾ ਉਸ ਦੀ ਹੁੰਦੀ ਜਿਸਦੀ ਹਿੱਕ ਦੇ ਨਾਲ ਦਿਸੇ।
ਅੰਨ੍ਹਿਆਂ ਨੂੰ ਵੀ ਫਰਕ ਹੈ ਦਿਸਦਾ ਨਥਨੀ ਅਤੇ ਨਕੇਲ ਵਿੱਚ।
ਖਿੱਚ ਕੇ ਲਾਗੇ ਕਰ ਲਓ ਰਿਸ਼ਤਾ ਜਿੰਨਾ ਵੀ ਲਾਗੇ ਕਰ ਹੁੰਦਾ।
ਕਿਤੇ ਨਹੀਂ ਗੱਲ ਬਣਦੀ ਜੇਹੜੀ ਬਣਦੀ ਦਿਲਾਂ ਦੀ ਜੇਲ੍ਹ ਵਿੱਚ।

•

# ਮੈਂ

ਜੰਮਿਆਂ ਤਾਂ ਮਾਂ-ਬਾਪ ਦੀ ਮਮਤਾ ਨੇ ਮੋਹ ਲਿਆ।
ਵਿਆਹਿਆ ਤਾਂ ਪਤਨੀ ਨੇ ਉਹ ਰਿਸ਼ਤਾ ਖੋਹ ਲਿਆ।
ਜ਼ਿੰਦਗੀ ਵਿੱਚ ਕੀਤੇ ਮੈਂ ਬਹੁਤ ਹੀ ਵਣਜ ਵਿਉਪਾਰ।
ਦੇਸ਼-ਵਿਦੇਸ਼ ਮੈਂ ਬਹੁਤ ਹੁੰਦਾ ਰਿਹਾ ਖੱਜਲ ਖੁਆਰ।
ਬੱਚੇ ਜਦ ਜਨਮੇਂ ਤਾਂ ਮੈਂ ਰੱਜ ਰੱਜ ਕੇ ਖੁਸ਼ੀ ਮਨਾਈ।
ਭਾਜੀਆਂ ਵੰਡੀਆਂ ਵਧਾਈਆਂ ਦਿੱਤੀਆਂ ਲੁਕਾਈ।
ਬਹੁਤ ਫਖਰ ਹੋਇਆ ਜਦ ਜਦ ਚੌਧਰਾਂ ਮਿਲੀਆਂ।
ਜ਼ਿੰਦਗੀ ਵਿੱਚ ਕਈ ਫੁੱਲ ਕਲੀਆਂ ਜਦੋਂ ਖਿਲੀਆਂ।
ਰੱਜ ਰੱਜ ਕੇ ਮਾਣੀਆਂ ਦੁਨੀਆ ਦੀਆਂ ਸਵਾਗਤਾਂ।
ਹੋਰ ਹੋਰ ਲਾਲਚ ਦੀਆਂ ਬਣੀਆਂ ਕਈ ਆਦਤਾਂ।
ਮੇਰਾ ਮੇਰਾ ਕਰਦਿਆਂ ਕੀਤੀ ਬਹੁਤ ਹੀ ਭੱਜ ਦੌੜ।
ਪਰ ਕੀ ਪਤਾ ਸੀ ਹੋ ਰਿਹਾ ਅੱਗਾ ਦੌੜ ਪਿੱਛਾ ਚੌੜ।
ਮੇਰੇ ਬਿਨਾਂ ਤਾਂ ਮੇਰੇ ਵਿੱਚ ਕੁਝ ਵੀ ਨਹੀਂ ਹੈ ਮੇਰਾ।
ਤੇਰੇ ਵਿਚ ਤਾਂ 'ਸੁੰਨੜਾ' ਇਹ ਸਾਹ ਵੀ ਨਹੀਂ ਹੈ ਤੇਰਾ।
ਕਿਸੇ 'ਤੇ ਇਸ ਦਾ ਮੈਂ ਕਿਉਂ ਲਾਵਾਂ ਭਲਾ ਇਲਜ਼ਾਮ।
ਇਹ ਕੋਈ ਖਾਸ ਗੱਲ ਨਹੀਂ ਇਹ ਹੈ ਗੱਲ ਆਮ।
ਇਹ ਮੇਰੀ ਮਰਜ਼ੀ ਮੈਂ ਅਜੇ ਵੀ ਮੈਂ ਮੈਂ ਕਰੀਂ ਜਾਵਾਂ।
ਮੈਂ ਵੀ ਸੱਚ ਸਮਝ ਸਕਦਾ ਹਾਂ ਜੇਕਰ ਮੈਂ ਚਾਹਵਾਂ।

•

# ਸੁਰ ਨਾਲ ਸੁਰ

ਤੁਸੀਂ ਸਬਜਬਾਗ ਹੀ ਦੇਖੇ ਨੇ ਕਈ ਕੁਝ ਹੋਰ ਦਿਖਾਵਾਂਗੇ।
ਜਿਸ ਦਿਨ ਕੰਨ ਧਰ ਗੱਲ ਸੁਣੀ ਦਿਲ ਦੀ ਪੀੜ ਸੁਣਾਵਾਂਗੇ।
ਇਸ ਦੁਨੀਆ ਵਿਚ ਬਹੁਤ ਲੋਕ ਨਕਲੀ ਹਾਸੇ ਹੀ ਹੱਸਦੇ ਨੇ,
ਜੋ ਹਾਸਿਆਂ ਪਿੱਛੇ ਦਰਦ ਛੁਪੇ ਸਭ ਦੇ ਦਰਸ਼ਨ ਕਰਵਾਵਾਂਗੇ।
ਲੋਕਾਂ ਦੇ ਭਾਣੇ ਤਾਂ ਸੁੰਨੜ ਅੰਬਰਾਂ ਦੇ ਵਿੱਚ ਉਡਿਆ ਫਿਰਦਾ,
ਦਿਲ ਦੇ ਦਰਦ ਜਖਮ ਬਣ ਗਏ ਸਾਰੇ ਖੋਹਲ ਦਿਖਾਵਾਂਗੇ।
ਹਾਂ ਚੰਦ ਚਨਣਾ ਕਰਦਾ ਹੈ, ਸੂਰਜ ਪ੍ਰਕਾਸ਼ ਵੀ ਵੰਡਦਾ ਹੈ,
ਲੇਕਿਨ ਚੱਕਰ ਵਿੱਚ ਨੇ ਤਾਰੇ ਅਸਮਾਨ ਦੀ ਸੈਰ ਕਰਾਵਾਂਗੇ।
ਧਰਮੀ ਰਾਜਾ ਪਰਜਾ ਦੇ ਦੁਖ ਸੁਖ ਵਿੱਚ ਕੰਮ ਆਉਂਦਾ ਹੈ,
ਪਰ ਰਾਜਾ ਕਿੰਨਾ ਦੁਖੀਆ ਹੈ, ਸਭਨੂੰ ਹੈਰਾਨ ਕਰਾਵਾਂਗੇ।
ਵਾਰੋ ਵਾਰੀ ਸਭ ਨੇ ਜਾਣਾ ਹੈ ਸਦਾ ਕਿਸੇ ਨੇ ਨਹੀਂ ਰਹਿਣਾ,
ਸਭ ਕੁਝ ਐਥੇ ਹੀ ਰਹਿ ਜਾਣਾ ਤੂੰ ਸਮਝੇਂ ਤਾਂ ਸਮਝ,ਵਾਂਗੇ।
ਸੌਖੇ ਸਾਹ ਨਿੱਕਲ ਸਕਦੇ ਨੇ ਜੇ ਰਜਾ ਚ ਰਹਿਣਾ ਆ ਜਾਏ,
ਜੇ ਸੁਰ ਨਾਲ ਸੁਰ ਮਿਲਾਵੇਂ ਤਾਂ ਮਿਲ ਕੇ ਮੰਗਲ ਗਾਵਾਂਗੇ।

•

# ਦੋਸ਼ੀ

ਤੁਸੀਂ ਅੱਜ ਤੀਕ ਨਾ ਕੋਈ ਗਲਤੀ ਮੇਰੀ ਦੱਸੀ,
ਤੇ ਨਾ ਹੀ ਅੱਜ ਤੀਕ ਮੈਨੂੰ ਮੁਆਫ ਕੀਤਾ।
ਦੋਸ਼ੀ ਸੀ ਜੇ ਮੈਂ ਤਾਂ ਤੁਸੀਂ ਕੋਈ ਦੰਡ ਦੇ ਦੇਂਦੇ,
ਪਤਾ ਨਹੀਂ ਤੁਸੀਂ ਇਹ ਕੀ ਇਨਸਾਫ ਕੀਤਾ।
ਤਿੰਨਾ ਮਾਵਾਂ ਨਾਲ ਜੇ ਮੈਨੂੰ ਪਿਆਰ ਸੀ ਪੂਰਾ,
ਤੁਸੀਂ ਦੱਸਿਆ ਨਹੀਂ ਮੇਰੀ ਖਤਾ ਕੀ ਸੀ।
ਮਾਂ ਦੇ ਵਿਰੋਧੀ ਆਪਣੇ ਬੱਚੇ ਵੀ ਹੁੰਦੇ ਨੇ,
ਇਹ ਮਮੁਕਿਨ ਹੈ ਮੈਨੂੰ ਇਹ ਪਤਾ ਕੀ ਸੀ।
ਸਮਾਜਿਕ ਆਰਥਿਕ ਮਾਨਸਿਕ ਮੰਦਹਾਲੀ ਦੇਖੀ,
ਤਾਂ ਮੈਂ ਵਿਦੇਸ਼ੀਂ ਆਲਣਾ ਪਾਇਆ।
ਵਿਦੇਸ਼ੀ ਬਾਗ ਵਿਚ ਫਲਦਾਰ ਤੇ ਛਾਂਦਾਰ ਬੂਟੇ,
ਵੱਖਰਾ ਦਿਸੇ ਜੇਹੜਾ ਵੀ ਰੁੱਖ ਮੈਂ ਲਾਇਆ।
ਤੇਰੀ ਮਰਜੀ ਸੀ ਕਿ ਮੈਂ ਬਾਗ ਛੱਡ ਦੇਵਾਂ,
ਨਾ ਚਹੁੰਦਿਆਂ ਵੀ ਮੈਂ ਸਾਰੇ ਬਾਗ ਛੱਡ ਦਿੱਤੇ।
ਕੁਝ ਮੁਰਝਾ ਗਏ ਬੂਟੇ ਮੇਰੇ ਪਾਣੀ ਖੁਣੋਂ,
ਤੁਸੀਂ ਕੁਝ ਛਾਂਗ ਦਿੱਤੇ ਕੁਝ ਮੁੱਢੋਂ ਵੱਢ ਦਿੱਤੇ।
ਆਪਣੇ ਪਰਾਂ ਨਾਲ ਕੱਜ ਕੇ ਜੋ ਬੋਟ ਪਾਲੇ ਸੀ,
ਖੰਭ ਜਦ ਨਿਕਲੇ ਤਾਂ ਬੱਚੇ ਵੀ ਉੜ ਗਏ।
ਮੈਂ ਫਿਰ ਤੋਂ ਕੱਲਾ ਰਹਿ ਗਿਆ ਬੱਚੇ ਛੱਡ
ਕੱਲਿਆਂ ਮੈਨੂੰ ਉਹ ਦੁਨੀਆ ਨਾਲ ਜੁੜ ਗਏ।

ਪਰਤਿਆ ਵਾਪਸ ਮੈਂ ਆਪਣੀ ਜਨਮ ਭੂਮੀਂ
ਤੇ ਜਿੱਥੇ ਇਕ ਮੋਈ ਦੋ ਸਹਿਕਦੀਆਂ ਮਾਵਾਂ ।
ਮੇਰੀਆਂ ਮਾਵਾਂ ਦੀ ਮੰਦਹਾਲੀ ਕਿਵੇਂ ਹੋਈ
ਮੈਂ ਵੀ ਦੋਸ਼ੀ ਹਾਂ, ਕਿਸੇ ਤੇ ਦੋਸ਼ ਕੀ ਲਾਵਾਂ।
ਦੇਸ਼ ਤੇ ਪ੍ਰਦੇਸ਼ ਵਿਚ ਸਾਰੇ ਹੀ ਪ੍ਰਦੇਸ਼ੀ ਕਹਿੰਦੇ ਨੇ,
ਦੱਸੋ ਹੋਰ ਮੈਂ ਕਿਧਰ ਚਲੇ ਜਾਵਾਂ।
ਰਿਸ਼ਤੇ ਨਾ ਬਣਾ ਸਕਿਆ ਸਾਰੀ ਉਮਰ,
ਚੌਥੇ ਪਹਿਰ ਮੈਂ ਹੁਣ ਹੋਰ ਕਿਸ ਨਾਲ ਜਾ ਲਾਵਾਂ।
ਸਭ ਕੁਝ ਹੁੰਦਿਆਂ ਵੀ ਕੁਝ ਨਹੀਂ ਮੇਰਾ,
ਨਾ ਮੇਰਾ ਘਰ ਬਾਹਰ ਨਾ ਪਰਵਾਰ।
ਇਹ ਹੁੰਦੜੀ ਚਲੀ ਆਈ ਇਕੱਲਿਆ ਹੀ ਆਏ ਸੀ
ਤੇ ਕੱਲਿਆਂ ਜਾਣਾ ਸਭ ਸੰਸਾਰ।
•

# ਤੋਤੇ

ਰਾਜਿਆਂ ਦੇ ਗੁਣ ਗਾਉਣ ਵਾਲਿਓ ਤੋਤਿਓ
ਛਾਇਦ ਥੋਨੂੰ ਰੱਜਵੀਂ ਚੂਰੀ ਮਿਲਦੀ ਹੈ।
ਰਾਜਿਆਂ ਦੇ ਪੈਰਾਂ ਵਿੱਚ ਜਦ ਜਾਅ ਬਹਿੰਦੇ ਹੋ
ਇਕ ਦੂਜੇ ਤੋਂ ਵਧਕੇ ਪੂਛਲ ਹਿੱਲਦੀ ਹੈ।
ਰਿਜਕ ਨੂੰ ਪੈਦਾ ਕਰਨ ਵਾਲੇ ਭੁੱਖੇ ਮਰਦੇ
ਚੌਧਰੀਆਂ ਦੇ ਤਵੇ ਤੇ ਰੋਟੀ ਫੁੱਲਦੀ ਹੈ।
ਜਿਨ੍ਹਾਂ ਨੇ ਰਾਜਿਆਂ ਦੇ ਸਿਰ ਤੇ ਪੱਗ ਰੱਖੀ
ਉਨ੍ਹਾਂ ਦੀ ਪੱਗ ਪੈਰਾਂ ਦੇ ਵਿੱਚ ਰੁਲਦੀ ਹੈ।
ਧਰਮਰਾਜ ਦੇ ਖਾਤੇ ਇਕ ਦਿਨ ਖੁਲ੍ਹਣਗੇ
ਪਾਪਾਂ ਦੀ ਨਹੀਂ ਮੁਆਫੀ ਮਿਲਦੀ ਭੁੱਲ ਦੀ ਹੈ।

•

# ਸੱਚ

ਸੱਚ ਸਿਫਰ ਆਕਾਲ ਹੈ, ਸੱਚ ਨੇ ਆਦਿ ਜੁਗਾਦ ਉਪਾਇਆ।
ਇੱਕ ਤੋਂ ਪਹਿਲਾਂ ਸਿਫਰ ਹੈ, ਇੱਕ ਵੀ ਸੁੰਨ ਸਿਫਰ ਚੋਂ ਆਇਆ।
ਪਵਨ ਪਾਣੀ ਉਤਪਤੀ ਹੈ, ਪਵਨ ਪਾਣੀ ਬ੍ਰੈਹਮੰਡ ਰਚਾਇਆ।
ਤੱਤ ਸਭ ਸਮੱਘਰੀ ਉਪਜ ਦੀ, ਤੱਤਾਂ ਧਰਤ ਅਕਾਸ਼ ਬਣਾਇਆ।
ਸਵੈਭੰਗ ਤਾਂ ਇਕ ਨਾਮ ਹੈ, ਸਵੈਭੰਗ ਸੱਚ ਸ਼ਬਦ ਦਾ ਜਾਇਆ।
ਇੱਕ ਓਂਕਾਰ ਅਸੀਮ ਹੈ, ਇਕ ਸਭ ਕੁਝ ਕਰਨ ਕਰਾਵਣ ਆਇਆ।
ਡਰ ਦੂਜੇ ਦਾ ਹੋ ਸਕਦਾ ਹੈ, ਡਰਨ ਡਰਾਵਣ ਦੂਜਾ ਆਇਆ।
ਦੋ ਲੋੜੀਦੇ ਕੁਲ ਵਧਣ ਲਈ, ਦੋਹਾਂ ਮਿਲ ਸੰਸਾਰ ਰਚਾਇਆ।
ਕਾਮ ਬਿਨਾ ਕੁਝ ਜੰਮ ਨਾ ਸਕੇ, ਕਾਮ ਨੇ ਦੂਜਾ ਮੇਲ ਮਿਲਾਇਆ।
ਕ੍ਰੋਧ ਆਵੇ ਜਦ ਭੁੱਖ ਨਾ ਮਿਟੈ, ਕ੍ਰੋਧ ਹੈ ਅਤਿਰਿਪਤੀ ਦਾ ਜਾਇਆ।
ਲੋਭ ਹਮੇਸ਼ਾ ਗਲਤ ਨਹੀਂ ਹੁੰਦਾ, ਲੋਭੀ ਕਿਸ ਕਾਰਣ ਲਲਚਾਇਆ।
ਮੋਹ ਮੁਹੱਬਤ ਇੱਕ ਜਰੂਰਤ, ਮੋਹ ਵਧਿਆ ਸਭ ਕੁਝ ਵਧਾਇਆ।
ਅਹੰਕਾਰ ਹੈ ਇਕ ਸਫਲਤਾ, ਅਹੰਕਾਰ ਤਾਂ ਹੈ ਸ਼ਕਤੀ ਸਰਮਾਇਆ।

•

# ਜੱਟੀ

ਮੈਂ ਇੱਕ ਪੰਜਾਬੀ ਜੱਟੀ ਹਾਂ ਵੇ ਕੋਈ ਐਸੀ ਵੈਸੀ ਤਾਂ ਨਾਰ ਨਹੀਂ।
ਮੇਰੀ ਜਾਨ ਤੇਰੇ ਵਿੱਚ ਅਟਕੀ ਹੈ ਤੈਨੂੰ ਸਾਡੇ ਨਾਲ ਪਿਆਰ ਨਹੀਂ।
ਤੂੰ ਵਿੱਚ ਵਿਦੇਸ਼ੀਂ ਜਾ ਵੱਸਿਆ ਕਈ ਗੋਰੀਆਂ ਕਾਲੀਆਂ ਨਾਲ ਤੇਰੇ।
ਤੇਰਾ ਦਿਲ ਪਤਾ ਨਹੀਂ ਕਿੱਦਾਂਦਾ ਵੇ ਬਦਲ ਗਏ ਨੇ ਖਿਆਲ ਤੇਰੇ।
ਗੋਰੇ ਦੁੱਧ ਤਾਂ ਪੀ ਸਕਦੇ ਨੇ ਪਰ ਕੱਢ ਸਕਦੇ ਕਦੇ ਵੀ ਧਾਰ ਨਹੀਂ।
ਮੈਂ ਇਕ ਪੰਜਾਬੀ ... ... ... ... ... ... ... ... .... .... .... ....
ਮੇਰੇ ਵਰਗੀ ਤੈਨੂੰ ਨਹੀਂ ਲੱਭਣੀ ਭਾਂਵੇਂ ਦੁਨੀਆਂ ਫੋਲ ਲਵੀਂ ਸਾਰੀ।
ਕੋਈ ਮੇਰੇ ਵਾਂਗ ਨਾ ਪਿਆਰ ਕਰੂ ਭਾਵੇਂ ਜਿੰਦਗੀ ਰੋਲ ਲਵੀਂ ਸਾਰੀ।
ਤੈਨੂੰ ਹੋਰ ਕਿਸੇ ਤੇ ਕੀ ਹੋਣਾ ਜੇ ਤੈਨੂੰ ਖੁਦ ਤੇ ਹੀ ਇਤਬਾਰ ਨਹੀਂ।
ਮੈਂ ਇਕ ਪੰਜਾਬੀ ... ... ... ... ... ... ... ... .... .... .... ....
ਅੱਜੇ ਤਾਂ ਕੋਈ ਮਿਲਿਆ ਨਹੀਂ ਜੋ ਅੱਖ ਨਾਲ ਅੱਖ ਮਿਲਾ ਸਕਿਆ।
ਕੋਈ ਐਸਾ ਨਹੀਂ ਉਸਤਾਦ ਜੇਹੜਾ ਮੈਨੂੰ ਪੁੱਠੇ ਰਾਹ ਤੇ ਪਾ ਸਕਿਆ।
ਓਪਰਿਆਂ ਰਾਹਾਂ ਤੇ ਤੁਰਦਿਆ ਤੈਨੂੰ ਆਪਣੇ ਰਾਹ ਦੀ ਸਾਰ ਨਹੀਂ।
ਮੈਂ ਇਕ ਪੰਜਾਬੀ ... ... ... ... ... ... ... ... .... .... .... ....
ਰੱਬ ਦੇ ਚਰਨਾ ਵਿੱਚ ਸੌਂਹ ਖਾ ਕੇ ਤੈਨੂੰ ਆਪਣਾ ਰੱਬ ਬਣਾਇਆ ਮੈਂ।
ਜ਼ਿੰਦਗੀ ਦਾ ਸਭ ਊੜਾ ਐੜਾ ਬੱਸ ਤੇਰੇ ਨਾ ਦਾ ਹੀ ਪਾਇਆ ਮੈਂ।
ਵੱਸਦੀ ਹੋਵੇਗੀ ਦੁਨੀਆ ਸਭ ਸਾਡਾ ਤੇਰੇ ਬਿਨ ਸੰਸਾਰ ਨਹੀਂ।
ਮੈਂ ਇਕ ਪੰਜਾਬੀ ਜੱਟੀ ਹਾਂ ਵੇ ਕੋਈ ਐਸੀ ਵੈਸੀ ਤਾਂ ਨਾਰ ਨਹੀਂ।

•

# ਮਿੱਟੀ

ਜਿੰਨਾਂ ਚਿਰ ਨੱਚ ਸਕਦੀ ਹੈਂ ਨੱਚ ਮਿੱਟੀਏ।
ਕੋਈ ਖੁਸ਼ੀ ਹੈ ਤਾਂ ਖੁਸ਼ੀ ਖੁਸ਼ੀ ਹੱਸ ਮਿੱਟੀਏ।
ਕੁਝ ਪਾਲਿਆ ਤਾਂ ਕਰੀ ਚੱਲ ਮਾਣ ਮਿੱਟੀਏ।
ਰੀਝ ਬਾਕੀ ਹੈ ਤਾਂ ਲਾਦੇ ਪੂਰਾ ਤਾਣ ਮਿੱਟੀਏ।
ਜਿੰਨਾ ਚਿਰ ਭੱਜ ਹੁੰਦਾ ਓਨਾ ਦੌੜ ਮਿੱਟੀਏ।
ਇਕ ਦਿਨ ਪਰ ਝੁੱਗਾ ਹੋਣਾਂ ਚੌੜ ਮਿੱਟੀਏ।
ਤੂੰ ਪੰਜਾਂ ਕਰਮਾਂ ਨੂੰ ਚੋਰ ਕਹੇਂ ਦੂਤ ਮਿੱਟੀਏ।
ਪਰ ਜੋ ਵੀ ਕਰ ਹੋਵੇ ਕਰੇਂ ਕਰਤੂਤ ਮਿੱਟੀਏ।
ਉਹ ਕੁਕਰਮ ਜੋ ਕਾਰ ਹੈ ਬੇਕਾਰ ਮਿੱਟੀਏ।
ਤੇਰੀ ਯੋਗਤਾ ਹੀ ਤੇਰਾ ਹੰਕਾਰ ਮਿੱਟੀਏ।
ਕਾਮ ਲੋਭ ਮੋਹ ਮੁਹੱਬਤ ਵਿਧਾਨ ਮਿੱਟੀਏ।
ਜਨ ਜੀਵਨ ਨਾ ਪੰਜਾਂ ਬਿਨ ਆਮ ਮਿੱਟੀਏ।
ਮੈਂ ਮਿਟਣੀ ਨਹੀਂ ਮਿਟ ਜਾਣਾ ਆਪ ਮਿੱਟੀਏ।
ਵੇ ਤੇਰਾ ਹੋਰ ਕੋਈ ਕਰੂ ਵਿਰਲਾਪ ਮਿੱਟੀਏ।
ਤੇਰੇ ਆਉਣ ਦੀ ਤੂੰ ਖੁਸ਼ੀ ਨਾ ਮਨਾਈ ਮਿੱਟੀਏ।
ਸੋਗ ਤੇਰਾ ਕਰੂ ਤੇਰੇ ਮਗਰੋਂ ਲੁਕਾਈ ਮਿੱਟੀਏ।

•

## ਜੋ ਘੁੱਗੀਆਂ ਦੇ ਬੱਚੇ ਮਾਰਦੇ

ਜੋ ਘੁੱਗੀਆਂ ਦੇ ਬੱਚੇ ਮਾਰਦੇ ਫਿਰਦੇ ਸੁੰਨੜਾ ਉਹ ਸ਼ਿਕਾਰੀ ਨਹੀਂ।
ਜੋ ਧਰਮ ਬਦਲਦੇ ਬਦਲਵਾਉਂਦੇ ਉਹ ਕੋਈ ਇੱਛਾਧਾਰੀ ਨਹੀਂ।
ਜੋ ਮਾਇਆ ਪਿੱਛੇ ਬੰਸਰੀ ਵਜਾਉਂਦੇ ਫਿਰਦੇ ਉਹ ਮੁਰਾਰੀ ਨਹੀਂ।
ਜੋ ਨਿਪੁੰਨਸਕ ਹਨ ਉਹ ਮਰਦ ਨਹੀਂ ਤੇ ਬਿਲਕੁਲ ਨਾਰੀ ਨਹੀਂ।
•

## ਆਤਮਾ ਹੈ

ਆਤਮਾ ਹੈ ਤਾਂ ਇਬਾਦਤ ਹੈ ਆਤਮਾਂ ਨਹੀਂ ਹੈ ਫਿਰ ਰੱਬ ਨਹੀਂ ਰਾਜੀ।
ਇਨਸਾਨ ਨਹੀਂ ਤਾਂ ਇਨਸਾਨੀਅਤ ਨਹੀਂ ਹੈ, ਫਿਰ ਕੀ ਹਕੀਕੀ ਮਿਜਾਜੀ।
ਖਿਡਾਰੀ ਨਹੀਂ ਹੈ ਤਾਂ ਖੇਡ ਨਹੀਂ ਹੈ, ਖਿਡਾਰੀ ਬਿਨ ਕੌਣ ਜਿੱਤੇਗਾ ਬਾਜੀ।
ਦੁਲਹਨ ਹੈ ਤਾਂ ਨਿਕਾਹ ਫੇਰੇ ਲਾਵਾਂ, ਜੇ ਦੁਲਹਨ ਨਹੀਂ ਤਾਂ ਕੀ ਕਰੂ ਕਾਜੀ।
•

# ਗੁਰੂ ਪਿਆਰਿਆ

ਜੇ ਚੱਲਿਆ ਚਮਕੌਰ ਨੂੰ ਗੁਰੂ ਪਿਆਰਿਆ, ਸਿੱਖੀ ਦਾ ਇਕ ਬੂਟਾ ਤੂੰ ਵੀ ਲਾਅ ਆਵੀਂ।
ਰਹਿੰਦੀ ਦੁਨੀਆ ਤੀਕਰ ਯਾਦ ਬਣੂੰ ਤੇਰੀ, ਗੁਰੂ ਫੌਜ ਵਿੱਚ ਤੂੰ ਵੀ ਨਾਮ ਲਿਖਾ ਆਵੀਂ ।
ਸਿਰ ਆਪਣੇ ਨੂੰ ਗੁਰਚਰਨਾ ਵਿਚ ਰੱਖ ਦੇਵੀਂ, ਗੁਰੂ ਦਾ ਬਣਕੇ ਉੱਤਮ ਪਦਵੀ ਪਾ ਆਵੀਂ।
ਕਿੱਦਾਂ ਖੁਦ ਨੂੰ ਤੇ ਦੁਸ਼ਮਣ ਨੂੰ ਜਿੱਤਣਾ ਹੈ, ਮਨ ਮੰਦਰ ਵਿਚ ਆਪਣੇ ਦੀਪ ਜਗਾ ਆਵੀਂ।
ਅਜੀਤ ਅਤੇ ਜੁਝਾਰ ਨੇ ਪੂਰਨੇ ਪਾਏ ਜੋ, ਖੁਸ਼ਕਤ ਲਿਖਕੇ ਤੂੰ ਵੀ ਉੜਾ ਪਾ ਆਵੀਂ।
ਜੇ ਚੱਲਿਆ ਸਰਹਿੰਦ ਨੂੰ ਗੁਰੂ ਪਿਆਰਿਆ, ਦੋ ਫੁੱਲ ਤੂੰ ਵੀ ਜਾਅ ਕੇ ਭੇਂਟ ਚੜ੍ਹਾ ਆਵੀਂ।
ਸੁੱਕ ਕੇ ਵੀ ਮਹਿਕਣਗੇ ਤਾਜੇ ਫੁੱਲਾਂ ਵਾਂਗ, ਸਰਹਿੰਦ ਨੂੰ ਤੂੰ ਹੋਰ ਵੀ ਮਹਿਕਣ ਲਾ ਆਵੀਂ।
ਫੁੱਲ ਕੰਧਾਂ ਨੂੰ ਕਿਵੇਂ ਹਲਾਉਂਦੇ ਸਿੱਖ ਆਵੀਂ, ਅਮਰ ਹੋਣ ਲਈ ਉਮਰ ਦਾ ਫਰਕ ਮਿਟਾ ਆਵੀਂ।
ਅਮਰ ਹੋ ਜਾਵੀਂ ਤੂੰ ਮਰ ਮਰ ਕੇ ਜੀਂਵਦਿਆ, ਸਚਿਆਰੀ ਸੰਗਤ ਦੇ ਦਰਸ਼ਨ ਪਾ ਆਵੀਂ।
ਚਾਰ ਬੀਜੇ ਸੀ ਲੱਖਾਂ ਲਗਰਾਂ ਫੁੱਟ ਤੁਰੀਆਂ, ਜੜਾਂ ਦੀ ਧੂੜ ਤੂੰ ਮਸਤਕ ਉੱਤੇ ਲਾਅ ਆਵੀਂ।
ਆਪਣੇ ਪੁੱਤ ਨੂੰ ਨਾਲ ਲੈ ਜਾਵੀਂ ਤੂੰ ਸੁੱਨੜਾ, ਖੁਦ ਨੂੰ ਵੀ ਤੂੰ ਗੁਰੂ ਦਾ ਪੁੱਤ ਬਣਾ ਆਵੀਂ।

•

# ਨਵਾਂ ਸਾਲ

ਹਰ ਨਵੇਂ ਸਾਲ ਤੋਂ ਨਵੀਆਂ ਅਸੀਂ ਉਮੀਦਾਂ ਰੱਖਦੇ ਹਾਂ,
ਹਰ ਨਵੇਂ ਸਾਲ ਪਰ ਅਸੀਂ ਪੁਰਾਣੇ ਹੁੰਦੇ ਜਾਂਦੇ ਹਾਂ।
ਸਾਰੀ ਉਮਰ ਸਿਆਣਪ ਸਾਡੀ ਇਕ ਵੀ ਨਹੀਂ ਚੱਲੀ,
ਪਰ ਦੁਨੀਆ ਕਹਿੰਦੀ ਅਸੀਂ ਸਿਆਣੇ ਹੁੰਦੇ ਜਾਂਦੇ ਹਾਂ।
ਜੋ ਕਰਦਾ ਹੈ ਕਰਤਾ ਉਹ ਤਾਂ ਖੁਦ ਕਾਦਰ ਹੀ ਜਾਣੇ ,
ਅਸੀਂ ਸਭਕੁਝ ਜਾਣਦਿਆਂ ਅਣਜਾਣੇ ਹੁੰਦੇ ਜਾਂਦੇ ਹਾਂ।
ਗਮੀਆਂ ਖੁਸ਼ੀਆਂ ਅਸੀਂ ਸਹੇੜੀਆਂ ਆਪਣੀ ਮਰਜੀ ਨਾਲ,
ਦੁਨੀਆ ਦੇ ਭਾਣੇ ਗਮਖਾਣੇ ਹੁੰਦੇ ਜਾਂਦੇ ਹਾਂ।
ਪਿਛਲੇ ਅਵਗੁਣ ਬਖਸ਼ਣ ਦੀ ਅਰਦਾਸ ਵੀ ਕਰਦੇ ਹਾਂ,
ਪਰ ਨਵੀਂਆਂ ਗਲਤੀਆਂ ਕਰ ਮਰਜਾਣੇ ਹੁੰਦੇ ਜਾਂਦੇ ਹਾਂ।
ਸਿਆਣਪਾਂ ਤੇ ਚਤੁਰਾਈਆਂ ਸੁੰਨੜਾ ਕਦੇ ਨਹੀਂ ਚੱਲੀਆਂ,
ਜੋ ਜੋ ਹੋਣਾ ਉਹ ਰੱਬ ਦੇ ਭਾਣੇ ਹੁੰਦੇ ਜਾਂਦੇ ਹਾਂ।

•

# ਬੇਮਹਿਨੇ

ਉਸਦੀ ਕੀਮਤ ਪੈਂਦੀ ਜੇਹੜਾ ਹੋਵੇ ਕੀਮਤੀ,
ਪਰ ਬਈ ਖੋਟੇ ਪੈਸੇ ਤਾਂ ਨਹੀਓਂ ਚੱਲਦੇ ਕਿਸੇ ਬਜ਼ਾਰ।
ਹਵਾ ਭਰਨ ਦੇ ਨਾਲ ਗੁਬਾਰਾ ਚੜ੍ਹ ਸਕਦਾ ਅਸਮਾਨੀ,
ਫੂਕ ਨਿਕਲ ਜਾਵੇ ਤਾਂ ਫੁੱਸ ਹੋ ਜਾਂਦਾ ਆਖਰਕਾਰ।
ਕੱਚੇ ਕੱਚ ਕਮਾਉਂਦੇ ਕਿਸੇ ਨੂੰ ਪਾਰ ਨਹੀਂ ਲਾਉਂਦੇ,
ਕੱਚਿਆਂ ਤੇ ਕਰ ਇਤਬਾਰ ਕਈ ਡੁੱਬ ਗਏ ਅੱਧਵਿਚਕਾਰ।
ਅਸਲੀ ਮਾਣ ਤਾਂ ਉਨ੍ਹਾਂ ਦਾ ਜੋ ਮਾਣਯੋਗ ਹੁੰਦੇ,
ਫਿਟਘੱਟਿਆਂ ਨੂੰ ਪੈਂਦੀ ਹੈ ਹਰ ਪਾਸੇ ਫਟਕਾਰ।
ਕੀਮਤੀ ਬਣ ਤੂੰ ਪਹਿਲਾਂ ਜੇਕਰ ਮੁੱਲ ਪਵਾਉਣਾ ਹੈ,
ਖਸਮਾਂ ਨੂੰ ਖਾਹ ਨਹੀਂ ਤਾਂ ਬਣਿਆਂ ਫਿਰ ਧਰਤੀ ਤੇ ਭਾਰ।
ਬੇਮਹਿਨੀਆਂ ਗੱਲਾਂ ਤੇਰੀਆਂ ਕੌਣ ਸੁਣੂੰ ਸੁੰਨੜਾ,
ਖੁਦ ਨੂੰ ਪੁੱਛ ਤੂੰ ਕੀ ਹੈਂ, ਨਾ ਤੂੰ ਔਲੀਆ ਨਾ ਅਵਤਾਰ।
•

# ਸਵਾਰਥ

ਤੂੰ ਇਹ ਠੀਕ ਕਹਿੰਦਾ ਹੈਂ ਮੇਰਾ ਸਵਾਰਥ ਹੈ ਤੈਨੂੰ ਬੁਲਾਉਣਾਂ।
ਤੇਰੇ ਵਾਸਤੇ ਕੁਝ ਕਰਨ ਲਈ ਤੇਰੇ ਕੋਲ ਖੁਦ ਹੀ ਆਉਣਾ।
ਮੇਰਾ ਸਵਾਰਥ ਹੈ ਤੇਰੀ ਪੀੜ ਨੂੰ ਆਪਣੀ ਪੀੜ ਬਨਾਉਣਾ।
ਤੈਨੂੰ ਛਾਂ ਕਰਨ ਲਈ ਮੇਰਾ ਸਵਾਰਥ ਹੈ ਕਿ ਬੂਟਾ ਲਾਉਣਾ।
ਸਾਰੀ ਉਮਰ ਸਵਾਰਥ ਰਿਹਾਅ ਕਿਸੇ ਨੂੰ ਕਿਨਾਰੇ ਲਾਉਣਾ।
ਬਹੁਤ ਸਿਆਣਾਂ ਹੈਂ ਤੂੰ ਜੋ ਖੁਦ ਨੂੰ ਸਵਾਰਥੀ ਨਹੀਂ ਕਹਿੰਦਾ।
ਕਮਲਾ ਕਰੀ ਜਾਵੇ ਜੋ ਵੀ ਮਰਜ਼ੀ ਸਿਆਣਾਂ ਤਾਂ ਮਜੇ ਲੈਂਦਾ।
ਸਵਾਰਥੀ ਨੂੰ ਛੱਡ ਪਰਾਂਹ ਜੇਕਰ ਤੈਨੂੰ ਘਾਟਾ ਲਗਦਾ ਪੈਂਦਾ।
ਨਹੀਂ ਤਾਂ ਲਾਈ ਜਾ ਰਗੜਾ ਜਿੰਨਾ ਚਿਰ ਤੀਕ ਉਹ ਸਹਿੰਦਾ।
ਉਹ ਸਿਆਣਾਂ ਹੁੰਦਾ ਤਾਂ ਤੇਰੇ ਨਾਲ ਕਿਉਂ ਉੱਠਦਾ ਬਹਿੰਦਾ।

•

# ਗ਼ਲਤ

ਗ਼ਲਤ ਗ਼ਲਤ ਨਾ ਕਰਿਆ ਕਰ,
ਗ਼ਲਤ ਗ਼ਲਤ ਨਾ ਸੁਣਿਆਂ ਕਰ,
ਗ਼ਲਤ ਗ਼ਲਤ ਨਾ ਬੋਲਿਆ ਕਰ,
ਸੁੰਨੜਾ ਗ਼ਲਤ ਖੁਦ ਹੋ ਜਾਵੇਂਗਾ।
ਗ਼ਲਤ ਰਸਤਾ ਪਕੜ ਲਿਆ ਤਾਂ,
ਫਿਰ ਕਿੱਦਾਂ ਤੂੰ ਵਾਟ ਮੁਕਾਏਂਗਾ।
•

# ਨਾਮਕਰਨ

ਤੇਰਾ ਨਾਮ ਕੀ ਰੱਖੀਏ ਦੱਸੀਂ ਤੇਰੇ ਕਰਤਬ ਬੜੇ ਕਮਾਲ।
ਜ਼ਹਿਰ ਜ਼ਿਆਦਾ ਸੱਪ ਨਾਲੋਂ ਵੀ ਜਿਨੂੰ ਡੱਸੇਂ ਕਰੇਂ ਬੇਹਾਲ।
ਗਿੱਧ ਨਾਲੋਂ ਕਿਤੇ ਵੱਧ ਨੋਚੇਂ ਜਿਉਂਦੇ ਮੁਰਦੇ ਨਾਲੋ ਨਾਲ।
ਗਓਂ ਕੱਢਣ ਨੂੰ ਤਪਲੇ ਚੱਟੇਂ ਪੂਛ ਕਰੇ ਬੁਰਕੀ ਦੀ ਭਾਲ।
ਗਿਰਗਿਟ ਨਾਲੋਂ ਵੱਧ ਰੰਗ ਬਦਲੇਂ ਤੇਰੇ ਰੰਗ ਬੇਮਿਸਾਲ।
ਇੱਟਾਂ ਰੋੜਿਆਂ ਥੱਲੇ ਰਹਿਕੇ ਤੇਰੀ ਠੂਹੇਂ ਵਰਗੀ ਹੈ ਚਾਲ।
ਸੱਪ ਗਿਰਧ ਗਿਰਗਿਟ ਕੁੱਤਾ ਤੂੰ ਠੂਹਾਂ ਵੀ ਬੜਾ ਕਮਾਲ।
•

# ਕਿਰਦਾਰ

ਜੀਵਨ ਇਕ ਖੇਡ ਹੈ ਜਿਸ ਵਿਚ ਸਭ ਦੀ ਹੁੰਦੀ ਹੈ ਜਿੱਤ ਹਾਰ।
ਕੋਈ ਕਿਵੇਂ ਖੇਡਦਾ ਇਸ ਨੂੰ ਉਹ ਹੁੰਦਾ ਉਸਦਾ ਕਿਰਦਾਰ।
ਆਪਣਾ ਆਲਾ-ਦੁਆਲਾ ਜਿਸ ਵਿਚ ਆਪਾਂ ਵਿਚਰ ਰਹੇ ਹਾਂ,
ਸੰਗੀ ਸਾਥੀ ਅਤੇ ਵਿਰੋਧੀ ਸਭ ਦੇ ਸਭ ਸਾਡਾ ਪਰਿਵਾਰ।
ਹਰ ਕੋਈ ਕੁਝ ਨਾ ਕੁਝ ਤਾਂ ਕਰਦਾ ਸਭ ਦੀ ਆਪਣੀ ਖੇਡ,
ਕੋਈ ਫੁੱਲ ਬਣ ਕੇ ਉਗਦਾ ਹੈ ਕੋਈ ਬਣਦਾ ਧਰਤੀ 'ਤੇ ਭਾਰ।
ਆਪਣੀ ਕਿਰਤ ਕਮਾਈ 'ਚੋਂ ਕੋਈ ਦਾਨ ਪੁੰਨ ਕਰ ਸਕਦਾ,
ਕੋਈ ਮਹਾਤੜ ਥੁੜ੍ਹਿਆ ਰਹਿੰਦਾ ਕਰੇ ਗੁਜ਼ਾਰਾ ਮੰਗ ਉਧਾਰ।
ਹਰ ਕੋਈ ਦੂਰੋਂ ਨੇੜਿਓਂ ਸਾਡਾ ਦੋਸਤ ਦੁਸ਼ਮਣ ਸਭ ਦੇ ਸਭ,
ਸਿਰਫ ਖੂਨ ਦਾ ਰਿਸ਼ਤਾ ਹੀ ਬਸ ਨਹੀਂ ਹੁੰਦਾ ਸਾਡਾ ਪਰਿਵਾਰ।
ਚੌਥੇ ਪਹਿਰ 'ਚ ਸੁੰਨੜ ਫਿਰ ਤੋਂ ਕਵਿਤਾ ਲਿਖਣ ਲੱਗ ਪਿਆ,
'ਪਾਤਰ' 'ਗਿੱਲ' 'ਲਖਵਿੰਦਰ' ਵਰਗੇ ਫਿਰ ਤੋਂ ਮਿਲ ਗਏ ਯਾਰ।

•

# ਧਰਮ

ਸਭ ਤੋਂ ਪਹਿਲਾ ਧਰਮ ਸਨਾਤਨ, ਭਾਸ਼ਾ ਪਹਿਲੀ ਸੰਸਕ੍ਰਿਤ।
ਧਰਮ ਗ੍ਰੰਥਾਂ ਨੂੰ ਪਰ ਪੰਡਿਤ ਕਿਉਂ ਪੜ੍ਹਾਉਣੋ ਡਰਦੇ ਨੇ।
ਮੁਸਲਮਾਨ ਮਦਰਸਿਆਂ ਕਰਕੇ ਦੁਨੀਆ ਦੇ ਵਿਚ ਫੈਲ ਗਏ,
ਬਾਈਬਲ ਵੰਡ ਇਸਾਈ ਸਾਰੀ ਦੁਨੀਆ ਨੂੰ ਕਾਬੂ ਕਰਦੇ ਨੇ।
ਹਰ ਇਕ ਧਰਮ ਬਰਾਬਰ ਹੈ ਪਰ ਪੜ੍ਹਣਾ ਪੈਂਦਾ ਹੈ ਇਸਨੂੰ,
ਜਦ ਧਰਮੀ ਪਾਠਕ ਬਣਦੇ ਫਿਰ ਕਿਸੇ ਕੋਲੋਂ ਨਾ ਹਰਦੇ ਨੇਂ।
ਸ਼ਬਦਗੁਰੂ ਨੂੰ ਮੱਥਾਟੇਕਣ ਨਾਲ ਹੀ ਗੱਡੀ ਨਹੀਂ ਚੱਲਣੀ,
ਪੜ੍ਹਨ ਸੁਣਨ ਸਮਝਣ ਵਾਲੇ ਹੀ ਹਰ ਭਵਸਾਗਰ ਤਰਦੇ ਨੇ।
•

# ਛਾਇਦ ਮੇਰੀਆਂ ਮੋਮਬੱਤੀਆਂ

ਛਾਇਦ ਮੇਰੀਆਂ ਮੋਮਬੱਤੀਆਂ ਕਾਬਲ ਨਹੀਂ ਜੋ ਕਰਨ ਉਜਾਲਾ।
ਸੁਰਮੰਦਰ ਹੈ ਗਾਉਣ ਵਾਲਾ ਨਹੀਂ ਦਾਲ ਚ ਕੁਝ ਨਾ ਕੁਝ ਤਾਂ ਕਾਲਾ।
ਲਗਦੇ ਤਾਂ ਸਮਰੱਥ ਨੇ ਸਾਰੇ ਪਰ ਕਿਉਂ ਕੱਢੀ ਫਿਰਨ ਦੁਆਲਾ।
ਬੁੱਧੀਮਾਨ ਬਣਾਏ ਰੱਬ ਨੇ ਪਰ ਭੇਡੂ ਕਿਉਂ ਹਨ ਦੀਨ ਦਿਆਲਾ।
ਦਿਲ ਕਰਦਾ ਲਾਹ ਕੇ ਰੱਖ ਦੇਵਾਂ ਕੀ ਕਰਨੀ ਮੈਂ ਤਸਬੀ ਮਾਲਾ।
ਇਕ ਦੂਜੇ ਵੱਲ ਪਿੱਠ ਕਰ ਬੈਠੇ ਧੜਿਆਂ ਦੀ ਇਹ ਧਰਮਸ਼ਾਲਾ।
•

# ਧਰਵਾਸ

ਬਿਲਕੁਲ ਪਤਾ ਹੈ ਨਹੀਂ ਪਰਤਣਾ ਟੁੱਟਿਆ ਹੋਇਆ ਇਹ ਵਿਸ਼ਵਾਸ।
ਜਾਣਦਿਆਂ ਕਿ ਗੱਲ ਨਹੀਂ ਬਣਨੀ ਫਿਰ ਵੀ ਰੱਖੀ ਫਿਰਦਾਂ ਆਸ।
ਪੈਦਲ ਕੱਠਿਆਂ ਚੱਲਦੇ ਸੀ ਕਦੇ ਹੱਸਦੇ ਖੇਡਦੇ ਬਾਂਹ ਫੜ੍ਹ ਕੇ
ਆਲੀਸ਼ਾਨ ਕਾਰ ਵਿਚ ਚੁੱਪ ਚੁੱਪ ਬੈਠਿਆਂ ਦਿਲ ਹੈ ਬੜਾ ਉਦਾਸ।
ਜਿਸ ਦੇ ਕੋਲੋਂ ਪਿਆਰ ਦੇ ਵਿਚ ਹਰ ਜਾਣਾ ਵੀ ਚੰਗਾ ਲੱਗਦਾ ਸੀ ।
ਐਸੀਆਂ ਦੂਰੀਆਂ ਬਣੀਆਂ ਜਿੱਤਹਾਰ ਵਿਚ ਫਰਕ ਰਿਹਾ ਨਾ ਖਾਸ।
ਮੰਜ਼ਿਲ ਦਾ ਜਦ ਪਤਾ ਨਹੀਂ ਬਿਨ ਮੰਜਿਲ ਪੈਂਡਾ ਕਿੰਝ ਨਿਬੜੂ
ਭਟਕ ਰਹੇ ਇਸ ਰਾਹੀ ਨੂੰ ਦੱਸ ਹੁਣ ਕਿੰਝ ਦੇਵਾਂ ਮੈਂ ਧਰਵਾਸ।
ਜੀਵਨ ਦੇ ਜੰਗਲ ਦੇ ਵਿਚ ਦੀ ਕੱਲਿਆਂ ਲੰਘਦਿਆਂ ਡਰ ਲਗਦਾ।
ਦੁਨੀਆ ਦੀ ਇਸ ਭੀੜ ਦੇ ਵਿਚ ਜਦ ਕੋਈ ਨਾ ਦਿਸਦਾ ਪਾਸ।
ਤੁਰਿਆ ਚੱਲ ਡਾਂਡੇ ਮੀਂਡੇ ਤੂੰ ਸੁੰਨੜਾ ਤਕੜਾ ਕਰ ਜਿਗਰਾ
ਮਾਲਕ ਦੀ ਮਰਜ਼ੀ ਏਸੇ ਵਿੱਚ ਦੱਸ ਕੀ ਕਰੇਂਗਾ ਹੋ ਨਰਾਸ਼।

•

# ਅਰਦਾਸ

ਦੁਨੀਆਂ ਦੇ ਵਿਚ ਨਾਮ ਹੈ, ਸੱਚ ਹੈ, ਕੁੱਲ ਦੁਨੀਆਂ ਦੀ ਸੈਰ ਕਰਾਂ।
ਆਪਣੇ ਪਾਏ ਰਾਹਾਂ ਉੱਪਰ ਤੁਰਨ ਤੋਂ ਫਿਰ ਮੈਂ ਦੱਸ ਕਾਹਤੋਂ ਡਰਾਂ।
ਸਾਰੀ ਉਮਰ ਹੀ ਭੱਜ ਨਠ ਕੀਤੀ ਜਿਸ ਪਰਵਾਰ ਨੂੰ ਪਾਲਣ ਲਈ,
ਆਪਣਿਆਂ ਦੀ ਨੁਕਤਾਚੀਨੀ ਸਮਝ ਨਹੀਂ ਆਉਂਦੀ ਕਾਹਤੋਂ ਜਰਾਂ।
ਕਾਮਯਾਬ ਗਿਣਦੀ ਹੈ ਦੁਨੀਆਂ ਲੱਤ ਘੁਮਾਈ ਹੈ ਦੁਨੀਆਂ ਵਿੱਚ,
ਸਭ ਕੁਝ ਹੁੰਦਿਆਂ ਸੁੰਦਿਆਂ ਲੇਕਿਨ ਘਰਦਿਆਂ ਕੋਲੋਂ ਕਿਉਂ ਹਰਾਂ।
ਮੇਰੇ ਗੁਣਾਂ ਤੋਂ ਦੁਨੀਆਂ ਵਾਕਫ ਅਵਗੁਣ ਤਾਂ ਘਰਦੇ ਜਾਨਣ ਸਭ,
ਆਪਣਿਆਂ ਕੋਲ ਭੇਦ ਨੇਂ ਭਾਵੇਂ ਪਰ ਮੈਂ ਹਰਜਾਨਾ ਕਾਹਤੋਂ ਭਰਾਂ।
ਮਰ ਮਰ ਕੇ ਹੀ ਜੀਣਾ ਹੈ ਤਾਂ ਬਹੁਤਾ ਜੀਊਣਾਂ ਕਿਸ ਕੰਮ ਹੈ ਮੇਰੇ,
ਮਰਨ ਨਾਲ ਹੀ ਜਾਨ ਜੇ ਛੁੱਟਣੀਂ ਤਾਂ ਬਰੀ ਹੋਣ ਲਈ ਛੇਤੀ ਮਰਾਂ।
•

# ਵਸਤਾਂ ਜਿੱਤੀਆਂ

ਰਿਸ਼ਤੇ ਬਣਾਏ ਸੀ ਕੁਝ ਸੁਣਨ ਕਹਿਣ ਵਾਸਤੇ।
ਘਰ ਬਣਾਇਆ ਸੀ ਵਿਚ ਵੱਸਣ ਰਹਿਣ ਵਾਸਤੇ।
ਰਿਸ਼ਤੇ ਬੰਜਰ ਹੋ ਗਏ, ਘਰ ਸਾਡੇ ਖੰਡਰ ਹੋ ਗਏ।
ਸਭਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ।
ਨਿੱਘੇ ਨਹੀਂ ਰਿਸ਼ਤੇ ਤਾਂ ਫਿਰ ਗੱਲ ਬਾਤ ਨਾ ਰਹੀ।
ਘਰ ਗਰਿਸਤੀ ਵਿਚ ਕੋਈ ਇਤਿਆਤ ਨਾ ਰਹੀ।
ਵਸਤਾਂ ਪਿੱਛੇ ਦੌੜਦੇ ਸਭਕੁਝ ਹੀ ਪਿੱਛੇ ਰਹਿ ਗਿਆ।
ਬਾਗੀ ਹੋਏ ਰਿਸ਼ਤੇ ਜੇਹੜੇ ਸੀ ਬਹਿਣ ਪੈਣ ਵਾਸਤੇ।
ਸਭ ਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ।
ਕਾਹਦੀ ਚਮਕ ਦਮਕ ਨੇ ਚੁੰਧਿਆਈ ਇਹ ਦੁਨੀਆ।
ਵਸਤਾਂ ਜਿੱਤੀਆਂ ਵਸਤਾਂ ਨੇ ਹਰਾਈ ਇਹ ਦੁਨੀਆ।
ਆਪੋ ਧਾਪੀ ਐਨੀ ਕਿ ਗੱਲ ਕਰਨ ਵਾਲੀ ਨਾ ਰਹੀ।
ਕੋਈ ਭੀ ਨਹੀਂ ਰਾਜੀ ਕਿਸੇ ਨੂੰ ਭੀ ਸਹਿਣ ਦੇ ਵਾਸਤੇ।
ਸਭਕੁਝ ਤਿਆਗਿਆ ਅਸੀਂ ਵਸਤਾਂ ਗ੍ਰਹਿਣ ਵਾਸਤੇ।

•

# ਜਵਾਨ ਦਿਲ

ਖ਼ੂਬਸੂਰਤ ਫੁੱਲ ਅਜੇ ਵੀ ਦਿਲ ਨੂੰ ਭਾਉਂਦੇ ਨੇ,
ਫੁੱਲਾਂ ਦੇ ਰੰਗ ਅੱਜ ਵੀ ਮੈਨੂੰ ਲੁੱਟ ਪੁੱਟ ਲੈਂਦੇ ਨੇ।
ਖੁਸ਼ਬੂ ਨਾਲ ਅਜੇ ਵੀ ਦਿਲ ਅਛ ਅਛ ਕਰਦਾ ਹੈ,
ਮਲਾਇਮਤਾ ਹਾਲੇ ਵੀ ਦਿਲ ਨੂੰ ਖਿੱਚ ਪਾਉਂਦੀ ਹੈ।
ਜੁਲਫਾਂ ਦੇ ਸੱਪ ਅਜੇ ਵੀ ਮੇਰੇ ਦਿਲ ਨੂੰ ਡੱਸਦੇ ਨੇ,
ਲੱਕ ਦੇ ਠੁਮਕੇ ਰੁਕਕੇ ਵੇਖਣ ਨੂੰ ਚਿੱਤ ਕਰਦਾ ਹੈ।
ਪੈਲਾਂ ਪਾਉਂਦੀ ਤੋਰ ਦੇਖ ਦਿਲ ਧੱਕ ਧੱਕ ਕਰਦਾ ਹੈ,
ਦੁਪੈਹਰਖਿੜੀ ਤੇ ਹਾਲੇ ਵੀ ਮੇਰੀ ਅੱਖ ਜਾਂਦੀ ਹੈ।
ਦਿਲ ਹੀ ਜਾਣੇ ਮੇਰੇ ਦਿਲ ਦਾ ਕੀ ਮਾਮਲਾ ਹੈ,
ਦਿਲ ਦੇ ਆਖੇ ਲੱਗਣ ਨੂੰ ਹਾਲੇ ਦਿਲ ਕਰਦਾ ਹੈ।
ਦਿਲ ਤੇਰਾ ਜੇ ਜਵਾਂ ਹੈ ਤਾਂ ਸੁੰਨੜਾ ਕਿਉਂ ਝੂਰ ਰਿਹਾਂ,
ਉਮਰ ਦੇ ਸੱਤਰਾਂ ਸਾਲਾਂ ਨੂੰ ਤੂੰ ਐਵੇਂ ਘੂਰ ਰਿਹਾਂ।

•

# ਸੱਚ ਸਵੀਕਾਰ ਨਹੀਂ ਕਰਦੀ ਦੁਨੀਆਂ

ਸਵੀਕਾਰ ਨਹੀਂ ਕਰਦੀ ਦੁਨੀਆਂ ਜੇ ਨੰਗਾ ਸੱਚ ਸ਼ਹਿਰ ਵਿਚ ਆਵੇ।
ਪਿਆਰ ਕਰਨ ਸਤਿਕਾਰ ਕਰਨ ਜੇ ਸੱਚ ਕਹਾਣੀ ਵਸਤਰ ਪਾਵੇ।
ਸੱਚ ਨੰਗਾ ਹੈ ਤਾਂ ਹੀ ਸੱਚ ਹੈ ਕੱਜਿਆ ਹੈ ਤਾਂ ਸੱਚ ਵਿਚ ਕੱਚ ਹੈ।
ਸੱਚ ਨੂੰ ਝੂਠ ਦੇ ਵਸਤਰ ਪਾਉਂਦੀ ਦੁਨੀਆ ਨੂੰ ਕਿਹੜਾ ਸਮਝਾਵੇ।
ਸੱਚੋ ਸੱਚ ਜੋ ਬੋਲ ਰਿਹਾਅ ਹੈ ਲੋਕੀਂ ਉਸ ਨੂੰ ਕੌੜਾ ਕਹਿੰਦੇ।
ਸੱਚ ਸਵਾਦੀ ਲੱਗਣ ਲਗਦਾ ਦੁਨੀਆ ਜਦੋਂ ਮਸਾਲਾ ਲਾਵੇ।
ਆਪੋ ਆਪਣੇ ਸੱਚ ਬਣਾਅ ਕੇ ਦੁਨੀਆ ਫਿਰਦੀ ਹੈ ਬੁੱਤ ਘੜਦੀ।
ਸੱਚ ਤਾਂ ਸਦਾ ਸਦਾ ਹੀ ਸੱਚ ਹੈ ਸੱਚ ਕਦੇ ਆਵੇ ਨਾ ਜਾਵੇ।
ਚਤੁਰਾਈਆਂ ਕਰਦੀ ਹੈ ਦੁਨੀਆ ਜੋ ਜੋ ਦੀਸੈ ਸੋ ਸੋ ਰੋਗੀ।
ਹਰ ਘਰ ਵਿਚ ਆਨੰਦ ਹੋਵੇ ਜੇ ਰਜਾ ਚ ਰਹਿਣਾ ਆ ਜਾਵੇ।

•

# ਇੱਟ ਲਗਾ

ਹਰ ਹਾਸਲ ਤੇ ਖੁਸ਼ੀ ਮਨਾਵਾਂ, ਕੁਝ ਖੁੱਸਣ ਤੇ ਦਿਆਂ ਦੁਹਾਈ।
ਜਿਸ ਦਿਨ ਮੇਰਾ ਜਨਮ ਹੋਇਆ ਸੀ ਉਸ ਦਿਨ ਮੈਂ ਨਹੀਂ ਖੁਸ਼ੀ ਮਨਾਈ।
ਮੇਰੀ ਮੌਤ ਤੇ ਮੈਂ ਨਹੀਂ ਰੋਣਾ ਬੇਸ਼ੱਕ ਰੋਂਦੀ ਫਿਰੇ ਲੁਕਾਈ।
ਧਰਤ ਅਕਾਸ਼ ਨੜੋਏ ਆਵੇ ਆਪ ਮੋਏ ਜੱਗ ਪਰਲੋ ਆਈ।
ਆਪਣੇ ਦਰਦ ਨਾ ਦੱਸ ਲੋਕਾਂ ਨੂੰ ਸਾਂਝੀ ਕਰ ਕੋਈ ਪੀੜ ਪਰਾਈ।
ਯੋਤ ਫੁਲੰਤ ਧੂਫ ਬਣ ਬੰਦਿਆ ਕਹੇ ਜਗਤ ਤੂੰ ਆਰਤੀ ਗਾਈ ।
ਮੱਲਾਂ ਮਾਰ ਮੋਏ ਜੋ ਸਭਨੂੰ ਅੰਤਕਾਲ ਜਾਂਦੇ ਦਫਨਾਈ ।
ਰਦਾ ਲਗਾ ਜੱਗ ਯਾਦ ਕਰੇ ਜੋ, ਸੁੰਨੜ ਨੇ ਇਹ ਇੱਟ ਲਗਾਈ।

•

# ਔਂਕਾਤ

ਔਂਕਾਤ ਨਹੀਂ ਹੈ, ਤੌਂਫੀਕ ਨਹੀਂ ਹੈ, ਕਿਸੇ ਕਿਸਮ ਦੀ ਵੀ ਹੈਸੀਅਤ ਨਹੀਂ ਹੈ।
ਸਾਰੀ ਉਮਰ ਹੀ ਕੀਤੀ ਹੈ ਨੱਠ ਭੱਜ, ਹੁਣ ਕੁਝ ਕਰਨ ਦੀ ਤਬੀਅਤ ਨਹੀਂ ਹੈ।
ਕੁਝ ਵੀ ਨਹੀਂ ਕਰ ਸਕਦਾ ਕਿਸੇ ਲਈ, ਪਰ ਇਹ ਨਾ ਸੋਚੀਂ ਕਿ ਨੀਅਤ ਨਹੀਂ ਹੈ।
ਖੈਰ ਹੋਵੇ ਤਾਂ ਹੀ ਕਰਾਂ ਖੈਰਸੱਲਾ, ਇਹ ਸੱਚ ਹੈ ਕਿ ਹੁਣ ਤਾਂ ਖੈਰੀਅਤ ਨਹੀਂ ਹੈ।
ਸਾਹ ਆਉਂਦੇ ਕਰਕੇ ਫਿਰਦਾ ਹਾਂ ਤੁਰਿਆ, ਸਾਹਾਂ ਦੀ ਕੋਈ ਵਸੀਅਤ ਨਹੀਂ ਹੈ।
ਰੰਗ ਜਮਾਓ ਰੰਗੀਲੇ ਕਹਿਲਾਉ, ਇਹ ਮਸ਼ਵਰਾ ਹੈ ਮੇਰਾ ਨਸੀਅਤ ਨਹੀਂ ਹੈ।

•

# ਸੱਚ

ਸੱਚ ਤਾਂ ਸੱਚ ਹੈ ਸੱਚੋ ਸੱਚ ਹੈ ਖੋਟਾ ਖਰਾ ਨਹੀਂ ਹੈ,
ਝੂਠੇ ਲੋਕੀਂ ਝੂਠ ਸਿਰਜਕੇ ਸੱਚ ਦੀਆਂ ਸਿਫਤਾਂ ਕਰਦੇ।
ਸੱਚ ਤਾਂ ਕਰਤਾ ਹੈ ਸਭ ਕੁਝ ਦਾ ਇਕੋ ਇਕ ਹੈ ਸੱਚ,
ਆਪਣੇ ਵਰਗਾ ਸੱਚ ਬਣਾ ਕੇ ਉਸਤੋਂ ਫਿਰਦੇ ਡਰਦੇ।
ਸੱਚ ਨੂੰ ਤੱਤ ਨਹੀਂ ਚਾਹੀਦੇ ਕਾਲ ਰਹਿਤ ਸੱਚ ਹੁੰਦਾ,
ਆਦਜੁਗਾਦੀ ਸਦਾ ਸਦਾ ਤੋਂ ਸੱਚ ਜੰਮਦੇ ਨਾ ਮਰਦੇ।
ਝੂਠਾ ਸੱਚ ਬਣਾ ਕੇ ਤੇ ਆਪੇ ਉਸਦੀ ਕਰਨ ਕਹਾਣੀ,
ਗੁਰਪਰਸਾਦੀ ਸੱਚ ਅਸੀਮਤ ਦੇ ਸੱਚ ਨੂੰ ਨਾ ਜਰਦੇ।
ਭਵਸਾਗਰ ਸੰਸਾਰੀ ਨੇ ਸਭ, ਝੂਠ ਦਾ ਨਿਰਾ ਪੁਲੰਦਾ,
ਆਪ ਸਿਰਜਕੇ ਭਵਸਾਗਰ ਨੂੰ ਫਿਰ ਆਪੇ ਫਿਰਦੇ ਤਰਦੇ।
ਆਪੇ ਫਾਥੜਿਆਂ ਲੋਕਾਂ ਨੂੰ ਕੌਣ ਛਡਾਵੇ ਦੱਸਿਓ,
ਸੱਚ ਦੇ ਲੜ ਲੱਗਣਾ ਨਹੀਂ ਆਉਂਦਾ ਤਾਹੀਓਂ ਜਿੱਤਦੇ ਹਰਦੇ।

•

# ਆਪਣੇ

ਜੋ ਕੁਛ ਹੋ ਰਿਹਾ ਅੱਜ-ਕੱਲ੍ਹ ਉਹ ਜਰਿਆ ਵੀ ਨਹੀਂ ਜਾਂਦਾ।
ਜ਼ੋਰਾਵਰਾਂ ਦੇ ਰਾਜ ਵਿੱਚ ਪਰ ਕੁਝ ਕਰਿਆ ਵੀ ਨਹੀਂ ਜਾਂਦਾ।
ਇਕ ਮਾਨਸ ਹੀ ਤਾਂ ਸਮਝਦਾ ਹੈ ਸੱਚ ਤੇ ਝੂਠ ਦਾ ਅੰਤਰ।
ਲੇਕਿਨ ਸਭ ਚੌਧਰੀਆਂ ਦੇ ਹੱਥਾਂ ਵਿੱਚ ਹਨ ਦੋਗਲੇ ਜੰਤਰ।
ਇਕ ਇਨਸਾਨ ਹੀ ਤਾਂ ਸਮਝ ਸਕਦਾ ਪਿਆਰ ਤੇ ਸਤਿਕਾਰ।
ਤਾਕਤਵਰਾਂ ਲਈ ਤਾਂ ਇਕ ਨੇ ਰਿਸ਼ਤੇ ਤੇ ਵਣਜ ਵਿਉਪਾਰ।
ਪ੍ਰਤੱਖ ਨੇ ਰਾਜਿਆਂ ਦੇ ਝੂਠ ਬੋਲਣ ਦੇ ਸਾਰੇ ਵਿਧੀ ਵਿਧਾਨ।
ਛਾਤੀ ਠੋਕ ਕੇ ਪਰ ਦੇ ਰਹੇ ਨੇ ਇਕਦਮ ਸਭ ਝੂਠੇ ਬਿਆਨ।
ਰੱਬ ਹੀ ਬਹੁੜੇ ਕਿਤੇ ਯਾਰੋ ਕਹਿੰਦੇ ਅੱਤ ਖੁਦਾ ਦਾ ਵੈਰ ਹੁੰਦਾ।
ਆਪਣੇ ਨੇ ਸਾਰੇ ਪਤੰਦਰ ਕੋਈ ਹੀਲਾ ਕਰਦੇ ਜੇ ਗੈਰ ਹੁੰਦਾ।

•

# ਬਿਲਕੁਲ ਨਹੀਂ

ਬਿਲਕੁਲ ਨਹੀਂ ਜ਼ਰੂਰਤ ਮਾਸਾ ਵੀ ਮੇਰੀ ਤੈਨੂੰ,
ਪਰ ਪਤਾ ਨਹੀਂ ਕਿਉਂ ਮੈਨੂੰ ਯਕੀਨ ਹੀ ਨਹੀਂ ਆਉਂਦਾ।
ਤੇਰੀ ਖੁਸ਼ਾਮਦੀ ਹੀ ਮੈਂ ਸਾਰੀ ਉਮਰ ਕੀਤੀ,
ਉਮਰ ਭਰ ਤੇਰੇ ਹੀ ਤਾਂ ਨਗਮੇਂ ਰਿਹਾਅ ਮੈਂ ਗਾਉਂਦਾ।
ਸਭ ਹੀ ਮੁਸੀਬਤਾਂ ਦਾ ਕਾਰਣ ਵੀ ਭਾਵੇਂ ਤੂੰ ਸੀ,
ਪਰ ਮੇਰੀ ਮਜਾਲ ਕੀ ਸੀ ਤੋਹਮਤ ਤੇਰੇ ਤੇ ਲਾਉਂਦਾ।
ਟੁੱਟੇ ਸਿਤਾਰੇ ਤੋਂ ਮੈਂ ਮੰਗਾਂ ਤਾਂ ਦੱਸ ਕੀ ਮੰਗਾਂ,
ਜੇ ਪਤਾ ਹੁੰਦਾ ਟੁੱਟਣਾ ਅਸਮਾਨੇ ਨਾ ਚੜ੍ਹਾਉਂਦਾ।
ਟੁੱਟ ਕੇ ਸਿਤਾਰੇ ਅੰਬਰੋਂ ਡਿੱਗਣ ਪਤਾ ਨਹੀਂ ਕਿਸ ਥਾਂਹ,
ਇਹ ਖਿਆਲ ਹਾਲੇ ਵੀ ਕਿਉਂ ਮੈਨੂੰ ਰਹੇ ਸਤਾਉਂਦਾ।
ਰੱਬ ਵਾਂਗ ਜਿਸ ਦੀ ਪੂਜਾ ਕਰਦਾ ਰਿਹਾਅ ਹੈ ਸੁੰਨੜ,
ਕਿਸ ਮੂੰਹ ਨਾ ਉਸਨੂੰ ਆਖਾਂ ਹਾਲੇ ਵੀ ਰਹਿ ਧਿਆਉਂਦਾ।

•

# ਕੀ ਮੰਗ ਕਰੇਂਗਾ

ਕੀ ਮੰਗ ਕਰੇਂਗਾ ਸੁੰਨੜਾ ਟੁੱਟਦੇ ਸਿਤਾਰਿਆਂ ਤੋਂ,
ਅਸਮਾਨੋ ਟੁੱਟ ਕੇ ਖਵਰੇ ਕੇਹੜਾ ਬਣੂੰ ਟਿਕਾਣਾ।
ਕੋਈ ਗੱਲ ਤਾਂ ਹੋਵੇਗੀ ਜੋ ਅੰਬਰਾਂ 'ਚ ਮਿਲਿਆ ਰੁਤਬਾ
ਟੁੱਟਣ ਦੀ ਵੀ ਵਜਾਹ ਹੈ, ਤੂੰ ਮੰਨ ਲੈ ਰੱਬ ਦਾ ਭਾਣਾ।
ਕਿਸ ਵੇਲੇ ਚਮਕਣਾ ਹੈ ਕਿਸ ਵੇਲੇ ਹੈ ਤੂੰ ਟੁੱਟਣਾ,
ਇਹ ਭੇਦ ਜਾਣ ਜਾਵੇਂ ਤੂੰ ਐਨਾ ਨਹੀਂ ਸਿਆਣਾ ।
ਨੈਣ ਨਕਸ਼ ਤੇਰੇ ਕਾਦਰ ਦੀ ਹੈ ਇਹ ਬਖਸ਼ਿਸ਼,
ਨਿਰਭਰ ਤੇਰੇ ਤੇ ਹੀ ਹੈ ਤੂੰ ਖੁਦ ਨੂੰ ਕੀ ਬਨਾਣਾ।
ਕਿਸ ਬਾਗ ਦੀ ਤੂੰ ਮੂਲੀ ਇਹ ਤੂੰ ਹੀ ਜਾਣਦਾ ਹੈਂ,
ਕਿਸ ਪਾਸਿਓਂ ਹੈ ਪੁੱਟਣਾ ਕਿਸ ਪਾਸੇ ਹੈ ਲਗਾਣਾ।
ਸਭ ਤਾਣ ਸਭ ਤਰੰਨੁਮ ਉਪਜਾਇਆਂ ਹੀ ਨੇ ਉਪਜੇ,
ਕਿੱਤਰਾਂ ਵਜਾਉਣੀ ਤੂੰਬੀ ਕਿਸ ਸੁਰ ਦੇ ਨਾਲ ਗਾਣਾ।

•

# ਕਮਜ਼ੋਰ

ਤੈਨੂੰ ਸਮਝਣ ਦੇ ਲਈ ਮੈਨੂੰ ਪਊ ਸਮੁੰਦਰ ਵਿੱਚ ਉਤਰਨਾ,
ਸਾਗਰ ਤੋਂ ਡੂੰਘਾ ਤਾਂ ਸ਼ਾਇਦ ਹੋਰ ਕੁਝ ਵੀ ਨਹੀਂ ਹੁੰਦਾ।

ਜਾਂ ਮੰਨ ਲਵਾਂ ਵਿਧਾਤਾ ਤੈਨੂੰ ਤੇਰੀ ਰਜ਼ਾ ਚ ਉੱਠਾਂ ਬੈਠਾਂ,
ਰੱਬ ਮੋਹਰੇ ਤਾਂ ਹੋਰ ਕਿਸੇ ਦਾ ਜੋਰ ਕੁਝ ਵੀ ਨਹੀਂ ਹੁੰਦਾ।

ਪੈਲਾਂ ਪਾਏਂ ਤਾਂ ਦੇਖਾਂ ਤੈਨੂੰ ਹੰਝੂ ਪੀਵਾਂ ਜਦ ਤੂੰ ਨੱਚੇਂ,
ਤੇਰਿਆਂ ਰੰਗਾਂ ਸਾਹਮਣੇ ਤਾਂ ਬਈ ਮੋਰ ਕੁਝ ਵੀ ਨਹੀਂ ਹੁੰਦਾ।

ਸਹਿਮ ਜਾਵਾਂ ਜਦ ਤੂੰ ਦਹਾੜੇਂ, ਸਾਹ ਘੁੱਟ ਕੇ ਦੜ ਜਾਵਾਂ,
ਸ਼ੇਰ ਦੀ ਬੜ੍ਹਕ ਤੋਂ ਵੱਧ ਤਾਕਤਵਰ ਸ਼ੋਰ ਕੁਝ ਵੀ ਨਹੀਂ ਹੁੰਦਾ।

ਡਾਂਡੇ ਮੀਂਡੇ ਫਿਰਾਂ ਦੌੜਿਆ, ਸਾਰਾ ਜੋਰ ਲਗਾਵਾਂ ਆਪਣਾ,
ਆਸ਼ਕ ਤੋਂ ਵੱਧ ਦੁਨੀਆਂ ਵਿੱਚ ਕਮਜ਼ੋਰ ਕੁਝ ਵੀ ਨਹੀਂ ਹੁੰਦਾ।

•

# ਡਰ

ਡਰ ਲਗਦੈ ਮੈਨੂੰ ਮੇਰੇ ਤੋਂ ਹਰ ਦਮ ਡਰਿਆ ਰਹਿੰਦਾ ਹਾਂ।
ਭਓ ਭਾਓ ਤਾਂ ਮਨ ਬਿਰਤੀ ਡਰ ਡਰ ਉੱਠਦਾ ਬਹਿੰਦਾ ਹਾਂ।
ਮਨ ਮਰਜੀ ਦਾ ਰੱਬ ਬਣਾਕੇ ਸੱਤ ਅਸਮਾਨਾ ਵਿਚ ਟਿਕਾ ਕੇ,
ਖੁਦ ਵੀ ਡਰਦਾ ਹਾਂ ਰੱਬ ਕੋਲੋਂ ਤੇ ਲੋਕਾਂ ਨੂੰ ਵੀ ਕਹਿੰਦਾ ਹਾਂ।
ਜਾਨਮਾਲ ਦੀ ਕਰਾਂ ਹਿਫਾਜ਼ਤ ਹਰ ਹੀਲੇ ਹਰ ਵਾਹ ਲਗਾਕੇ,
ਜਾਨ ਜਾਂਦੀ ਕਿਨੇ ਨਾ ਡਿੱਠੀ ਜਿਸ ਲਈ ਸਭ ਸਹਿੰਦਾ ਹਾਂ।
ਕਾਮ ਕ੍ਰੋਧ ਦੀ ਅਗਨ ਨਾ ਮਿਟਦੀ ਲੋਭ ਮੋਹ ਹੰਕਾਰ ਕਰਾਂ,
ਪੰਜਾਂ ਦੁਸ਼ਟਾਂ ਤੋਂ ਡਰਦਾ ਹੀ ਨਾਮ ਸਾਂਈਂ ਦਾ ਲਈਂਦਾ ਹਾਂ।
ਰਿਸ਼ਤਿਆਂ ਦਾ ਸੁਖ ਲੈਣ ਵਾਸਤੇ ਦੁਨੀਆ ਨਾਲ ਸੰਬੰਧ ਬਣੇ,
ਰਿਸ਼ਤੇ ਕੈਂਚੀ ਮਾਰਨ ਜਦ ਤਾਂ ਹੰਦਿਆਂ ਤੇ ਡਿੱਗ ਪਈਂਦਾ ਹਾਂ।
ਧਰਮ ਕਰਮ ਤੇ ਸਰਮ ਕਰਾਂ ਡਰਾਂ ਡਰਾਵਾਂ ਖੁਦ ਨੂੰ ਆਪੇ,
ਕੁਝ ਮਿਲ ਜਾਵੇ ਤਾਂ ਮਾਂਣ ਕਰਾਂ ਖੁੱਸ ਜਾਵੇ ਤਾਂ ਰੋ ਪਈਂਦਾ ਹਾਂ।
•

# ਜਿੰਨੀ ਮਿਟਾਉਣੀ ਚਾਹੀ

ਜਿੰਨੀ ਮਿਟਾਉਣੀ ਚਾਹੀ ਓਨੀ ਵਧੀ ਪਿਆਸ।
ਮਸਲਾ ਵੀ ਮੇਰਾ ਹੈ ਤੇ ਖੁਦ ਹੀ ਦਿਆਂ ਧਰਵਾਸ।
ਚੌਥੇ ਪਹਿਰ ਚ ਏਤਰਾਂ ਹਮਸਫਰ ਬਦਲ ਜਾਊ,
ਆਪਣੇ ਤੋਂ ਵਧਕੇ ਜਿਸਤੇ ਮੈਨੂੰ ਸਿਗਾ ਵਿਸ਼ਵਾਸ।
ਕੱਠਿਆਂ ਤੁਰਨ ਦੀ ਮੇਰੀ ਆਦਤ ਬਣ ਗਈ ਸੀ,
ਨਿੱਤ ਦਾ ਲੜਾਈ ਝਗੜਾ ਗੱਲ ਨਹੀਂ ਸੀ ਖਾਸ।
ਜੇ ਚੜ੍ਹਦੀਮਾਲੀ ਹੁੰਦੀ ਕੁਝ ਹੋਰ ਨਜ਼ਰੀਂ ਆਉਂਦਾ,
ਨਜ਼ਰ ਵੀ ਘਟ ਗਈ ਹੁਣ ਕਿੱਦਾਂ ਕਟੂ ਬਣਵਾਸ।
ਭੱਜ ਭੱਜ ਕੇ ਉਮਰ ਸਾਰੀ ਸੀ ਆਲ੍ਹਣਾ ਬਣਾਇਆ,
ਪਰ ਚੌਂਪੀਏ ਉਮਰ ਦੇ ਹੋਇਆ ਹੈ ਸੱਤਿਆਨਾਸ ।

•

# ਲੱਸੀ ਵੀ ਹੁਣ ਨਹੀਂ ਪਚਦੀ

ਲੱਸੀ ਵੀ ਹੁਣ ਨਹੀਂ ਪਚਦੀ ਅਧਰਿੜਕਾ ਕੌਣ ਪਚਾਊਗਾ ।
ਸੇਰ ਘਿਓ ਪੀ ਜਾਂਦੇ ਸੀ, ਹੁਣ ਅੱਧਪਾ ਕੇਹੜਾ ਖਾਊਗਾ।
ਆਮ ਗੱਭਰੂ ਹਰ ਰੋਜ ਹੀ ਗੜਵਾ ਦੁੱਧ ਡਕਾਰ ਜਾਂਦੇ ਸੀ।
ਸੌ ਸੌ ਡੰਡ ਬੈਠਕਾਂ ਲਾਅ ਹੁਣ ਕੇਹੜਾ ਸੇਹਤ ਬਣਾਊਗਾ ।
ਲਾਂਗਾ ਲਾਂਗਾ ਮੂੰਗਫ਼ਲੀ ਧੂਣੀ ਤੇ ਬਹਿ ਖਾ ਜਾਂਦੇ ਸੀ।
ਢਾਈ ਸੇਰ ਦਾ ਦੇਸੀ ਕੁੱਕੜ ਹੁਣ ਕਿੱਥੋਂ ਲੱਭ ਜਾਊਗਾ।
ਖੇਤੀ ਖੂਹ ਦਾ ਪਾਣੀ ਤੇ ਹੁਣ ਝੱਲ ਨਿਛਾਰ ਨਹੀਂ ਲਭਦੇ।
ਗਾਟੀ ਤੇ ਖੂਹ ਹੱਕਦਾ ਕੋਈ ਹੁਣ ਕਿੱਦਾਂ ਸੌਂ ਜਾਊਗਾ।
ਕੋਹਾਂ ਪੈਂਡਾ ਹਰ ਕਿਸਾਨ ਹੀ ਹਲ ਵਾਹੁੰਦੇ ਤੁਰ ਲੈਂਦਾ ਸੀ।
ਮੋਟਰਸਾਈਕਲ ਤੇ ਹੁਣ ਖੂਹ ਤੋਂ ਮੂਲੀ ਖਾਤਰ ਜਾਊਗਾ।
ਮਾਂ ਦਾਦੀ ਤੋਂ ਬਾਤਾਂ ਸੁਣਦੇ ਕੱਠੇ ਬੈਠ ਰਜਾਈਆਂ ਵਿਚ।
ਹੁਣ ਹਰੇਕ ਹੀ ਆਪੋ ਆਪਣਾ ਹੀਟਰ ਲਾ ਸੌਂ ਜਾਊਗਾ।

•

# ਸੋਚ ਵਿਚਾਰ

ਬੱਸ ਮੈਂ ਮੈਂ ਕਰ ਸਕਦੈਂ ਬੰਦਿਆ, ਹੋਰ ਨਹੀਂ ਕੁਝ ਕਰ ਸਕਦਾ,
ਹੱਥ ਵੱਸ ਤੇਰੇ ਕੁਝ ਨਹੀਂ ਮਿੱਤਰਾ ਜੋ ਕਰਦਾ ਕਰਤਾ ਕਰਤਾਰ।
ਜਾਂ ਫਿਰ ਦੂਜੇ ਕਰਦੇ ਕਈ ਕੁਝ, ਜੰਮਣਾ ਮਰਨਾ ਵੱਸ ਨਹੀਂ ਤੇਰੇ,
ਕਿਸੇ ਨੇ ਜਨਮ ਦਿੱਤਾ ਹੈ ਤੈਨੂੰ, ਦੁਨੀਆਂ ਨੇ ਕਰਨਾ ਸਸਕਾਰ।
ਦੂਜਿਆਂ ਤੈਨੂੰ ਗੁੜਤੀ ਦਿੱਤੀ, ਦੂਜਿਆਂ ਤੋਂ ਤੂੰ ਸਿਖਿਆ ਸਭਕੁਝ,
ਤੇਰਾ ਨਾਮ ਵੀ ਤੂੰ ਨਹੀਂ ਰੱਖਿਆ, ਨਾਮ ਵੀ ਰੱਖਦਾ ਹੈ ਪਰਵਾਰ।
ਹੱਥ ਪੈਰ ਬਹੁਤ ਮਾਰੇ ਤੂੰ, ਅਤੇ ਰਿਸ਼ਤੇ ਨਾਤੇ ਵੀ ਬਹੁਤ ਬਣਾਏ,
ਤੇਰੇ ਨਾਲ ਨਹੀਂ ਆਇਆ ਕੋਈ, ਨਾਲ ਨਹੀਂ ਜਾਣੇ ਮਿੱਤਰ ਯਾਰ।
ਤੇਰਾ ਦੱਸ ਤੇਰੇ ਵਿੱਚ ਕੀ ਹੈ, ਤੇਰੇ ਨੈਣ ਨਕਸ਼ ਤੂੰ ਨਹੀਂ ਬਣਾਏ ।
ਸੁਰਤੀ ਬਿਰਤੀ ਵੀ ਨਹੀਂ ਤੇਰੀ, ਇਹ ਲੀਲ੍ਹਾ ਵੀ ਹੈ ਅਪਰ ਅਪਾਰ।
ਤੂੰ ਵੀ ਬੰਦਿਆਂ ਵਰਗਾ ਬੰਦਾ, ਬੰਦਾ ਬਣ ਅਤੇ ਬੱਸ ਕਰ ਸੁੱਨੜਾ,
ਤੇਰੇ ਵਰਗੀ ਹੈ ਸਭ ਦੁਨੀਆਂ, ਸਾਰੇ ਹੀ ਰੱਖਦੇ ਸੋਚ ਵਿਚਾਰ।

•

# ਕਿਆ ਕਹਿਣੇ

ਤਾਰੇਮੀਰੇ ਅਤੇ ਸਰੋਂਹ ਵਿਚ ਫਰਕ ਬਹੁਤ ਹੁੰਦਾ,
ਗੋਭੀਸਰੋਂਹ ਦੇ ਤਾਂ ਪੁੱਛੋ ਨਾ ਯਾਰੋ ਕਿਆ ਕਹਿਣੇ।
ਸੱਗੀ ਫੁੱਲ ਦੀ ਸ਼ਾਨ ਮੱਥੇ ਤੇ ਵੱਖਰੀ ਹੁੰਦੀ ਹੈ,
ਨੱਤੀਆਂ ਮੁਰਕੀਆਂ ਕੋਕੇ ਵੀ ਨੇ ਵਧੀਆ ਹੀ ਗਹਿਣੇ।
ਜਿੱਥੇ ਕੋਈ ਉਡੀਕ ਰਿਹਾਅ ਉਹ ਘਰ ਆਪਣਾ ਹੁੰਦਾ,
ਘਰ ਨਹੀਂ ਹੁੰਦੇ ਮਹਿਲ ਮਨਾਰੇ ਜੋ ਸੁੰਨੇ ਰਹਿਣੇ।
ਕਾਰਜ ਉਹ ਹੈ ਜੇਹੜਾ ਅਨੰਦਮਈ ਹੈ ਸਭਨਾ ਲਈ,
ਭੱਠ ਪਿਆ ਉਹ ਕਾਰਜ ਜਿਸ ਵਿਚ ਦਰਦ ਪੈਣ ਸਹਿਣੇ।
ਝਾੜੀਆਂ ਛਿੱਤਰਠੋਹਰਾਂ ਨੂੰ ਵੀ ਫੁੱਲ ਤਾਂ ਲਗਦੇ ਨੇ,
ਪਰ ਫੁੱਲ ਗੁਲਾਬਦਿਆਂ ਸੁੱਕਕੇ ਵੀ ਮਹਿਕਦਿਆਂ ਰਹਿਣੈ।
ਹਭੀਆਂ ਨਬੀਆਂ ਖੁਸ਼ੀਆਂ ਗਮੀਆਂ ਗੇੜ ਚੁਰਾਸੀ ਦਾ,
ਰਜਾ ਚ ਰਹੁ ਬੰਦਿਆ ਜੇਕਰ ਤੂੰ ਸੁਖ ਦਾ ਸਾਹ ਲੈਣੈ।

•

# ਟਿੱਕਾ ਟੀਚਾ

ਔਰਤ ਦਾ ਅੱਜ ਟਿੱਕਾ ਟੀਚਾ ਬਣ ਚੱਲਿਆ,
ਸੰਧੂਰ ਦੀ ਥਾਂਵੇਂ ਉਸਦੇ ਸੋਚ ਲਕੀਰਾਂ ਨੇ।
ਮਨਮਰਜ਼ੀ ਕਰਦਿਆਂ ਤੋਂ ਗਲਤੀ ਹੋ ਜਾਂਦੀ,
ਝਾਂਜਰ ਦੀ ਥਾਂਹ ਅਜਕਲ ਪੈਰ ਜੰਜ਼ੀਰਾਂ ਨੇ।
ਹੁਸਨ ਦੀ ਮਲਕਾ ਦੇਵੀ ਸਿਗੀ ਮੁਹੱਬਤ ਦੀ,
ਪੈਗ ਖੜਕਾਵਣ ਲਾ ਤੀ ਅੱਜ ਵਜ਼ੀਰਾਂ ਨੇ।
ਮੈਂ ਮੈਂ ਕਰਨ ਲੱਗ ਪਈ ਸਾਂਈਂ ਭੁੱਲ ਗਿਆ,
ਤੇਰਾ ਤੇਰਾ ਕੀਤਾ ਸਦਾ ਫਕੀਰਾਂ ਨੇ।
ਖੁਦ ਮੁਖਤਿਆਰ ਬਣ ਗਈ ਹੈ ਹੁਣ ਪਰਭਾਣੀ,
ਘੁੰਡ, ਬੁਰਕੇ ਦੀਆਂ ਕੀਤੀਆਂ ਲੀਰਾਂ ਲੀਰਾਂ ਨੇ।
ਆਪਣੇ ਲਈ ਹੁਣ ਆਪ ਸ਼ਿਕਾਰ ਖੇਡਦੀ ਹੈ,
ਤਿੱਤਰਾਂ ਅਤੇ ਬਟੇਰਿਆਂ ਦੀਆਂ ਵਹੀਰਾਂ ਨੇ।
ਸਿੱਧੀ ਹੋ ਕੇ ਨਾਲ ਭਰਾਵਾਂ ਯੁੱਧ ਕਰਦੀ,
ਕੁਝ ਨਹੀਂ ਕੀਤਾ ਜੰਡ ਤੇ ਟੰਗੇ ਤੀਰਾਂ ਨੇ।
ਖਰਲਾਂ ਦੇ ਸਰਦਾਰ ਨਹੀਂ ਅੱਜ ਦੇ ਮਿਰਜੇ,
ਝੰਗ ਸਿਆਲ ਦੀਆਂ ਮੁਖੀਆ ਹੁਣ ਹੀਰਾਂ ਨੇ।
ਬੰਦਿਆਂ ਦੇ ਬਰੋਬਰ ਗਲਤੀਆਂ ਕਰਦੀਆਂ ਹੁਣ,
ਬਦਲ ਦਿੱਤੀਆਂ ਹੱਥਾਂ ਦੀਆਂ ਲਕੀਰਾਂ ਨੇ।
ਆਪਣੀ ਕਿਸਮਤ ਆਪ ਬਨਾਵਣ ਲੱਗ ਪਈਆਂ,
ਕੇਹੜਾ ਚੰਦ ਚਾੜਿਆ ਹੈ ਤਕਦੀਰਾਂ ਨੇ।

•

## ਅੱਖ਼ਰ-ਅੱਖ਼ਰ ਕਵਿਤਾ

# ਪੈਂਤੀ ਅੱਖ਼ਰੀ

ਊੜਾ ਊਲ ਜਲੂਲ ਵਿੱਚ ਉਮਰ ਬੀਤੀ,
ਉਸਦੀ ਸਮਝ ਨਾ ਆਈ ਉਸਨੂੰ ਪਾਵਣਾ ਕੀ।
ਉੱਪਰੋਂ-ਉੱਪਰੋਂ ਉਸਦੀ ਉਮੀਦ ਕੀਤੀ,
ਰਾਹ ਦੀ ਸਮਝ ਜੇ ਨਹੀਂ ਉਸ 'ਤੇ ਜਾਵਣਾ ਕੀ।

ਐੜਾ ਅਲਫ਼ ਅੱਲਾ ਦਾ ਹੀ ਆਸਰਾ ਹੈ,
ਆਲ-ਜਾਲ਼, ਜੰਜਾਲ਼ ਵਿਅਰਥ ਭੱਜ-ਨੱਠ।
ਐਵੇਂ ਧਰਤ ਆਕਾਸ਼ ਤੂੰ ਫਿਰੇਂ ਗਾਹੁੰਦਾ,
ਆਦਮ ਇੱਕ ਤੂੰ ਭਾਲਦਾ ਫਿਰੇਂ ਅੱਠ-ਸੱਠ।

ਈੜੀ ਇੱਕੋ-ਇੱਕ ਓਅੰਕਾਰ ਇਲਮੀ,
ਇਲਮਾਂ ਬਾਝ ਹੈ ਆਦਮੀ ਏਸ ਜੱਗ ਵਿੱਚ।
ਇਹ ਜੋ ਇਲਮ ਦੀ ਅਗਨ ਤੂੰ ਬਾਲਦਾਂ ਏਂ,
ਸੜ ਜਾਏਂਗਾ ਆਪਣੀ ਏਸ ਅੱਗ ਵਿੱਚ।

ਸੱਸਾ ਸਹਿਜ ਸੰਤੋਖ਼ ਸੀ ਸਰਲ ਕਾਇਦਾ,
ਭੰਬਲਭੂਸੇ ਵਿੱਚ ਫਸਿਆ ਸੰਸਾਰ ਐਵੇਂ।
ਸੁਪਨ ਦੁਨੀਆ ਤੂੰ ਸਿਰਜਦਾ ਫਿਰੇਂ ਜਿਹੜੀ,
ਸੱਚ ਨਹੀਂ, ਇਹ ਬਿਲਕੁਲ ਬੇਕਾਰ ਐਵੇਂ।

ਹਾਹਾ ਹਰੀਹਰ, ਹਰੀਹਰ ਫਿਰੇਂ ਕਰਦਾ,
ਮੂੰਹੋਂ ਹੋਰ ਤੇ ਅੰਦਰ ਕੁੱਝ ਹੋਰ ਬੰਦਿਆ!

ਹਰ ਹਾਲ ਵਿੱਚ ਹਰੀ ਤਾਂ ਨਾਲ ਤੇਰੇ,
ਹਓਮੈਂ ਤਿਆਗ ਕੇ ਹਰੀ ਨਾ' ਜੋੜ ਬੰਦਿਆ!

ਕੱਕਾ ਕਰਮ ਨਾ ਕਿਸੇ ਦੇ ਕਦੇ ਬਦਲੇ,
ਕਰਨਹਾਰ ਹੈ ਕਿਰਤ, ਕਰਤੂਤ ਬੰਦਿਆ!
ਕਿਰਪਾ ਕਰੇ ਜੇ ਕੁਦਰਤ ਕ੍ਰਿਪਾਲ ਹੋ ਕੇ,
ਕੱਜ ਲਵੇ ਕਸੂਤੇ ਸਬੂਤ ਬੰਦਿਆ!

ਖੱਖਾ ਖ਼ਾਸਮ-ਖ਼ਾਸ ਹੀ ਖੜਨ ਲਾਗੇ,
ਖ਼ਾਸ ਨਹੀਂ ਜੇ ਕੋਈ ਤਾਂ ਖ਼ੈਰ-ਸੱਲਾ।
ਖੁਣਸੀ ਲੋਕਾਂ ਤੇ ਖੱਖਰ ਵਿਚ ਕੀ ਅੰਤਰ,
ਖ਼ਬਰੇ ਓਪਰੀ ਖੱਖਰ ਨਾ ਕਰੇ ਹੱਲਾ।

ਗੱਗਾ ਗੱਲ ਨੂੰ ਗੋਲ ਨਾ ਕਰ ਬੰਦਿਆ!
ਗੱਲਾਂ-ਗੱਲਾਂ ਵਿੱਚ ਗੱਲ ਨੇ ਨਸ਼ਰ ਹੋਣਾ।
ਗ਼ਲਤ ਸੋਚ ਨੇ ਗ਼ਲਤ ਹੀ ਰੁਖ਼ ਕਰਨਾ,
ਗ਼ਲਤ ਸੋਚ ਦਾ ਗ਼ਲਤ ਹੀ ਹਸ਼ਰ ਹੋਣਾ।

ਘੱਗਾ ਘੜੀ ਨੇ ਘੜੀ ਨਾ ਕਦੇ ਰੁਕਣਾ,
ਘੁੰਮਣ ਘੇਰੀਆਂ, ਘੇਰਨਾ ਘੁੰਮ-ਘੁੰਮ ਕੇ।
ਘਪਲੇਬਾਜ਼ ਦੁਨੀਆ ਘਾਪੇ ਕਿਵੇਂ ਪੂਰੇ,
ਘੋਂਦੂ ਰਾਮ ਨੂੰ ਘੂਰ ਨਾ ਦਰਦ ਸੁਣ ਕੇ।

ਚੱਚਾ ਚਾਰ ਕੂੰਟਾਂ ਚਾਰੇ ਫਰੋਲ ਛੱਡੀਆਂ,
ਚੰਨ-ਤਾਰਿਆਂ ਤੱਕ ਵੀ ਫਿਰੇਂ ਲੱਭਦਾ।
ਚੱਤੋ ਪਹਿਰ ਜੋ ਤੂੰ ਚਲੋ-ਚੱਲ ਲਾਈ,
ਬਣਿਆ ਚੌਧਰੀ ਹਰ ਜਗ੍ਹਾ ਫਿਰੇਂ ਫੱਬਦਾ।

ਛੱਛਾ ਸ਼ਾਮ ਦੇ ਢਲਦਿਆਂ ਸ਼ਾਂਤ ਹੋਵੇ,
ਓਹੜ-ਪੋਹੜ ਸਾਰਾ ਛੁੱਟਦਾ ਦਿਸੇ ਸਭ ਨੂੰ।
ਸ਼ਾਹੀ ਠਾਠ ਤੇਰਾ ਛਤਰ ਸ਼ੋਹਰਤਾਂ ਦੇ,
ਛੁੱਟਦੇ ਦੇਖ ਕੇ ਸ਼ਾਇਦ ਧਿਆਏਂ ਰੱਬ ਨੂੰ।

ਜੱਜਾ ਜੋ-ਜੋ ਕਰੇਂ ਉਹ ਜੁਗਤ ਲੱਗਦਾ,
ਜੁਗਤੀ ਬਹੁਤ ਹੀ ਫਿਰਨ ਜਹਾਨ ਦੇ ਵਿੱਚ।
ਜੁਗਤਾਂ ਸਾਰੀਆਂ ਨੇ ਜਾਨੀ ਜ਼ਬਤ ਹੋਣਾ,
ਚੱਪੂ ਚੱਲ ਨਾ ਸਕਣ ਤੂਫ਼ਾਨ ਦੇ ਵਿੱਚ।

ਝੱਜਾ ਝੂਠੀ-ਮੂਠੀ ਝਲਕ ਪਈ ਤੈਨੂੰ,
ਝਿਲਮਲ-ਝਿਲਮਲ ਜੋ ਕਰੇ ਸਭ ਝੂਠ ਹੀ ਹੈ।
ਝੱਲ ਤੇਰਾ ਜੋ ਝੰਡੇ ਝੁਲਾਉਣ ਵਾਲਾ,
ਝੂਠ ਪਿੱਛੇ ਭੱਜਦਿਆਂ ਲੱਗਦੀ ਛੂਟ ਹੀ ਹੈ।

ਟੈਂਕਾ ਟਣਕਦਾ ਫਿਰੇਂ ਤੂੰ ਖੋਟਿਆ ਵੇ!
ਟੈਂ-ਟੈਂ ਕਰਦਾ ਤੂੰ ਤੇ ਥੱਕਦਾ ਨਹੀਂ।
ਟਿੰਡ ਵਿੱਚ ਕਾਨਾ ਐਵੇਂ ਪਾਈ ਰੱਖਦੈਂ,
ਟੂਣੇਹਾਰਿਆ ਟਪਲੇ ਲਾ ਅੱਕਦਾ ਨਹੀਂ।

ਠੱਠਾ ਠੰਡ ਕਲੇਜੇ ਨੂੰ ਤਾਂ ਪੈਂਦੀ,
ਠਾਕੁਰਦੁਆਰਿਆਂ 'ਤੇ ਠੀਕਰ ਚਾੜ੍ਹ ਆਵੇਂ।
ਪਿੱਠ ਦੇ ਕੇ ਨੱਠ ਜਾਏਂ ਜਦੋਂ ਮਰਜ਼ੀ,
ਠੱਗੀ ਨਾਲ ਬੇਦਾਵੇ ਕਦੇ ਪਾੜ ਆਵੇਂ।

ਡੱਡਾ ਡਮਰੂ ਵਜਾਏਂ ਤੂੰ ਬਹੁਤ ਵਧੀਆ,
ਡੌਂਡੀ ਪਿੱਟਦਾ ਫਿਰੇਂ ਜਹਾਨ ਅੰਦਰ।

ਡਰੇ ਡਾਂਗ ਤੋਂ ਮਾੜੇ ਨਾ' ਲਵੇਂ ਪੰਗਾ,
ਡੰਗ ਸਾਰਦੈਂ ਤੂੰ ਰੱਖ ਕੇ ਧਿਆਨ ਅੰਦਰ।

ਢੱਢਾ ਢੋਲ ਢਮੱਕਾ ਤੂੰ ਕਰੇਂ ਕਾਫ਼ੀ,
ਗੱਲ ਜੋੜਦੈਂ ਢਾਡੀ ਜਿਉਂ ਵਾਰ ਗਾਵੇ।
ਢੱਕਣ ਦੇ ਕੇ ਰਿੰਨ੍ਹੀਏ ਜੇ ਕੁੱਝ ਵੀ,
ਕੀ ਰਿੱਝਦਾ ਕੋਈ ਨਾ ਸਮਝ ਪਾਵੇ।

ਤੱਤਾ ਤੇਰਿਆਂ ਨੇ ਤੈਨੂੰ ਤੰਗ ਕਰਨਾ,
ਐਸੀ ਤ੍ਰਿਪਤੀ ਤੋਂ ਚੰਗਾ ਅਤ੍ਰਿਪਤ ਰਹਿਣਾ।
ਤੈਨੂੰ ਤਲਖ਼ ਤਜ਼ਰਬੇ ਵੀ ਹੋਣਗੇ ਕਈ,
ਤੇਰੀ ਤਮ੍ਹਾ ਨੇ ਵੀ ਤੈਨੂੰ ਤੇਲ ਦੇਣਾ।
ਥੱਥਾ ਥੱਕ-ਹਾਰ ਕੇ ਸੁਰਤ ਆਵੇ,
ਥੁੜ੍ਹਿਆ ਕੀ ਸੀ ਏਹੋ ਜਿਹੇ ਟੌਹਰ ਬਾਝੋਂ।
ਥਾਂ-ਥਾਂ 'ਤੇ ਨੇ ਥਿੜਕਣ ਪੈਰ੍ਹ ਲੱਗੇ,
ਬੰਦਾ ਥਿੜਕਦਾ ਨਹੀਂ ਕਿਸੇ ਔਹਰ ਬਾਝੋਂ।

ਦੱਦਾ ਦਾਨਿਸ਼ਮੰਦਾਂ ਦੀ ਇਹ ਦੁਨੀਆ,
ਦਵਾ-ਦਾਰੂ ਵੀ ਦਰਦ ਦੇ ਮਿਲਣ ਏਥੇ।
ਕੰਡੇ ਦੁੱਖ ਦਿੰਦੇ, ਦਿਲ ਨੂੰ ਹੌਲ ਪੈਂਦੇ,
ਮਹਿਕ ਦੇਣ ਨੂੰ ਫੁੱਲ ਵੀ ਖਿਲਣ ਏਥੇ।

ਧੱਦਾ ਧੰਨ ਪਰਭਾਣੀਆਂ ਸਬਰ ਜਿਨ੍ਹਾਂ,
ਧਰਤੀ ਧਰਮ ਦੀ ਧੌਲ 'ਤੇ ਖੜੀ ਲੱਗਦੀ।
ਧੀਰਜ ਨਾਲ ਜੇ ਜਿਉਣ ਦਾ ਵੱਲ਼ ਹੋਵੇ,
ਧੰਨ-ਧੰਨ ਹੋ ਜਾਏ ਸ਼ੋਭਾ ਮਿਲੇ ਜੱਗ ਦੀ।

ਨੰਨਾ ਨਾਮ ਦਾ ਆਸਰਾ ਲੈ ਬੰਦਿਆ!
ਨਮੋ ਸ਼ਿਵਾ ਨਾਲ ਨਾਮ ਖ਼ੁਮਾਰੀਆਂ ਨੇ।
ਨੇਹੁੰ ਮਿਲ ਗਿਆ ਜੇਕਰ ਕਿਸੇ ’ਕੇਰਾਂ,
ਨਾਮੇ ਨਦਰੀਂ, ਫਿਰ ਨਦਰ ਨਿਹਾਰੀਆਂ ਨੇ।

ਪੱਪਾ ਪਰਮ ਪਰਮੇਸ਼ਵਰ ਪਿਤਾ ਪਿਆਰਾ,
ਪਲ-ਪਲ ਮੈਂ ਜਾਵਾਂ ਬਲਿਹਾਰ ਉਸ ਤੋਂ।
ਪਰਵਰਦਗਾਰ ਅਪਾਰ ਦਾ ਪਿਆਰ ਪਾ ਕੇ,
ਵਾਰੇ-ਵਾਰੇ ਜਾਵਾਂ, ਵਾਰ-ਵਾਰ ਉਸ ਤੋਂ।

ਫੱਫਾ ਫਿਕਫਿਕਾ ਲੰਘੇ ਨਾ ਸੰਘ ਅੰਦਰ,
ਫਿੱਕੇ ਬੋਲ ਵੀ ਕੰਨਾਂ ਨੂੰ ਨਹੀਂ ਭਾਉਂਦੇ।
ਫੁੱਲ ਫੱਬੇ ਨਾ ਲਾਟ ’ਤੇ ਸੜੇ ਜਿਹੜਾ,
ਆਪੇ ਫਾਥੜੀ ਨੂੰ ਕੋਈ ਨਾ ਮੂੰਹ ਲਾਉਂਦੇ।

ਬੱਬਾ ਬਹੁਤ ਕੁੱਝ ਬੰਦੇ ਨੂੰ ਬਖ਼ਸ਼ਿਆ ਹੈ,
ਹੋਰ ਬਹੁਤੇ ਤੋਂ ਬਹੁਤਾ ਹੁਣ ਕੀ ਹੋਵੇ।
ਬਾਰ੍ਹਾਂਤਾਲਿਆਂ ਬੰਦਿਆ! ਬਣ ਬੰਦਾ,
ਨਾਮ ਸਿਮਰ ਬਸ! ਜਿੰਨਾ ਚਿਰ ਜੀਅ ਹੋਵੇ।

ਭੱਭਾ ਭਰਮ ਦੀ ਭਾਜੀ ਪਕਾਈ ਫਿਰਦੈਂ,
ਭਾਂਤ-ਭਾਂਤ ਦੇ ਚਸਕੇ ਤੂੰ ਲਾਏਂ ਭਾਊ!
ਭੁੱਲਿਆ ਕੁੱਝ ਨਹੀਂ ਜਾਣਦੈਂ ਭਲੀ-ਭਾਂਤੀ,
ਭਾਓ, ਭਾਓ ਹੀ ਹੈ ਜੋ ਪਾਰ ਲਾਊ।

ਮੰਮਾ ਮੇਰਿਆਂ-ਤੇਰਿਆਂ ਵਿੱਚ ਉਲਝੇ,
ਮੋਹ-ਮਾਇਆ ਨੇ ਜਾਲ ਵਿਛਾਇਓ ਨੇ।

ਕਦੇ ਮੌਤ ਨੂੰ ਮੇਰੀ ਨਾ ਕਹੇ ਕੋਈ,
ਮਲਕਲ ਮੌਤ ਵੀ ਆਇਆ ਕਿ ਆਇਓ ਨੇ।

ਯੱਯਾ ਯਾਦ ਰੱਖੀਂ! ਯਾਰੀ ਟੁੱਟ ਜਾਣੀ,
ਸਾਰੇ ਯੁਗ, ਯੁਗਾਂਤਰ ਵੀ ਪਲਟ ਜਾਂਦੇ।
ਜਮ ਪਕੜ ਕੇ ਤੁਰ ਗਿਆ ਜਦੋਂ ਤੈਨੂੰ,
ਚੰਗੇ-ਭਲੇ ਸਾਹ ਇਕ ਦਮ ਹਲਟ ਜਾਂਦੇ।

ਰਾਰਾ ਰੌਣਕਾਂ ਤੇਰੀਆਂ ਰਹਿਣੀਆਂ ਨਹੀਂ,
ਤੁਰ ਜਾਏਂਗਾ ਰੋਜ਼ ਦੋ ਰੋਜ਼ ਰਹਿ ਕੇ।
ਰਾਹੀ ਰੱਬ ਦੀਆਂ ਰਮਝਾਂ ਨੂੰ ਨਾ ਜਾਣੇ,
ਰਾਤੋ-ਰਾਤ ਜਾਣਾ ਕਿਹੜੀ ਰੇਲ ਬਹਿ ਕੇ।

ਲੱਲਾ ਲਾ ਕੇ ਬੈਠਾਂ ਤੂੰ ਦਿਲ ਦਿਲਬਰ,
ਲਾਲ੍ਹਾਂ ਸੁੱਟਦਾਂ ਤੂੰ ਲੱਡੂ ਖਾਣ ਦੇ ਲਈ।
ਲਿਖਿਆ ਲੇਖ ਤੇਰਾ ਜੋ ਲਾਲ ਅੱਖ਼ਰੀਂ,
ਲੱਭ ਲਈਂ ਕੁੱਝ ਨਾਲ ਲਿਜਾਣ ਦੇ ਲਈ।

ਵਾਵ੍ਹਾ ਵਾਹੇਗੁਰੂ-ਵਾਹੇਗੁਰੂ ਕਰ ਬੰਦਿਆ!
ਵਕਤ ਨਾਲ ਤੂੰ ਵਕਤ ਪਛਾਣ ਭਾਈ!
ਵਗੀ ਪੁਰੇ ਦੀ 'ਵਾ ਜਦ ਵੇਗ ਦੇ ਵਿੱਚ,
ਹਰੇ ਪੱਤੇ ਵੀ ਪਲ 'ਚ ਝੜ ਜਾਣ ਭਾਈ!

ੜਾੜਾ ਰਿੜਕਿਆ ਬੜਾ ਤੂੰ ਸਾਫ਼ ਪਾਣੀ,
ਪਾਣੀ ਵਿੱਚ ਮਧਾਣੀ ਪਾ ਲੱਭਿਆ ਕੀ।
ਰਿੜ੍ਹਨਾ, ਤੁਰਨਾ ਤੂੰ ਸਿੱਖ ਕੇ ਭੱਜ ਤੁਰਿਆ,
ਰੁੜ੍ਹ ਗਿਆ ਪੂਰਾ ਆਬੂ ਛੱਡਿਆ ਕੀ।

ਬੱਤੀ ਅੱਖ਼ਰਾਂ ਦਾ ਬਣਦਾ ਵਜ਼ਨ ਬਹੁਤਾ,
ਤਿੰਨ ਅੱਖ਼ਰ ਜੋ ਕਾਬੂ ਵਿੱਚ ਨਹੀਂ ਆਏ।
ਸਿੱਖਿਆ ਵੱਲ਼ ਗ੍ਰੰਥਾਂ ਨੂੰ ਪੜ੍ਹ-ਸੁਣ ਕੇ,
ਸਾਡੇ ਪੂਰਬਿਆਂ ਪੂਰਨੇ ਬਹੁਤ ਪਾਏ।

ਕਰਿਓ! ਤੁੱਛ ਜਿਹੀ ਭੇਟਾ ਮਨਜ਼ੂਰ ਮੇਰੀ
ਸੁੰਨੜ ਅਜੇ ਤੱਕ ਇੱਕ ਵਿਦਿਆਰਥੀ ਹੈ।
ਸ਼ਰਨ ਸਾਹਿਤਕਾਰਾਂ ਦੀ ਵਿੱਚ ਬੈਠਾ
ਸੁੰਨੜ ਸਮਝਦਾ ਅਜੇ ਸ਼ਰਨਾਰਥੀ ਹੈ।
ਙੰਙਾਂ ਗਿਆਨ ਨਾ ਮੈਨੂੰ ਞੰਞਾਂ ਜੁਗਤ ਕੋਈ,
ਣਾਣਾ ਵੀ ਨਾ ਕਾਬੂ ਵਿੱਚ ਕਰਨ ਜੋਗਾ।
ਪੈਂਤੀ ਅੱਖ਼ਰੀ ਮਾਲਾ ਦੇ ਤਿੰਨ ਮਣਕੇ
ਙੰਙਾਂ, ਞੰਞਾਂ ਤੇ ਣਾਣਾ ਨਹੀਂ ਘੜਨ ਜੋਗਾ।

•

# ਚੇਤ

ਚੜ੍ਹਿਆ ਸੂਰਜ ਚੇਤ ਦਾ, ਚਾਲੂ ਹੋਇਆ ਸਾਲ।
ਗਿਣਤੀ ਸੂਰਜ ਚੜ੍ਹਣ ਦੀ, ਹੋਰ ਨਾ ਕੋਈ ਖ਼ਿਆਲ।

ਚੱਲੀ ਸੂਈ ਸਮੇਂ ਦੀ ਬਸ! ਫਿਰ ਚੱਲ ਸੋ ਚੱਲ।
ਰੋਕ ਸਕਣ ਦਾ ਇਸ ਨੂੰ, ਲੱਭਿਆ ਨਾ ਕੋਈ ਹੱਲ।

ਕੋਰੀ ਕਾਪੀ ਗਣਿਤ ਦੀ, ਹੱਥੀਂ ਹਿੰਦਸੇ ਪਾਏ।
ਮਰਜ਼ੀ ਦੇ ਨਾਲ ਫਾਥੀਏ! ਤੈਨੂੰ ਕੌਣ ਛੁਡਾਏ।

ਸੋਚ ਤੇਰੀ ਨੇ ਸੋਚਿਆ, ਸੋਚਣ ਜੋਗੀ ਹੋਈ।
ਸਬਜ਼ਬਾਗ ਸਮਝਣ ਲਈ, ਸਹਿਜੋਂ ਟੁੱਟ ਖਲੋਈ।

ਸੀਤਲ 'ਵਾ ਸੋਹਣਾ ਸਮਾਂ, ਬਣਿਆਂ ਧੁੰਦੂਕਾਰ।
ਮਿਰਗ ਤ੍ਰਿਸ਼ਨਾ ਵੇਖੀਏ, ਕੀ ਕਰਦੀ ਚਮਤਕਾਰ।

ਨਾ ਕੋਈ ਚਿੰਤਾ ਨਾ ਫ਼ਿਕਰ, ਗਰਭ ਜੂਨ ਦੇ ਦੇਸ਼।
ਕੱਟ ਹੋ ਗਿਆ ਨਾੜੂਆ, ਪੈਦਾ ਹੋ ਗਿਆ ਵੇਸ।

ਨਾ ਟੁੱਟਦਾ ਤਾਂ ਖ਼ਰਾ ਸੀ, ਹੁਣ ਤੇਰੀਆਂ ਜਾਣੇ ਤੂੰ,
ਚਰਖੇ ਵਾਂਗੂੰ ਚਰਖਿਆ, ਜਾਹ ਕਰਦਾ ਫਿਰ ਘੂੰ-ਘੂੰ।

•

# ਵੈਸਾਖ

ਵੈਸੇ ਤਾਂ ਵੈਸਾਖ ਵੀ, ਬਹੁਤਾ ਦੂਰ ਨਹੀਂ।
ਜਾਗ ਲੱਗ ਕੇ ਦੁੱਧ ਨੂੰ, ਬਣਿਆ ਅਜੇ ਦਹੀਂ।

ਸਾਖਾਂ ਅਜੇ ਕਰੂੰਬਲਾਂ, ਨੰਨੇ ਨੈਣ ਨਕਸ਼।
ਲੋਭ-ਮੋਹ ਨਹੀਂ ਜਨਮਿਆਂ, ਹੈਂਕੜ, ਕ੍ਰੋਧ, ਹਵਸ।

ਕੱਟਣਾ ਪੈਣਾ ਖਾਣ ਨੂੰ, ਜੋ ਆਪ ਪਕਾਇਆ ਖੇਤ।
ਬਾਗ਼ਵਾਨ ਫੁੱਲ ਤੋੜਦਾ, ਕਿਸ ਤੋਂ ਪੁੱਛੀਏ ਭੇਤ।

ਚੰਗੇ-ਚੋਖ਼ੇ ਖਾਣ ਦਾ, ਲੱਗਾ ਪੈਣ ਸਵਾਦ।
ਇੱਕ ਦਿਨ ਲੇਖਾ ਹੋਵਸੀਂ, ਇਹ ਵੀ ਰੱਖੀਂ ਯਾਦ।

ਸਵਾਦ ਸਦਾ ਨਾ ਰਹਿਣਗੇ, ਤੱਤਾਂ ਵਿੱਚੋਂ ਤੱਤ।
ਤਰਕੀਬਾਂ ਨਹੀਂ ਰਹਿਣੀਆਂ, ਮਰ ਮੁੱਕ ਜਾਣੀ ਮੱਤ।

ਹਾਲੇ ਕੁੱਝ ਨਾ ਵਿਗੜਿਆ, ਤਪਸ਼ ਵੱਲ ਨਾ ਤੁਰ।
ਤੂੰ ਵੀ ਖ਼ੁਦ ਨਹੀਂ ਜਾਣਦਾ, ਜੋ ਤੂੰ ਕਰਦਾਂ ਘੁਰ-ਘੁਰ।
•

# ਜੇਠ

ਜੇਠ ਵੱਡੇ ਨੂੰ ਆਖਦੇ, ਵੱਡਿਆਂ ਤੋਂ ਲੈ ਮੱਤ।
ਪਿਓ-ਦਾਦੇ ਦੇ ਵਾਂਗ ਤੇਰਾ ਵੀ, ਭੰਗ ਹੋਣਾ ਜਤ-ਸਤ।

ਤਪਸ਼ ਵੱਲ ਨੂੰ ਤੁਰ ਪਿਓਂ, ਇਹ ਕੀ ਤੇਰੀ ਦੌੜ।
ਅਸਲੀ ਮਾਇਆ ਤਿਆਗ਼ ਕੇ, ਕਰ ਲਿਆ ਝੁੱਗਾ ਚੌੜ।

ਹਿੰਙ ਲੱਗੀ ਨਾ ਫਟਕੜੀ, ਮਿਲ ਗਈ ਮਾਨਸ ਦੇਹ।
ਪਰ ਤੂੰ ਇਹ ਵੀ ਸਮਝ ਲੈ! ਖੇਹ ਨੇ ਹੋਣਾ ਖੇਹ।

ਕਰਜ਼ਾ ਚੁੱਕਣ ਲੱਗਿਆਂ, ਇੱਕ ਦਿਨ ਹੋਊ ਹਿਸਾਬ।
ਪਾਈ-ਪਾਈ ਦੇਣ ਲਈ, ਰੱਖੀਂ ਤਿਆਰ ਜਵਾਬ।

ਆਪਣੇ ਪੈਰ੍ਹੀਂ ਹੋਣ ਦਾ, ਤੈਨੂੰ ਬਹੁਤਾ ਮਾਣ।
ਇੱਕ ਦਿਨ ਐਸਾ ਆਵਸੀ, ਕੋਈ ਨਾ ਚੱਲੂ ਤਾਣ।

ਚਰਨ ਕਮਲ ਦਾ ਆਸਰਾ, ਛੱਡ ਤੁਰਿਓਂ ਤੂੰ ਆਪ।
ਤਪਸ਼ ਵਿੱਚੋਂ ਨਹੀਂ ਲੱਭਣਾ, ਠੰਡਕ ਵਰਗਾ ਸਾਕ।
●

# ਹਾੜ੍ਹ

ਹਾੜ੍ਹ ਮਹੀਨਾ ਚੜ੍ਹ ਪਿਆ, ਸੜਦਾ ਫਿਰੇ ਜਹਾਨ।
ਮਹੀਨਾ ਚੌਥਾ ਅਜੇ ਤਾਂ, ਥਿੜਕ ਰਿਹਾ ਇਮਾਨ।

ਧਰਤੀ ਤੱਤੀ ਹੋ ਗਈ, ਲੋਆਂ ਵਗਦੀਆਂ ਨਿੱਤ।
ਏਸ ਤਰ੍ਹਾਂ ਵੀ ਹੋਊਗੀ, ਨਾ ਮਨ ਤੇਰੇ ਨਾ ਚਿੱਤ।

ਖਾ ਖਰਬੂਜ਼ੇ, ਚਿੱਬੜਾਂ, ਕਰ 'ਲਾ ਪੂਰੇ ਸਵਾਦ।
ਪੈਰ੍ਹ-ਪੈਰ੍ਹ 'ਤੇ ਵੇਖ ਲਵੀਂ, ਨਾਨੀ ਆਊ ਯਾਦ।

ਸੋਹਣਾ ਤੁੰਮਾ ਵੇਖ ਕੇ, ਤੂੰ ਠੱਗਿਆ ਆਪਣਾ ਆਪ।
ਹਰ ਬਿਪਤਾ ਵਿੱਚ ਵੇਖ ਲਵੀਂ, ਭੱਜ ਖਲੋਣੇ ਸਾਕ।

ਆਪਣੇ ਪਿੰਡੋਂ ਚੱਲ ਕੇ, ਪਹੁੰਚਾਂ ਵਿੱਚ ਉਜਾੜ।
ਵੇਂਹਦਾ ਰਹਿ ਤੇ ਭੁਗਤ ਹੁਣ, ਅਜੇ ਤਾਂ ਚੜ੍ਹਿਆ ਹਾੜ੍ਹ।

ਰੱਕੜ ਭੂਮੀ ਹੋ ਗਈ, ਸੜ੍ਹਿਆ ਪਿਆ ਚੁਫ਼ੇਰ।
ਬੂੰਦ ਨਾ ਪਾਣੀ ਲੱਭਦਾ, ਇਹ ਕਰਮਾਂ ਦਾ ਗੇੜ।
•

# ਸਾਉਣ

ਨਿੱਤ ਅਰਦਾਸਾਂ ਕੀਤੀਆਂ, ਤਾਂ ਫਿਰ ਆਇਆ ਹੈ ਸਾਉਣ।
ਵਿਰਲੇ-ਵਿਰਲੇ ਅੰਬਰੀਂ, ਬੱਦਲ ਲੱਗੇ ਭਾਉਣ।

ਕਿਣਮਿਣ ਹੋਈ ਅੰਬਰੋਂ, ਸੰਭਲ ਗਏ ਖੜਸੁੱਕ।
ਪਹਿਲੀਆਂ ਕਣੀਆਂ ਪਤਾ ਨਹੀਂ, ਕਿੱਥੇ ਗਈਆਂ ਲੁਕ।

ਬਾਰਸ਼ ਹੋਈ ਰੱਜ ਕੇ, ਆਇਆ ਸੁਖ ਦਾ ਸਾਹ।
ਜੇਠ-ਹਾੜ੍ਹ ਦੀ ਧੁੱਪ ਨੇ, ਕੱਢ ਰੱਖਿਆ ਸੀ ਤ੍ਰਾਹ।

ਤੀਆਂ ਲੱਗੀਆਂ ਤ੍ਰਿੰਝਣੀਂ, ਕੁੜੀਆਂ ਗਾਉਂਦੀਆਂ ਗੀਤ।
ਅੰਦਰ ਬਾਹਰ ਤਪਸ਼ ਜੋ, ਰਤਾ ਕੁ ਹੋਈ ਸੀਤ।

ਖੁੱਡੀਂ ਪਾਣੀ ਪੈ ਗਿਆ, ਸੱਪ-ਸਪੋਲ ਬੜੀ।
ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜੀ।

ਸੁਣਦਾ ਨਹੀਂ ਸੈਂ ਕਿਸੇ ਦੀ, ਹੁਣ ਦੱਸ! ਹੁਣ ਬੋਲ!!
ਹੱਥਾਂ ਦੇ ਨਾਲ ਦਿੱਤੀਆਂ, ਦੰਦਾਂ ਦੇ ਨਾਲ ਖੋਲ੍ਹ।

•

# ਭਾਦੋਂ

ਦੋ ਭਾਅ ਹੋ ਗਏ ਸਮੇਂ ਦੇ, ਬਾਰਿਸ਼ ਨਾਲੇ ਹੁੱਟ।
ਸ਼ਸ਼ੋਪੰਜ ਵਿੱਚ ਸੋਚਦਾ, ਕਿੱਦਾਂ ਜਾਵਾਂ ਛੁੱਟ।

ਭਾਦੋਂ ਦਾ ਭਜਾਇਆ, ਸਾਧ ਹੋ ਗਿਆ ਜੱਟ।
ਮੰਗਣਾ ਵੀ ਨਾ ਆਂਵਦਾ, ਬੋਲ ਜਾਏ ਵੱਧ-ਘੱਟ।

ਸਾਉਣੀ ਫਸਲਾਂ ਉੱਗੀਆਂ, ਆਉਣ ਲੱਗਾ ਕੰਮ ਲੋਟ।
ਮੂੰਜੀ ਮਹਿਕੀ ਖੇਤ ਵਿੱਚ, ਮਟਰ, ਮੂਲੀਆਂ, ਮੋਠ

ਦੂਜੇ ਪਾਸੇ ਦੇਖੀਏ! ਤਾਂ ਉਹ ਵੀ ਨਹੀਂਓ ਘੱਟ।
ਮੱਛਰ ਅਤੇ ਮਲੇਰੀਆ, ਕੱਢੀ ਜਾਂਦੈ ਵੱਟ।

ਕਰ ਚਾਤਰ ਚਤੁਰਾਈਆਂ, ਭੱਜ 'ਲਾ ਅੰਨ੍ਹੇਵਾਹ।
ਜਾਣ ਲਵੇਂਗਾ ਚਾਤਰਾ! ਵਿਕਦੀ ਕਿਹੜੇ ਭਾਅ।

ਭਾਦੋਂ ਭਰਮ ਭਲਾਈਆਂ, ਨਾ ਉਸ ਪਾਰ ਨਾ ਇਸ।
ਕੋਈ ਨਾ ਸੁਣਦਾ ਕਿਸੇ ਦੀ, ਵੇਦਨ ਕਹੀਏ ਕਿਸ।
•

# ਅੱਸੂ

ਆਸੁਣ ਬਹਿ ਕੇ ਬੰਦਿਆ! ਭੁੱਲ ਜਾ ਓਤ ਤੇ ਪੋਤ।
ਪਿੱਛੇ ਮੁੜਨ ਦੀ ਅਜੇ ਵੀ, ਕਰ ਲੈ ਕੋਈ ਵਿਉਂਤ।

ਖ਼ੁਦ ਰਚ ਕੇ ਚੱਕਰਵਿਊ, ਵਿੱਚ ਫਸ ਗਿਆ ਆਪ।
ਤੈਨੂੰ 'ਕੱਲਾ ਫਸਿਆ ਦੇਖ ਕੇ, ਦੌੜ ਗਏ ਅੰਗ-ਸਾਕ।

ਦੱਦਾ ਦੋਸ਼ ਨਾ ਕਿਸੇ ਦਾ, ਸਭ ਤੇਰੀ ਕਰਤੂਤ।
ਤਾਣਾ ਤੂੰ ਉਲਝਾਇਆ, ਤੂੰ ਆਪ ਹੀ ਕਰਨਾ ਸੂਤ।

ਵੱਤਰ ਹੈ ਤੇ ਰੁੱਤ ਵੀ, ਹੁਣ ਪੂਰੀ ਕਰ 'ਲਾ ਰੀਝ।
ਭੁੱਲ ਕੇ ਵੀ ਨਾ ਬੀਜੀਏ, ਕਦੇ ਕਰੁੱਤਾ ਬੀਜ।

ਕੱਚੇ ਰੰਗਾਂ ਨਾਲ ਤੂੰ, ਹੁਣ ਬੈਠਾ ਰਿਸ਼ਤਾ ਜੋੜ।
ਪੱਕੇ ਰੰਗ ਨਾ' ਆਪ ਹੀ, ਤੂੰ ਕੀਤਾ ਤੋੜ ਵਿਛੋੜ।

ਆਪਣੇ ਅੰਦਰ ਝਾਕ ਤੂੰ, ਕਰਦੇ ਪਰਦੇ ਫਾਸ਼।
ਸੱਤਵੇਂ ਮਹੀਨੇ ਸੱਤਿ 'ਤੇ, ਆਸੁਣ ਕਰ ਵਿਸ਼ਵਾਸ।

•

# ਕੱਤਕ

ਕੱਤੇ ਦੇ ਵਿੱਚ ਆਪ ਹੀ, ਕੱਤਣੇ ਪੈਣੇ ਕਰਮ।
ਮੀਂਹ ਗਏ, ਝੱਖੜ ਗਏ, ਰੁੱਤ ਹੋਈ ਮਾਸਾ ਨਰਮ।

ਹਾੜੀ ਬੀਜਣ ਵਾਸਤੇ, ਹੁਣ ਕਰ 'ਲਾ ਭੌਂਏ ਤਿਆਰ।
ਜਿਉਂ-ਜਿਉਂ ਮਿਹਨਤ ਕਰੇਂਗਾ, ਆਉਂਦਾ ਜਾਊ ਨਿਖ਼ਾਰ।

ਜਿੰਨਾ ਘਾਟਾ ਪੈ ਗਿਆ ਬਸ! ਹੁਣ ਉਸਨੂੰ ਜਾ ਭੁੱਲ।
ਰਹਿੰਦੇ-ਖੂੰਹਦੇ ਬੇਰ ਵੀ, ਨਹੀਂ ਤਾਂ ਜਾਣੇ ਡੁੱਲ।

ਰੁੱਤ ਬਦਲੀ ਤੂੰ ਬਦਲ, ਘਰ ਪਰਤਣ ਦੀ ਸੋਚ।
ਪਰਦੇਸਾਂ ਵਿੱਚ ਰੁਲਣ ਦੀ, ਕਾਹਤੋਂ ਕਰਨੀ ਲੋਚ।

ਦਾਤਾ ਦੇ ਸਰਬੱਤ ਨੂੰ, ਇੱਕੋ-ਇੱਕ ਅਰਦਾਸ।
ਆਪਣੇ ਅੰਦਰ ਵਸਦੇ, ਦੋਸ਼ਾਂ ਦਾ ਮੰਗੀਏ ਨਾਸ਼।

ਕੱਤਣਾ ਤੇਰੀ ਕੀਰਤੀ, ਕੱਤਣਾ ਤੇਰੀ ਬੁੱਧ।
ਜੇ ਕੱਤਕ ਵਿੱਚ ਕੱਤੀਏ ਤਾਂ ਕਾਰਜ ਹੁੰਦੇ ਸ਼ੁੱਧ।
•

# ਮੱਘਰ

ਮਨ ਘਰ ਦੇ ਵਿੱਚ ਵਸਦਾ, ਮਨ ਬੁੱਧ ਦਾ ਪ੍ਰਿਤਪਾਲ।
ਮਨ ਕਰਦਾ ਚਤੁਰਾਈਆਂ, ਪਰ ਇੱਕ ਨਾ ਚੱਲੇ ਨਾਲ।

ਪੁੰਗਰੀਆਂ ਫਸਲਾਂ, ਪੁੰਗਰ ਤੂੰ, ਮਨ ਨੂੰ ਦੇ ਹੁਣ ਮੋੜ।
ਪੁੰਗਰ ਕੇ ਸੀ ਵਿਛੜਿਆ, ਫਿਰ ਪੁੰਗਰ ਕੇ ਹੀ ਜੋੜ।

ਜਿਸਦੇ ਨਾਲ ਖਲੋਣ 'ਤੇ, ਸਭ ਦੁਨੀਆ ਕਰਦੀ ਮਾਣ।
ਉਸਦੇ ਵੱਲ ਨੂੰ ਮੁੜਣ ਲਈ, ਲਾ ਦੇ ਪੂਰਾ ਤਾਣ।

ਸੇਂਜੀ ਸਰਸੋਂ ਬੀਜ ਕੇ, ਚਾਰਾ ਕਰ ਹੁਣ ਤਿਆਰ।
ਤੇਰੀ ਏਸ ਲਵੇਰੀ 'ਤੇ, ਹੱਥ ਫੇਰ ਤੇ ਦੇ ਪਿਆਰ।

ਨਾ ਠੱਕਾ ਨਾ ਲੋਅ ਵਗੇ, ਨਾ ਝੱਖੜ ਨਾ ਕੋਈ 'ਨ੍ਹੇਰ।
ਸਹਿਜੇ-ਸਹਿਜੇ ਸਹਿਜ ਲੱਭ, ਕਿਤੇ ਹੋ ਨਾ ਜਾਏ ਦੇਰ।

ਮਨ-ਮੰਦਰ ਵਿੱਚ ਆਰਤੀ, ਕਰਨ ਦੀ ਸਿੱਖ ਲੈ ਜਾਚ।
ਮਨ ਘਰ ਬੈਠਣ ਸਿੱਖ 'ਲਾ, ਕਦੇ ਸਕਦਾ ਨਹੀਂ ਗੁਆਚ।

•

# ਪੋਹ

ਅੰਗ ਲੱਗਣ ਦੀ ਆਸ ਵਿੱਚ, ਕਰ 'ਲਾ ਹੁਣ ਸ਼ਿੰਗਾਰ।
ਜੇਕਰ ਗਲ਼ੇ ਲਗਾ ਲਿਆ, ਹੋ ਜਾਸੀ ਦੂਰ ਤੁਖ਼ਾਰ।

ਫਸਲ ਗੋਡ ਕੇ ਰੱਖੀਏ, ਨਾਲੇ ਚੁਣ ਸੁੱਟੀਏ ਨਦੀਨ।
ਬਾਥੂ, ਮੈਣਾ, ਭੱਖੜਾ, ਇਟਸਿਟ, ਫਸਲ ਕਰਨ ਫ਼ਲਹੀਣ।

ਲੰਮੀਆਂ ਉਮਰਾਂ ਹਾੜ੍ਹੀਆਂ, ਕੱਕਰ ਸਹਿਣ ਸਮਰੱਥ।
ਜੇ ਵਿੱਚ ਉੱਗ ਪਏ ਘਾਹ-ਫੂਸ, ਕੁੱਝ ਨਾ ਆਉਂਦਾ ਹੱਥ।

ਗੋਡੀ ਕਰਕੇ, ਸਿੰਝ ਕੇ, ਖੇਤੀ ਨੂੰ ਕਰੀਏ ਤਿਆਰ।
ਖਾਦ ਵਕਤ ਸਿਰ ਪੈ ਜਾਏ ਤਾਂ ਬੂਟੇ ਨੂੰ ਚੜ੍ਹੇ ਨਿਖ਼ਾਰ।

ਗੱਲ ਸੁਣ ਮਿੱਤਰ ਪਿਆਰਿਆ! ਖੋਲ੍ਹਾਂ ਆਪਣਾ ਭੇਤ।
ਰੰਗ ਬਰੰਗਾ ਆਪ ਖ਼ੁਦ, ਤੂੰ ਖੇਤੀ ਅਤੇ ਤੂੰ ਖੇਤ।

ਮਨ ਮਿਲਣੇ ਨੂੰ ਲੋਚਿਆ, ਇਹ ਬਹੁਤ ਵੱਡੀ ਫ਼ਰਿਆਦ।
ਵਸਲ ਘੜੀ ਜਦ ਵਾਪਰੀ, ਕੁੱਝ ਨਾ ਰਹਿਣਾ ਯਾਦ।

•

# ਮਾਘ

ਕੱਕਰ ਕੋਰਾ ਕਹਿਰ ਦਾ, ਮਹੀਨਾ ਚੜ੍ਹਿਆ ਮਾਘ।
ਬੁੱਕਲ ਦੇ ਬਿਨ ਨਾ ਸਰੇ, ਨਾ ਸੁੱਤਿਆਂ ਨਾ ਜਾਗ।

ਦਸ-ਦਸ ਦਿਨ ਧੁੰਦ ਮਿਟੇ ਨਾ, ਲੱਗੇ ਪੈਂਦੀ ਭੂਰ।
ਮੂੰਹ ਨੂੰ ਮੂੰਹ ਨਾ ਦਿਸਦਾ, ਕੀ ਦਿਸਣਾ ਹੈ ਦੂਰ।

ਮੂੰਹ-ਹੱਥ ਧੋ ਕੇ ਸਾਰਦੇ, ਪੰਜ ਇਸ਼ਨਾਨੇ ਕਰਨ।
ਗੱਲ੍ਹਾਂ ਥਿੜਕਣ ਠੰਡ ਨਾਲ, ਹੋਰ ਕਿੰਨਾ ਕੁ ਠਰਨ।

ਰੱਬ-ਰੱਬ ਆਪੇ ਹੋਂਵਦਾ, ਠਰ੍ਹਦਿਆਂ ਵੱਜਦੇ ਦੰਦ।
ਸੜਕਾਂ ਰੁਕ-ਰੁਕ ਚੱਲਦੀਆਂ, ਆਉਣਾ-ਜਾਣਾ ਬੰਦ।

ਵਿੱਛੜਦਿਆਂ ਧੁੱਪ ਘੇਰਿਆ, ਤਪਸ਼ ਜੇਠ ਤੇ ਹਾੜ੍ਹ।
ਮੁੜਦਿਆਂ ਪਾਲ਼ਾ ਪੈ ਗਿਆ, ਰੁਕ ਜਾ! ਮੌਕਾ ਤਾੜ।

ਚਾਰੇ ਕੂੰਟਾਂ ਗਾਹ ਲਈਆਂ, ਚੱਲ ਮੁੜ ਚੱਲੀਏ! ਦਰਬਾਰ।
ਗਲਵਕੜੀ ਸ਼ਾਹੁ ਦੀ ਮਿਲੇ, ਸਭ ਕੁੱਝ ਦੇਈਏ ਹਾਰ।

•

# ਫੱਗਣ

ਘੁੰਮ-ਘੁਮਾ ਕੇ ਘਰ ਮੁੜੇ, ਹੋਇਆ ਅੰਤ ਮਿਲਾਪ।
ਸ਼ੁਰੂ ਅੰਤ ਇੱਕੋ ਜਗ੍ਹਾ, ਵਿੱਚ ਬਾਕੀ ਸਾਰੇ ਸਾਕ।

ਆਦਿ ਬਿਨਾ ਨਾ ਅੰਤ ਹੈ, ਜਨਮ ਬਿਨਾ ਨਾ ਮੌਤ।
ਸੁੱਖ ਜਾਵੇ, ਦੁੱਖ ਆਂਵਦਾ, ਇਹ ਸੱਚੋ-ਸੱਚ ਅਖੌਤ।

ਚਾਨਣ ਮਿਟਦਾ 'ਨ੍ਹੇਰ ਵਿੱਚ, ਅੰਧੇਰ ਮਿਟੇ ਪਰਕਾਸ਼।
'ਨੇਰ੍ਹਾ ਚਾਨਣ ਦੋਵੇਂ ਹੀ, ਇੱਕ-ਦੂਜੇ ਦਾ ਵਿਸ਼ਵਾਸ।

ਸੱਚ ਬਿਨਾ ਕੋਈ ਝੂਠ ਨਾ, ਝੂਠ ਬਿਨਾ ਨਹੀਂ ਸੱਚ।
ਸੱਚ-ਝੂਠ ਨਿਰਭਰ ਕਰਨ, ਇਸ ਵਿੱਚ ਕੋਈ ਨਾ ਕੱਚ।

ਘਰ ਨਾ ਵਾਪਸ ਪਰਤਦਾ, ਜੇ ਗੁਣ ਨਾ ਹੁੰਦੇ ਕੋਲ।
ਜੱਗ ਵਿੱਚ ਐਸਾ ਕੋਈ ਨਾ, ਜੋ ਸਦਾ-ਸਦਾ ਅਡੋਲ।

ਪੈਂਡਾ, ਪਾਂਧੀ ਦੋਏ ਤੂੰ, ਇਹ ਵਾਟ ਤੇਰਾ ਵਿਸਥਾਰ।
ਤੂੰ ਕਰਤਾ, ਤੂੰ ਕਰਮ ਹੈਂ, ਆਪੇ ਹੀ ਤੂੰ ਕਰਤਾਰ।
•

## 1.

ਅੰਬਰ ਫਟਿਆ ਜ਼ੋਰ ਦੀ, ਇੱਕ ਸ਼ਕਤੀ ਪ੍ਰਗਟ ਹੋਈ,
ਪੰਜ ਤੱਤ ਜਿਸਦੇ ਰੂਪ ਸੀ, ਤੇ ਜਿਹੜੀ ਪੰਜਾਂ ਵਿੱਚ ਸਮੋਈ।
ਧਰਤੀ ਗੋਲਾ ਅੱਗ ਦਾ, ਹਵਾ 'ਚ ਆਣ ਖਲੋਈ,
ਹਵਾ 'ਚ ਚੱਕਰ ਲਾਉਂਦਿਆਂ, ਇੱਕ ਦਿਨ ਠੰਡੀ ਹੋਈ।

ਹਵਾ, ਹਵਾਵਾਂ ਨਾਲ ਰਲ, ਪਾਣੀ ਪ੍ਰਗਟਿਆ,
ਜਲ ਦੇ ਪ੍ਰਗਟ ਹੁੰਦਿਆਂ, ਹਰਿਆਵਲ ਜੰਮ ਖਲੋਈ।
ਧਰਤੀ ਵੀ ਪੰਜ ਤੱਤ ਹੈ, ਜੀਵ-ਜੰਤ, ਆਕਾਸ਼,
ਪੰਜ ਭੂਤਕ ਇਨਸਾਨ ਹੈ, ਪੰਜੇ ਤੱਤ ਸਭ ਕੋਈ।
•

## 2.

ਧਰਤੀ ਮਾਂ ਦੇ ਗਰਭ ਦੀ ਅੱਗ ਵਿੱਚੋਂ,
ਪਵਨ ਗੁਰੂ ਅਵਤਾਰ ਜਦ ਧਾਰਿਆ ਸੂ।
ਪਾਣੀ ਪਿਤਾ ਪੈਦਾ ਹੋਇਆ ਪਵਨ ਵਿੱਚੋਂ,
ਸਬਜ਼ ਬਾਗ਼ ਸਭ ਜਲ ਪਸਾਰਿਆ ਸੂ।

ਜਿਉਂ-ਜਿਉਂ ਵਧੇ ਹਰਿਆਵਲੀ, ਵਧੇ ਪਾਣੀ,
ਜਲ ਦੇਵਤੇ ਨੇ ਜੱਗ ਤਾਰਿਆ ਸੂ।
ਪਾਣੀ, ਹਵਾ ਤੇ ਸੇਕ ਨਾਲ ਬਣੇ ਬੱਦਲ,
ਬੱਦਲਾਂ, ਅੰਬਰਾਂ ਵਿੱਚ ਗੇੜਾ ਮਾਰਿਆ ਸੂ।

ਉੱਚੀਆਂ ਨੀਵੀਂਆਂ ਧਰਤੀਆਂ ਨਾਲ ਖਹਿ ਕੇ,
ਬੱਦਲਾਂ ਧਰਤੀ ਨੂੰ ਧੋ ਨਿਖ਼ਾਰਿਆ ਸੂ।
•

## 3.

ਮਾਤਾ ਧਰਤ ਠੰਡੀ, ਪਾਣੀ ਖਸਮ ਸਾਈਂ,
ਜੀਵ–ਜੰਤ ਤਾਂ ਫਿਰ ਪੈਦਾ ਹੋਵਣੇ ਸੀ।
ਜੇ ਸਮੱਗਰੀ ਸਾਰੀ ਹੀ ਹੋਈ ’ਕੱਠੀ,
ਪੈਦਾ ਹੋਏ ਸਭ ਕੁੱਝ ਜਦ ਬੀਜ ਬੋਵਣੇ ਸੀ।

ਵੱਖ–ਵੱਖ ਆਕਾਰ ਦੇ ਜੀਵ–ਜੰਤੂ,
ਪਰਾਂ ਵਾਲਿਆਂ ਨੇ ਅੰਬਰ ਫਿਰ ਛੋਹਵਣੇ ਸੀ।
ਰੀਂਘਣ ਵਾਲਿਆਂ ਕੀੜੇ–ਮਕੌੜਿਆਂ ਨੇ,
ਖੁੱਡਾਂ ਪੁੱਟ ਕੇ ਜਿਸਮ ਲੁਕੋਵਣੇ ਸੀ।

ਕਈ ਜੀਵਾਂ ਨੇ ਪੈਰ੍ਹਾਂ ’ਤੇ ਖੜੇ ਹੋ ਕੇ,
ਭੱਜ–ਦੌੜ ਕਰਕੇ ਰੋਣੇ, ਰੋਵਣੇ ਸੀ।
ਸੂਏ ਜਾਨਵਰ ਤਾਂ ਦੁੱਧ ਥਣੀਂ ਆ ਜਾਏ,
ਦੁੱਧ ਕਿਸੇ ਨਾ ਕਿਸੇ ਤਾਂ ਚੋਵਣੇ ਸੀ।

ਪਾਣੀ ਵਧਣ ਦੇ ਨਾਲ ਫਿਰ ਬਣੇ ਸਾਗਰ,
ਡੱਡੂ, ਮੱਛੀਆਂ ਪਾਣੀ ਵਿੱਚ ਸੋਹਵਣੇ ਸੀ।
ਮਾਲਾ ਜ਼ਿੰਦਗੀ ਦੀ ਬਣ ਹੀ ਜਾਵਣੀ ਸੀ,
ਜਦੋਂ ਕੁਦਰਤ ਨੇ ਮੋਤੀ ਪਰੋਵਣੇ ਸੀ।

•

## 4.

ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਗੱਲ ਵਧੀਆ,
ਲੇਕਿਨ ਗੱਲ ਦੀ ਸ਼ਕਲ ਨਾ ਘੜੋ ਯਾਰੋ!
ਜੇਕਰ ਬ੍ਰਹਮਾ ਦਾ ਕੋਈ ਆਕਾਰ ਹੈ ਸੀ,
ਤਾਂ ਉਸਦੇ ਮਾਤਾ-ਪਿਤਾ ਨੂੰ ਵੀ ਫੜੋ ਯਾਰੋ!
ਰਾਜੇ ਰਾਮ ਦੀ ਕਥਾ, ਮਿਥਿਹਾਸ ਸੋਹਣਾ,
ਉਸਨੂੰ ਗ਼ੌਰ ਦੇ ਨਾਲ ਸਭ ਪੜ੍ਹੋ ਯਾਰੋ!
ਲੇਕਿਨ ਕ੍ਰਿਸ਼ਨ ਤੇ ਬਾਕੀ ਦੇਵੀ ਦੇਵ ਸਾਰੇ,
ਹੁਣ ਇਤਿਹਾਸ ਦੇ ਵਿੱਚ ਨਾ ਜੜੋ ਯਾਰੋ!

ਰੱਬ ਨੇ ਬੰਦਾ ਹੀ ਨਹੀਂ ਸਾਰੇ ਜੀਵ ਸਿਰਜੇ,
ਉਸ ਅਸੀਮ ਨੂੰ ਸੀਮਿਤ ਨਾ ਕਰੋ ਯਾਰੋ!
ਸਭ ਨੂੰ ਜੰਮਣਾ, ਮਾਰਨਾ ਰੱਬ ਦੇ ਹੱਥ,
ਨਾ ਸਿਆਣਪਾਂ ਨਾਲ ਜੰਮੋ-ਮਰੋ ਯਾਰੋ!

ਪੰਜਾਂ ਤੱਤਾਂ ਨਾਲ ਜਿਸਮ ਬਣਾਏ ਸਾਰੇ,
ਮਰਜ਼ੀ ਰੱਬ ਦੀ ਨੂੰ ਸਤਿ ਕਰ ਜਰੋ ਯਾਰੋ!
ਪੈਦਾ ਕਰਨ ਵਾਲਾ ਇੱਕੋ-ਇੱਕ ਜਿਹੜਾ,
ਉਸਨੂੰ ਘੜੋ ਨਾ ਉਸ ਤੋਂ ਕੁੱਝ ਡਰੋ ਯਾਰੋ!

•

## 5.

ਅੱਲਾ ਤਾਲਾ ਦੇ ਹੁਕਮ ਨਾਲ ਬਣੀ ਦੁਨੀਆਂ,
ਪਾਕ ਮੌਲਾ ਨੇ ਸ੍ਰਿਸ਼ਟ ਉਪਾਈ ਸਾਰੀ।
ਚੰਨ, ਸੂਰਜ ਨੂੰ ਕਾਰਜ ਸੰਭਾਲਿਆ ਸੂ,
ਕਾਇਆਨਾਤ ਸਭ ਕੰਮ ’ਤੇ ਲਾਈ ਸਾਰੀ।

ਝਰਨੇ, ਝੀਲਾਂ ਬਣਾ ਕੇ ਖ਼ੁਦਾ ਨੇ ਸਭ,
ਆਬ-ਏ-ਹਯਾਤ ਦੀ ਕਥਾ ਸੁਣਾਈ ਸਾਰੀ।
ਪੈਦਾ ਕੀਤੇ ਬੇਅੰਤ ਖਜੂਰ, ਮੇਵੇ,
ਤੇ ਇਸਲਾਮ ਦੀ ਝੰਡੀ ਝੁਲਾਈ ਸਾਰੀ।

ਜੋ-ਜੋ ਹਜਰਤ ਦੇ ਮੂੰਹੋਂ ਇਲਹਾਮ ਹੋਇਆ,
ਹੁਕਮ ਆਖ਼ਰੀ ਦੁਨੀਆ ਮਨਾਈ ਸਾਰੀ।
ਲੇਕਿਨ ਜਨਮ ਦਿੰਦੀ ਜਿਹੜੀ ਆਦਮੀ ਨੂੰ,
ਔਰਤ ਜਾਤ ਹੀ ਮੂਲੋਂ ਭੁਲਾਈ ਸਾਰੀ।

ਹੁਕਮ ਡੰਡੇ ਦੇ ਨਾਲ ਧਰਮ ਚਲਾਉਣ ਦੇ ਨੇ,
ਦੁਨੀਆ ਭੰਬਲ-ਭੂਸੇ ਵਿੱਚ ਪਾਈ ਸਾਰੀ।
ਸ਼ਬਦਾਂ ਬਾਝ ਤਾਂ ਕੋਈ ਨਾ ਧਰਮ ਬਣਦਾ,
ਮੂੰਹ ਵਿੱਚ ਸ਼ਬਦ, ਹੱਥ ਛੁਰੀ ਫੜਾਈ ਸਾਰੀ।

•

## 6.

ਦੇਖੋ ! ਰੱਬ ਨੂੰ ਮਰਨ ਦੀ ਲੋੜ ਪੈ ਗਈ,
ਆਦਮ ਜਾਤ ਦੀਆਂ ਭੁੱਲਾਂ ਬਖ਼ਸ਼ਾਉਣ ਦੇ ਲਈ।
ਇੱਕ ਨਵੀਂ ਕਹਾਣੀ ਵੀ ਪਈ ਘੜਨੀ,
ਛੇਆਂ ਦਿਨਾਂ ਵਿੱਚ ਦੁਨੀਆ ਬਣਵਾਉਣ ਦੇ ਲਈ।

ਪਾਣੀ ਉੱਪਰ ਜੇ ਤਰਦੀ ਸੀ ਰੂਹ ਰੱਬ ਦੀ,
ਪੰਜਾਂ ਤੱਤਾਂ ਨੂੰ ਪ੍ਰਗਟ ਕਰਾਉਣ ਦੇ ਲਈ।
ਹਵਾ ਬਿਨਾਂ ਤਾਂ ਪਾਣੀ ਨਾ ਕਦੇ ਬਣਦਾ,
ਸੇਕ ਚਾਹੀਦਾ ਹਵਾ ਉਪਜਾਉਣ ਦੇ ਲਈ।

ਬਿਨਾ ਧਰਤੀ ਦੇ ਸੇਕ ਪਰ ਆਊ ਕਿੱਥੋਂ,
ਅੰਬਰ ਚਾਹੀਦਾ ਧਰਤੀ ਘੁੰਮਾਉਣ ਦੇ ਲਈ।
ਪੰਜੇ ਤੱਤ ਜੇ ਪਹਿਲਾਂ ਹੀ ਸੀ ’ਗੇ ਹਾਜ਼ਰ,
ਸਾਰੀ ਸ੍ਰਿਸ਼ਟੀ ਨੂੰ ਘੜਣ-ਘੜਾਉਣ ਦੇ ਲਈ।

ਛੇਆਂ ਦਿਨਾਂ ਵਾਲੀ ਕਥਾ ਪਈ ਘੜਨੀ,
ਨਵੇਂ ਸਿਰਿਓਂ ਇੱਕ ਧਰਮ ਚਲਾਉਣ ਦੇ ਲਈ।
ਔਰਤ ਕੱਢੀ ਫਿਰ ਬੰਦੇ ਦੀ ਪਸਲੀ ਤੋਂ,
ਨਵੇਂ ਸਿਰਿਓਂ ਛੂ ਮੰਤਰ ਦਿਖਲਾਉਣ ਦੇ ਲਈ।

•

## 7.

ਬੰਦਾ ਬਣਿਆਂ ਕਈ ਮੰਨਦੇ ਬਾਂਦਰਾਂ ਤੋਂ,
ਗੱਲ ਬਣਦੀ ਨਹੀਂ ਇਸ ਬਿਆਨ ਵਿੱਚ ਵੀ।
ਇਹ ਤਾਂ ਠੀਕ ਹੈ! ਹੋਇਆ ਵਿਕਾਸ ਸਭ ਦਾ,
ਕੋਈ ਸ਼ਿਕਵਾ ਨਹੀਂ ਇਸ ਗਿਆਨ ਵਿੱਚ ਵੀ।

ਪੈਦਾ ਪਾਣੀ ਵਿੱਚ ਹੋਏ ਜੋ ਜੀਵ-ਜੰਤੂ,
ਅੰਬਰੀਂ ਉੱਡਣਾ ਨਹੀਂ ਉਨ੍ਹਾਂ ਦੇ ਧਿਆਨ ਵਿੱਚ ਵੀ।
ਸਾਕਾਹਾਰੀ ਤੇ ਮਾਸ ਨੂੰ ਖਾਣ ਵਾਲੇ,
ਵੱਖਰੇ-ਵੱਖਰੇ ਸਭ ਜੀਅ ਖਾਣਾ ਖਾਣ ਵਿੱਚ ਵੀ।

ਚਾਰ੍ਹ ਪੈਰ੍ਹ ਤੇ ਸਿਰਾਂ ’ਤੇ ਸਿੰਘ ਵਾਲੇ,
ਆਦਮ ਜਾਤ ਤੋਂ ਵੱਖਰੇ ਪਹਿਚਾਣ ਵਿੱਚ ਵੀ।
ਬੰਦਾ, ਬੰਦੇ ਦੇ ਰੂਪ ਵਿੱਚ ਸ਼ੁਰੂ ਤੋਂ ਹੀ,
ਵੱਖਰਾ ਪਸ਼ੂਆਂ ਤੋਂ ਸੀ ਆਣ-ਬਾਣ ਵਿੱਚ ਵੀ।

ਘੋੜੇ, ਹਾਥੀਆਂ ਦੀ ਬੰਦੇ ਮਦਦ ਕਰਦੇ,
ਤਾਕਤਵਰਾਂ ਤੋਂ ਬਚਣ, ਬਚਾਉਣ ਵਿੱਚ ਵੀ।
ਬਾਂਦਰ ਬੰਦੇ ਦੀ ਕੋਈ ਕਰਤੂਤ ਲੱਗਦੀ,
ਲਗਭਗ ਬੰਦੇ ਦੀ ਪੇਂਦ ਚੜ੍ਹਾਉਣ ਵਿੱਚ ਵੀ।

•

## 8.

ਜਲ ਤੇ ਥਲ ਦੇ ਵੱਖੋ-ਵੱਖ ਜੀਵ-ਜੰਤੂ,
ਪਸ਼ੂ, ਪੰਛੀਆਂ ਵੱਖ-ਵੱਖ ਵਿਕਾਸ ਹੋਇਆ।
ਹਰ ਇੱਕ ਜੀਵ ਤੇ ਨਸਲ ਦੀ ਜੂਨ ਵੱਖਰੀ,
ਆਪੋ-ਆਪਣਾ ਸਭ ਦਾ ਇਤਿਹਾਸ ਹੋਇਆ।

ਦੁੱਖ-ਸੁੱਖ ਫੋਲ੍ਹਣੇ ਸਿੱਖਿਆ ਜਦੋਂ ਬੰਦਾ,
ਤਾਂ ਇਨਸਾਨ ਨੂੰ ਨਵਾਂ ਵਿਸ਼ਵਾਸ ਹੋਇਆ।
ਜਦੋਂ ਸਿੱਖ ਲਿਆ ਬੰਦੇ ਨੇ ਸ਼ਬਦ ਜਾਦੂ,
ਸਭ ਕੁੱਝ ਜ਼ਿੰਦਗੀ ਦਾ ਉਸ ਦਿਨ ਰਾਸ ਹੋਇਆ।

ਸ਼ਬਦ ਸ਼ਕਤੀ ਤੋਂ ਵੱਡੀ ਨਹੀਂ ਕੋਈ ਸ਼ਕਤੀ,
ਖੰਡ, ਬ੍ਰਹਿਮੰਡ ਫਿਰ ਬੰਦੇ ਦਾ ਦਾਸ ਹੋਇਆ।
ਕਈ ਕੁੱਝ ਘੜਣ, ਬਣਾਉਣ ਦੇ ਯੋਗ ਹੋਇਆ,
ਰੱਬ ਵਰਗਾ ਇਨਸਾਨੀ ਅਹਿਸਾਸ ਹੋਇਆ।

ਬੰਦਾ ਜਦੋਂ ਰੱਬ ਬਣ-ਬਣ ਕੇ ਬਹਿਣ ਲੱਗਿਆ,
ਸਾਰੀ ਸ਼ਕਤੀ ਦਾ ਫਿਰ ਸੱਤਿਆਨਾਸ ਹੋਇਆ।

•

# ਰੂਹ ਰਾ.ਗ

## ਰੱਬ ਪ੍ਰਸਤ

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ
ਰੱਬ ਪ੍ਰਸਤ ਚੰਗੇ ਹੁੰਦੇ ਹਨ।
ਸਾਡੇ ਵਡ-ਵਡੇਰੇ ਸੁਣਿਆ! ਰੱਬ ਪ੍ਰਸਤ ਹੋਇਆ ਕਰਦੇ ਸੀ।

ਸੱਚ ਬੋਲਣ ਨੂੰ ਜੀਅ ਕਰਦਾ ਹੈ
ਸੱਚ ਬੋਲਣਾ ਚੰਗੀ ਗੱਲ ਹੈ।
ਸਾਡੇ ਪਿਉ, ਦਾਦੇ ਪੜ੍ਹਦਾਦੇ ਸੱਚ ਪ੍ਰਸਤ ਹੋਇਆ ਕਰਦੇ ਸੀ।

ਦਿਲ ਕਰਦਾ ਹੈ ਅੰਮ੍ਰਿਤਧਾਰੀ ਹੋ ਜਾਵਾਂ ਮੈਂ
ਪਰ ਡਰਦਾ ਹਾਂ
ਅੰਮ੍ਰਿਤ ਦੀ ਮਰਿਆਦਾ ਕੌਣ ਨਿਭਾਊਗਾ?
ਝੂਠਾ, ਸੱਚ ਦੀ ਬੋਲੀ ਕਿੱਦਾਂ ਪਾਊਗਾ?

ਝੂਠ ਦੀ ਬੁੱਕਲ ਲਾਹ ਦਿੱਤੀ ਤਾਂ ਠਰ ਜਾਵਾਂਗੇ,
ਸੱਚ ਖਾ ਕੇ ਤਾਂ ਜੀਅ ਨਹੀਂ ਹੋਣਾ ਮਰ ਜਾਵਾਂਗੇ।

ਇਹ ਤਾਂ ਬੜਾ ਕਠਿਨ ਰਸਤਾ ਹੈ
ਹੋਰ ਕੋਈ ਉਪਰਾਲਾ ਕਰੀਏ।

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸ਼ਬਦ ਗੁਰੂ ਵਿੱਚ ਵਾਸਦੇਵ ਦਾ ਨਾਂ ਆਉਂਦਾ ਹੈ।

ਗੀਤਾ ਦਾ ਉਪਦੇਸ਼ ਲਵਾਂ ਮੈਂ
ਕੇਸ਼ਵ ਦਾ ਚੇਲਾ ਬਣ ਜਾਵਾਂ
ਧਰਮਰਾਜ ਤੋਂ ਆਗਿਆ ਲੈ ਕੇ
ਅਰਜਣ ਵਾਂਗੂੰ ਤੀਰ ਚਲਾਵਾਂ।
ਮੇਰੇ ਵਿੱਚ ਤਾਂ ਅੱਗ ਬੜੀ ਹੈ
ਭੀਮ ਸੈਨ ਦਾ ਪੁੱਤ ਬਣ ਜਾਵਾਂ।
ਲੇਕਿਨ ਮੈਨੂੰ ਡਰ ਲੱਗਦਾ ਹੈ
ਕਰਣ ਕਿਸੇ ਮਜਬੂਰੀ ਕਾਰਣ
ਅਰਜਣ ਦੀ ਥਾਂ
ਤੀਰ ਕਿਤੇ ਮੇਰੇ ਨਾ ਮਾਰੇ।

ਕੀ ਕਰ ਸਕਦਾਂ
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਵਡ-ਵਡੇਰੇ ਸੁਣਿਆ! ਰੱਬ ਪ੍ਰਸਤ ਹੋਇਆ ਕਰਦੇ ਸੀ।

ਰਾਮ ਰਾਮ ਕਰਕੇ ਵੇਂਹਦਾ ਹਾਂ
ਰਾਮ ਰੱਬ ਦਾ ਨਾਂ ਉੱਤਮ ਹੈ।

ਮਰਕਟ ਰੱਬ ਦਾ ਹੋ ਸਕਦਾ ਹੈ ਮੈਨੂੰ ਕੀ ਹੈ
ਪੁੱਲ਼ ਬੰਨ ਕੇ ਤੇ ਲੰਕਾ ਵੀ ਨਹੀਂ ਜਾਣਾ ਪੈਣਾ।
ਸ਼ਹਿਰ-ਸ਼ਹਿਰ ਹਰ ਗਲੀ-ਗਲੀ ਵਿੱਚ ਰਾਵਣ ਰਹਿੰਦੇ
ਕੁੰਭਕਰਨ ਦੇ ਕਈ ਘੁਰਾੜੇ ਘਰ ਸੁਣਦੇ ਹਨ।
ਪਰ ਮੈਂ ਸੋਚਾਂ ਦੈਤਾਂ ਦੇ ਨਾਲ ਪੰਗਾ ਲੈ ਕੇ ਮੈਂ ਕੀ ਕਰਨਾ?
ਹਨੂੰਮਾਨ ਤਾਂ ਉੱਡ ਜਾਂਦਾ ਸੀ
ਮੈਥੋਂ ਤਾਂ ਉੱਡਿਆ ਨਹੀਂ ਜਾਣਾ
ਸਮਝ ਨਹੀਂ ਲੱਗਦੀ ਕੀ ਸੋਚਾਂ

ਕਿਹੜਾ ਰਾਹ ਅਪਣਾ ਕੇ ਦੇਖਾਂ।

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ
ਸਾਡੇ ਪਿਉ, ਦਾਦੇ ਪੜ੍ਹਦਾਦੇ ਰੱਬ ਪ੍ਰਸਤ ਹੋਇਆ ਕਰਦੇ ਸੀ।

ਧਰਤੀ ਦੇ ਦੂਜੇ ਪਾਸੇ ਹਾਂ
ਚੱਲ ਸੁਕਰਾਤ ਦੀ ਗੱਲ ਕਰਦੇ ਹਾਂ।
ਗੱਲ ਕਰਨ ਦਾ ਡਰ ਵੀ ਕੀ ਹੈ
ਆਪਾਂ ਕਿਹੜਾ ਜ਼ਹਿਰ ਪਿਆਲਾ ਪੀ ਲੈਣਾ ਹੈ।

ਕੀ ਕਰੀਏ ਕੀ ਨਾ ਕਰੀਏ ਫਿਰ ਸੋਚਾਂਗੇ
ਅੱਜ ਦੀ ਗੱਲ ਇੱਥੇ ਬੰਦ ਕਰਕੇ ਚੱਲਦਾ ਹਾਂ ਹੁਣ।
ਕੱਲ ਸਵੇਰੇ ਕੰਮ 'ਤੇ ਜਾਣਾ
ਕਾਰ ਦੀਆਂ ਕਿਸ਼ਤਾਂ ਬਾਕੀ ਨੇ,
ਹਾਲੇ ਮੈਂ ਵੱਡਾ ਘਰ ਲੈਣਾ।

ਕੀ ਕਰ ਸਕਦਾਂ,
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਵਡ-ਵਡੇਰੇ ਸੁਣਿਆ! ਰੱਬ ਪ੍ਰਸਤ ਹੋਇਆ ਕਰਦੇ ਸੀ।
ਸਾਡੇ ਪਿਉ, ਦਾਦੇ ਪੜ੍ਹਦਾਦੇ ਸੱਚ ਪ੍ਰਸਤ ਹੋਇਆ ਕਰਦੇ ਸੀ।
•

## ਰੰਗ ਮਜੀਠ

ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ ਲਾ-ਲਾ
ਲਾਹ-ਲਾਹ ਹੋ ਗਏ ਢੀਠ
ਮੈਨੂੰ ਰੰਗ ਦੇ ਰੰਗ ਮਜੀਠ।

ਇਹ ਵੀ ਤੇਰੀ ਦਾਤ, ਤੂੰ ਦਾਤਾ ਜਿੰਨੇ ਰੰਗ ਵਿਖਾਏ
ਸੱਤ ਰੰਗੀਆਂ ਪੀਂਘਾਂ ਅਸਮਾਨੀ ਚੜ੍ਹ-ਚੜ੍ਹ ਰੂਪ ਬਣਾਏ
ਕੱਚੀ ਕੰਚਨ ਦੇਹੀ ਕੋਲੋਂ ਕਿੰਨੇ ਕੇਲ ਕਰਾਏ
ਪੱਕਾ ਰੰਗ ਚੜ੍ਹਾ ਦੇ ਹੁਣ ਲੱਗ ਜਾਵੇ ਚਰਣ ਪ੍ਰੀਤ।
ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ... ... ... ... ... ...।

ਦੁਨੀਆ ਦੇ ਦਰਸ਼ਨ ਕਰਵਾਏ, ਇਹ ਵੀ ਤੇਰੀ ਦਾਤ
ਮਾਂ ਪਿਓ, ਸਕੇ ਸਬੰਧੀ ਦਿੱਤੇ, ਬਖ਼ਸ਼ੀ ਇੱਕ ਜਮਾਤ
ਜੋਬਨ ਰੱਤੀ ਜੋਰੂ, ਪੁੱਤਰ, ਭਾਈ-ਭੈਣਾਂ ਦਾ ਸਾਥ
ਬਸ! ਬਸ!! ਬਸ!!! ਹੁਣ ਬਖ਼ਸ਼ੀ ਮੈਨੂੰ, ਮਾਲਕ ਮਨ ਦਾ ਮੀਤ।
ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ... ... ... ... ... ...।

ਹੱਥ-ਪੈਰ੍ਹ ਬੜੇ ਹੀ ਮਾਰੇ ਦੁਨੀਆਂ ਦੇ ਵਿੱਚ ਆ ਕੇ

ਚਹੁੰ ਕੂਟੀਂ ਭੱਜ-ਭੱਜ ਕੇ ਤੱਕਿਆ ਦੇਸ-ਵਿਦੇਸ਼ੀਂ ਜਾ ਕੇ
ਚੁਣ-ਚੁਣ ਕੇ ਚਸਕੇ ਵੀ ਲਾਏ ਤੱਕਿਆ ਮਨ ਪਰਚਾ ਕੇ
ਮਨ ਮੰਦਿਰ ਵਿੱਚ ਗੂੰਜ ਪਵੇ ਜੇ ਬਸ! ਇੱਕ ਤੇਰਾ ਹੀ ਗੀਤ।
ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ... ... ... ... ... ...।

ਜੇ ਤੂੰ ਕਿਰਪਾ ਕਰੇ ਗੁਸਾਈਆਂ ਤਾਂ ਕੋਈ ਕਰਮ ਕਮਾਵਾਂ
ਚਾਹਤ ਹੋਰ ਰਹੇ ਨਾ ਕੋਈ ਬਸ! ਇੱਕ ਤੈਨੂੰ ਚਾਹਵਾਂ
ਤੇਰਾ ਹੀ ਤਾਂ ਹੈ ਇਹ ਸਭ ਕੁੱਝ, ਬਸ! ਤੇਰਾ ਬਣ ਜਾਵਾਂ
ਪਤ ਮੇਰੀ ਰਹਿ ਜਾਵੇ ਜੇ ਮਿਲ ਜਾਵੇ ਪਤਤ ਪੁਨੀਤ।
ਮੈਨੂੰ ਰੰਗ ਦੇ ਰੰਗ ਮਜੀਠ
ਕੱਚੇ ਰੰਗ ਕਸੁੰਭ ਲਾ ਲਾ
ਲਾਹ ਲਾਹ ਹੋ ਗਏ ਢੀਠ।
•

## ਰਾਖ਼ਸ਼ ਬੁੱਧੀ

ਕੌਂਡੇ ਰਾਖ਼ਸ਼ ਤੇ ਸੱਜਣ ਠੱਗ ਬਾਰੇ ਪੜ੍ਹਿਆ,
ਕੌਂਡੇ ਰਾਖ਼ਸ਼ ਤੇ ਸੱਜਣ ਠੱਗ ਬਾਰੇ ਸੁਣਿਆ।
ਬੀਤ ਗਏ ਇਤਿਹਾਸ ਨੂੰ ਪੜ੍ਹ ਕੇ ਡਰ ਆਇਆ ਸੀ,
ਬੀਤ ਗਏ ਇਤਿਹਾਸ ਨੂੰ ਪੜ੍ਹ ਕੇ ਕੰਬ ਗਿਆ ਸੀ।

ਜਦ ਇਹ ਧਰਤੀ ਥਕ ਗਈ ਸੀ
ਕਾਦਰ ਕੁਦਰਤ ਅੱਕ ਗਈ ਸੀ
ਦੁਨੀਆਂ ਦੇ ਨਿਪਟਾਰੇ ਖਾਤਰ
ਜੱਗ ਦੇ ਪਾਰ ਉਤਾਰੇ ਖਾਤਰ
ਸੱਚ ਦੀ ਬੋਲੀ ਤੂੰ ਪਾਈ ਸੀ।

ਕਿੱਥੇ ਜਗਨਨਾਥ ਦਾ ਮੰਦਿਰ
ਕਾਬਾ ਧੁਰ ਮਾਰੂਥਲ ਅੰਦਰ
ਕਿੰਨਾ ਲੰਮਾ ਸਫ਼ਰ ਸੀ ਤੇਰਾ
ਸੱਚ ਦੀ ਬੋਲੀ ਸੱਚ ਦਾ ਫੇਰਾ
ਚਾਨਣ ਤੱਕ ਭੱਜ ਗਿਆ ਹਨ੍ਹੇਰਾ
ਰਾਤ ਗਈ, ਚੜ੍ਹ ਪਿਆ ਸਵੇਰਾ।

ਓਸ ਸਵੇਰੇ ਮੁਰਸ਼ਦ ਦੇ ਨਾਲ ਤਾੜੀ ਲਾ ਕੇ

ਓਸ ਸਵੇਰੇ ਰੱਬ ਸੱਚੇ ਦੇ ਗੀਤ ਸੁਣਾ ਕੇ
ਰਾਖ਼ਸ਼ ਬੁੱਧੀ ਨੂੰ ਥੋੜ੍ਹੀ ਜਿਹੀ ਢਾਹ ਲਾਈ ਸੀ
ਠੱਗਾਂ ਦੀ ਠੱਗੀ ਉਸ ਵੇਲੇ ਸ਼ਰਮਾਈ ਸੀ।

ਤੇਰਾ ਗੀਤ ਤੇ ਤੇਰਾ ਜਾਮਾ
ਵੱਖ-ਵੱਖ ਰੂਪ ਧਾਰ ਕੇ ਆਇਆ
ਦੂਜੇ, ਤੀਜੇ, ਚੌਥੇ, ਪੰਜਵੇਂ ਤੇਰੇ ਜਾਮੇ
ਤੇਰੇ ਵਾਂਗੂੰ ਓਸੇ ਰੱਬ ਦਾ ਗੀਤ ਸੁਣਾਇਆ।
ਇੱਕ ਦਿਨ ਐਸਾ ਮੌਕਾ ਆਇਆ
ਤੇਰੇ ਨਗ਼ਮੇ ਕਹਿਣ ਲਈ ਵੀ
ਰੱਬ ਦੇ ਰੰਗ ਵਿੱਚ ਰਹਿਣ ਲਈ ਵੀ
ਤੀਰ ਅਤੇ ਸ਼ਮਸ਼ੀਰ ਦੀ ਵਰਤੋਂ
ਖ਼ੁਦ ਤੇਰੇ ਜਾਮੇ ਨੇ ਕੀਤੀ।

ਕਿੰਨਾ ਦਰਦ ਸੀ ਤੈਨੂੰ ਉਸ ਦਿਨ
ਇਸ ਬਾਰੇ ਵੀ ਮੈਂ ਪੜ੍ਹਿਆ ਹੈ
ਇਸ ਬਾਰੇ ਵੀ ਮੈਂ ਸੁਣਿਆ ਹੈ।
ਉਸ ਦਿਨ ਤੈਨੂੰ ਕੀ ਦਿਸਿਆ ਸੀ
ਕੌੜਾ ਰਾਖ਼ਸ਼ ਤੇ ਸੱਜਣ ਠੱਗ?

ਮੈਂ ਜਦ ਆਪਣੇ ਬਾਰੇ ਪੜ੍ਹਦਾਂ
ਮੈਂ ਜਦ ਆਪਣੇ ਬਾਰੇ ਸੁਣਦਾਂ
ਬੀਤ ਰਹੇ ਇਤਿਹਾਸ ਨੂੰ ਪੜ੍ਹ ਕੇ ਡਰ ਜਾਂਦਾ ਹਾਂ।
ਬੀਤ ਰਹੇ ਇਤਿਹਾਸ ਨੂੰ ਸੁਣ ਕੇ ਕੰਬ ਜਾਂਦਾ ਹਾਂ।

ਠੱਗਾਂ ਦੀ ਭਰਮਾਰ ਹੈ ਅੱਜ ਕੱਲ੍ਹ
ਠੱਗਾਂ ਦੀ ਸਰਕਾਰ ਹੈ ਅੱਜ ਕੱਲ੍ਹ

ਆਪਣੀ ਇਹ ਤਸਵੀਰ ਵੇਖ ਕੇ
ਹਰ ਪਲ ਹਰ ਦਿਨ ਮੈਂ ਮਰਦਾ ਹਾਂ
ਡੁੱਬਦਾ–ਤਰਦਾ ਗੱਲ ਕਰਦਾ ਹਾਂ
ਜੇ ਕਿੱਧਰੇ ਤੇਰਾ ਮਨ ਮੰਨੇ
ਜੇ ਕਿੱਧਰੇ ਤੇਰਾ ਦਿਲ ਆਵੇ
ਆ ਕੇ ਇੱਕ ਦੋ ਗੀਤ ਸੁਣਾ ’ਜਾ
ਚਿੱਲੇ ’ਤੇ ਇੱਕ ਤੀਰ ਚੜ੍ਹਾ ’ਜਾ
ਤੇਜ਼ ਧਾਰ ਸ਼ਮਸ਼ੀਰ ਵਿਖਾ ’ਜਾ।

ਮੈਂ ਜਦ ਅੱਜ ਦੇ ਬਾਰੇ ਪੜ੍ਹਦਾਂ ਡਰ ਜਾਂਦਾ ਹਾਂ
ਮੈਂ ਜਦ ਅੱਜ ਦੇ ਬਾਰੇ ਸੁਣਦਾਂ ਕੰਬ ਜਾਂਦਾ ਹਾਂ।

•

## ਨਾ ਅਨਕ

ਸੱਚ ਵਿੱਚ ਸੱਚ ਸਮਾਈ ਬੈਠਾ, ਕੋਈ ਵੀ ਹੋਰ ਮਿਸਾਲ ਨਹੀਂ ਸੀ।
ਪਵਨ, ਪਾਣੀ, ਬੈਸੰਤਰ, ਮਿੱਟੀ, ਧਰਤ, ਆਕਾਸ਼ ਪਤਾਲ ਨਹੀਂ ਸੀ।
ਬਰ੍ਹਮਾਂ ਵਿਸਨ ਮਹੇਸ਼ ਨਹੀਂ ਸੀ, ਕੋਈ ਦੁਨੀਆਂ ਕੋਈ ਦੇਸ਼ ਨਹੀਂ ਸੀ।
ਖੰਡ, ਬ੍ਰਹਿਮੰਡ ਨਾ ਆਵਾਜਾਈ, ਸ੍ਰਿਸ਼ਟੀ ਦਾ ਕੋਈ ਵੇਸ ਨਹੀਂ ਸੀ।

ਚਾਰ ਚੁਫੇਰੇ ਧੁੰਦੂਕਾਰਾ, ਸੁੰਨ ਸਮਾਧੀ ਅਪਰ ਅਪਾਰਾ।
ਇੱਕੋ ਇੱਕ ਬੈਠਾ ਨਿਰੰਕਾਰਾ, ਦੋ ਤਿੰਨ ਚਾਰ ਨਾ ਕੋਈ ਪਸਾਰਾ।
ਸਿਰਜਣਹਾਰ ਨੇ ਸਾਜੇ ਸਭ, ਸਭਨਾਂ ਵਿੱਚ ਜੀਵਨ ਪਾ ਦਿੱਤਾ।
ਪਰ ਰੱਬ ਦੇ ਸਿਰਜੇ ਬੰਦੇ ਨੇ ਰੱਬ ਦਾ ਹੀ ਬੁੱਤ ਬਣਾ ਦਿੱਤਾ।

ਵਿੱਦਿਆ ਬਖਸ਼ਣ ਵਾਲੇ ਨੂੰ ਬੰਦੇ ਨੇਂ ਪੜ੍ਹਨੇ ਪਾ ਦਿੱਤਾ।
ਰੱਬ ਨੂੰ ਰਾਜਾ ਰਾਮ ਬਣਾ ਕੇ, ਰਾਮਰਾਜ ਰੱਬ ਤੋਂ ਕਰਵਾ ਕੇ,
ਸਰਬ ਵਿਆਪੀ ਰੱਬ ਨੂੰ ਚੁੱਕ ਸਤਵੇਂ ਅਸਮਾਨ ਚੜ੍ਹਾ ਦਿੱਤਾ।
ਬੰਦੇ ਵਰਗਾ ਰੱਬ ਘੜ੍ਹ ਕੇ ਬੁੱਤਾਂ ਨੂੰ ਪੂਜਣ ਲਾ ਦਿੱਤਾ।

ਆਪਣੇ ਆਪਣੇ ਰੱਬ ਘੜ੍ਹ ਕੇ ਇਸ ਦੁਨੀਆਂ ਨੂੰ ਉਲਝਾ ਦਿੱਤਾ।
ਅੱਲਾ ਤੋਂ ਇਲਹਾਮ ਕਰਾ ਕੇ, ਮੇਵੇ ਅਤੇ ਖਜ਼ੂਰਾਂ ਖਾ ਕੇ।
ਪਾਕ ਪਵਿੱਤਰ ਨਗ਼ਮਾਂ ਗਾ ਕੇ, ਸਭ ਤੋਂ ਆਪਣੀ ਈਨ ਮਨਾ ਕੇ।
ਇੱਕ ਦਿਨ ਬੰਦਿਆਂ ਨੂੰ ਬੰਦੇ ਨੇ ਇੱਕ ਦੂਜੇ ਰਾਹ ਪਾਅ ਦਿੱਤਾ।

ਔਰਤ ਜਿਸਨੇ ਰਾਜੇ ਜਨਮੇਂ, ਪੀਰ ਫਕੀਰ ਖਵਾਜ਼ੇ ਜਨਮੇਂ।
ਆਪਣੀਂ ਜਨਨੀ ਨੂੰ ਬੰਦੇ ਨੇ, ਆਪਣੀ ਵਸਤ ਬਣਾ ਦਿੱਤਾ।
ਉਸਦਾ ਮੂੰਹ ਬੰਦ ਕਰਨ ਖਾਤਰ ਉਸਨੂੰ ਇਲਹਾਮ ਸੁਣਾ ਦਿੱਤਾ।

ਸੱਚ ਦੀ ਬੋਲੀ ਪਾਉਣ ਵਾਲੇ ਨੂੰ, ਸੱਚਾ ਰਾਹ ਦਰਸਾਉਣ ਵਾਲੇ ਨੂੰ,
ਰੱਬ ਰੱਬ ਕਰਦਿਆਂ ਕਰਦਿਆਂ, ਫੜ੍ਹ ਕੇ ਸੁਕਰਾਤ ਬਣਾ ਦਿੱਤਾ।
ਤੇ ਬੰਦਿਆਂ ਨੇਂ ਹੀ ਜ਼ਹਿਰ ਪਿਆਲਾ ਰੱਬ ਦੇ ਮੂੰਹ ਨੂੰ ਲਾ ਦਿੱਤਾ।

ਦੁਨੀਆਂ ਦੀ ਭੁੱਲ ਬਖਸ਼ਾਉਣ ਲਈ ਜੀਸਸ ਨੇ ਚੱਕਰ ਚਲਾਇਆ।
ਤਾਂ ਸੂਲੀ ਚਾੜ੍ਹ ਦਿੱਤਾ ਉਸਨੂੰ ਦੁਨੀਆਂ ਨੇ ਫਾਹੇ ਲਾਇਆ।
ਨਾਨਕ ਨੇ ਗੁਰਬਾਣੀ ਗਾਈ, ਬਾਣੀਂ ਧੁਰ ਦਰਗਾਹੋਂ ਆਈ।
ਸਰਬਸਾਂਝੀ ਇੱਕ ਗੱਲ ਸਮਝਾਈ, ਗੁਰੁ ਗ੍ਰੰਥ ਵਿੱਚ ਜੋਤ ਜਗਾਈ।

ਪਰ ਨਾਨਕ ਦੇ ਸੱਚਖੰਡ ਨੂੰ ਵੀ ਕੁਝ ਲੋਕਾਂ ਤਾਲਾ ਲਾਅ ਦਿੱਤਾ।
ਸੁਰਗਪੁਰੀ ’ਤੇ ਕਬਜ਼ਾ ਕਰਕੇ ਕੀ ਦਾ ਕੀ ਬਣਾ ਦਿੱਤਾ।
ਕੁੱਲ ਦੁਨੀਆਂ ਦੇ ਵਾਲੀ ਨੂੰ ਸੋਨੇ ਦੇ ਪਿੰਜਰੇ ਪਾ ਦਿੱਤਾ।
ਜੀਵਤ ਜਾਗਤ ਨਾ ਅਨਕ ਨੂੰ, ਅਨਕਾਂ ਵਿੱਚ ਸਜਾ ਦਿੱਤਾ।
ਸਾਲ ਬਾਅਦ ਅਵਤਾਰ ਦਿਵਸ ਨੂੰ ਸ਼ਰਧਾ ਨਾਲ ਮਨਾ ਦਿੱਤਾ।

•

# ਦਾਤੇ ਦੀ ਦਾਤ

ਦਾਤਾਂ ਤਾਂ ਖਾਂਦੇ ਪਹਿਨਦੇ, ਦਾਤੇ ਤੋਂ ਪਰ ਕਿਓਂ ਦੂਰ ਹਾਂ।
ਗੱਲਾਂ ਤਾਂ ਸਭ ਇਹ ਤੇਰੀਆਂ, ਕਿਸ ਗੱਲ ਤੋਂ ਮਜਬੂਰ ਹਾਂ।

ਕਿੰਨੀ ਵਧੀਆ ਜਾਤ ਇਹ ਬਖ਼ਸ਼ੀ ਤੂੰ ਸਾਨੂੰ ਦਾਤਿਆ!
ਉੱਚ ਦੀ ਔਕਾਤ ਇਹ ਬਖਸ਼ੀ ਤੂੰ ਸਾਨੂੰ ਦਾਤਿਆ!!

ਸਭ ਜੀਆਂ ਤੋਂ ਵੱਧ ਅਕਲਾਂ ਤੂੰ ਦਿੱਤੀਆਂ ਮਾਲਕਾ!
ਸਭ ਜੀਆਂ ਤੋਂ ਸੋਹਣੀਆਂ ਸ਼ਕਲਾਂ ਤੂੰ ਦਿੱਤੀਆਂ ਮਾਲਕਾ!

ਸੋਚ ਸ਼ਕਤੀ ਦੀ ਸਿਖ਼ਰ ਵੀ ਦਾਤ ਤੇਰੀ ਦਾਤਿਆ!
ਦਿਲ ਦੇਖਾਂ, ਤਾਂ ਕਹਾਂ 'ਕਿਆ ਬਾਤ' ਤੇਰੀ ਦਾਤਿਆ!

ਅੱਖ ਪੁੱਟ ਕੇ ਦੇਖਿਆਂ ਚੰਗਾ ਬੁਰਾ ਸਭ ਦਿਸ ਰਿਹਾ।
ਪਰਖ਼ ਹੁੰਦੀ, ਹਵਾ ਦੱਖਣ ਜਾਂ ਪੁਰਾ ਸਭ ਦਿਸ ਰਿਹਾ।

ਸੁਣ ਕੇ ਦੱਸ ਸਕਦੇ ਹਾਂ, ਰੋਂਦਾ ਹੈ ਜਾਂ ਗਾਉਂਦਾ ਹੈ ਕੋਈ।
ਬਿੜਕ ਤੋਂ ਜ਼ਾਹਿਰ ਕਿ ਜਾਂਦਾ ਹੈ ਜਾਂ ਆਉਂਦਾ ਹੈ ਕੋਈ।

ਸੈਂਕੜੇ ਹੀ ਬੋਲੀਆਂ ਤੂੰ ਬਖ਼ਸ਼ੀਆਂ ਬੋਲਣ ਲਈ।
ਬੰਦੇ ਨੂੰ ਬਖ਼ਸ਼ੀ ਸੂਝ, ਬੰਦਾ ਬੋਲ ਤੋਂ ਤੋਲਣ ਲਈ।

ਪੈਰ੍ਹ ਦੋ ਦਿੱਤੇ ਤੂੰ, ਦੋਹਾਂ ਦੀ ਬੜੀ ਹੀ ਲੋੜ ਹੈ।
ਧਰਤੀ ਸਾਰੀ ਗਾਹ ਲਈ, ਹੁਣ ਅੰਬਰਾਂ ਦੀ ਦੌੜ ਹੈ।

ਹੈਰਾਨ ਹੋ ਜਾਂਦਾ ਜਦੋਂ ਹੱਥਾਂ ਦੀ ਤਾਕਤ ਦੇਖਦਾਂ।
ਫ਼ਖ਼ਰ ਕਰਦਾ ਹਾਂ, ਜਦੋਂ ਆਪਣੀ ਲਿਆਕਤ ਦੇਖਦਾਂ।

ਇਹ ਜਾਣਦੇ ਹਾਂ ਦਾਤਿਆ! ਸਭ ਕੁੱਝ ਇਹ ਤੇਰੀ ਦਾਤ ਹੈ।
ਇਹ ਵੀ ਪਤਾ ਹੈ ਦਾਤਿਆ! ਤੇਰੀ ਇਹ ਸਭ ਕਰਾਮਾਤ ਹੈ।

ਰਸ-ਰਸ ਕੇ ਜੀਵਨ ਭੋਗਦੇ ਰਸ-ਰਸ ਕੇ ਇਸਨੂੰ ਮਾਣਦੇ।
ਤੇਰੇ ਤੋਂ ਲੁਕਿਆ ਕੁੱਝ ਨਹੀਂ ਪੂਰੀ ਤਰਾਂ ਇਹ ਜਾਣਦੇ।

ਵਧ-ਚੜ੍ਹ ਕੇ ਗੱਪਾਂ ਮਾਰਦੇ, ਅਜੇ ਹਾਣੀਆਂ ਵਿੱਚ ਹਾਂ ਅਸੀਂ
ਲੁਕਿਆ ਨਹੀਂ ਕੁੱਝ ਵੀ ਕਿ ਕਿਨ੍ਹਾਂ ਪਾਣੀਆਂ ਵਿੱਚ ਹਾਂ ਅਸੀਂ।

ਧੱਕਦੇ ਹਾਂ ਤਾਰੇ ਪਰ੍ਹਾਂ ਨੂੰ, ਮੂੰਹ ਚੜ੍ਹ ਕੇ ਜਦ ਹਾਂ ਬੋਲਦੇ।
ਪੂਰੀ ਸਮਝ ਹੈ ਝੂਠ ਦੀ, ਫਿਰ ਵੀ ਕੁਫ਼ਰ ਹਾਂ ਤੋਲਦੇ।

ਦਾਤਾ ਵੀ ਤੂੰ ਦਾਤਾਂ ਵੀ ਇਹ ਸਭ ਤੇਰੀਆਂ।
ਬੋਲੀ ਵੀ ਤੂੰ ਬਾਤਾਂ ਵੀ ਇਹ ਸਭ ਤੇਰੀਆਂ।

ਫੁੱਲ, ਫ਼ਲ, ਪੱਤੇ, ਤਣਾ, ਸ਼ਾਖਾਵਾਂ ਵੀ ਇਹ ਸਭ ਤੇਰੀਆਂ।
ਜਾਮਾ ਵੀ ਤੇਰਾ ਮਾਲਕਾ! ਜਾਤਾਂ ਵੀ ਇਹ ਸਭ ਤੇਰੀਆਂ।

ਦਾਤਾਂ ਤਾਂ ਖਾਂਦੇ ਪਹਿਨਦੇ, ਦਾਤੇ ਤੋਂ ਪਰ ਕਿਓਂ ਦੂਰ ਹਾਂ।
ਗੱਲਾਂ ਤਾਂ ਸਭ ਇਹ ਤੇਰੀਆਂ, ਕਿਸ ਗੱਲ ਤੋਂ ਮਜਬੂਰ ਹਾਂ।
•

# ਧਰਮ

ਧਰਮ ਵਿੱਚ ਹਦਾਇਤ ਹੋਣੀਂ ਲਾਜ਼ਮੀ,
ਧਰਮ ਪਰ ਹਦਾਇਤਨਾਮਾ ਨਹੀਂ ਹੈ।
ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਸੱਚ ਨੂੰ ਸੱਚ ਆਖਣਾ ਵੀ ਧਰਮ ਹੈ,
ਸੋਚਣਾ ਤੇ ਸਮਝਣਾ ਵੀ ਕਰਮ ਹੈ।
ਹਰ ਕਰਮ ਦੀ ਆਪਣੀ ਇੱਕ ਵਿਧੀ ਹੈ,
ਕਰਮਾਂ ਦਾ ਕੋਈ ਕਾਰਖਾਨਾ ਨਹੀਂ ਹੈ।

ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਧਾਰਮਿਕ ਹੋਣਾ ਤਾਂ ਇੱਕ ਅਭਿਆਸ ਹੈ,
ਖ਼ੁਦ ਆਪਣੇ ’ਤੇ ਆਪਣਾ ਵਿਸ਼ਵਾਸ਼ ਹੈ।
ਸੱਚ ਦਾ ਹਰ ਜੀਵ ਦੇ ਵਿੱਚ ਵਾਸ ਹੈ,
ਸੱਚ ਹੀ ਤਾਂ ਇੱਕ ਸੱਚਾ ਅਹਿਸਾਸ ਹੈ।
ਸੱਚ ਦੀ ਨਾ ਕਿਸੇ ਦੇ ਨਾਲ ਦੁਸ਼ਮਣੀ,
ਤੇ ਸੱਚ ਦਾ ਕੋਈ ਦੋਸਤਾਨਾ ਨਹੀਂ ਹੈ।

ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀਂ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

ਦੂਜਿਆਂ ਨੂੰ ਸਿੱਖਿਆ ਜੋ ਦੇ ਰਿਹੈਂ,
ਆਪ ਆਪਣੇ ਵਾਸਤੇ ਕਰਕੇ ਤਾਂ ਦੇਖ।
ਭਵ ਸਾਗਰ ਨੂੰ ਤਰਨ ਦਾ ਵਲ਼ ਦੱਸਦੈਂ,
ਖ਼ੁਦ ਭਲਾ ਦੋ ਤਾਰੀਆਂ ਤਰ ਕੇ ਤਾਂ ਦੇਖ।
ਧਰਮ ਖਾਤਰ ਮਰਨ ਦੀ ਗੱਲ ਕਰ ਰਿਹੈਂ,
ਅੱਗੇ ਹੋ ਕੇ ਆਪ ਖ਼ੁਦ ਮਰ ਕੇ ਤਾਂ ਦੇਖ।
ਸਹਿਣ ਦੀ, ਜਰ ਲੈਣ ਦੀ ਸਿੱਖਿਆ ਦਵੇਂ,
ਖ਼ੁਦ ਕਿਸੇ ਦੇ ਜ਼ੁਲਮ ਨੂੰ ਜਰ ਕੇ ਤਾਂ ਦੇਖ।
ਸੱਚ ਦੀ ਸੱਚਿਆਈ ਤੂੰ ਵੀ ਜਾਣਦੈਂ
ਸਿੱਖਿਆ ਸੱਚ ਦਾ ਬਿਆਨਾ ਨਹੀਂ ਹੈ।

ਧਰਮ ਵਿੱਚ ਹਦਾਇਤ ਹੋਣੀਂ ਲਾਜ਼ਮੀ,
ਧਰਮ ਪਰ ਹਦਾਇਤਨਾਮਾ ਨਹੀਂ ਹੈ।
ਜ਼ਿੰਦਗੀ ਵਿੱਚ ਕਿਰਤ ਕਰਨਾ ਲਾਜ਼ਮੀ,
ਜ਼ਿੰਦਗੀ ਇੱਕ ਕਾਰਨਾਮਾ ਨਹੀਂ ਹੈ।

•

# ਧਰਮ ਅਸਥਾਨ

ਜੱਗ ਸਿੱਧੇ ਰਾਹ ਪਾਵਣ ਲਈ, ਬਾਬਾ ਆਇਆ ਬਣ ਇਨਸਾਨ।
ਬਾਬੇ ਦੇ ਦੋ ਭਾਈ ਸੁਣੀਂਦੇ, ਇੱਕ ਹਿੰਦੂ ਇੱਕ ਮੁਸਲਮਾਨ।

ਰਾਮ ਰਹੀਮ ਤਾਂ ਉੱਚੇ ਨਾਂ ਹਨ, ਇਸ ਤੋਂ ਉੱਚਾ ਕਿਸ ਦਾ ਨਾਮ।
ਸੱਚ ਤੋਂ ਸੱਚਾ ਕੀ ਹੋ ਸਕਦਾ, ਧਰਮ, ਕਰਮ ਕਿ ਦੀਨ ਇਮਾਨ।

ਸੱਤਿ ਨਾਮ ਤਾਂ ਇੱਕੋ ਹੀ ਹੈ, ਅੱਲਾ ਕਹਿ ਲਓ ਜਾਂ ਭਗਵਾਨ।
ਇੱਕ ਮਾਂ ਦੇ ਦੋ ਪੁੱਤ ਗਵਾਚੇ, ਇੱਕ-ਦੂਜੇ ਦੀ ਨਾ ਪਹਿਚਾਣ।

ਮੋਹ ਮਾਇਆ ਦੀ ਮ੍ਰਿਗ ਤ੍ਰਿਸ਼ਨਾ, ਜਾ ਪਹੁੰਚੇ ਵਿੱਚ ਬੀਆਬਾਨ।
ਆਪਣੀ ਮਾਂ ਨੂੰ ਲੱਭਦੇ ਫਿਰਦੇ, ਰਸਤੇ ਤੋਂ ਬਿਲਕੁਲ ਅਨਜਾਣ।

ਦੋਵੇਂ ਭੈਣਾਂ ਗੁਣੀ ਗਿਆਨੀ, ਦੋਨੋਂ ਭੈਣਾਂ ਹਨ ਵਿਦਵਾਨ।
ਗੀਤਾ ਦਾ ਉਪਦੇਸ਼ ਵੀ ਉੱਤਮ, ਉੱਤਮ ਗੱਲਾਂ ਕਰੇ ਕੁਰਾਨ।

ਬਾਬੇ ਨੇ ਇੱਕ ਗੱਲ ਸਮਝਾਈ, ਬਿਲਕੁਲ ਹੋ ਕੇ ਅੰਤਰਧਿਆਨ।
ਜੇ ਦੋ ਭਾਈ ਮਿਲ ਜਾਵਣ ਤਾਂ, ਨਿਸਚਤ ਹੋ ਜਾਵਣ ਬਲਵਾਨ।

ਇੱਕੋ ਗਰਭ ਦੀਆਂ ਇਹ ਤੰਦਾਂ, ਮਿਲ ਕੇ ਸੋਹਣਾ ਸੂਤ ਬਨਾਣ।
ਰਾਹ ਵੀ ਇੱਕ, ਮੰਜ਼ਿਲ ਵੀ ਇੱਕੋ, ਇੱਕ-ਦੂਜੇ ਦਾ ਹੱਥ ਵਟਾਣ।

ਰਲ ਕੇ ਆਪਣੀ ਮਾਂ ਨੂੰ ਲੱਭਣ, ਰਲ ਕੇ ਆਪਣੀ ਵਾਟ ਮੁਕਾਣ।
ਸਾਂਝੀ ਬਿਰਤੀ ਲਾ ਕੇ ਸੋਚਣ, ਤੜਕੇ ਉੱਠ ਕੇ ਕਰ ਇਸ਼ਨਾਨ।

ਬਸ! ਏਹੀ ਬਾਬੇ ਦੀ ਸਿੱਖਿਆ, ਏਹੀ ਬਾਬੇ ਦਾ ਫ਼ੁਰਮਾਨ।
ਜੇ ਸਾਰੇ ਧਰਮੀ ਹੋ ਜਾਵਣ, ਜੱਗ ਬਣ ਜਾਵੇ ਧਰਮ ਅਸਥਾਨ।

•

# ਧਰਮੀਂ

ਜੋ ਜੋ ਧਰਮ ਕਮਾਵੇ ਸਿੱਖ ਹੈ।
ਸੱਚ ਦੀ ਬੋਲੀ ਪਾਵੇ ਸਿੱਖ ਹੈ।

ਤਨ ਮਨ ਸੱਚ ਸਮਾਵੇ ਸਿੱਖ ਹੈ।
ਸੱਚ ਨੂੰ ਜੋ ਅਪਣਾਵੇ ਸਿੱਖ ਹੈ।

ਧਰਮੀਂ ਨੂੰ ਜੋ ਚਾਹਵੇ ਸਿੱਖ ਹੈ।
ਜੋ ਸੱਚ ਦਾ ਬਣ ਜਾਵੇ ਸਿੱਖ ਹੈ।

ਬਾਣੀ ਪੜ੍ਹੇ ਪੜ੍ਹਾਵੇ ਸਿੱਖ ਹੈ।
ਜੋ ਹਰ ਕੇ ਗੁਣ ਗਾਵੇ ਸਿੱਖ ਹੈ।

ਸਾਧ ਸੰਗਤ ਵਿੱਚ ਆਵੇ ਸਿੱਖ ਹੈ।
ਰੱਬ ਦਾ ਨਾਮ ਧਿਆਵੇ ਸਿੱਖ ਹੈ।

ਸਿੱਖ ਦਾ ਉਤਮ ਰੂਪ ਖ਼ਾਲਸਾ,
ਸਿੱਖ ਦਾ ਖ਼ਾਸ ਸਰੂਪ ਖ਼ਾਲਸਾ।

ਜੇ ਕੋਈ ਅੰਮ੍ਰਿਤਧਾਰੀ ਹੋਵੇ,
ਜੇ ਕੋਈ ਪਰਉਪਕਾਰੀ ਹੋਵੇ।

ਜੇ ਕੋਈ ਸੋਹਣੀ ਸੂਰਤ ਹੋਵੇ,
ਗੋਬਿੰਦ ਵਰਗੀ ਮੂਰਤ ਹੋਵੇ।

ਗੋਬਿੰਦ ਸਿੰਘ ਦਾ ਯਾਰ ਹੈ ਉਹ ਤਾਂ,
ਸਿੱਖਾਂ ਦਾ ਸਰਦਾਰ ਹੈ ਉਹ ਤਾਂ।

ਨਾਨਕ ਦਾ ਇਹ ਧਰਮ ਨਿਆਰਾ,
ਕੁੱਲ ਦੁਨੀਆਂ, ਜਿਸ ਦਾ ਪਰਵਾਰਾ।

ਰਵੀਦਾਸ ਦਾ ਬਿਆਨ ਵੀ ਸਿੱਖ ਹੈ।
ਬੁੱਧੂ ਦੀ ਸੰਤਾਨ ਵੀ ਸਿੱਖ ਹੈ।

ਨਾਮਦੇਵ ਦਾ ਨਾਮ ਵੀ ਸਿੱਖ ਹੈ।
ਧੰਨੇ ਜੱਟ ਦਾ ਧਿਆਨ ਵੀ ਸਿੱਖ ਹੈ।

ਭਗਤ ਕਬੀਰ ਦੀ ਤਾਣੀ ਸਿੱਖ ਹੈ।
ਸ਼ੇਖ ਫਰੀਦ ਦੀ ਬਾਣੀ ਸਿੱਖ ਹੈ।

•

# ਤੂੰ ਹੀ ਤੂੰ

ਰਾਮ ਭੀ ਤੂੰ ਰਹੀਮ ਵੀ ਤੂੰ ਹੈਂ
ਕਰਤਾ, ਕਰਮ ਕਰੀਮ ਭੀ ਤੂੰ ਹੈਂ
ਰੰਗ ਭੀ ਤੂੰ ਰੰਗੀਨ ਭੀ ਤੂੰ ਹੈਂ
ਸ਼ੌਕ ਭੀ ਤੂੰ ਸ਼ੌਕੀਨ ਭੀ ਤੂੰ ਹੈਂ
ਜੋਗੀ ਤੂੰ ਹੈਂ ਬੀਨ ਭੀ ਤੂੰ ਹੈਂ
ਸਸੀਅਰ ਸਗਲ ਯਕੀਨ ਭੀ ਤੂੰ ਹੈਂ।

ਤੂੰ ਹੀ ਤੂੰ ਹੈਂ ਤੂੰ ਹੀ ਤੂੰ ਹੈਂ।

ਧਨ ਵੀ ਤੂੰ ਹੈਂ ਧਿਆਨ ਵੀ ਤੂੰ ਹੈਂ
ਗੁਣ ਵੀ ਤੂੰ ਹੈਂ ਗਿਆਨ ਭੀ ਤੂੰ ਹੈਂ
ਬੋਲੀ ਤੂੰ ਹੈਂ ਬਿਆਨ ਭੀ ਤੂੰ ਹੈਂ
ਤੇਜ ਧਾਰ ਵੀ, ਮਿਆਨ ਭੀ ਤੂੰ ਹੈਂ।

ਤੂੰ ਹੀ ਤੂੰ ਹੈਂ ਤੂੰ ਹੀ ਤੂੰ ਹੈਂ।

•

# ਓਅੰਕਾਰ

ਇੱਕ ਹੈ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ।
ਨਾਨਕ ਦਾ ਰਵੀਦਾਸ ਦਾ,
ਛੱਤੀਆਂ ਦਾ ਸਾਂਝਾ ਪਿਆਰ ਹੈ।

ਕਬੀਰ, ਫ਼ਰੀਦ ਤੇ ਨਾਮ ਦੇਵ,
ਧੰਨੇ ਦੀ ਵੱਖ-ਵੱਖ ਜਾਤ ਹੈ,
ਪਰ ਗੁਰਬਾਣੀ ਦੀ ਗੋਦ ਵਿੱਚ,
ਇੱਕੋ ਜਿਹਾ ਸਤਿਕਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ... ... ... ।

ਇਹ ਇੱਕ ਹੈ ਇੱਕ-ਮਿੱਕ ਹੈ,
ਰਾਗ਼ਾਂ 'ਚ ਰਲਦਾ ਰਾਗ਼ ਹੈ,
ਗੁਰੂ ਹੈ ਜਾਂ ਭਗਤ ਜਨ,
ਸਭਨਾਂ ਦਾ ਇੱਕ ਵਿਚਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ... ... ... ।

ਸੱਤ ਦਾ ਸੱਤਿਨਾਮ ਹੈ,
ਨਿਰਭਓ ਹੈ ਨਿਰਵੈਰ ਹੈ।
ਸੋਚਾਂ ਤਾਂ ਲੱਗਦਾ ਇਸ ਤਰਾਂ,
ਇਹ ਆਪ ਪਰਵਰਦਗਾਰ ਹੈ।

ਇੱਕ ਹੀ ਓਅੰਕਾਰ ਹੈ,
ਕਰਤਾਰ ਹੈ ਨਿਰੰਕਾਰ ਹੈ... ... ... ।

•

# ਸ਼ਬਦ

ਸਤਿ ਸ਼ਬਦ ਸ਼ਕਤੀ ਸੰਪੂਰਣ ਇੱਕੋ ਇੱਕ ਓਅੰਕਾਰ।
ਸਤਿ ਸ਼ੁਰੂਆਤ, ਸਤਿ ਹੀ ਵਰਤੇ ਸਤਿ ਰਹੇਗਾ ਆਖ਼ਰਕਾਰ।

ਸਤਿ ਸ਼ਕਤੀ ਸਭ ਕਰੇ ਕਰਾਵੇ, ਸਤਿ ਸਿਰਜੇ ਸੰਸਾਰ।
ਸੰਪੂਰਣ ਨਾ ਡਰੇ-ਡਰਾਵੇ ਨਾ ਕੋਈ ਜਿੱਤ ਨਾ ਹਾਰ।

ਸਰਬਵਿਆਪਕ ਸ਼ਕਤੀ ਦਾ ਹੈ ਸ਼ਬਦਾਂ ਵਿੱਚ ਸਤਿਕਾਰ।
ਸਮਾਂ-ਕਾਲ, ਸੀਮਾ ਨਾ ਕੋਈ, ਜੂਨ ਰਹਿਤ ਆਕਾਰ।

ਸੂਰਤ-ਮੂਰਤ ਨਾ ਕੋਈ ਜਾਮਾ ਨਰਾਇਣ ਨਿਰੰਕਾਰ।
ਸਾਹਿਬ ਸਹੀ ਸਲਾਮਤ ਸਤਿਗੁਰ ਮਿਹਰਾਂ ਦਾ ਭੰਡਾਰ।

ਸਭ ਨੂੰ ਦਾਤਾਂ ਬਖ਼ਸ਼ ਰਿਹਾ ਹੈ ਦਾਤਾ ਬਖਸ਼ਣਹਾਰ।
ਸਰਬਕਲਾ ਸਮਰੱਥ ਦਾ ਸਿਮਰਣ, ਨਾਮ ਲੰਘਾਵੇ ਪਾਰ।

ਸਹਿਜ, ਸਿਆਣਪ, ਸੰਜਮ, ਸੁੱਚਮ ਦਾਤਾਂ ਹੱਥ ਦਾਤਾਰ।
ਸਤਿ ਸਤਿ ਕਰ ਜਾਣੀਏਂ, ਸਾਰੇ ਸ਼ਬਦ ਬਣੇ ਆਧਾਰ।

ਸ਼ਬਦ ਬਿਨਾ ਸੋਝੀ ਨਾ ਕੋਈ ਸ਼ਬਦ ਸਵਾਰਣਹਾਰ।
ਸ਼ਬਦ ਜਾਪ ਦੀ ਜੁਗਤੀ ਦੇ ਨਾ ਪਾਈਏ ਪਰਵਰਦਗਾਰ।

•

# ਕਿਆਮਤ

ਕਾਜ਼ੀ ਕਰਮ ਕਿਆਮਤ ਭਾਲੇ।
ਨਿੱਤ-ਨਿੱਤ ਸੋਚ-ਸੋਚ ਦਿਨ ਗਾਲ਼ੇ।

ਸੁਬ੍ਹਾ, ਸ਼ਾਮ ਮਸਜਿਦ ਵਿੱਚ ਜਾ ਕੇ
ਅੱਲਾ ਪਾਕ ਦਾ ਨਾਮ ਧਿਆ ਕੇ
ਆਪਣੇ ਮਨ ਦੀ ਬਿਪਤਾ ਟਾਲੇ।
ਕਾਜ਼ੀ ਕਰਮ ਕਿਆਮਤ ਭਾਲੇ... ... ... ।

ਇੱਕ ਦਿਨ ਤੂੰ ਸੁਖ ਨੀਂਦੇ ਸੌਣਾ
ਤਨ ਤੇ ਮਨ ਦਾ, ਸਫ਼ਰ ਮੁਕਾਉਣਾ
ਤਨ ਖ਼ਾਕੀ ਹੈ, ਖ਼ਾਕ ਰਲਾਉਣਾ
ਦੇਣੇ ਪੈਣੇ ਕਿਰਤ ਹਵਾਲੇ।
ਕਾਜ਼ੀ ਕਰਮ ਕਿਆਮਤ ਭਾਲੇ... ... ... ।

ਕਾਜ਼ੀ ਇੱਕ ਦਿਨ ਖ਼ਾਤਰ ਰੋਵੇ
ਏਥੇ ਰੋਜ਼ ਕਿਆਮਤ ਹੋਵੇ
ਸੱਚ ਚੰਦਰਮਾ ਪ੍ਰਗਟ ਹੋਵੇ
ਸੱਚ ਦੀ ਸੋਚ, ਕਰਨ ਸੱਚ ਵਾਲੇ।
ਕਾਜ਼ੀ ਕਰਮ ਕਿਆਮਤ ਭਾਲੇ... ... ... ।

•

# ਰੱਬ ਦੇ ਨਗ਼ਮੇ

ਕਿਸ ਰੱਬ ਦੇ ਨਗ਼ਮੇ ਤੇਰੀ ਬਾਣੀ ਬਣ ਆਏ।
ਕਿਸ ਮੋਹਣ ਦੇ ਤੂੰ ਮਨ ਮੋਹਣੇ ਸ਼ਬਦ ਬਣਾਏ।

ਕਿਸ ਦਾਤੇ ਦੀਆਂ ਦਾਤਾਂ ਦੇ ਤੂੰ ਸੋਹਲੇ ਗਾਏ।
ਕਿਸ ਪਰਮੇਸ਼ਰ ਦੇ ਤੂੰ ਨਿੱਤ-ਨਿੱਤ ਪਾਠ ਪੜ੍ਹਾਏ।

ਕਿਸ ਦੀ ਰਜ਼ਾ 'ਚ ਰਹਿਣ ਲਈ ਤੂੰ ਵਾਕ ਸੁਣਾਏ।
ਕਿਹੜਾ ਰਾਹ ਸੀ ਜੋ ਤੈਥੋਂ ਵੀ ਅੱਗੇ ਜਾਏ।

ਕਿਹੜਾ ਕੰਮ ਸੀ ਜੋ ਤੈਨੂੰ ਕਰਨਾ ਨਾ ਆਏ।
ਸਾਨੂੰ ਤਾਂ ਹਾਲੇ ਤੱਕ ਤੇਰੀ ਸਮਝ ਨਾ ਆਏ।

ਤੈਥੋਂ ਵੱਡਾ ਪਤਾ ਨਹੀਂ ਕਿਹੜਾ ਅਖਵਾਏ।
ਤੈਥੋਂ ਵੱਡਾ ਪਤਾ ਨਹੀਂ ਕਿਹੜਾ ਅਖਵਾਏ।

•

# ਸੰਪੂਰਣ

ਪੂਰਣ ਸੀ, ਸੰਪੂਰਣ ਸੀ ਮੈਂ,
ਜਦ ਮੈਨੂੰ ਵਿਸ਼ਵਾਸ ਸੀ ਤੇਰਾ।
ਸੀਤਲ, ਤਪਸ ਗਰਭ ਤੇਰੇ ਦੀ,
ਧੰਦੂਕਾਰੇ ਵਾਸ ਸੀ ਮੇਰਾ।

ਖਾਣ-ਪੀਣ ਦਾ ਫ਼ਿਕਰ ਨਹੀਂ ਸੀ,
ਖੁਸ਼ੀ ਗ਼ਮੀਂ ਦੇ ਅਰਥ ਨਾ ਜਾਣਾ।
ਕੁੱਝ ਸੋਚਣ ਦੀ ਲੋੜ ਨਹੀਂ ਸੀ,
ਜਦ ਤੱਕ ਤੂੰ ਧਰਵਾਸ ਸੀ ਮੇਰਾ।

ਤੇਰੇ ’ਤੇ ਨਿਰਭਰ ਸੀ ਸਭ ਕੁੱਝ,
ਅੰਗ-ਸੰਗ ਦਾ ਅਹਿਸਾਸ ਨਹੀਂ ਸੀ।
ਨਾ ਦੁੱਖ ਸੀ ਨਾ ਭੁੱਖ ਸੀ ਮੈਨੂੰ,
ਕਿਸੇ ਕਿਸਮ ਦੀ ਪਿਆਸ ਨਹੀਂ ਸੀ।

ਰੋਗ ਰਹਿਤ ਸੁਰਤੀ, ਬਿਰਤੀ ਸੀ,
ਦਇਆ ਤੇਰੀ ਧੜਕਣ ਸੀ ਮੇਰੀ।
ਸਭ ਕੁੱਝ ਤੇਰੇ ਤੋਂ ਮਿਲਦਾ ਸੀ,
ਹੋਰ ਕਿਸੇ ’ਤੇ ਆਸ ਨਹੀਂ ਸੀ।

ਨਾ ਜਾਣਾ ਮੈਂ ਕਦ ਸੌਣਾ ਹੈ,
ਜਾਗ ਖੁੱਲਣ ਦਾ ਡਰ ਨਾ ਕੋਈ।
ਨਾ ਕੋਈ ਤਾਲਾ ਨਾ ਕੋਈ ਚਾਬੀ,
ਘਰ ਨਾ ਕੋਈ ਦਰ ਨਾ ਕੋਈ।

ਸਹਿਜ ਤੇਰਾ ਸਿਮਰਣ ਵੀ ਤੇਰਾ,
ਮੈਂ ਦਾ ਜਨਮ ਨਹੀਂ ਸੀ ਹੋਇਆ।
ਤੂੰ ਹੀ ਤੂੰ ਸੀ! ਤੂੰ ਹੀ ਤੂੰ ਸੀ!!
ਤੇਰੇ ਵਰਗਾ ਵਰ ਨਾ ਕੋਈ।

# ਮੈਂ ਕੌਣ ਹਾਂ

ਬ੍ਰਹਮਾ ਨਹੀਂ ਮੈਂ, ਬ੍ਰਹਮ ਗਿਆਨੀ ਵੀ ਨਹੀਂ।
ਨਾ ਹੀ ਭਗਤ ਹਾਂ, ਨਾ ਹੀ ਜਤੀ-ਸਤੀ ਸੰਤੋਖ਼ੀ।

ਸ਼ਾਇਦ ਮੈਂ ਇਨਸਾਨ ਹਾਂ

ਇੱਕ ਪ੍ਰਕਾਸ਼ ਹੋਇਆ ਸੀ
ਆਵਾਜ਼ ਆਈ ਸੀ ਇਲਾਹੀ
ਸ਼ਾਇਦ ਸੁਪਨਾ ਸੀ ਇਹ ਮੇਰਾ।
ਯਾਦ ਹੈ, ਮੈਨੂੰ ਕਿਸੇ ਨੇ ਕਿਹਾ ਸੀ,
'ਹੈਵਾਨੀਅਤ ਨੂੰ ਤਿਆ.ਗ ਦੇਵੇਂ
ਹਵਸ ਨੂੰ ਵਸ ਵਿੱਚ ਕਰ ਲਵੇਂ
ਤਾਂ ਤੂੰ ਇਨਸਾਨ ਬਣ ਸਕਦੈਂ।'

ਮੈਨੂੰ ਸਮਝ ਨਹੀਂ ਲੱਗਦੀ
ਹੋ ਸਕਦਾ ਮੈਂ ਸਮਝਣਾ ਚਾਹੁੰਦਾ ਨਹੀਂ
ਕਿ ਮੈਂ ਕੌਣ ਹਾਂ?

ਮੈਨੂੰ ਪਤਾ ਹੈ ਬ੍ਰਹਮਾ ਨਹੀਂ ਹਾਂ
ਬ੍ਰਹਮਾ ਤਾਂ ਇੱਕ ਸਤਿਕਾਰ ਹੈ
ਕਰਤਾ ਹੈ ਕਰਤਾਰ ਹੈ।
ਜੋ ਕਰਦਾ ਹੈ ਕਰਤਾਰ!
ਬਹੁਤ ਵਧੀਆ ਹੈ ਬਹਾਨਾ
ਮੇਰਿਆਂ ਦੋਸ਼ਾਂ ਦਾ ਮੈਂ ਦੋਸ਼ੀ ਨਹੀਂ
ਹਰ ਦੋਸ਼ ਤੋਂ ਅਗਿਆਨ ਹਾਂ ਮੈਂ।
ਸਭ ਦੇ ਸਾਹਮਣੇ ਇਕਬਾਲ ਕਰਦਾਂ ਕਿ
ਮੈਂ ਅਗਿਆਨ ਹਾਂ
ਬ੍ਰਹਮ ਗਿਆਨੀ ਵੀ ਨਹੀਂ ਹਾਂ।

ਫਿਰ ਮੈਂ ਕੌਣ ਹਾਂ?
ਮੈਂ ਭਗਤੀ ਨਹੀਂ ਕਰਦਾ
ਜੰਗਲਾਂ ਵਿੱਚ ਭਟਕਣ ਨਾਲ
ਬੁੱਧ ਦਾ ਕੁੱਝ ਨਹੀਂ ਬਣਿਆ
ਤਾਂ ਫਿਰ ਮੈਂ ਕਿਉਂ ਭਟਕਾਂ!

ਮੈਂ ਭਗਤ ਵੀ ਬਿਲਕੁੱਲ ਨਹੀਂ ਹਾਂ
ਜਤ-ਸਤ ਕਰ ਨਹੀਂ ਹੁੰਦਾ
ਮੈਂ ਝੂਠ ਕਿਉਂ ਬੋਲਾਂ
ਅੱਜ ਤੱਕ ਮੈਨੂੰ ਕਦੇ ਸੰਤੋਖ਼ ਨਹੀਂ ਹੋਇਆ,
ਜਤੀ-ਸਤੀ ਸੰਤੋਖ਼ੀ ਚੰਗੇ ਹੋਣਗੇ।

ਮੇਰਾ ਏਨਾ ਚੰਗਾ ਬਣਨ ਨੂੰ ਵੀ ਜੀਅ ਨਹੀਂ ਕਰਦਾ
ਇਸ ਲਈ ਸਾਫ਼ ਦੱਸ ਦੇਵਾਂ
ਮੈਂ ਜਤੀ-ਸਤੀ ਸੰਤੋਖ਼ੀ ਬਿਲਕੁੱਲ ਨਹੀਂ ਹਾਂ।

ਫਿਰ ਮੈਂ ਕੌਣ ਹਾਂ?
ਸ਼ਾਇਦ ਮੈਂ ਇਨਸਾਨ ਹਾਂ
ਹਿੰਮਤ ਨਹੀਂ ਮੇਰੀ
ਕਿ ਮੈਂ ਇਨਸਾਨੀਅਤ ਦੀ ਗੱਲ ਕਰਾਂ।
ਇਨਸਾਨ ਕਹਿੰਦੇ ਨੇ ਸਾਰੇ ਕਹਿਣ ਦੇਵਾਂ
ਮੈਂ ਆਪਣੇ ਭੇਦ ਕਿਉਂ ਖੋਲ੍ਹਾਂ
ਸਮਝ ਹੈ ਮੈਨੂੰ ਇੱਕ ਇਨਸਾਨ ਕੀ ਹੁੰਦੈ?
ਲੋਕਾਂ ਦੀਆਂ ਨਜ਼ਰਾਂ 'ਚ ਮੈਂ ਇਨਸਾਨ ਹਾਂ
ਰਹਿਣ ਦੇ ਪਰਦਾ ਕਿ ਮੈਂ ਜਾਣ ਨਾ ਸਕਿਆ
ਨਹੀਂ ਪਤਾ ਤੇ ਨਾ ਸਹੀ ਮੈਂ ਕੌਣ ਹਾਂ!
ਨਹੀਂ ਪਤਾ ਤੇ ਨਾ ਸਹੀ ਮੈਂ ਕੌਣ ਹਾਂ!!

•

# ਧਰਵਾਸ

ਤਰਸ ਗਏ ਅਸੀਂ ਛਾਵਾਂ ਨੂੰ,
ਸਾਨੂੰ ਗੋਡੇ-ਗੋਡੇ ਪਿਆਸ।
ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ।

ਖ਼ਬਰੇ ਇਸ ਹਾਲਤ ਵਿੱਚ,
ਹੁਣ ਕਿੰਨਾ ਚਿਰ ਜੀਣਾ ਹੈ।
ਡੋਲ ਗਏ ਮੇਰੇ ਸਭ ਸਾਥੀ,
ਡੋਲ ਗਿਆ ਵਿਸ਼ਵਾਸ।

ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ਼... ... ... ।

ਕਿਸ-ਕਿਸ ਦੀ ਹੁਣ ਗੱਲਾਂ ਕਰੀਏ,
ਸਭ ਕੁੱਝ ਹੀ ਤਾਂ ਡੋਲ ਗਿਆ ਹੈ।
ਡੋਲ ਗਏ ਸਭ ਕਲਮਾਂ ਵਾਲੇ,
ਡੋਲ ਗਿਆ ਅਹਿਸਾਸ।

ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ... ... ... ।

ਝੂਠੇ, ਸੱਚ ਦਾ ਸਬਕ ਸਿਖਾਉਂਦੇ,
ਅੰਨੇ ਏਥੇ ਰਾਹ ਦਰਸਾਉਂਦੇ।
ਝੂਠ ਜਾਪਦਾ ਸੱਚ ਏਥੇ,
ਤੇ ਸੱਚ ਜਾਪੇ ਮਿਥਿਹਾਸ।
ਕੌਣ ਦਿਲਾਸਾ ਦੇਵੇ ਸਾਨੂੰ,
ਕੌਣ ਦੇਵੇ ਧਰਵਾਸ... ... ... ।

•

# ਕਾਦਰ ਦੀ ਕੁਦਰਤ

ਕਾਦਰ ਦੀ ਕੁਦਰਤ ਦੇ ਕਾਤਲ ਕੌਣ-ਕੌਣ,
ਨਾਂ ਗਿਣਾਂ ਜੇ ਗਿਣਤੀ 'ਚ ਮੇਰਾ ਨਾਮ ਵੀ ਆਊ।

ਤੇਰਾ-ਮੇਰਾ, ਸਾਰਿਆਂ ਦਾ ਦੋਸ਼ ਹੈ,
ਇੱਕ ਦੋਸ਼ੀ ਦੂਸਰੇ 'ਤੇ ਦੋਸ਼ ਕੀ ਲਾਊ।
ਕਾਬੂ ਕਰਦੇ ਫਿਰਨ ਜੋ ਕਰਤਾਰ ਨੂੰ,
ਕਿਸ ਧਰਮ ਦਾ ਪਿੰਜਰਾ ਜੋ ਕੈਦ ਕਰ ਪਾਊ।

ਮੁਰਗਾਬੀ ਤੋਂ ਸ਼ਾਂਤ ਸਾਗਰ ਖੁੱਸ ਗਿਆ,
ਕਿਸਮਤ 'ਤੇ ਹੱਸੂਗੀ ਜਾਂ ਫਿਰ ਰੋਂਦੀ ਰਹਿ ਜਾਊ।

ਅੰਬ, ਜਾਮਨ ਨਾ ਰਹੇ ਬਾਗਾਂ ਦੀ ਮੌਤ 'ਤੇ,
ਕੋਇਲ ਵਿਚਾਰੀ ਗਾਊਗੀ ਜਾਂ ਕੀਰਨੇ ਪਾਊ।

ਸਵਾਂਤ ਬੂੰਦਾਂ ਭਾਲਦੈਂ, ਛੱਪੜ ਵੀ ਨਾ ਰਹੇ,
ਚਾਤ੍ਰਿਕ ਬਬੀਹਾ ਸੁੰਨੜਾ! ਜੀਊ ਕਿ ਮਰ ਜਾਊ।

ਇਹ ਪੀਰਾਂ, ਅਵਤਾਰਾਂ ਦੀ ਧਰਤੀ ਸੀ ਕਦੇ,
ਰਾਮ, ਰੱਬ, ਅੱਲਾ ਦਾ ਬੰਦਾ ਕੀ ਸਮਝ ਪਾਊ।

ਰਾਮ ਦੇ ਸਰਨਾਵਿਆਂ ਦੀ ਲਿਸਟ ਵਿੱਚ,
ਕੋਈ ਲੁਬਾਣਾ ਕਿਸ ਤਰ੍ਹਾਂ ਹੁਣ ਗੁਰੂ ਲੱਭ ਪਾਊ।

ਅੰਬਰਾਂ ਨੂੰ ਛੋਹ ਰਹੇ ਹੋ ਪਰਬਤੋ!
ਬਹੁਤ ਉੱਚੇ ਥਾਂ ਤਾਂ ਫੁੱਲ ਬੂਟਾ ਨਾ ਜੰਮ ਪਾਊ।

ਕੀ ਪਤਾ ਸੀ ਪਾਣੀਆਂ ਦੇ ਦੇਸ਼ ਵਿੱਚ
ਪਾਣੀ ਦੇਖਣ ਨੂੰ ਕਦੇ ਨਲਕਾ ਤਰਸ ਜਾਊ।

# ਮਨ ਦੀ ਮੈਲ਼

ਮਨ ਦੀ ਮੈਲ਼ ਮਨੋਂ ਨਾ ਉਤਰੀ, ਮਲ-ਮਲ ਪਿੰਡੇ ਨਾਈ੍ਦਾ।
ਸੁੰਦਰ ਸੋਹਣੇ ਵਸਤਰ ਪਾ ਕੇ ਅਤਰ-ਫਲੇਲ ਲਗਾਈਦਾ।

ਹਓਮੈ ਤੇ ਹੰਕਾਰ ਨਾ ਹਟਿਆ ਦਿਲ ਨੂੰ ਬੜਾ ਹਟਾਈਦਾ।
ਮਾਲਕ ਦੇ ਮੰਦਿਰਾਂ ਵਿੱਚ ਜਾ ਕੇ, ਨਿੱਤ-ਨਿੱਤ ਸੀਸ ਝੁਕਾਈਦਾ।

ਮੋਹ-ਮਮਤਾ ਮਨ ਵਿੱਚ ਬੈਠੀ ਹੈ ਮਨ ਨੂੰ ਬੜਾ ਮਨਾਈਂਦਾ।
ਆਪਣਾ ਮਨ ਕਾਬੂ ਨਹੀਂ ਆਉਂਦਾ ਲੋਕਾਂ ਨੂੰ ਸਮਝਾਈਦਾ।

ਧਰਮ ਦਾ ਮਤਲਬ ਖ਼ੁਦ ਨਾ ਜਾਣਾ, ਧਰਮੀ ਰੂਪ ਬਣਾਈਦਾ।
ਦੁਨੀਆਂ ਦੇ ਨਿਪਟਾਰੇ ਖਾਤਰ ਡਮ-ਡਮ ਡਗਾ ਵਜਾਈਦਾ।

ਹਰ ਦਮ ਹਓਮੈ ਅੰਗ-ਸੰਗ ਰਹਿੰਦੀ, ਪਲ-ਪਲ ਲੜ ਛੁਡਵਾਈਦਾ।
ਪੰਜੇ ਦੂਤ ਅਸਾਂ ਤੋਂ ਤਕੜੇ ਖ਼ੁਦ ਤਕੜੇ ਅਖਵਾਈਦਾ।

ਜੇ ਕੋਈ ਗੱਲ ਸਿਰੇ ਨਾ ਚੜ੍ਹਦੀ ਬੜਾ ਗੁੱਸੇ ਵਿੱਚ ਆਈਦਾ।
ਵਿਸ਼ਵਾਮਿੱਤਰ ਤੋਂ ਵੀ ਵਧੀਆ ਧਰਮਰਾਜ ਬਣਵਾਈਦਾ।

ਮੋਹ ਮਾਇਆ ਕਿੰਨੀ ਛੋਟੀ ਹੈ ਇੱਕ ਦਮ ਇਹ ਭੁੱਲ ਜਾਈਦਾ।
ਅੱਜ ਏਨਾ ਵੀ ਭੁੱਲਦਾ ਜਾਂਦਾ ਕਿੱਦਾਂ ਰਾਮ ਮਨਾਈਂਦਾ।

ਖ਼ੁਦ ਹੀ ਖ਼ੈਰ ਕਰੇ ਜੇ ਮਾਲਕ ਤਾਂ ਚਰਨੀ ਚਿੱਤ ਲਾਈਦਾ।
ਅਠਸਠ ਤੀਰਥ ਓਥੇ ਹਾਜ਼ਰ, ਜਿੱਥੇ ਨਾਮ ਧਿਆਈਦਾ।

•

# ਚੱਕਰਵਿਊ

ਆਤਮਾ ਦੇ ਅਰਥ ਸਮਝਣ ਦੀ ਤਾਂ ਗੱਲ ਹੀ ਹੋਰ ਹੈ।
ਆਦਮੀ ਨੂੰ ਆਦਮੀ ਸਮਝਣ ਦਾ ਦੱਸੀਂ ਵੱਲ਼ ਜ਼ਰਾ।

ਲਾਜ ਸਾਡੀ ਲੁੱਟ ਕੇ ਲੰਕੇਸ਼ ਲੰਕਾ ਲੈ ਗਏ,
ਭਾਲ ਕੇ ਲੈ ਆਅਣ ਜੇ ਵਣਮਾਣਸਾਂ ਨੂੰ ਘੱਲ ਜ਼ਰਾ।

ਚਾਲਾਂ ਚੱਲਦੇ ਆਪ ਹੀ ਚੱਕਰਵਿਊ ਵਿੱਚ ਫਸ ਗਏ,
ਤਮ੍ਹਾ ਦੇ ਤੀਰਾਂ ਤੋਂ, ਬਚ ਨਿਕਲਣ ਦਾ ਬਖ਼ਸ਼ੀਂ ਬਲ ਜ਼ਰਾ।

ਆਦਮੀ ਦੀ ਦੁਸ਼ਮਣੀ, ਦੁਸ਼ਮਣ ਵੀ ਉਸਦਾ ਆਦਮੀ,
ਸਾਡੀ ਸਮੱਸਿਆ ਦਾ ਦੱਸੋ! ਜੇ ਹੋ ਸਕੇ ਤਾਂ ਹੱਲ ਜ਼ਰਾ।

ਤਪਸ਼, ਗਰਮੀ, ਸੇਕ ਆਵੇ, ਔੜ ਲੱਗੀ ਹਰ ਤਰਫ਼,
ਇੰਦਰ ਨੂੰ ਕਰੀਏ ਬੇਨਤੀ, ਧਰਤੀ ਕਰੇ ਜਲ ਥਲ ਜ਼ਰਾ।

•

# ਰਾਂਝਣ

ਰਾਂਝਣ ਮਾਹੀ ਮੇਰਾ ਲੋਕੋ, ਧੀਦੋ ਰਾਂਝਾ ਮੇਰਾ।
ਰੂਹ ਕਲਬੂਤ ਦੀਆਂ ਹੁਣ ਗੱਲਾਂ, ਮਿਟ ਗਿਆ ਮੇਰਾ ਤੇਰਾ।

ਯਾਰ ਮੇਰਾ ਪਟਵਾਰੀ ਨੀ ਹੁਣ ਪੱਕੀ ਪੈ ਗਈ ਯਾਰੀ।
ਮੇਰੇ ਨਾਂ ਗਰਦੌਰੀ ਕਰਤੀ, ਕਇਆਨਾਤ ਹੀ ਸਾਰੀ।

ਆਖੋ ਸਾਰੇ ਝੱਲੀ ਨੀ, ਹੁਣ ਹੋ ਗਈ ਖੇਡ ਅਵੱਲੀ।
ਮੱਲ ਕੇ ਤਾਂ ਕੋਈ ਦੱਸੇ, ਜਿਹੜੀ ਅਸੀਂ ਜਗ੍ਹਾ ਜਾ ਮੱਲੀ।

ਰਿਸ਼ਤਾ ਹੋ ਗਿਆ ਪੱਕਾ, ਸੱਚੀਂ ਰਿਸ਼ਤਾ ਹੋ ਗਿਆ ਪੱਕਾ।
ਕਰਨ ਕਰਾਉਣ ਵਾਲੇ ਨੇ ਕੀਤਾ, ਕੌਣ ਕਰੂ ਹੁਣ ਧੱਕਾ।

ਹੁਣ ਦਿਲ ਵਿੱਚ ਮੇਰੇ ਮੱਕਾ, ਸਾਡਾ ਦਿਲ ਵੀ ਹੱਕਾ-ਬੱਕਾ।
ਹੁਣ ਤਾਂ ਜਿੱਧਰ ਨੂੰ ਮੈਂ ਘੁੰਮਾਂ, ਨਾਲ ਈ ਘੁੰਮਦਾ ਮੱਕਾ।

ਪੂਜਾ ਮਿਲੀ ਪੁਜਾਰੀ, ਹੁਣ ਕੋਈ ਕਿੱਦਾਂ ਕਰੂ ਖ਼ੁਆਰੀ।
ਮਹਿਕ ਪਈ ਹੁਣ ਜੀਵਨ ਖੇਤੀ, ਹਰ ਇੱਕ ਫ਼ਸਲ ਨਿਆਰੀ।

ਰੰਗ ਵੀ ਉਹ, ਰੰਗਿਆ ਵੀ ਉਸਨੇ, ਮੇਰੇ ਘਰੇ ਲਲਾਰੀ।
ਸਾਡੀ ਖੇਡ ਅਸੀਂ ਖੇਡਾਂਗੇ ਹੁਣ ਇਹ ਸਾਡੀ ਵਾਰੀ।

ਮਨ ਮੰਦਰ ਵਿੱਚ ਮਨ ਦੀ ਪੂਜਾ ਖ਼ੁਦ ਮਨ ਆਪ ਪੁਜਾਰੀ।
ਜਿਨ੍ਹਾਂ ਰਾਹਾਂ 'ਤੇ ਚੱਲਾਂਗੇ ਹੁਣ, ਨਾਲ ਤੁਰੂ ਗਿਰਧਾਰੀ।

ਸਾਡਾ ਪੈਂਡਾ ਸਾਡੀ ਮੰਜ਼ਿਲ ਸਾਡੇ 'ਤੇ ਅਸਵਾਰੀ।
ਬਹੁਤ ਹੀ ਖੇਡ ਨਿਆਰੀ ਨੀ, ਸਾਨੂੰ ਲੱਗੇ ਬੜੀ ਪਿਆਰੀ।

•

# ਸੱਚ ਦਾ ਰਾਹ

ਮੋਹ-ਮਾਇਆ ਦੀ ਕੰਧ ਹੇਠਾਂ ਦੱਬ ਗਿਆ, ਮੈਂ ਮਰ ਗਿਆ।
ਬੇਅੰਤ ਲਾਸ਼ਾਂ ਦੇਖ ਕੇ ਘਬਰਾ ਗਿਆ, ਮੈਂ ਡਰ ਗਿਆ।

ਜਿਉਂਦੀਆਂ ਲਾਸ਼ਾਂ ਦੀ ਚੁੱਪ 'ਚੋਂ ਸਾਫ਼ ਨਜ਼ਰੀਂ ਆ ਗਿਆ।
ਉਹ ਸਾਹਿਬਜ਼ਾਦਾ ਨਹੀਂ ਜੋ ਇਸ ਕੰਧ ਥੱਲੇ ਆ ਗਿਆ

ਮੈਂ ਜਾਣਦਾ ਹਾਂ ਪੁੰਨ ਅਤੇ ਪਾਪ ਵਿੱਚ ਕੀ ਫ਼ਰਕ ਹੈ।
ਮੈਂ ਜਾਣਦਾਂ ਧਰਤੀ 'ਤੇ ਕਿਹੜਾ ਸਵਰਗ ਕਿਹੜਾ ਨਰਕ ਹੈ।

ਕਹਿਣ ਵਿੱਚ ਤੇ ਕਰਨ ਵਿੱਚ ਤਾਂ ਬਹੁਤ ਅੰਤਰ ਹੈ।
ਯਾਰੋ! ਰੌਲਾ-ਰੱਪਾ ਪਾ ਕੇ ਮੈਂ ਤਾਂ ਝੱਟ ਲੰਘਾਇਆ ਹੈ।

ਸੱਚ ਸੁਣ ਸਕਣਾ ਵੀ ਮੇਰੇ ਵੱਸ ਦੀ ਗੱਲ ਨਹੀਂ ਹੈ।
ਸੱਚ ਦੇ ਰਾਹ ਤੁਰਨ ਦਾ ਮੈਂ ਮਨ ਬਣਾਇਆ ਹੈ।

•

## ਭਗਤੂ-ਭਗਤੂ ਬੋਲ

ਜੋ ਬੁਰਾ-ਭਲਾ ਤੈਨੂੰ ਆਖਦਾ, ਸੁਣ ਬੈਠ ਕੇ ਉਸਦੇ ਕੋਲ।
ਜੇ ਕੰਜਰੀ-ਕੰਜਰੀ ਆਖਦਾ ਤੂੰ ਭਗਤੂ-ਭਗਤੂ ਬੋਲ।

ਦੋਵੇਂ ਰੰਗ ਉਸਦੇ ਦੇਖ ਸੁਣ ਸਮਝਣ ਦੀ ਕੋਸ਼ਿਸ਼ ਕਰ ਤੂੰ,
ਉਹ ਨਾਲੇ ਲਾਲ੍ਹਾ ਸੁੱਟਦਾ ਨਾਲੇ ਬੋਲੇ ਬੋਲ ਕਬੋਲ।

ਤੂੰ ਡਰ ਨਾ ਕਿਸੇ ਵੀ ਗੱਲ ਤੋਂ ਉਹ ਤੈਥੋ ਵੱਧ ਡਰਪੋਕ,
ਪਰ ਉਸਦੇ ਮੂੰਹੋਂ ਸੁਣਨ ਨਾਲ ਹੀ ਖੁੱਲ੍ਹਣੇ ਉਸਦੇ ਪੋਲ।

ਤੇਰੀ ਖੁਸ਼ਬੂ, ਰੰਗ, ਮੁਲਾਇਮਤਾ ਦੇ ਚੱਤੇ ਪਹਿਰ ਸ਼ੌਕੀਨ,
ਇਹ ਸਭ ਸਿੰਘਾਸਣ ਡੋਲਣੇ, ਤੂੰ ਖੜ ਕੇ ਦੇਖ ਅਡੋਲ।

•

## ਸਦੀਵੀ ਸੱਚ

ਸੱਚ ਸਲਾਮਤ ਸਦਾ ਸਦੀਵੀ, ਸੱਚ ਕਹਿਣ ਦਾ ਕਾਹਦਾ ਡਰ,
ਸਤਿਪੁਰਖ਼ ਗੁਰੂ ਨਾਨਕ ਧੁਰ ਕੀ ਬਾਣੀ ਪ੍ਰਤੱਖ ਹਰ।

ਸਿਰਜਣਹਾਰ ਨਾ ਸਿਰਜਿਆ ਜਾਵੇ, ਪੀਰ, ਪੈਗੰਬਰ ਹੋ ਸਕਦੇ,
ਸ਼ਬਦਾਂ ਵਿੱਚ ਸਤਿਕਾਰ ਹਰੀ ਦਾ, ਸਤਿ ਸ਼ਬਦ ਹੈ ਹਰੀਹਰ।

ਸ਼ਬਦ ਸੱਚ ਨੂੰ ਪੜ੍ਹੀਏ-ਸੁਣੀਏਂ, ਜੇ ਹੋ ਸਕੇ ਤਾਂ ਗਾਵੀਏ ਵੀ,
ਜਿਸਨੇ ਤੂੰ-ਤੂੰ ਕਹਿਣਾ ਸਿੱਖ ਲਿਆ, ਉਸਦੀ ਮੈਂ-ਮੈਂ ਜਾਵੇ ਮਰ।

ਮਿੱਟੀ ਦੀਆਂ ਪੁਤਲੀਆਂ ਨੱਚਣ ਇੱਕ ਦਿਨ ਸਭ ਨੇ ਟੁੱਟ ਜਾਣਾ,
ਸ਼ਬਦਾਂ ਨਾਲ ਜੁੜ ਗਿਆ ਜਿਹੜਾ, ਭਵ ਸਾਗਰ ਨੂੰ ਜਾਵੇ ਤਰ।

•

# ਕਰਾਮਾਤ

ਬ੍ਰਹਮਾਂ, ਵਿਸ਼ਨੂੰ, ਸ਼ਿਵਜੀ ਅਤੇ ਮਹੇਸ਼ ਜਦੋਂ,
ਆਪਣੀ-ਆਪਣੀ ਕਰਾਮਾਤ ਦੱਸਣ ਲੱਗੇ।
ਆਪਣੇ-ਆਪਣੇ ਜ਼ੌਹਰ ਦਿਖਾ ਕੇ ਦੁਨੀਆਂ ਨੂੰ,
ਇਕ ਦੂਜੇ ਦੀ ਤਾਕਤ ’ਤੇ ਹੱਸਣ ਲੱਗੇ।
ਇਹ ਤੱਕ ਕੇ ਤਾਂ ਧਰਮਰਾਜ ਵੀ ਡੋਲ ਗਿਆ,
ਸ਼ਕਤੀਵਾਨ ਬਰਾਬਰ ਜਦ ਵੱਸਣ ਲੱਗੇ।
ਜਿਸ ਦਿਨ ਰਾਮ, ਰਹੀਮ ਦਾ ਝਗੜਾ ਹੋ ਤੁਰਿਆ,
ਜੰਜੂ ਪਿੱਛੇ ਜਦ ਮੁੱਲਾਂ ਨੱਸਣ ਲੱਗੇ।
ਸਮਾਂ ਜਦੋਂ ਕੁੱਝ ਕਹਿਣ ਦੇ ਨਾ ਸਮਰੱਥ ਰਿਹਾ,
ਜਦੋਂ ਬੁਲਬੁਲੇ ਸਾਗਰ ’ਤੇ ਨੱਚਣ ਲੱਗੇ।

ਉਸ ਦਿਨ ਨਾਨਕ ਨੇ ਇੱਕ ਗੱਲ ਸਮਝਾਈ ਸੀ।
ਸ਼ਰੇਆਮ ਇੱਕ ਸੱਚ ਦੀ ਬੋਲੀ ਪਾਈ ਸੀ।
ਸੱਚ ਦੇ ਸੱਚ ਨੇ ਵੱਖਰੀ ਕੌਮ ਬਣਾਈ ਸੀ।
ਸਿੱਖ ਹੋਣਾ ਇਕ ਬਹੁਤ ਵੱਡੀ ਵਡਿਆਈ ਸੀ।

ਅੱਜ ਮੈਂ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹਾਂ,
ਚੇਹਰਾ-ਮੋਹਰਾ ਸਿੱਖਾਂ ਜਿਹਾ ਬਣਾਉਂਦਾ ਹਾਂ।
ਲੇਕਿਨ ਜਦ ਖ਼ੁਦ ਕੋਲੋਂ ਮੈਂ ਸੱਚ ਪੁੱਛਦਾ ਹਾਂ,
ਆਪਣੇ ਕੋਲੋਂ ਖ਼ੁਦ ਆਪੇ ਸ਼ਰਮਾਉਂਦਾ ਹਾਂ।

ਇੱਕ ਵਾਰੀ ਫਿਰ ਆ ਕੇ ਦਰਸ ਦਿਖਾ ਜਾਵੇਂ ਜੇ,
ਸਿੱਖੀ ਸਰਦਾਰੀ ਦੀ ਪੇਂਦ ਚੜ੍ਹਾ ਜਾਵੇਂ ਜੇ।
ਆਪਣੇ ਸਿੱਖ ਨੂੰ ਸਿੱਧੇ ਰਸਤੇ ਪਾ ਜਾਵੇਂ ਜੇ,
ਸੱਚ ਬੋਲਣ ਦੀ ਫਿਰ ਤੋਂ ਗੁੜ੍ਹਤੀ ਦੇ ਜਾਵੇਂ ਜੇ।

•

# ਸੱਚ ਦੀ ਖੋਜ

ਮਹਾਂਪੁਰਖ਼ਾਂ ਦੀ ਮਹਾਂਵਿਭੂਤੀ ਸਤਿਪ੍ਰਸਤੀ ਦਾ ਸਤਿਕਾਰ,
ਸੱਚ ਤਾਂ ਬਸ ਇੱਕ ਸੱਚਾ ਹੀ ਹੈ, ਬਾਕੀ ਸਭ ਝੂਠਾ ਸੰਸਾਰ।
ਸੱਚ ਦੀ ਖੋਜ ਕਰਨ ਸਚਿਆਰੇ ਆਪੋ-ਆਪਣੇ ਅੰਦਰੋਂ,
ਸੱਚ ਬਣਾਇਆ ਨਹੀਂ ਬਣ ਸਕਦਾ ਚਾਰ ਵੇਦ ਚਾਰੇ ਸਚਿਆਰ।

ਸੱਚਪ੍ਰਸਤ ਜੀਸਸ, ਸੁਕਰਾਤ ਸੱਚ ਦੇ ਪਾਂਧੀ ਰਾਮ, ਰਹੀਮ,
ਪੂਰਣ ਸੱਚ ਨਹੀਂ ਕੋਈ ਵੀ ਸੱਚ ਦਾ ਕਰਦੇ ਸੀ ਸਤਿਕਾਰ।
ਰੱਬ ਬਣ-ਬਣ ਕੇ ਬਹਿੰਦੀ ਦੁਨੀਆ ਰੱਬ ਨਾ ਬਣੇ ਬਣਾਇਆ,
ਸੱਚ ਦਾ ਰੂਪ ਨਹੀਂ ਕੋਈ ਵੀ ਸੱਚ ਤਾਂ ਅਪਰ-ਅਪਾਰ।

ਸ਼ਬਦ ਵਸੀਲਾ ਸੱਚ ਬੋਲਣ ਦਾ ਸ਼ਬਦ ਗੁਰੂ ਹੈ ਸਤਿਗੁਰ,
ਸ਼ਬਦਾਂ ਵਿੱਚ ਸਮਾਇਆ ਸੱਚਾ, ਬਾਕੀ ਗੱਲਾਂ ਸਭ ਬੇਕਾਰ।
ਵੇਦ-ਕੇਤਾਬ, ਅੰਜ਼ੀਲਾਂ, ਬਾਈਬਲ ਸ਼ਬਦਾਂ ਵਿੱਚ ਕੁਰਾਨ,
ਸ਼ਬਦ ਨਿਰੰਜਣ ਸ਼ਬਦ ਸਤਿਗੁਰੂ ਸੱਚ ਖੰਡ ਸ਼ਬਦ ਨਿਰੰਕਾਰ।

•

# ਪਰਮ ਪੁਰਖ਼ ਦੀਆਂ ਦਾਤਾਂ

ਕਿਰਪਾ ਹੋਈ ਆਪਾਰ ਕਿ ਮਿਲਿਆ ਤਨ ਕੋਠੜਾ ਰਹਿਣ ਲਈ।
ਜੀਭਾ ਬਖ਼ਸ਼ਿਸ਼ ਹੋਈ ਸਾਨੂੰ, ਸਭ ਵਲਵਲੇ ਕਹਿਣ ਲਈ।

ਪੰਜ ਤੱਤ, ਪੰਜ ਗਿਆਨ ਇੰਦਰੀਆਂ, ਪੰਜ ਇੰਦਰੀਆਂ ਕਰਮਸ਼ੀਲ,
ਕਿਰਤ ਕਰਨ ਲਈ ਹੱਥ ਮਿਲੇ ਤੇ ਲੱਤਾਂ ਉੱਠਣ-ਬਹਿਣ ਲਈ।

ਪਰਮ ਪੁਰਖ਼ ਦੀਆਂ ਦਾਤਾਂ ਨੂੰ ਮਲਕੀਅਤ ਨਾ ਸਮਝੀ ਸੁੰਨੜਾ!
ਇਹ ਤਾਂ ਮੌਕਾ ਮਿਲਿਆ ਸਾਨੂੰ ਉਸਦੀ ਰਜ਼ਾ 'ਚ ਰਹਿਣ ਲਈ।
•

# ਅਧੂਰਾ ਮਨੁੱਖ

ਸਭ ਕੁੱਝ ਠੀਕ ਕਰਦਿਆਂ ਮਰ ਗਏ ਕੁੱਝ ਵੀ ਨਾ ਹੋਇਆ ਕਰ ਵੇ।
ਜੰਗਲਾਂ ਵੱਲ ਨੂੰ ਤੁਰ ਪਏ ਜਿਹੜੇ ਕਿਸ ਵਿਧ ਪਹੁੰਚਣ ਘਰ ਵੇ।

ਪੂਰਨ ਨਾਲੋਂ ਟੁੱਟਣ ਕਰਕੇ ਹੀ ਤਾਂ ਹੋਏ ਅਧੂਰੇ।
ਸੂਰਜ ਕਿਰਣ ਦੁਬਾਰਾ ਮਿਲਿਆਂ, ਹੋਣੇ ਕਾਰਜ ਪੂਰੇ।

ਸਾਗਰ ਉੱਤੇ ਲਹਿਰਾਂ, ਛੱਲਾਂ ਅਤੇ ਬੁਲਬੁਲੇ ਤਰਦੇ।
ਕੌਣ ਜਾਣੇ ਕਦ ਪੈਦਾ ਹੁੰਦੇ, ਕੌਣ ਜਾਣੇ ਕਦ ਮਰਦੇ।

ਹਰ ਕੋਈ ਆਪਣੀ ਕਿਰਤ-ਕਮਾਈ ਦਾ ਫ਼ਲ ਆਪੇ ਭੋਗੇ।
ਹੋਰ ਬੜਾ ਕੁੱਝ ਲਿਖ ਸਕਦੇ ਪਰ ਕਰਮ ਲਿਖਣ ਨਹੀਂ ਜੋਗੇ।
•

# ਸ਼ਬਦ ਗੁਰੂ ਅਵਤਾਰ

ਅਤੋਲ ਸ਼ਕਤੀ ਰੱਬ ਜਿਸਨੂੰ ਬੰਦਾ ਫਿਰਦਾ ਤੋਲਦਾ।
ਸ਼ਬਦ ਸ਼ਕਤੀ ਨਾਲ ਚੌਂਹ ਕੂੰਟਾਂ 'ਚ ਫਿਰਦਾ ਟੋਲ੍ਹਦਾ।

ਨਿਰੰਕਾਰ ਦੇ ਆਕਾਰ ਘੜਦਾ ਫਿਰੇ ਬੰਦਾ ਰਾਤ ਦਿਨ,
ਸ਼ਬਦ ਨਾ ਬੋਲੇ ਕਦੇ ਬੰਦਾ ਸ਼ਬਦ ਨੂੰ ਬੋਲਦਾ।

ਸ਼ਬਦ ਜਦ ਪ੍ਰਕਾਸ਼ ਹੋਇਆ ਹਰ ਵਕਤ ਪ੍ਰਕਾਸ਼ ਹੈ,
'ਨ੍ਹੇਰਿਆਂ ਦੀ ਕੜ੍ਹੀ ਤਾਂ ਬੰਦਾ ਹੈ ਫਿਰਦਾ ਘੋਲਦਾ।

ਸ਼ਬਦ ਗੁਰ ਅਵਤਾਰ ਵਿੱਚ, ਦਾਤਾਰ ਬੈਠਾ ਹੈ ਅਡੋਲ,
ਬੰਦੇ ਦੀ ਮਰਜ਼ੀ ਨਾਲ ਹੀ ਬੰਦਾ ਹੈ ਫਿਰਦਾ ਡੋਲਦਾ।

ਰਸਤਾ ਦਰਸਾਉਂਦਾ ਗੁਰੂ ਰਾਹਾਂ 'ਚ ਰੁਲਣੋਂ ਵਰਜ਼ਦਾ,
ਰੱਬ ਕੀ ਕਰੇ ਜੇ ਜਾਣ ਬੁਝ ਕੇ ਬੰਦਾ ਖ਼ੁਦ ਨੂੰ ਰੋਲ਼ਦਾ।

ਸ਼ਬਦ ਵੇਚਣ ਤੁਰ ਪਿਆ ਇਨਸਾਨ ਅੱਜ ਬਾਜ਼ਾਰ ਵਿੱਚ,
ਭੁੱਖ ਮੇਟਣ ਵਾਸਤੇ ਮੁੱਲ ਪਾ ਰਿਹਾ ਅਨਮੋਲ ਦਾ।

•

# ਪ੍ਰੇਮ

ਆ ਸੁਣ ਮਿੱਤਰ ਪਿਆਰਿਆ! ਪ੍ਰੇਮ ਬਿਨਾ ਨਾ ਮੇਲ।
ਸੱਚਮੁੱਚ ਜਿਸਨੂੰ ਭੁੱਖ ਲੱਗੇ, ਉਹ ਖੇਲ ਸਕੇ ਇਹ ਖੇਲ।

ਹੋਰ ਕੋਈ ਕਿੱਦਾਂ ਕਰੇ ਜੋ ਤੂੰ ਕਰ ਸਕਦੈਂ ਆਪ।
ਰਾਮ ਦੀ ਮਰਜ਼ੀ ਹੋਏ ਤਾਹੀਓਂ ਸੰਤ ਬਣ ਸਕਣ ਮਾਈ ਬਾਪ।

ਸੁਖ ਦੇ ਸਕਦਾ ਹੈ ਸੁਖਦਾਤਾ ਕੋਈ ਹੋਰ ਨਾ ਇਸਦੇ ਯੋਗ।
ਜੋ-ਜੋ ਸੱਜਣ ਸਮਝਦੇ ਬਸ! ਉਹ ਸਚਿਆਰੇ ਲੋਗ।

ਆਪਣੀ ਹਓਮੈਂ ਤਿਆਗ ਕੇ ਜੋ ਪ੍ਰਭ ਚਰਨੀਂ ਚਿੱਤ ਲਾਏ।
ਇੱਕ ਵਾਰੀ ਜੇ ਮਿਲ ਗਿਆ, ਉਹ ਕਿੱਦਾਂ ਵਿੱਛੜ ਜਾਏ।

ਜਿਹੜਾ ਇੱਕ ਦੇ ਲੜ ਲੱਗੇ, ਇੱਕੋ ਹੀ ਜਿਸਦੇ ਚਿੱਤ।
ਫਿਰ ਦੇਰ ਨਾ ਲੱਗਦੀ ਓਸਨੂੰ, ਹੋਂਵਦਿਆਂ ਇੱਕ-ਮਿੱਕ।

ਆਸ ਪਿਆਰ ਸਾਰੀ ਮਿਟੇ ਕੋਈ ਸਮਰੱਥ ਕੰਤ ਮਿਲਾਏ।
ਸੁਹਾਗਣ ਆਪਣੇ ਕੰਤ ਦੇ ਕਿਉਂ ਨਾ ਸੀਨੇ ਲੱਗ ਜਾਏ।

•

# ਧਰਮ ਦੀ ਹੋਂਦ

ਜੰਮਦੀ-ਮਰਦੀ ਦੁਨੀਆ ਦੇ ਵਿੱਚ ਧਰਮ ਵੀ ਜੰਮਦੇ-ਮਰਦੇ ਨੇ।
ਲੋਹਾ ਅਕਸਰ ਡੁੱਬ ਜਾਂਦਾ, ਲੱਕੜੀ ਦੇ ਬੇੜੇ ਤਰਦੇ ਨੇ।

ਸਭ ਤੋਂ ਪਹਿਲਾਂ ਧਰਮ ਸਨਾਤਨ, ਭਾਸ਼ਾ ਪਹਿਲੀ ਸੰਸਕ੍ਰਿਤ,
ਧਰਮ ਗ੍ਰੰਥ ਰਿਗਵੇਦ ਹੈ ਪਹਿਲਾ ਸਾਰੇ ਇਹ ਗੱਲ ਕਰਦੇ ਨੇ।

ਪੜ੍ਹਨ-ਪੜ੍ਹਾਉਣ ਬਿਨਾ ਕੋਈ ਪੁਸਤਕ ਕਿੰਨਾ ਚਿਰ ਜੀਅ ਸਕਦੀ ਹੈ।
ਪਤਾ ਨਹੀਂ ਕਿਉਂ ਪੰਡਿਤ ਸਭ ਨੂੰ ਵੇਦ ਪੜ੍ਹਾਉਣੋਂ ਡਰਦੇ ਨੇ।

ਮੁਸਲਮਾਨ ਮਦਰੱਸੇ ਕਰਕੇ ਦੁਨੀਆ ਦੇ ਵਿੱਚ ਫੈਲ ਗਏ।
ਬਾਈਬਲ ਵੰਡ ਇਸਾਈ, ਸਾਰੀ ਦੁਨੀਆ ਕਾਬੂ ਕਰਦੇ ਨੇ।

ਹਰ ਇੱਕ ਧਰਮ ਬਰਾਬਰ ਹੈ ਪਰ ਪੜ੍ਹਣਾ ਪੈਂਦਾ ਹੈ ਇਸਨੂੰ,
ਜੋ ਧਰਮੀਂ ਪਾਠਕ ਬਣ ਜਾਂਦੇ ਫਿਰ ਕਿਸੇ ਕੋਲੋਂ ਨਾ ਹਰਦੇ ਨੇ।

ਸ਼ਬਦ ਗੁਰੂ ਨੂੰ ਮੱਥਾ ਟੇਕਣ ਨਾਲ ਹੀ ਗੱਲ ਨਹੀਂ ਬਣ ਸਕਦੀ,
ਪੜ੍ਹਣ, ਸੁਣਨ, ਸਮਝਣ ਜਿਹੜੇ ਉਹ ਹਰ ਭਵ ਸਾਗਰ ਤਰਦੇ ਨੇ।
•

## ਸੁਰਤੀ-ਬਿਰਤੀ

ਤਪਸ਼ ਇਸ ਤਰ੍ਹਾਂ ਸੀ, ਲੱਗਦਾ ਸੀ ਸੁਰਤੀ-ਬਿਰਤੀ ਹਾਰ ਗਈ।
ਅੱਜ ਐਸੀ ਕਿਣਮਿਣ ਹੋਈ ਸਾਰੇ ਦੁੱਖ, ਸੰਤਾਪ ਉਤਾਰ ਗਈ।

ਰੋ ਪੈਣਾ ਇਨਸਾਨੀ ਗੱਲ ਹੈ ਕਸ਼ਟ ਕੋਈ ਵੀ ਜਦ ਹੋਵੇ,
ਅੰਮ੍ਰਿਤ ਧਾਰਾ ਸਰਵਣ ਹੋਈ ਰੂਹ ਮੇਰੀ ਬਲਿਹਾਰ ਗਈ।

ਬਿਖ਼ਰ ਰਿਹਾ ਸੀ ਸਾਰਾ ਕੁੱਝ ਅੰਨ ਪਰਮੇਸ਼ਰ ਵੀ ਨਹੀਂ ਸੀ ਭਾਉਂਦਾ,
ਐਸੀ ਕਿਰਪਾ ਹੋਈ ਅੱਜ ਜੀਵਨ ਦੇ ਅਰਥ ਸੰਵਾਰ ਗਈ।

ਦਰਸ਼ ਤੇਰੇ ਦੀ ਪਿਆਸ ਵੀ ਮੇਰੇ ਨਾਲ ਹੀ ਮਿਟਦੀ ਜਾਂਦੀ ਸੀ,
ਵਸਲ ਹੋਣ ਦੀ ਆਸ ਬਣੀ ਡੁੱਬਦੇ ਪੱਥਰ ਨੂੰ ਤਾਰ ਗਈ।

•

## ਮਨ ਮੰਦਰ

ਗੁਰ ਕਾ ਸ਼ਬਦ ਸੰਵਾਰੇ ਹਿਰਦਾ, ਸ਼ਬਦ ਛਿੜਕਦਾ ਅਤਰ-ਫੁਲੇਲ।
ਮਨ ਮੰਦਰ ਜੇ ਸੋਹਣਾ, ਸੁਥਰਾ ਤਾਂ ਹੋ ਸਕਦਾ ਹਰਿ ਸਿਓਂ ਮੇਲ।

ਹਓਮੈਂ ਕੋਈ ਬੰਦਸ਼ ਨਾ ਲਾਵੇ, ਭੱਜ-ਭੱਜ ਕੇ ਮਨ ਦੇ ਵਿੱਚ ਆਵੇ।
ਧਰਮ-ਕਰਮ ਨੂੰ ਕਾਬੂ ਕਰਕੇ, ਭਗਤੀ ਦਾ ਹੰਕਾਰ ਕਰਾਵੇ।
ਸੱਚ ਸੁਥਰੇ ਬਰਤਨ ਵਿੱਚ ਪੈਂਦਾ, ਹਓਮੈਂ ਨੂੰ ਪਰਹੇਜ਼ ਨਾ ਆਵੇ।

ਹਓਮੈਂ ਹੈਂਕੜ ਥਾਂ-ਥਾਂ ਉੱਤੇ, ਦੇਖੋ! ਕੀ ਕੁਦਰਤ ਦਾ ਖੇਲ।
ਸ਼ਬਦ ਗੁਰੂ ਦਾ ਵਾਰਾ ਪਹਿਰਾ, ਕਰ ਸਕਦੈ ਹਓਮੈਂ ਨੂੰ ਫੇਲ੍ਹ।

ਮਨ ਮੰਦਰ ਜੇ ਸੋਹਣਾ, ਸੁਥਰਾ ਤਾਂ ਹੋ ਸਕਦਾ ਹਰਿ ਸਿਓਂ ਮੇਲ।

•

# ਅੰਮ੍ਰਿਤ ਧਾਰਾ

ਅੰਮ੍ਰਿਤ ਧਾਰਾ, ਸਾਧ ਕੀ ਬਾਣੀ ਲੇਕਿਨ ਸਮਝੇ ਉਹੀਓ,
ਜੋ ਰਸਨਾ ਨਿੱਤ ਨਾਮ ਜਪੇ।

ਸ਼ਬਦ ਸਾਧ ਦੇ ਸੁਖ ਸਾਗਰ ’ਚੋਂ ਅਨਹਦ ਸ਼ਬਦ ਸੁਣਨ ਨਿੱਤ ਨੇਮੀਂ,
ਬਾਕੀ ਸਭ ਝੱਖ ਮਾਰ ਖਪੇ।

ਮਿੱਟੀ ਦੇ ਬਰਤਨ ਨੇ ਭਾਵੇਂ ਪਰ ਮਟਕੀ ਠੰਡੇ ਜਲ ਕਰਕੇ,
ਖ਼ੁਦ ਠੰਡੀ ਤੇ ਦੁਨੀਆ ਨੂੰ ਠੰਡ ਪਾਵੇ।

ਤਪਦੇ ਤਵੇ, ਪਤੀਲੇ ਸੜਦੇ, ਦੁੱਧ ਦਧੂਨੇ ਵੀ ਅੱਗ ਫੱਕਦੇ,
ਕਿਸੇ ਦੀ ਕਿਸਮਤ ਨੂੰ ਨਾ ਕੋਈ ਬਦਲ ਸਕੇ।

•

# ਇਸ਼ਟ

ਹਾਲੇ ਤਾਂ ਪੱਲਾ ਹੀ ਫੜਿਆ ਤੇਰੇ ਵਿੱਚ ਸਮਾਉਣਾ ਹੈ।
ਦੁਨੀਆ ਤੋਂ ਵੈਰਾਗ ਧਾਰ ਕੇ ਤੈਨੂੰ ਇਸ਼ਟ ਬਣਾਉਣਾ ਹੈ।

ਇੱਕੋ ਰੀਝ ਬਚੀ ਹੈ ਤੈਨੂੰ ਜੀਵਨ ਵਿੱਚ ਅਪਣਾਉਣਾ ਹੈ।
ਬਾਕੀ ਬਚਦੇ ਸਾਹਾਂ ਨਾਂ ਬਸ! ਤੇਰਾ ਨਾਮ ਧਿਆਉਣਾ ਹੈ।

ਵਸਲ ਘੜੀ ਨੂੰ ਜੀਅ ਕਰਦਾ ਹੈ ਹੁਣ ਤਾਂ ਚਿੱਤ ਪ੍ਰਚਾਉਣਾ ਹੈ।
ਮਨ ਮੰਦਰ ਨੂੰ ਲਿੱਪ-ਪੋਚ ਕੇ ਤੈਨੂੰ ਵਿੱਚ ਸਜਾਉਣਾ ਹੈ।

ਤੇਰਾ ਆਂਚਲ ਛੱਡ ਕੇ ਦੱਸ ਫਿਰ ਸਾਡੇ ਹੱਥ ਕੀ ਆਉਣਾ ਹੈ।
ਰੁੱਸਿਆ ਵੀ ਹੋਵੇਂ ਭਾਵੇਂ ਇੱਕ ਵਾਰ ਜਰੂਰ ਮਨਾਉਣਾ ਹੈ।

•

# ਸਤਿਯੁਗ

ਐਸਾ ਸਤਿਯੁਗ ਵੀ ਸੁਣਿਆ ਧਰਤੀ ਉੱਤੇ ਸੀ,
ਜਾਨਵਰਾਂ ਦੀ ਬੋਲੀ ਵੀ ਸਮਝੀ ਜਾਂਦੀ ਸੀ।
ਇਹ ਕੈਸੀ ਰੁੱਤ ਆਈ ਹੈ ਓਸੇ ਧਰਤੀ 'ਤੇ,
ਆਦਮੀਆਂ ਦੀਆਂ ਧਾਹਾਂ ਦੀ ਵੀ ਸਮਝ ਨਾ ਆਵੇ।

ਅਗਨੀ ਤੇ ਇੰਦਰ ਦਾ ਇੰਨਾ ਸੁੱਖ ਹੁੰਦਾ ਸੀ,
ਦੇਵਤਿਆਂ ਵਿੱਚ ਪਾਣੀ ਦੀ ਗਿਣਤੀ ਹੁੰਦੀ ਸੀ।
ਰੱਬ ਬਣ ਕੇ ਬੰਦਾ ਧਰਤੀ 'ਤੇ ਐਸਾ ਬੈਠਾ,
ਧਰਮਰਾਜ ਵੀ ਧਰਤੀ 'ਤੇ ਆਉਣੋਂ ਘਬਰਾਵੇ।

ਜਿਸ ਧਰਤੀ 'ਤੇ ਰੱਬ ਵਰਗੇ ਰਾਜੇ ਹੁੰਦੇ ਸੀ,
ਮਰਿਆਦਾ ਪ੍ਰਸ਼ੋਤਮ ਵੀ ਕਹਿੰਦੇ ਸੀ ਲੋਕੀਂ।
ਅਨਿਆਈ ਮੌਤੇ ਮਰਨੋਂ ਪਰਜਾ ਡਰਦੀ ਹੈ,
ਬੋਲਣ ਤੋਂ ਪਹਿਲਾਂ ਹੀ ਗਰਦਨ ਕੱਟੀ ਜਾਵੇ।

•

# ਬੰਦੇ ਦਾ ਬਣਾਇਆ ਭਗਵਾਨ

ਬੰਦੇ ਦੇ ਬਣਾਏ ਭਗਤ ਤੇ ਭਗਵਾਨ ਦੋਹਾਂ ਨੇ ਨਹੀਂ ਰਹਿਣਾ।

ਬੰਦੇ ਨੇ ਬ੍ਰਹਮਾ ਬਣਾ ਕੇ ਬ੍ਰਹਮਾ ਤੋਂ ਬਣਵਾ ਲਿਆ ਸਭ ਕੁੱਝ।
ਰੱਬ ਨੂੰ ਰਾਜਾ ਬਣਾ ਕੇ ਮਰਜ਼ੀ ਨਾ' ਕਰਵਾ ਲਿਆ ਸਭ ਕੁੱਝ।
ਕਦੇ ਤਾਂ ਰਾਮ ਦੇ ਭਗਤਾਂ ਦੇ ਜੰਜੂ ਲਾਹ ਰਹੀ ਅੱਲਾ ਦੀ ਫ਼ੌਜ।
ਇੱਕ ਭਗਵਾਨ ਤੋਂ ਭਗਵਾਨ ਮਰਵਾ ਦੇਣਾ ਹੈ ਬੰਦੇ ਦੀ ਮੌਜ।
ਰੱਬ ਨੂੰ ਰਚਣ ਵਾਲਿਆ ਬੰਦਿਆ ਵੇ! ਤੇਰੀ ਅਕਲ ਦਾ ਕੀ ਕਹਿਣਾ।
ਪਰ ਬੰਦੇ ਦੇ ਬਣਾਏ ਭਗਤ ਤੇ ਭਗਵਾਨ ... ... ... ।

ਬਹੁਤ ਡੂੰਘੀ ਰਾਤ ਹੋ ਜਾਵੇ ਤਾਂ ਲੱਗਦਾ ਹੈ ਕਿ ਲਾਗੇ ਹੈ ਸਵੇਰਾ।
ਰੱਬ ਵੀ ਥਕ ਗਿਆ ਹੋਣੈ ਬੰਦੇ ਨੇ ਰੱਬ ਨੂੰ ਭਜਾਇਆ ਹੈ ਬਥੇਰਾ।
ਪਿੱਛਲਖੁਰੀ ਭੱਜਣਾ ਪਿਆ ਰੱਬ ਨੂੰ ਹਜ਼ਾਰਾਂ ਸਾਲ, ਕਈ ਸਦੀਆਂ।
ਰੱਬ ਨੂੰ ਸੂਲੀ ਚਾੜ੍ਹ ਕੇ ਬਖ਼ਸ਼ਾ ਲਈਆਂ ਬੰਦੇ ਨੇ ਸਾਰੀਆਂ ਬਦੀਆਂ।
ਕੋਈ ਭਗਤ ਬਣ ਜਾਵੇ, ਕੋਈ ਰੱਬ ਨੂੰ ਬਣਾਵੇ ਸੁੰਨੜ ਨੇ ਕੀ ਲੈਣਾ।
ਜਦ ਬੰਦੇ ਦੇ ਬਣਾਏ ਭਗਤ ਤੇ ਭਗਵਾਨ... ... ... ।

•

# ਸੁਪਨਾ

ਸੋਚ ਵੀ ਸੁਪਨਾ, ਤੂੰ ਵੀ ਸੁਪਨਾ, ਸੁਪਨੇ ਵਿੱਚ ਵੀ ਆਇਆ ਸੁਪਨਾ,
ਸੁਪਨ ਲੋਕ ਦੇ ਵਾਸੀ ਸੁਪਨੇ ਲੈਂਦੇ ਆਉਂਦੇ-ਜਾਂਵਦਿਆਂ।

ਸੁਪਨੇ ਦੇ ਵਿੱਚ ਰੱਬ ਬਣਾਇਆ ਆਪਣੇ ਵਰਗਾ ਚਿਹਰਾ ਲਾਇਆ,
ਬ੍ਰਹਮਾ ਨਾਮ ਰੱਖ ਕੇ ਆਪੇ, ਖ਼ੁਦ ਹੀ ਫਿਰਨ ਧਿਆਂਵਦਿਆਂ।

ਰਾਮ ਗਰਭ ਜੂਨ ਵਿੱਚ ਲਿਆ ਕੇ, ਕ੍ਰਿਸ਼ਨ ਕੰਸ ਕੋਲੋਂ ਛੁਡਵਾ ਕੇ,
ਆਪੇ ਪਰਜਾ ਬਣ ਗਿਆ ਸੁਪਨਾ, ਰੱਬ ਤੋਂ ਰਾਜ ਕਰਾਂਵਦਿਆਂ।

ਸੁਪਨੇ ਦਾ ਰੱਬ ਗ਼ਲਤੀਆਂ ਕਰਦਾ, ਮਰਕਟ ਆਣ ਸਹਾਇਤਾ ਕਰਦਾ,
ਧਰਮ ਰਾਜ ਨੇ ਝੂਠ ਬੋਲਿਆ, ਦ੍ਰੋਣਾਚਾਰ ਹਰਾਂਵਦਿਆਂ।

ਸੁਪਨੇ ਵਿੱਚ ਸੁਕਰਾਤ ਬਣਾ ਕੇ, ਰੱਬ ਵਰਗੇ ਕਈ ਕਰਮ ਕਰਾ ਕੇ,
ਸੁਪਨੇ ਨੂੰ ਲੱਜਿਆ ਨਾ ਆਈ ਰੱਬ ਨੂੰ ਜ਼ਹਿਰ ਪਿਲਾਂਵਦਿਆਂ।

ਰੱਬ ਦੇ ਪੁੱਤ ਨੂੰ ਰੱਬ ਬਣਾ ਕੇ, ਰੱਬ ਵਰਗਾ ਸੁਪਨਾ ਦਿਖਲਾ ਕੇ,
ਸੁਪਨੇ ਵਿੱਚ ਸੁਪਨੇ ਨੇ ਤੱਕਿਆ ਰੱਬ ਨੂੰ ਫ਼ਾਹੇ ਲਾਂਵਦਿਆਂ।

ਸੁਪਨੇ ਵਿੱਚ ਇਲਹਾਮ ਕਰਾ ਕੇ, ਧੁਰ ਦਰਗਾਹੋਂ ਹੁਕਮ ਕਰਾ ਕੇ,
ਸੁਪਨੇ ਵਿੱਚ ਇਸਲਾਮੀ ਫਿਰਦੇ ਆਪਣੀ ਈਨ ਮਨਾਂਵਦਿਆਂ।

ਸ਼ਬਦ ਬਿਨਾ ਹਰ ਸੁਪਨਾ ਗੂੰਗਾ, ਹਰ ਕੋਈ ਮੰਦਿਰ ਹਰ ਕੋਈ ਬੁੰਗਾ,
ਸ਼ਬਦਾਂ 'ਚੋਂ ਰੱਬ ਲੱਭ 'ਲਾ ਸੁੰਨੜਾ! ਰਾਹ, ਮੰਜ਼ਿਲ ਗਤਿ ਪਾਂਵਦਿਆਂ।

•

# ਪ੍ਰੇਮ ਦੇ ਪਾਂਧੀ

ਮਰਨ ਤੋਂ ਜੋ ਡਰਨ ਉਹਨਾਂ ਨੂੰ ਹਰਾਉਂਦੀ ਜ਼ਿੰਦਗੀ।
ਪ੍ਰੇਮ ਦੇ ਪਾਂਧੀ ਨੂੰ ਤਾਂ ਮਰਨਾ ਸਿਖਾਉਂਦੀ ਜ਼ਿੰਦਗੀ।

ਮਰਨ ਦੇ ਕਾਰਣ ਤਾਂ ਜੀਸਸ ਨੂੰ ਧਿਆਉਂਦੇ ਧਾਰਮਿਕ,
ਸੁਕਰਾਤ ਨੂੰ ਹੀ ਜ਼ਹਿਰ ਦੇ ਪਿਆਲੇ ਪਿਆਉਂਦੀ ਜ਼ਿੰਦਗੀ।

ਸੀਸ ਕਟਵਾ ਕੇ ਹੀ ਪਾਇਆ ਪਿਆਰ, ਪੰਜਾਂ ਪਿਆਰਿਆਂ,
ਜੋ ਮੌਤ ਨੂੰ ਲਾੜੀ ਕਹੇ, ਉਸਨੂੰ ਧਿਆਉਂਦੀ ਜ਼ਿੰਦਗੀ।

ਜੋ ਕਿਸੇ ਕਾਰਣ ਮਰ ਨਹੀਂ ਸਕਦਾ ਉਹ ਪ੍ਰੇਮੀ ਹੀ ਨਹੀਂ,
ਪਿਆਰ ਪੀਂਘਾਂ ਨੂੰ ਹੀ ਅਸਮਾਨੇ ਚੜ੍ਹਾਉਂਦੀ ਜ਼ਿੰਦਗੀ।

ਤੂੰ ਖ਼ੁਦ ਵੀ ਸਿੱਖ ਲੈ 'ਸੁੰਨੜਾ' ਸਿੱਖਣ ਬਿਨਾ ਕੀ ਲਿਖੇਂਗਾ,
ਸਤੀਂ ਨਾ ਮਾਸਾ ਵੀ, ਸਤਿਆਂ ਨੂੰ ਸਤਾਉਂਦੀ ਜ਼ਿੰਦਗੀ।
•

# ਸ਼ੂਨਯ ਤੋਂ ਬ੍ਰਹਿਮੰਡ ਤਕ

ਬੀਜ ਵਿੱਚੋਂ ਜੰਮਿਆ ਤਣਾ,
ਬਣੀਆਂ ਟਾਹਣੀਆਂ, ਪੱਤੇ ਤੇ ਫੁੱਲ, ਫ਼ਲ ਲੱਗੇ,
ਤੇ ਆਖ਼ਰ ਦੇ ਵਿੱਚ ਫ਼ਲ 'ਚੋਂ ਲੱਭਿਆ ਬੀਜ।

ਸਾਗਰ ਵਿੱਚੋਂ ਭਾਫ਼ ਬਣ ਬੱਦਲ ਬਣੇ,
ਮੀਹ ਵਰ੍ਹੇ, ਬਰਫ਼, ਪਾਣੀ, ਨਦੀਆਂ, ਨਾਲੇ,
ਫਿਰ ਤੋਂ ਸਾਗਰ ਜਾ ਬਣੇ, ਕੁਦਰਤ ਹੈ ਕੀ ਚੀਜ਼।

ਸੂਰਜ ਦੀਆਂ ਕਿਰਨਾਂ, ਸੂਰਜ, ਲਹਿਰਾਂ, ਛੱਲਾਂ, ਬੁਲਬਲੇ, ਸਾਗਰ,
ਪੰਜਾਂ ਤੱਤਾਂ ਜੁੜਨਾ ਚਾਹਿਆ,
ਹਾਏ! ਬਿਖ਼ਰਨ ਦੀ ਰੀਝ।

ਧਰਤ, ਇਹ ਆਕਾਸ਼, ਪਤਾਲ, ਸ੍ਰਿਸ਼ਟੀ ਖੰਡ ਤੇ ਬ੍ਰਹਿਮੰਡ,
ਜਿਸ ਕਿਸੇ ਸ਼ਕਤੀ 'ਚੋਂ ਉਪਜੇ,
ਉਹ ਕੋਈ ਹੈ ਨਹੀਂ ਦੂਜ-ਤੀਜ।

•

# ਬੰਦਾ ਰੱਬ ਨੇ ਸਿਰਜਿਆ

ਸਾਚੇ ਸੱਚ ਦਾ ਸੇਕ ਸਿਰਜਿਆ, ਅਗਨੀ ਕੀਤੀ ਤਿਆਰ।
ਪਵਨ ਨਾ ਉਪਜੇ ਸੇਕ ਬਿਨ, ਮਿਟਦਾ ਨਾ ਅੰਧਿਆਰ।

ਜੇ ਪ੍ਰਕਾਸ਼ ਨਾ ਉਪਜਦਾ, ਰਹਿੰਦਾ ਧੁੰਦੂਕਾਰ।
ਪਵਨ ਤੋਂ ਪਾਣੀ ਉਪਜਿਆ, ਚਾਰੋਂ ਤਰਫ਼ ਬਹਾਰ।

ਧਰਤੀ ਮਾਂ ਦੇ ਗਰਭ ਵਿੱਚੋਂ, ਪ੍ਰਗਟਿਆ ਸੰਸਾਰ।
ਹਰ ਇਕ ਜੀਅ ਦਾ ਕੁਦਰਤੀ, ਹੋਵੇ ਕੋਈ ਆਕਾਰ।

ਬੰਦਾ ਰੱਬ ਨੇ ਸਿਰਜਿਆ, ਸ੍ਰਿਸਟੀ ਦਾ ਸਰਦਾਰ।
ਸੱਚ, ਝੂਠ ਪਰਖ਼ਣ ਲਈ, ਬਖ਼ਸ਼ੀ ਸੋਚ ਵਿਚਾਰ।

ਰਚਨਾ ਕਰਨੇ ਵਾਸਤੇ, ਦੇ ਦਿੱਤਾ ਅਧਿਕਾਰ।
ਰੱਬ ਨੂੰ ਸਿਰਜਣ ਵਾਸਤੇ, ਬੰਦਾ ਹੋ ਗਿਆ ਤਿਆਰ।

ਵੱਖ-ਵੱਖ ਰੱਬ ਬਣਾ ਲਏ, ਰੱਬ ਬੰਦੇ ਲਈ ਵਪਾਰ।
ਆਪਣੀ ਇਸ ਕਰਤੂਤ 'ਤੇ ਕੋਈ ਨਹੀਂ ਸ਼ਰਮਸਾਰ।
•

# ਗਿਆਨ

ਪੰਜ ਤੱਤਾਂ ਦਾ ਪੁਤਲਾ ਪੰਜ ਕਰਮ ਤੇ ਪੰਜ ਗਿਆਨ।
ਸਭ ਕੁੱਝ ਬਿਖ਼ਰ ਜਾਏਸੀ, ਜਦ ਨਿੱਕਲ ਜਾਸੀ ਜਾਨ।

ਮੈਂ ਮੁੱਕੀ ਤਾਂ ਮੁੱਕਣਾ ਮੋਹ ਮਮਤਾ ਦਾ ਜਾਲ,
ਤੂੰ-ਤੂੰ ਕਰ 'ਲਾ 'ਸੁੰਨੜਾ' ਹੋ ਕੇ ਅੰਤਰਧਿਆਨ।
•

# ਸ਼ਬਦ ਸ਼ਰਣ ਵਿੱਚ

ਸ਼ਬਦ ਗੁਰੂ ਸੰਪੂਰਣ ਸਤਿਗੁਰ ਪੂਰਣ ਗੁਰ ਅਵਤਾਰ।
ਸ਼ਬਦ ਸ਼ਰਣ ਵਿੱਚ ਆ ਜਾਵੇ ਤਾਂ ਤਰ ਜਾਵੇ ਸੰਸਾਰ।

ਗੀਤਾ, ਪੁਰਾਣ, ਕੁਰਾਨ ਜਾਂ ਬਾਈਬਲ ਸ਼ਬਦ ਬਿਨਾਂ ਨਾ ਬਣਦੇ,
ਸ਼ਬਦ ਸਿਆਣ ਲੈਣ ਸਾਰੇ ਤਾਂ ਮਿਟ ਜਾਵੇ ਅੰਧਕਾਰ।
•

# ਭਟਕਣ

ਸਚਿਆਰਾ ਸੱਚ ਲੱਭਦਿਆਂ ਫੋਲ੍ਹੇ ਧਰਤ, ਆਕਾਸ਼ ਬੜੇ,
ਛਾਣ ਮਾਰੀ ਸਭ ਦੁਨੀਆ ਲੇਕਿਨ ਕੁੱਝ ਵੀ ਥਿਆਇਆ ਨਾ।
ਧੂਫ਼-ਬੱਤੀਆਂ ਕਰਕੇ ਥਾਂ-ਥਾਂ ਅਲਖ਼ ਜਗਾਈ ਮੈਂ,
ਲੇਕਿਨ ਆਪਣੇ ਮਨ ਮੰਦਿਰ ਵਿੱਚ ਦੀਵਾ ਕਦੇ ਜਗਾਇਆ ਨਾ।

ਝਾੜੂ ਪੋਚੇ ਲਾਏ ਕਈਆਂ ਧਰਮ ਅਸਥਾਨਾਂ ’ਤੇ,
ਲੇਕਿਨ ਮਨ ਦੀ ਮੈਲ਼ ਮਿਟਾਵਣ ਵਾਲਾ ਧਰਮ ਨਿਭਾਇਆ ਨਾ।
ਦੁਨਿਆਵੀ ਵਸਤਾਂ ਕਬਜ਼ੇ ਵਿੱਚ ਬਹੁਤ ਕੀਤੀਆਂ ਮੈਂ,
ਪਰ ਲੋਭ, ਮੋਹ, ਹੰਕਾਰ ’ਤੇ ਕਬਜ਼ਾ ਕਰਨਾ ਚਾਹਿਆ ਨਾ।

ਲੋਕਾਂ ਨੂੰ ਜੀਵਨ ਦੀਆਂ ਮੱਤਾਂ ਦਿੰਦਾ ਫਿਰਿਆ ਮੈਂ,
ਪਰ ਮੈਨੂੰ ਆਪਣੇ ਆਪ ਉਮਰ ਭਰ ਜੀਣਾ ਆਇਆ ਨਾ।
ਸਚਿਆਰਾ ਸੱਚ ਲੱਭਦਿਆਂ ਫੋਲ੍ਹੇ ਧਰਤ, ਆਕਾਸ਼ ਬੜੇ,
ਛਾਣ ਮਾਰੀ ਸਭ ਦੁਨੀਆ ਲੇਕਿਨ ਕੁੱਝ ਵੀ ਥਿਆਇਆ ਨਾ।
•

# ਸ਼ਬਦ ਸ਼ਕਤੀ

ਸ਼ਬਦ ਬਣ ਬੰਦਿਆ! ਨਹੀਂ ਤਾਂ ਬੇਅਰਥ ਮਰ ਜਾਏਂਗਾ।
ਕੁੱਝ ਨਹੀਂ ਬਣਨਾ ਅਗਰ ਤੂੰ ਸ਼ਬਦ ਨਾ ਬਣ ਪਾਏਂਗਾ।

ਛਿਣਭੰਗਰੀਆਂ ਬੋਲੀਆਂ ਹਰ ਸ਼ੈ ਹੈ ਥ੍ਹੋੜਚਿਰੀ,
ਸ਼ਬਦਾਂ ਬਾਝੋਂ ਦੱਸ ਭਲਾ! ਕਿਸ ਨਾਂ ਨਾਲ ਜਾਣਿਆਂ ਜਾਏਂਗਾ।

ਸ਼ਬਦ ਸ਼ਕਤੀ ਕਰਕੇ ਹੀ ਸਭ ਸ਼ਕਤੀਆਂ ਬਣੀਆਂ,
ਸ਼ਬਦ ਨਾ ਹੋਵੇ ਤਾਂ ਫਿਰ ਇਨਸਾਨ ਕਿੰਝ ਕਹਿਲਾਏਂਗਾ।

ਸ਼ਬਦ ਦੱਸੇ ਪਾਪ-ਪੁੰਨ ਤੇ ਸ਼ਬਦਾਂ ਵਿੱਚ ਇਨਸਾਨੀਅਤ,
ਪਸੂ-ਪੰਛੀ ਵੀ ਤੂੰ ਸ਼ਬਦਾਂ ਨਾਲ ਹੀ ਕਹਿ ਪਾਏਂਗਾ।

ਸ਼ਬਦ ਦੇ ਲੜ ਲੱਗ ਕੇ ਸਿੱਖ 'ਲਾ ਸ਼ਬਦ ਨੂੰ ਵਰਤਣਾ,
ਸ਼ਬਦ ਜਾਮਾ ਪਾ ਲਿਆ ਤਾਂ ਅਮਰ ਪਦਵੀ ਪਾਏਂਗਾ।
•

# ਟੁੱਟੀ ਗੰਢ ਸਤਿਗੁਰ ਦੇ ਨਾਲ

ਇੱਕ ਪਿਤਾ ਦੇ ਕਈ ਬੱਚੇ ਹੋ ਸਕਦੇ ਨੇ,
ਪਰ ਇੱਕ ਬੱਚੇ ਦੇ ਕਈ ਬਾਪ ਨਹੀਂ ਹੋ ਸਕਦੇ।
ਇੱਕ ਗਰਭ 'ਚੋਂ ਕਈ ਬੱਚੇ ਜੰਮ ਸਕਦੇ ਨੇ,
ਪਰ ਇੱਕ ਜੀਵ ਨੂੰ ਕਈ ਗਰਭ ਨਹੀਂ ਢੋਅ ਸਕਦੇ।

ਇੱਕ ਵਿਸ਼ਵਾਸ਼ ਨਿਰੰਤਰ ਜਿਸ ਦੇ ਅੰਦਰ ਹੈ,
ਉਸ ਨੂੰ ਮਾੜੇ ਮੋਟੇ ਕਦੇ ਨਾ ਮੋਹ ਸਕਦੇ।
ਦਸ਼ਮ ਪਿਤਾ ਨੇ ਤਾਂ ਇੱਕ ਦੇ ਲੜ ਲਾਇਆ ਸੀ,
ਇੱਕ ਤੋਂ ਵੱਧ ਗ੍ਰੰਥ, ਗੁਰੂ ਨਹੀਂ ਹੋ ਸਕਦੇ।

ਪਾਕ ਪਵਿੱਤਰ ਕਈ ਗ੍ਰੰਥ ਹਾਜ਼ਰ, ਲੇਕਿਨ
ਗੁਰੂ ਬਰਾਬਰ ਰਲ ਕੇ ਨਹੀਂ ਖਲੋ ਸਕਦੇ।
ਰੋਜ਼ ਬੇਦਾਅਵੇ ਲਿਖਦੀ ਫਿਰਦੀ ਹੈ ਦੁਨੀਆ,
ਏਨੇ ਪਾਪ ਤਾਂ ਕਦੇ ਨਹੀਂ ਧੋ ਹੋ ਸਕਦੇ।

ਇੱਕ ਦੇ ਲੜ ਲੱਗਣ ਦਾ ਕੀ ਨੁਕਸਾਨ ਭਲਾ!
ਇੱਕ ਧਾਗੇ ਬਿਨ ਮਾਲ਼ਾ ਨਹੀਂ ਪਰੋ ਸਕਦੇ।
ਪਾੜ ਬੇਦਾਅਵੇ ਟੁੱਟੀ ਗੰਢ ਸਕਦੈ ਸਤਿਗੁਰ,
ਪਤਾ ਨਹੀਂ ਅਸੀ ਇੱਕ ਦੇ ਕਿਉਂ ਨਹੀਂ ਹੋ ਸਕਦੇ।

•

# ਜਹਾਨ

ਉੱਤਮ ਰਚਨਾ ਰੱਬ ਦੀ ਧਰਤੀ 'ਤੇ ਇਨਸਾਨ।
ਬੰਦੇ ਨੇ 'ਗਾਂਹ ਸਿਰਜਤਾ ਆਪਣਾ ਇੱਕ ਜਹਾਨ।

ਰੱਬ ਵਾਂਗੂੰ ਰਚਨਾ ਕਰੇ ਖੋਜੇ ਧਰਤ, ਆਕਾਸ਼,
ਰੱਬ ਬਣ-ਬਣ ਵੀ ਬੈਠਦਾ ਬੰਦਾ ਬੜਾ ਸ਼ੈਤਾਨ।

ਸਿਰਜਣਹਾਰ ਨੂੰ ਸਾਜਦਾ ਮਨ ਮਰਜ਼ੀ ਦੇ ਨਾਲ,
ਖ਼ੁਦ ਬੰਦਾ ਬਾਹਰਮੁਖੀ ਆਪੇ ਅੰਤਰਧਿਆਨ ।

ਕਿੰਨੀਆ ਦਾਤਾਂ ਬਖ਼ਸ਼ੀਆਂ! ਦਾਤੇ ਬਖ਼ਸ਼ਣਹਾਰ,
ਪਰ ਸਭ ਕੁੱਝ ਲੈ ਕੇ ਵੀ ਦੁਖੀ ਬੰਦਾ ਬੇਈਮਾਨ।

ਚਿਹਰਾ ਆਪਣਾ ਸੋਧਦਾ ਨਕਲੀ ਲਾਉਂਦਾ ਰੰਗ,
ਅਸਲੀ ਰੰਗ ਮਜੀਠ ਦਾ ਵੀ ਹੈ ਪੂਰਣ ਗਿਆਨ।

'ਸੁੰਨੜ' ਤੇ ਸੋਚੀਂ ਪਿਆ ਬੇਵਸ ਤੇ ਮਜਬੂਰ,
ਸਮਝ ਨਾ ਲੱਗੇ ਬੰਦੇ ਦਾ ਝੂਠ-ਤੂਫ਼ਾਨ।

•

# ਸੱਚ ਹੈ ਆਦਿ ਜੁਗਾਦਿ

ਉਸ ਸੱਚ ਦਾ ਕੀ ਖੋਜਣਾ ਜੋ ਸੱਚ ਹੈ ਆਦਿ ਜੁਗਾਦਿ,
ਭੁੱਲ ਨਹੀਂ ਸਕਦਾ ਕਦੇ ਜੋ ਉਸਨੂੰ ਕੀ ਕਰਨਾ ਯਾਦ।

ਖੋਜੀ ਖੋਜਾਂ ਖੋਜਦੇ, ਖੋਜਣ ਧਰਤ, ਆਕਾਸ਼,
ਉਸ ਤੱਕ ਕਿਸੇ ਨਾ ਪਹੁੰਚਣਾ ਸਭ ਵਕਤ ਕਰਨ ਬਰਬਾਦ।

ਮੂੰਹ ਭਨਾ ਕੇ ਪਰਤਣਾ ਹਰ ਮਛਲੀ ਦੀ ਜਾਤ,
ਪੱਥਰ ਦਾ ਕੀ ਚੱਟਣਾ ਕੀ ਆਉਣਾ ਉਸਦਾ ਸਵਾਦ।

ਜਿੰਨਾ ਸਰਪੱਟ ਭੱਜਦੇ ਓਨਾ ਜਾਵਣ ਦੂਰ,
ਉਸ ਤੱਕ ਕਿੱਤਰਾਂ ਪਹੁੰਚਣਾ ਜਿਸਦਾ ਅੰਤ ਨਾ ਆਦਿ।

ਭੁੱਲ-ਭੁੱਲਾਈਆਂ ਜ਼ਿੰਦਗੀ ਸਭ ਦੀ ਇਹ ਔਕਾਤ,
ਨਾ ਕਿਸੇ ਪਹਿਲਾਂ ਲੱਭਣਾ, ਨਾ ਲੱਭਣਾ ਕਿਸੇ ਬਾਅਦ।

•

## ਸ਼ਬਦਾਂ ਦੀ ਪਰਵਾਜ਼

ਸ਼ਬਦ ਦਾ ਨਾ ਜਨਮ ਨਾ ਕੋਈ ਮੌਤ ਹੈ, ਪਰ ਜਦੋਂ ਮੈਂ ਸਮਝਿਆ ਤਾਂ ਬੋਲਿਆ।
ਸ਼ਬਦ ਵਰਤਣ ਦੀ ਜਦੋਂ ਮੈਂ ਜੁਗਤ ਸਿੱਖੀ, ਸ਼ਬਦਾਂ ਰਾਹੀਂ ਫੇਰ ਮੈਂ ਦਿਲ ਖੋਲ੍ਹਿਆ।

ਬਿਖ਼ਰੀ ਹੋਈ ਜ਼ਿੰਦਗੀ, ਮਾਲਾ ਬਣੀ ਸ਼ਾਹਰਗ ਵਿੱਚ ਸ਼ਬਦਾਂ ਨੂੰ ਜਦੋਂ ਪਰੋ ਲਿਆ।
ਬਣ ਗਿਆ ਸਾਂ ਮੈਂ ਬੁਝਾਰਤ ਓਸ ਦਿਨ, ਜਦੋਂ ਵੀ ਮੈਂ ਕੋਈ ਸ਼ਬਦ ਲੁਕੋ ਲਿਆ।

ਸ਼ਬਦਾਂ ਨੇ ਹੀ ਓਸ ਦਿਨ ਕੀਤਾ ਜ਼ਲੀਲ, ਬੋਲਿਆ ਮੈਂ ਸ਼ਬਦ ਜਦ ਅਣਤੋਲਿਆ।
ਸ਼ਬਦਾਂ ਦੀ ਪਰਵਾਜ਼ ਦੇ ਹੀ ਆਸਰੇ ਧਰਤੀਆਂ ਤੇ ਅੰਬਰਾਂ ਨੂੰ ਛੋਹ ਲਿਆ।

ਸ਼ਬਦ ਸ਼ਕਤੀ ਨਾਲ ਹੀ ਤਾਂ ਬੰਦਿਆ! ਦੁਨੀਆ ਦੇ ਹਰ ਜੀਵ ਨੂੰ ਤੂੰ ਮੋਹ ਲਿਆ।।

•

## ਕਥਾ

ਆਪੋ-ਆਪਣੀ ਗੱਲ ਕਰਨ ਲਈ, ਬੜੀ ਦੁਹਾਈ ਪਾਉਂਦੇ ਲੋਕ।
ਕੌਣ ਸ਼ਗਿਰਦ ਬਣੇ ਸਭਨਾਂ ਦਾ, ਸਭ ਉਸਤਾਦ ਕਹਾਉਂਦੇ ਲੋਕ।

ਆਪਣਾ-ਆਪਣਾ ਰੱਬ ਸਭਨਾਂ ਦਾ, ਰਾਖੇ ਆਪੋ-ਆਪਣੇ ਰੱਬ ਦੇ।
ਆਪੋ-ਆਪਣੇ ਫ਼ਤਵੇ ਲਾ ਕੇ, ਰੱਬ ਦੀ ਬਲੀ ਚੜ੍ਹਾਉਂਦੇ ਲੋਕ।

ਕੁੱਝ ਇੱਕ ਹਰਫ਼ ਪੜ੍ਹਨ ਦੇ ਖਾਤਰ, ਉਮਰ ਬੀਤ ਗਈ ਸੋਚਦਿਆਂ।
ਜੋ ਖ਼ੁਦ ਆਪ ਨਾ ਪੜ੍ਹ ਸਕੇ, ਲੋਕਾਂ ਨੂੰ ਸਬਕ ਪੜ੍ਹਾਉਂਦੇ ਲੋਕ।

ਰਟ ਰੱਖੀਆਂ ਨੇ ਲੋਕਾਂ ਨੇ, ਕਈ ਗੁਣ-ਗਿਆਨ ਦੀਆਂ ਗੱਲਾਂ।
ਬੜੇ ਸਰੋਤੇ ਗਹੁ ਨਾਲ ਸੁਣਦੇ, ਤਾਹੀਓਂ ਕਥਾ ਸੁਣਾਉਂਦੇ ਲੋਕ।

•

# ਪ੍ਰੇਮ ਸਮੁੰਦਰ

ਪ੍ਰੇਮ ਸਮੁੰਦਰ ਵਿੱਚ ਜੋ ਵੜਿਆ ਵਾਪਿਸ ਕਦੇ ਨਾ ਆਇਆ।
ਖੁਰ ਗਿਆ ਲੂਣ ਦਾ ਪੁਤਲਾ ਲੇਕਿਨ ਕੁੱਝ ਨਾ ਉਸਨੂੰ ਥਿਆਇਆ।

ਪ੍ਰੇਮ ਸ਼ੁਰੂ ਹੋ ਜਾਂਦਾ ਪਰ ਅੱਜ ਤੱਕ ਨਾ ਕਿਸੇ ਮੁਕਾਇਆ।
ਭਗਤੀ ਦੀ ਕੋਈ ਕਥਾ ਨਾ ਹੁੰਦੀ, ਭਗਤਾਂ ਨੇ ਸਮਝਾਇਆ।

ਗਿਆਨ ਦੇ ਕਚਰੇ ਨੇ ਅੱਜ ਤੱਕ ਨਾ ਕੋਈ ਅਗਿਆਨ ਮਿਟਾਇਆ।
ਜੋ ਸੱਚ-ਮੁੱਚ ਦਿਲ ਵਿੱਚ ਬੈਠਾ ਉਹ ਕਦੇ ਨਾ ਗਿਆ ਭੁਲਾਇਆ।

ਸੱਚੀਂ ਤੇਰੇ ਦਰ 'ਤੇ ਨੱਚ ਕੇ ਮਜ਼ਾ ਬਹੁਤ ਹੀ ਆਇਆ।
ਹਾਰੀ-ਸਾਰੀ ਨੂੰ ਜੋ ਮਿਲ ਜਾਏ ਉਹ ਕਾਹਦਾ ਸਰਮਾਇਆ।

ਮੁਕਤ ਅਜੇ ਤਕ ਕੋਈ ਨਾ ਹੋਇਆ ਹਰ ਇੱਕ ਨੇ ਹੀ ਚਾਹਿਆ।।

•

# ਧਾਰਮਿਕਤਾ

ਤਹਿ ਦਿਲੋਂ ਤੇਰੇ ਕੋਲ ਮੈਂ ਇਜ਼ਹਾਰ ਕਰਦਾ ਹਾਂ।
ਕਿ ਧਾਰਮਿਕ ਦੁਨੀਆ ਦਾ ਮੈਂ ਸਤਿਕਾਰ ਕਰਦਾ ਹਾਂ।

ਮੈ ਪੜ੍ਹਿਆ, ਸੁਣਿਆ, ਮੰਨਿਆ ਜਦ ਵੀ ਧਰਮ ਨੂੰ।
ਸੱਚੀਂ ਚੰਗਾ ਲੱਗਿਆ, ਕਰਦਿਆਂ ਇਸ ਕਰਮ ਨੂੰ।

ਪਰ ਠੇਕੇਦਾਰੀ ਧਰਮ ਦੀ ਮੈਂ ਕਰ ਨਹੀਂ ਸਕਦਾ।
ਆਪਣੀ ਜ਼ਮੀਰੋਂ ਕਦੇ ਵੀ ਮੈਂ ਮਰ ਨਹੀਂ ਸਕਦਾ।

ਕਿਉਂਕਿ ਭੁੱਖ ਵੀ ਲੱਗਦੀ ਹੈ ਮੈਨੂੰ ਪਿਆਸ ਵੀ।
ਤੇ ਨਾਲੇ ਦਿਲ ਨੇ ਛੱਡੀ ਨਹੀਂ ਅਜੇ ਤੱਕ ਆਸ ਵੀ।

ਤੋਤੇ ਦੀ ਅੱਖ ਵਾਂਗ ਅੱਖ ਵਿੱਚ ਆਸ ਹੈ ਹਾਲੇ।
ਕਦੇ ਤਾਂ ਕੋਈ ਮਿਲੇਗਾ ਵਿਸ਼ਵਾਸ ਹੈ ਹਾਲੇ।

•

# ਨਵਾਂ ਸਾਲ ਮੁਬਾਰਕ

ਤੈਨੂੰ ਵੀ, ਮੈਨੂੰ ਵੀ ਤੇ ਆਪਾਂ ਸਾਰਿਆਂ ਨੂੰ-:

ਸ਼ੁਕਰ ਹੈ ਹਰ ਦਿਨ ਦਾ ਤੇ ਸ਼ੁਕਰ ਹੈ ਹਰ ਪਹਿਰ ਦਾ
ਹਰ ਗਲੀ ਦਾ ਹਰ ਮਹੱਲੇ ਅਤੇ ਹਰ ਇੱਕ ਸ਼ਹਿਰ ਦਾ
ਦੁੱਖ-ਸੁੱਖ ਤਾਂ ਦੋਵੇਂ ਹੀ ਵਸਤਰ ਨੇ ਸਾਡੇ ਦੋਸਤਾ!
ਸ਼ੁਕਰ ਕਰੀਏ ਸਾਰੇ ਮਿਲ ਕੇ ਵਾਹਿਗੁਰੂ ਦੀ ਮਿਹਰ ਦਾ।

ਰੀਂਘਦੇ ਫਿਰਦੇ ਨੇ ਕਿੰਨੇ ਜੀਵ ਕੋਈ ਹਿਸਾਬ ਨਾ
ਪਾਤਾਲਾਂ ਵਿੱਚ ਜੀਵ ਗਿਣਤੀ ਦੀ ਕੋਈ ਕਿਤਾਬ ਨਾ
ਆਸਮਾਂ ਦੇ ਉਡਦਿਆਂ ਕੌਣ ਦਿੰਦਾ ਹੈ ਮੁਬਾਰਕ
ਦਿਲ ਦਾ ਜਾਨੀ ਹੀ ਦਵੇ ਖਿੜਿਆ ਫੁੱਲ ਗੁਲਾਬ ਦਾ।

ਸਾਂਝ ਭਿਆਲੀ ਹੋਰ ਪੱਕੀ ਕਰਨ ਦੀ ਇੱਕ ਆਸ ਹੈ
ਕਲਮਾਂ ਦੀ ਸਾਡੀ ਸਾਂਝ ਵਧਦੀ ਰਹੇਗੀ ਵਿਸ਼ਵਾਸ ਹੈ
ਨਵੇਂ ਸਾਲ ਵਿੱਚ ਹੋਰ ਲਾਗੇ ਹੋਣ ਦੀ ਇੱਕ ਰੀਝ ਹੈ
ਕਲਮਾਂ ਵਾਲੇ ਦੋਸਤਾਂ ਲਈ ਤਹਿ ਦਿਲੋਂ ਅਰਦਾਸ ਹੈ।

ਰੱਬ ਕਰੇ ਕਲਮਾਂ 'ਚੋਂ ਆਉਂਦੀ ਮਹਿਕ ਬਸ! ਆਉਂਦੀ ਰਹੇ
ਸੋਹਣੇ-ਸੋਹਣੇ ਫੁੱਲ ਫੁਲਵਾੜੀ 'ਚ ਨਿੱਤ ਲਾਉਂਦੀ ਰਹੇ
ਭੁੱਖ ਹੈ 'ਸੁੰਨੜ' ਸਭ ਦੇ ਹੋਰ ਲਾਗੇ ਹੋਣ ਦੀ
ਰੀਝ ਮੇਰੀ ਰੱਬ ਕਰੇ ਸਭ ਨੂੰ ਇਹ ਭੁੱਖ ਲਾਉਂਦੀ ਰਹੇ।

ਸੁਪਨਾ ਤਾਂ ਸੁਪਨਾ ਹੈ ਫਿਰ ਵੀ ਸੁਪਨਾ ਮੇਰਾ ਯਾਰ ਹੈ
ਸੁਪਨਿਆਂ ਦੇ ਆਸਰੇ ਤਾਂ ਵਸ ਰਿਹਾ ਸੰਸਾਰ ਹੈ
ਉਹ ਵੀ ਕਾਹਦਾ ਦਿਲ ਹੈ ਜਿਸਦਾ ਕੋਈ ਵੀ ਸੁਪਨਾ ਨਹੀਂ
ਆਉਂਦੇ-ਜਾਂਦੇ ਰਹੋ ਜੀ! ਆਪਣਾ ਤਾਂ ਇੱਕ ਪਰਿਵਾਰ ਹੈ।

•

# ਆਦਮ ਤੇ ਅਵਤਾਰ

ਕੋਈ ਬੰਦਾ ਨਹੀਂ ਸਤਿਯੁਗੀ ਆਦਮ ਨਾ ਅਵਤਾਰ।
ਸਤਿਯੁਗ ਤਾਂ ਸਤਿਕਾਰ ਹੈ ਜਾਂ ਫਿਰ ਅਪਰ ਅਪਾਰ।

ਤ੍ਰੇਤੇ ਯੁੱਗ ਵਿੱਚ ਪ੍ਰਗਟਿਆ ਸ੍ਰਿਸ਼ਟੀ ਵਿੱਚ ਨਿਰੰਕਾਰ।
ਰੱਬ ਬਣ ਕੇ ਰੱਬ ਵਿਚਰਿਆ ਸੱਚੋ-ਸੱਚ ਸਚਿਆਰ।

ਦੁਆਪਰ ਵਿੱਚ ਦੁਬਿਧਾ ਬਣੀ ਨਿਪਟੇ ਕ੍ਰਿਸ਼ਨ ਮੁਰਾਰ।
ਧਰਮ ਦਾ ਝੰਡਾ ਝੁੱਲਿਆ ਤੇ ਬਦੀ ਦੀ ਹੋਈ ਹਾਰ।

ਕਲਯੁਗ ਦੇ ਵਿੱਚ ਝੂਠ ਦਾ ਪਸਰ ਗਿਆ ਪਾਸਾਰ।
ਸਤਿਗੁਰ ਨਾਨਕ ਸ਼ਬਦ ਨਾਲ ਕਰਿਆ ਪਾਰ ਉਤਾਰ।

ਸ਼ਬਦ ਬਿਨਾ ਸੋਝੀ ਨਹੀਂ ਨਾ ਅੰਦਰ ਨਾ ਬਾਹਰ।
ਪੂਰਣ ਸੱਚ ਇੱਕ ਸ਼ਬਦ ਹੈ ਸ਼ਬਦ ਦੇ ਲੜ ਲੱਗ ਯਾਰ!

•

# ਗੰਦਲਾਂ

ਬਾਂਝ ਰਹਿ ਜਾਵੇ ਕੋਈ ਜ਼ਰਖੇਜ਼ ਧਰਤੀ, ਇਸ ਡਰੋਂ,
ਗੰਦਲਾਂ ਉੱਗੀਆਂ ਤਾਂ ਬਸ! ਅੱਜ ਵੀ ਮਰੇ ਕੱਲ ਵੀ ਮਰੇ।

ਡੀਕ ਜਾਵਣਗੇ ਤਿਹਾਏ ਸਾਗਰ ਪਲਾਂ ਦੇ ਵਿੱਚ,
ਤ੍ਰਿਹਾਈਆਂ ਨਜ਼ਰਾਂ ਦੀ ਤਾਕਤ ਦੇਖ ਕੇ ਸਾਗਰ ਡਰੇ।

ਇਸ ਡਰੋਂ ਕਿ ਭੁੱਖਿਆਂ ਨੇ ਨਿਗਲਣਾ ਜਦ ਵੀ ਮਿਲੇ
ਜਨਮ ਤੋਂ ਪਹਿਲਾਂ ਹੀ ਦਮ ਤੋੜੇ, ਖ਼ੁਦਕੁਸ਼ੀ ਖ਼ੁਦ ਕਰੇ।

ਜੀਵ-ਜੰਤੂ ਬਹੁਤ ਨੇ ਸਾਗਰ ਦੀਆਂ ਗਹਿਰਾਈਆਂ ਵਿੱਚ,
ਹਰ ਕੋਈ ਕੰਢਿਆਂ ਤੋਂ ਬਾਹਰ ਦੀ ਤਪਸ਼ ਕੀਕਣ ਜਰੇ।

ਕਹਿ ਨਹੀਂ ਸਕਦੇ ਕਿ ਕਿੰਨੀ ਭੁੱਖ ਹੈ ਵਰਤੀ ਹੋਈ,
ਦੁਨੀਆ ਦੀ ਭੁੱਖ ਸੁਣਨ ਵਿੱਚ ਆਇਆ ਪਰ੍ਹੇ ਤੋਂ ਹੈ ਪਰ੍ਹੇ

ਸਿੱਕਾ ਚੱਲ ਜਾਵੇ ਤਾਂ ਮੰਡੀਆਂ ਦੀ ਭਲਾ! ਕੀ ਜ਼ੁਅਰਤ ਹੈ,
ਟਣਕਦੇ ਫਿਰਦੇ ਨੇ ਇੱਕੋ ਮੁੱਲ ਵਿੱਚ ਖੋਟੇ-ਖ਼ਰੇ।

ਕਲਮ ਗੁੰਗੀ ਹੋ ਗਈ ਡਰਦੀ ਕਲਮ ਕਰ ਦੇਣਗੇ,
ਓਨੇ ਕੁ ਬੋਲੇ ਬੋਲ ਬਸ! ਜਿੰਨੇ ਕੁ ਅੱਜ ਮੈਥੋਂ ਸਰੇ।

ਦੁਸ਼ਟ ਜੀਂਦੇ ਰਹਿਣ ਜਾਂ ਮਰ ਜਾਣ, ਸੋਚੀਂ ਬਾਅਦ ਵਿੱਚ,
ਮਾਂ ਮਰੇ ਦੁਸ਼ਟਾਂ ਦੀ ਕੋਈ ਹੋਰ ਨਾ ਉਹ ਜੰਮ ਧਰੇ।

•

# ਬਿਨ ਸਿਰਲੇਖੋਂ

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ 'ਕੱਠੇ ਕੌਣ ਕਰੇ।
ਹਰ ਪੱਤਰ 'ਤੇ ਸ਼ਬਦ ਉਲੀਕੇ,
ਪੱਤਰ 'ਕੱਠੇ ਕੌਣ ਕਰੇ।

ਦਿਲ ਦੀ ਵੇਦਨ ਕੋਈ ਨਾ ਜਾਣੇ,
ਕੌਣ ਪਰਾਏ ਜ਼ਖ਼ਮ ਪਛਾਣੇ।
ਹਰ ਦਿਲ ਪਹਿਲਾਂ ਹੀ ਜ਼ਖ਼ਮੀ ਹੈ,
ਕਿਸੇ ਦੀ ਪੀੜਾ ਕੌਣ ਹਰੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ 'ਕੱਠੇ ਕੌਣ ਕਰੇ... ... ...।

ਹਰ ਸੋਹਣੀ ਮੁਟਿਆਰ ਵੀ ਕਵਿਤਾ,
ਕਦੇ-ਕਦੇ ਤਲਵਾਰ ਵੀ ਕਵਿਤਾ।
ਪਰ ਹਰ ਕਵਿਤਾ ਖਿੱਲਰੀ ਹੋਈ,
ਕਿਸਦੀ ਹਾਮੀ ਕੌਣ ਭਰੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ 'ਕੱਠੇ ਕੌਣ ਕਰੇ... ... ...।

ਹਰ ਜ਼ਾਲਿਮ, ਜ਼ਾਲਿਮ ਤੋਂ ਡਰਦਾ,
ਹਰ ਪਾਪੀ, ਪਾਪਾਂ ਦਾ ਬਰਦਾ।

ਸੱਚ ਦੀ ਬੋਲੀ ਪਾ ਕੇ ਫਿਰ,
ਅਣਿਆਈ ਮੌਤੇ ਕੌਣ ਮਰੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ 'ਕੱਠੇ ਕੌਣ ਕਰੇ... ... ...।

ਹੁਸਨ ਜੇ ਦੇਖੋ! ਹੁਸਨ ਬੇਕਾਬੂ,
ਇਸ਼ਕ ਜੇ ਤੱਕੋ! ਇਸ਼ਕ ਬੇਕਾਬੂ,
ਇਹ ਉਲਫ਼ਤ ਦੇ ਜਾਏ ਘੋੜੇ,
ਵਾਗਾਂ ਜਾ ਕੇ ਕੌਣ ਫੜੇ।

ਬਿਨ ਸਿਰਲੇਖੋਂ ਕਵਿਤਾ ਖਿੱਲਰੀ,
ਅੱਖਰ 'ਕੱਠੇ ਕੌਣ ਕਰੇ।
ਹਰ ਪੱਤਰ ਤੇ ਸ਼ਬਦ ਉਲੀਕੇ,
ਪੱਤਰ ਕੱਠੇ ਕੌਣ ਕਰੇ।
•

# ਐਨਕ

ਤੇਰੀ ਐਨਕ ਕਿੱਥੇ ਗਈ
ਬਿਨਾ ਐਨਕ
ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।

ਕੰਧਾਂ ਕੌਲ਼ਿਆਂ ਵਿੱਚ ਵਜਦਾ ਫਿਰਦੈਂ
ਤੂੰ ਸੁੱਖ ਵਾਸਤੇ ਵਸਤਾਂ ਬਣਾਈਆਂ ਜੋ
ਗੋਡਿਆਂ ਵਿੱਚ ਵਜਦੀਆਂ ਤੇਰੇ।

ਤੇਰੀ ਐਨਕ ਕਿੱਥੇ ਗਈ
ਘਰ ਵਿੱਚ ਹੀ ਕਿੱਧਰੇ ਰੱਖ ਬੈਠਾ ਹੋਏਂਗਾ
ਯਾਦ ਕਰ ਸ਼ਾਇਦ ਜਦੋਂ ਤੂੰ,
ਘੁੱਗੀਆਂ ਦੇ ਬੱਚਿਆਂ ਨੂੰ ਮਾਰਦਾ ਸੀ।
ਉਸ ਵਕਤ ਤੇਰੇ ਤੋਂ ਕਿੱਧਰੇ ਰੱਖ ਹੋ ਗਈ।

ਸੁਣਿਆਂ! ਤੂੰ ਸੰਗ ਲਾਹ ਕੇ ਰੱਖ ਦਿੰਦਾ ਸੀ
ਮਨ ਆਈਆਂ ਜਦੋਂ ਕਰਦਾ
ਕੀ ਕਰੇਂਗਾ ਐਨਕ ਬਿਨਾ
ਐਨਕ ਬਿਨਾ ਕੁੱਝ ਨਜ਼ਰ ਨਹੀਂ ਆਉਂਦਾ

ਤੇਰੀ ਐਨਕ ਕਿੱਥੇ ਗਈ
ਐਨਕ ਬਿਨਾ ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।
ਐਨਕ ਬਿਨਾ ਐਨਕ ਤੂੰ ਆਪਣੀ ਕਿਵੇਂ ਲੱਭੇਂਗਾ।

•

# ਦੁਆ

ਰੱਬ ਤੋਂ ਮੰਗਣਾ ਸੀ ਤਾਂ ਸੱਜਣਾ! ਸ਼ਬਦ ਚਾਰ ਮੰਗ ਲੈਂਦਾ,
ਮੈਨੂੰ ਜੇ ਆਵਾਜ਼ ਮਾਰਦਾ ਤਾਂ ਮੈਂ ਨੱਠਿਆ ਆਉਂਦਾ।
ਸੁਰਤੀ, ਬਿਰਤੀ, ਨੈਣ੍ਹ-ਨਕਸ਼ ਸਭ ਰੱਬ ਦੀਆਂ ਦਿੱਤੀਆਂ ਦਾਤਾਂ,
ਸਾਡਾ ਸਭ ਕੁੱਝ ਅਰਪਣ ਰੱਖ ਲੈ! ਜੋ ਤੇਰੇ ਮਨ ਭਾਉਂਦਾ।

ਲੋਕ ਕਰਨ ਅਰਦਾਸ ਜੋ ਸ਼ੈ ਲੱਭਿਆਂ ਨਾ ਮਿਲਦੀ ਹੋਵੇ,
ਅਸੀਂ ਤੇ ਤਰਸ-ਤਰਸ ਕੇ ਮਰ ਗਏ ਕਦ ਕੋਈ ਗਲ਼ ਲਾਉਂਦਾ।
ਤੇਰੇ ਦਿਲ ਦੀ ਧੜਕਣ ਧਰਤੀ ਦੇ ਦੂਜੇ ਪਾਸੇ ਸੁਣਦੀ,
ਮੇਰਿਆਂ ਗੀਤਾਂ ਦੇ ਵਿੱਚੋਂ ਸੁਣ ਲੈ! ਜੋ ਤੇਰਾ ਮਨ ਚਾਹੁੰਦਾ।

ਪਤਾ ਨਹੀਂ ਕਿੰਨਾ ਚਿਰ ਤੱਕ ਮੈਂ ਗੀਤ ਲਿਖੀ ਜਾਊਗਾ,
ਠੰਡਾ ਹੋ ਜਾਏ ਜਿਸਮ ਜਦੋ ਤਾਂ ਫਿਰ ਕੋਈ ਨਹੀਂ ਗਾਉਂਦਾ।
ਰੱਬ ਤੋਂ ਮੰਗਣਾ ਸੀ ਤਾਂ ਸੱਜਣਾ! ਸ਼ਬਦ ਚਾਰ ਮੰਗ ਲੈਂਦਾ,
ਮੈਨੂੰ ਜੇ ਆਵਾਜ਼ ਮਾਰਦਾ ਤਾਂ ਮੈਂ ਨੱਠਿਆ ਆਉਂਦਾ।

•

# ਮਜ਼ਬੂਰੀ

ਥੱਕ ਜਾਣਾ ਕੋਈ ਜੱਗੋ ਬਾਹਰੀ ਗੱਲ ਨਹੀਂ ਹੈ,
ਬਹੁਤਾ ਚਿਰ ਨਹੀਂ ਪਿੱਛੇ-ਪਿੱਛੇ ਭੱਜਿਆ ਜਾਂਦਾ।

ਕੋਈ ਹੁੰਘਾਰਾ ਹੀ ਨਾ ਮਿਲਦਾ ਹੋਵੇ ਅੱਗਿਓਂ,
ਸਾਰੀ ਉਮਰ ਤੇ ਕੰਧਾਂ ਵਿੱਚ ਨਹੀਂ ਵੱਜਿਆ ਜਾਂਦਾ।

ਦਿਸਣ ਲੱਗ ਪੈਂਦੇ ਨੇ ਜ਼ਖ਼ਮਾਂ ਦੀ ਆਦਤ ਹੈ,
ਮਲ੍ਹਮ-ਪੱਟੀ ਕਰਨ ਬਿਨਾ ਨਹੀਂ ਕੱਜਿਆ ਜਾਂਦਾ।

ਸੁਰਖ਼ੀ, ਬਿੰਦੀ ਲਾਉਣ ਦਾ ਵੀ ਕਾਰਣ ਹੁੰਦਾ ਹੈ,
ਦੇਖਣ ਵਾਲੇ ਬਿਨਾ ਕਦੇ ਨਹੀਂ ਸਜਿਆ ਜਾਂਦਾ।

ਜਿੰਨਾ ਚਿਰ ਜਿਉਂਦੇ ਹਾਂ ਭੁੱਖ ਤਾਂ ਲੱਗਣੀ ਹੀ ਹੈ,
ਸੱਚੀ ਗੱਲ ਹੈ ਖਾਣ ਬਿਨਾ ਨਹੀਂ ਰੱਜਿਆ ਜਾਂਦਾ।

ਹਰ ਕਾਰਜ ਦਾ ਵਿਧੀ-ਵਿਧਾਨ ਜ਼ਰੂਰੀ ਹੁੰਦੈ,
ਬਿਨ ਪਾਣੀ ਦੇ ਬੱਦਲਾ ਤੋਂ ਨਹੀਂ ਗੱਜਿਆ ਜਾਂਦਾ।

•

# ਪੂਜਾ

ਫਿਰ ਕੀ ਹੋਇਆ ਜੇ ਤੇਰਾ ਸਾਥ ਨਹੀਂ ਕੋਈ,
ਤੇਰੀ ਸਾਰੀ ਦੁਨੀਆ ਤੇਰੇ ਅੰਦਰ ਹੈ।
ਕਿਸੇ ਦੀ ਪੂਜਾ ਕਰਨ ਦਾ ਮੌਕਾ ਨਹੀਂ ਮਿਲਿਆ,
ਫਿਰ ਕੀ ਹੋਇਆ ਦਿਲ ਵੀ ਤੇਰਾ ਮੰਦਰ ਹੈ।

ਆਪਣਾ ਨਹੀਂ ਕੋਈ ਬਣ ਸਕਿਆ ਚੱਲ ! ਉਹ ਜਾਣੇ,
'ਕੱਲਿਆ ਆਖ਼ਰ ਜਾਣਾ, ਚਾਹੇ ਸਿਕੰਦਰ ਹੈ।
ਫੜਨ ਦੀ ਵਿਧ ਜਾਣੇ ਇਹ ਦੁਨੀਆ ਹਰ ਇੱਕ ਨੂੰ,
ਦਰ-ਦਰ ਨੱਚਣਾ ਪੈਣਾ ਜੱਗ ਕਲੰਦਰ ਹੈ।

•

# ਨੀਵੇਂ ਰੁੱਖਾਂ ਦੇ ਫ਼ਲ

ਦਰਿਆਵਾਂ ਦਾ ਪਾਣੀ ਭੱਜ-ਭੱਜ ਸਾਗਰ ਵੱਲ ਨੂੰ ਜਾਵੇ,
ਸਾਗਰ 'ਤੇ ਤਾਂ ਧੂੜ ਪਵੇ ਉਹ ਵੀ ਸਾਗਰ ਬਣ ਜਾਵੇ।
ਉੱਚੀਆਂ ਟੀਸੀਆਂ ਉੱਤੇ ਤਾਂ ਕੰਡੇ ਵੀ ਨਹੀਂ ਜੰਮ ਸਕਦੇ,
ਪਾਣੀ ਵਗੇ ਨਿਵਾਣਾਂ ਵੱਲ ਨੂੰ, ਉੱਪਰ ਵੱਲ ਨਾ ਜਾਵੇ।

ਹਵਾ ਦਾ ਰਸਤਾ ਰੋਕ ਸਕਣ ਦੀ ਤਾਕਤ ਰੱਖਦੇ ਪਰਬਤ,
ਪਰ ਬਰਫ਼ ਬਣ ਗਿਆ ਪਾਣੀ ਵੀ ਨਾ ਪਰਬਤ ਵਿੱਚ ਸਮਾਵੇ।
ਨਿਵੇ ਸੋ ਗਉਰਾ ਹੋਵੇ 'ਸੁੰਨੜਾ' ਸੱਚ ਲਿਖਿਆ ਬਾਣੀ ਵਿੱਚ,
ਨੀਵਿਆਂ ਰੁੱਖਾਂ ਦੇ ਫ਼ਲ ਮਿੱਠੇ ਸਿੰਬਲ ਕੋਈ ਨਾ ਖਾਵੇ।

•

# ਜ਼ੋਰਾਵਰ

ਦੁੱਧ, ਮਲਾਈਆਂ ਤੇਰੀਆਂ ਤਾਂ ਜ਼ੋਰਾਵਰਾਂ ਨੇ ਚੱਟ ਲਈਆਂ,
ਤੇਰੀ ਰਹਿੰਦ-ਖੂੰਹਦ ਵੀ ਮਿਲ ਗਈ ਤਾਂ ਵੀ ਸ਼ਗਨ ਮਨਾਵਾਂਗੇ।
ਸੂਹੇ ਰੰਗ ਮਾਣ ਗਏ ਪੰਛੀ, ਤੂੰ ਹੁੰਦੀ ਸੀ ਜਦੋਂ ਦੁਪਹਿਰਖਿੜੀ।
ਸ਼ਾਮ ਢਲੀ ਫੁੱਲ ਵਿੱਚ ਬਹਿ ਕੇ, ਤੇਰੀ ਬੁੱਕਲ ਵਿੱਚ ਮਰ ਜਾਵਾਂਗੇ।

ਤੇਰੇ ਹਾਸਿਆਂ ਵਿੱਚ ਹੱਸਣ ਲਈ ਇੱਕ-ਦੂਜੇ ਵਿੱਚ ਵੱਜੇ ਲੋਕ,
ਤੈਨੂੰ 'ਕੱਲਿਆ ਬਹਿ ਕੇ ਰੋਂਦੀ ਨੂੰ ਇਕ ਵਾਰ ਜਰੂਰ ਹਸਾਵਾਂਗੇ।
ਪੂਰਣਮਾਸ਼ੀ ਦੇ ਚੰਨ ਨੂੰ ਤਾਂ ਚਾਹੁਣ ਵਾਲੇ ਸੀ ਕਈ ਚਕੋਰ,
ਸਾਨੂੰ ਪਲਾਂ-ਛਿਣਾਂ ਲਈ ਦਿਸ ਗਿਓਂ ਤਾਂ ਵੀ ਈਦ ਮਨਾਵਾਂਗੇ।

•

# ਮਾਇਆ ਨਗਰੀ

ਮਾਇਆ ਨਗਰੀ ਦੇ ਵਾਸੀ ਸੱਜਣ ਸਾਡੇ
ਪੈਸੇ ਬਿਨ ਪੱਤਾ ਵੀ ਜਿੱਥੇ ਨਹੀਂ ਹਿੱਲਦਾ।
ਤਨ-ਮਨ ਤਾਂ ਸਾਡਾ ਹਰ ਵੇਲੇ ਹਾਜ਼ਰ ਹੈ,
ਪਰ ਧਨ ਬਿਨ ਤੇਰੇ ਸ਼ਹਿਰ 'ਚ ਕੁੱਝ ਵੀ ਨਹੀਂ ਮਿਲਦਾ।

ਦਿਲ ਨਾਲ ਦਿਲ ਵਟਾਉਣ ਵਾਲੇ ਦਿਨ ਨਹੀਂ ਰਹੇ,
ਸੌਦੇਬਾਜ਼ੀ ਹੋ ਗਿਆ ਹੁਣ ਸੌਦਾ ਦਿਲ ਦਾ।
ਸਾਡਾ ਸਭ ਕੁੱਝ ਅਰਪਣ ਕਰਕੇ ਵੀ ਸੱਜਣਾ!
ਇੰਤਜ਼ਾਮ ਨਾ ਹੋ ਸਕਿਆ ਤੇਰੇ ਬਿਲ ਦਾ।

•

# ਪੈਸੇ ਦੀ ਭੁੱਖ

ਜੀਵਨ ਦੇ ਗੁਜਰਾਨ ਵਾਸਤੇ ਧਨ, ਦੌਲਤ ਕਮਾਈਦੀ,
ਸੁੱਖ ਦੀਆਂ ਵਸਤਾਂ ਲੈਣ ਲਈ, ਮਾਇਆ ਦੀ ਬਲੀ ਚੜ੍ਹਾਈਦੀ।
ਮਾਇਆ ਜੀਵਨ ਦੀ ਪਗੜੀ ਨੂੰ ਮਾਇਆ ਲਾਉਣੀ ਪੈਂਦੀ,
ਭੱਜ-ਨੱਠ ਕਰਕੇ ਜੋੜੀ ਪੂੰਜੀ, ਵਸਤਾਂ ਨਾਲ ਵਟਾਈਦੀ।

ਜਿਸ ਲਈ ਪੈਸਾ ਸੁੱਖ ਸਾਧਨ, ਉਹ ਸ਼ੁਕਰ ਕਰੇ ਦਾਤੇ ਦਾ,
ਜੀਵਨ ਨਰਕ ਬਣਾਉਣ ਲਈ ਪੈਸੇ ਦੀ ਭੁੱਖ ਵਧਾਈਦੀ।
ਭੁੱਖ ਤੇ ਦੁੱਖ ਦੀਆਂ ਸਭ ਲੜਾਈਆਂ, ਹਓਮੈਂ ਦੇ ਸਭ ਝਗੜੇ,
ਦੋ ਵੇਲੇ ਰੋਟੀ ਤਾਂ 'ਸੁੰਨੜਾ' ਹਰ ਹਾਲਤ ਵਿੱਚ ਖਾਈਦੀ।

•

# ਵਾਟ

ਖ਼ਾਲੀ ਹੱਥੀਂ ਆਇਆ ਸੀ ਤੂੰ, ਖ਼ਾਲੀ ਹੱਥੀਂ ਜਾਏਂਗਾ।
ਪਿੱਛੇ ਰਹਿ ਜਾਣੇ ਨੇ ਬਸ! ਜਿਹੜੇ ਕਰਮ ਕਮਾਏਂਗਾ।

ਜ਼ਿੰਦਗੀ ਵਿੱਚ ਜੋ ਵੀ ਕਰੇਂਗਾ, ਤੇਰਾ ਨਾਮ ਬਣੂੰ,
ਆਪਣੇ ਹੱਥੀਂ ਤੂੰ ਜਿਹੜੇ-ਜਿਹੜੇ ਬੂਟੇ ਲਾਏਂਗਾ।

ਜਿਸ ਤੋਰੇ ਤੁਰੇਂਗਾ ਤੂੰ, ਉਹੀਓ ਹੀ ਪਛਾਣ ਤੇਰੀ,
ਜਿਸ-ਜਿਸ ਰਸਤੇ ਤੂੰ ਜਿਸ ਤਰ੍ਹਾਂ ਜਾਏਂਗਾ।

ਆਰ-ਪਰਿਵਾਰ ਲਈ ਤੂੰ ਕੜ੍ਹੀ ਘੋਲੀ ਜਿਹੜੀ,
ਓਸਦਾ ਹਿਸਾਬ ਧਰਮ ਰਾਜ ਤੋਂ ਕਰਵਾਏਂਗਾ।

ਓਹੋ ਜਿਹੀਆਂ ਲਿਖਤਾਂ ਲਿਖਣ ਤੇਰੇ ਬਾਲ-ਬੱਚੇ,
ਜੇਹੋ-ਜਿਹੇ ਉਹਨਾਂ ਲਈ ਤੂੰ ਪੂਰਨੇ ਪਾਏਂਗਾ।

ਤੇਰੇ ਆਉਣ-ਜਾਣ ਦਾ ਹਿਸਾਬ ਨਹੀਓਂ ਤੇਰੇ ਕੋਲ,
ਹੋਰ ਕਿਸ ਚੀਜ਼ ਦਾ ਹਿਸਾਬ ਤੂੰ ਲਗਾਏਂਗਾ।

ਭਾਣੇ ਵਿੱਚ ਰਹੇਂਗਾ ਤਾਂ ਸੌਖੀ ਰਹੂ ਵਾਟ ਤੇਰੀ,
ਸਿਆਣਪਾਂ ਕਰੇਂਗਾ ਤਾਂ ਓਨੇ ਹੀ ਧੱਕੇ ਹੀ ਖਾਏਂਗਾ।
•

# ਜਤੀ-ਸਤੀ

ਘਰ ਪਰਿਵਾਰ ਜਿਨ੍ਹਾਂ ਦੇ ਵਸਦੇ, ਵਧੀਆ ਉਹ ਇਨਸਾਨ,
ਜਤੀ-ਸਤੀ ਦੀ ਜੜ੍ਹ ਨਾ ਕੋਈ ਬੇਸ਼ੱਕ ਉਹ ਵੱਡੇ ਵਿਦਵਾਨ।

ਗੁੱਸੇ ਗਿਲੇ ਤਾਂ ਹਰ ਪਰਿਵਾਰ 'ਚ ਹਰ ਹਾਲਤ ਵਿੱਚ ਹੁੰਦੇ,
ਕ੍ਰੋਧ ਨੂੰ ਕਾਬੂ ਕਰਨ ਲਈ ਕਈ ਤੁਰ ਜਾਂਦੇ ਨੇ ਬੀਆਬਾਨ।

ਆਪਣਿਆਂ ਸੰਗ ਵਸਣ-ਰਸਣ ਦਾ ਵੀ ਲਾਲਚ ਦੁਨੀਆ ਨੂੰ,
ਭੁੱਖ ਤਾਂ ਲੱਗਣੀ ਬੜੀ ਜ਼ਰੂਰੀ ਕੁੱਝ ਖਾਧਿਆਂ ਪੈਂਦੀ ਜਾਨ।

ਕਿਸੇ ਚੀਜ਼ ਦਾ ਮੋਹ ਨਹੀਂ ਜਿਸਨੂੰ, ਉਸਨੂੰ ਬੰਦਾ ਕਿੰਝ ਕਹੀਏ,
ਅਸਲੀ ਇਨਸਾਨੀ ਜੀਵਨ ਹੈ ਮੋਹ, ਮਮਤਾ ਅਤੇ ਸੰਤਾਨ।

ਆਪਣਿਆਂ ਸੰਗ ਵਸਣ-ਰਸਣ ਦਾ ਲਾਲਚ ਦੁਨੀਆ ਨੂੰ,
ਭੁੱਖ ਤਾਂ ਲੱਗਣੀ ਬੜੀ ਜਰੂਰੀ, ਕੁੱਝ ਖਾਧਿਆਂ ਪੈਂਦੀ ਜਾਨ।

ਕਿਸੇ ਚੀਜ਼ ਦਾ ਮੋਹ ਨਹੀਂ ਜਿਸਨੂੰ ਉਸਨੂੰ ਬੰਦਾ ਕਿੰਝ ਕਹੀਏ,
ਅਸਲੀ ਇਨਸਾਨੀ ਜੀਵਨ ਹੈ ਮੋਹ-ਮਮਤਾ ਸੰਤਾਨ।

ਸੱਚ ਦਾ ਕੋਈ ਘੁਮੰਡ ਕਰਦਾ ਤਾਂ ਉਸ ਵਿੱਚ ਕੀ ਗ਼ਲਤੀ ਹੈ,
ਇੱਕ ਹੰਕਾਰ ਤੋਂ ਡਰਦਿਆਂ, ਜੀਵਨ ਕਿਉਂ ਕਰੀਏ ਕੁਰਬਾਨ।

ਹਰ ਇੱਕ ਕਰਮ ਕਰਨ ਦੀ ਲੇਕਿਨ ਮਰਿਆਦਾ ਹੁੰਦੀ ਹੈ,
ਬਾਹਰ ਭੱਜਣ ਤੋਂ ਚੰਗਾ ਹੈ ਜੇਕਰ ਹੋ ਜਾਈਏ ਅੰਤਰਧਿਆਨ।

•

# ਲਾਲਚ

ਲਾਲਚ ਬੁਰੀ ਬਲਾ ਇਹ ਗੱਲ ਦੁਨੀਆ ਵਿੱਚ ਮਸ਼ਹੂਰ,
ਪਰ ਜਿਸਦਾ ਵੀ ਦਾਅ ਲੱਗੇ ਹਰ ਕੋਈ ਲਾਲਚ ਕਰੇ ਜ਼ਰੂਰ।

ਹਰ ਇੱਕ ਬੰਦਾ ਹਰ ਹਾਲਤ ਵਿੱਚ ਲਾਲਚ ਕਰ ਲੈਂਦਾ ਹੈ,
ਜੋ ਲਾਲਚ ਨਹੀਂ ਕਰਦਾ ਹੋਣੈ ਕਿਸੇ ਗੱਲੋਂ ਮਜ਼ਬੂਰ।

ਗੁਰੂ, ਪੀਰ ਹੋਣੈ ਜਿਹੜਾ ਵੀ ਲਾਲਚ ਤੋਂ ਬਚ ਸਕਿਆ,
ਪਰ ਨਿੱਤ ਦੇ ਜੀਵਨ ਨੂੰ ਨਿੰਦਣਾ ਦੁਨੀਆ ਦਾ ਦਸਤੂਰ।

ਬਹੁਤ ਹੀ ਲਾਲਚ ਕੀਤੇ ਹਾਲੇ ਵੀ ਲਲਚਾਉਂਦਾ ਹੈ ਦਿਲ,
ਜੇ ਹਾਲੇ ਜ਼ਿੰਦਾ ਦਿਲ ਹੈ ਇਸ ਵਿੱਚ ਮੇਰਾ ਕੀ ਕਸੂਰ।

•

# ਦੀਪਕ

ਦੀਪਕ ਵਿਚਾਰਾ ਕਈ ਚਿਰਾਂ ਦਾ ਬੁਝ ਗਿਆ ਹੁੰਦਾ,
ਪਰ ਉਮੀਦ ਦਾ ਕੁੱਝ ਤੇਲ ਬਾਕੀ ਹੈ ਅਜੇ।
ਸਾਰੇ ਬੂਹੇ, ਬਾਰੀਆਂ 'ਤੇ ਪਹਿਰਾ ਲੱਗਿਆ ਹੋਇਆ ਹੈ,
ਦੂਰੋਂ ਕੋਈ ਦਿਸ ਰਿਹਾ ਜਿਸ 'ਚੋਂ ਉਹ ਤਾਕੀ ਹੈ ਅਜੇ।

ਗੁਰਦੁਆਰੇ, ਮੰਦਿਰਾਂ ਵਿੱਚ ਬਹੁਤ ਹੋਏ ਹਾਂ ਜਲੀਲ,
ਥੋੜੀ-ਘਣੀ ਜੋ ਸੁਣ ਰਿਹੈ ਮਹਿਖ਼ਾਨੇ ਸਾਕੀ ਹੈ ਅਜੇ।
ਦੀਪਕ ਵਿਚਾਰਾ ਕਈ ਚਿਰਾਂ ਦਾ ਬੁਝ ਗਿਆ ਹੁੰਦਾ,
ਪਰ ਉਮੀਦ ਦਾ ਕੁੱਝ ਤੇਲ ਬਾਕੀ ਹੈ ਅਜੇ।

•

# ਹਾਸੇ

ਹਾਸੇ ਕਿਸਮਤ ਵਿੱਚ ਹੀ ਨਹੀਂ ਸੀ ਇਸਦਾ ਗ਼ਮ ਨਾ ਕੋਈ,
ਪਰ ਰੋਸ ਰਹੇਗਾ ਇਸ ਗੱਲ ਦਾ ਕਿ ਰੋ ਵੀ ਸਕੇ ਨਾ ਖੁੱਲ੍ਹ ਕੇ।
ਦਿਲ ਦਾ ਮਹਿਰਮ ਕੋਈ ਨਾ ਬਣਿਆ ਵਾਹ ਤਾਂ ਲਾਈ ਪੂਰੀ,
ਮੰਗਿਆਂ ਮੌਤ ਵੀ ਨਹੀਂ ਮਿਲਦੀ ਜੀਣਾ ਪਿਆ ਰੁਲ਼-ਰੁਲ਼ ਕੇ।

ਦੁਨੀਆ ਨਾਲ ਚੱਲਣ ਲਈ ਦੁਨੀਆਦਾਰੀ ਸਿੱਖਣੀ ਪੈਂਦੀ ਹੈ,
ਹਊ ਪਰ੍ਹੇ ਕਰ ਦਿਓ ਕੋਈ ਦਿਲ ਨੂੰ ਲਾ ਨਾ ਬੈਠੇ ਭੁੱਲ ਕੇ।
ਦਰਦ ਸੁਣਾਏ ਜਾਂਦੇ ਜੇ ਕੋਈ ਸੁਣਨ ਵਾਲਾ ਵੀ ਹੋਵੇ ਤਾਂ,
'ਕੱਲਿਆਂ ਬੈਠ ਅੱਖਾਂ ਦਾ ਪਾਣੀ ਕੀ ਕਰ ਲਊ ਡੁੱਲ-ਡੁੱਲ ਕੇ।

•

# ਭੁੱਖ ਤੇ ਦੁੱਖ

ਗੁਜ਼ਰ ਗਏ ਜੀਵਨ ਪੰਧ ਵਿੱਚੋਂ, ਜੀ ਕਰਦੈ ਕੁੱਝ ਯਾਦ ਕਰਾਂ।
ਹਰ ਮੋੜ 'ਤੇ ਹਾਰਿਆਂ ਹਾਂ ਕੁੱਝ ਬਚਿਆ ਨਹੀਂ ਜੋ ਹੋਰ ਹਰਾਂ।

ਨਕਲੀ ਹਾਸੇ ਹੱਸਣ ਦੀ ਆਦਤ ਹੀ ਬਣ ਗਈ ਹੈ ਹੁਣ ਤਾਂ,
ਵਿੰਨ੍ਹਿਆ ਪਿਆ ਜਿਸਮ ਤੀਰਾਂ ਨਾਲ ਵਜ੍ਹਾ ਨਹੀਂ ਕਿ ਹੋਰ ਜਰਾਂ।

ਕਰਣ, ਕਾਰਣ ਸਭ ਕੁੱਝ ਕਰਤਾ ਹੈ ਮੈਂ ਕਿਉਂ ਖ਼ੁਦ ਨੂੰ ਦੋਸ਼ ਦਿਆਂ,
ਭੁੱਖ ਤੇ ਦੁੱਖ ਵੀ ਕੁਦਰਤ ਦੇ ਰੰਗ ਮੈਂ ਕਿਉਂ ਐਵੇਂ ਫ਼ਿਕਰ ਕਰਾਂ।

ਪਰ ਸੁਣਿਆ! ਇਨਸਾਨੀ ਜੀਵਨ ਰੰਗਾਂ ਦੀ ਨਗਰੀ ਹੁੰਦੈ,
ਕੋਰੇ ਕਾਗਜ਼ ਜੀਵਨ ਦੇ ਮੈਂ ਕਿਸ ਮਹਿਫ਼ਿਲ ਵਿੱਚ ਆਣ ਧਰਾਂ।
•

# ਕੀਮਤ

ਜਿਸਦੀ ਕੀਮਤ ਇੱਕ ਪੈਸਾ ਵੀ ਨਹੀਂ ਪਈ,
ਉਸਨੂੰ ਕੀ ਭਾਅ ਇਸ ਦੁਨੀਆ ਦੇ ਭਾਅ ਦੇ ਨਾਲ।
ਕਿਸੇ ਲਈ ਉਹ ਜਾ ਕੇ ਕੀ ਕਰ ਸਕਦਾ ਹੈ,
ਜਿਸਨੂੰ ਹਮਦਰਦੀ ਨਹੀਂ ਆਪਣੇ ਸਾਹ ਦੇ ਨਾਲ।

ਜਿਸ ਲਈ ਦੋਵੇਂ ਕੰਢੇ ਹੱਡਾਰੇੜੀ ਹਨ,
ਉਹ ਕਿਉਂ ਜਾ ਕੇ ਝੇੜਾ ਕਰੇ ਮਲਾਹ ਦੇ ਨਾਲ।
ਜਿਸਨੂੰ ਮਿਲਣਾ ਅੱਜ ਤੱਕ ਕਿਸੇ ਵੀ ਨਹੀਂ ਚਾਹਿਆ,
ਉਹ ਹਾਰ ਸ਼ਿੰਗਾਰ ਕਰੇ ਦੱਸੋ! ਕਿਸ ਚਾਅ ਦੇ ਨਾਲ।

ਜਿਸਦਾ ਘਰ ਹੋਵੇ ਉਹ ਝੱਖੜਾਂ ਤੋਂ ਬਚਦਾ,
ਧੱਕੇ ਖਾਂਦੇ ਅਸੀਂ ਸਮੇਂ ਦੀ ’ਵਾ ਦੇ ਨਾਲ।
ਜਿਹੜੇ ਜ਼ਖ਼ਮਾਂ ਨੂੰ ਕੋਈ ਸਮਝ ਨਹੀਂ ਸਕਿਆ,
ਠੀਕ ਹੋਣਗੇ ਦੱਸਿਓ! ਕੇਸ ਦਵਾ ਦੇ ਨਾਲ।

•

# ਬੋਲ

ਬੋਲਦਿਆਂ ਬੋਲ ਹੋ ਜਾਏ ਬੋਲ ਤੇ ਕਬੋਲ,
ਬਿਨਾਂ ਬੋਲੇ ਨਹੀਓਂ ਹੁੰਦਾ ਦੁੱਖ-ਸੁੱਖ ਫੋਲ੍ਹ।
ਦੱਸੀਂ ਮੇਰੇ ਮਾਲਕਾ! ਮੈਂ ਕਿਵੇਂ ਚੁੱਪ ਰਹਾਂ,
ਜਦੋਂ ਭੁੱਖ ਲੱਗਦੀ ਹੈ ਦਿਲ ਜਾਂਦਾ ਡੋਲ।

ਖਾਲੀ ਭਾਂਡੇ ਦਾ ਖੜਾਕ ਭਰੇ ਨਾਲੋਂ ਵੱਧ,
ਮੰਡੀ ਵਿੱਚ ਜਾਂਦਿਆਂ ਹੀ ਖੋਟਾ ਸਿੱਕਾ ਰੱਦ।
ਕਿੰਨਾ ਖੋਟਾ ਹਾਂ ਤੇ ਕਿੰਨਾ ਖ਼ਰਾ ਮੈਂ ਕੀ ਜਾਣਾਂ,
ਆਪਣੀ ਅਕਲ ਲੱਗੇ ਹੱਦ ਨਾਲੋਂ ਵੱਧ।

ਦਿਲ ਦੀ ਭੜਾਸ ਕੱਢੀ ਮੈਂ ਤਾਂ ਗੱਲ ਕਰਕੇ,
ਕਿਸੇ ਨੂੰ ਨਾ ਦੱਸੀਂ, ਰੱਖੀਂ ਦਿਲ ਵਿੱਚ ਜਰ ਕੇ।
ਸੁਣਨ ਵਾਲੇ ਨੇ ਵੀ ਜੇ ਦਿਲ ਹੌਲਾ ਕਰ ਲਿਆ,
ਸਹਿਮੇ ਰਹਿਣਾ ਪੈਣਾ ਗੱਲ ਕੋਲੋਂ ਡਰ-ਡਰ ਕੇ।

ਬੋਲਦਿਆਂ ਬੋਲ ਹੋ ਜਾਏ ਬੋਲ ਤੇ ਕਬੋਲ,
ਬਿਨਾਂ ਬੋਲੇ ਨਹੀਓਂ ਹੁੰਦਾ ਦੁੱਖ-ਸੁੱਖ ਫੋਲ੍ਹ।
ਦੱਸੀਂ ਮੇਰੇ ਮਾਲਕਾ! ਮੈਂ ਕਿਵੇਂ ਚੁੱਪ ਰਹਾਂ,
ਜਦੋਂ ਭੁੱਖ ਲੱਗਦੀ ਹੈ ਦਿਲ ਜਾਂਦਾ ਡੋਲ।

•

## ਘਾਟਾ-ਵਾਧਾ

ਘਾਟਾ ਖਾ ਖੇਤੀਂ ਵਿੱਚੋਂ ਵਿਦੇਸ਼ ਆਏ ਸੀ,
ਝਾੜੂ ਵੀ ਫੇਰੇ ਅਸੀਂ ਤੇ ਪੋਚੇ ਵੀ ਲਾਏ ਸੀ।
ਸੱਤੇ ਦਿਨ ਖੜੀ ਲੱਤੇ ਕੰਮ ਕਰਕੇ,
ਮੁੜ੍ਹਕੇ ਦੇ ਮੁੱਲ ਪੈਸੇ ਵੀ ਕਮਾਏ ਸੀ।

ਚਿੱਟੇ ਚਾਦਰੇ ਤਾਂ ਇੱਕ ਪਾਸੇ ਰਹਿ ਗਏ,
ਭਾਂਡੇ ਮਾਂਜੇ ਅਸੀਂ ਖਾਣੇ ਵੀ ਬਣਾਏ ਸੀ।
ਪਤਾ ਨਹੀਂ ਕਿਹੜੇ, ਜਿਹੜੇ ਜੱਟ ਸਰਦਾਰ,
ਅਸੀਂ ਵੀ ਸਮਾਜ 'ਚ ਜੱਟਾਂ ਦੇ ਜਾਏ ਸੀ।

•

## ਹੱਡ-ਮਾਸ ਦਾ ਬੰਦਾ

ਹੱਡ-ਮਾਸ ਦੇ ਬੰਦੇ ਨੂੰ ਤਾਂ ਭੁੱਖ ਲੱਗਦੀ ਹੈ,
'ਕੱਲੀਆਂ ਕਵਿਤਾਵਾਂ ਨੂੰ ਕਿਸੇ ਨੇ ਕੀ ਕਰਨਾ।
ਰੰਗ-ਰੰਗੋਲੀ ਗੀਤ, ਗ਼ਜ਼ਲ ਨਾ ਖੇਡ ਸਕਣ,
ਸੁੱਕੀ ਝਨ੍ਹਾਂ 'ਚ ਕੱਚਿਆਂ 'ਤੇ ਕਿਸ ਲਈ ਤਰਨਾ।

ਜੇ ਸਚਮੁੱਚ ਤੇਰੇ ਮੇਰੇ ਰੰਗ ਰਲਦੇ ਹੁੰਦੇ,
ਤਾਂ ਸੱਧਰਾਂ ਦੀਆਂ ਧਾਹਾਂ ਨੂੰ ਨਾ ਪੈਂਦਾ ਜਰਨਾ।
ਜਿੰਨਾ ਚਿਰ ਸਰੀਰ ਨਿੱਘਾ ਹੈ ਝਗੜ ਰਿਹੈ,
ਠੰਡੇ ਜਿਸਮਾਂ ਨੇ ਕੀ ਜਿੱਤਣਾ ਕੀ ਹਰਨਾ।

•

# ਠੰਡੀਆਂ-ਤੱਤੀਆਂ ਹਵਾਵਾਂ

ਬੰਦਿਆਂ ਦੇ ਵਿੱਚ ਬੰਦਿਆਂ ਵਾਂਗੂੰ ਰਹਿਣਾ ਪੈਣਾ।
ਚੰਗਿਆਂ-ਮੰਦਿਆਂ ਬੋਲਾਂ ਨੂੰ ਵੀ ਸਹਿਣਾ ਪੈਣਾ।

ਬੁੱਲ੍ਹੇ, 'ਨ੍ਹੇਰੀਆਂ, ਠੰਡੀਆਂ-ਤੱਤੀਆਂ ਵਗਣ ਹਵਾਵਾਂ,
'ਨ੍ਹੇਰੇ ਤੇ ਚਾਨਣ ਦਾ ਜ਼ਾਇਕਾ ਲੈਣਾ ਪੈਣਾ।

ਖੁਸ਼ਬੂ ਤੇ ਬਦਬੂ ਦੋਵਾਂ ਵਿੱਚ ਸਭ ਦੀ ਹਿੱਸੇਦਾਰੀ,
ਖੁਸ਼ੀਆਂ ਲੱਭਦਿਆਂ ਗ਼ਮਾਂ ਦੇ ਵਿੱਚ ਵੀ ਵਹਿਣਾ ਪੈਣਾ।

ਜੋ ਹਰਨਾ ਨਾ ਜਾਣੇ ਉਹ ਫਿਰ ਜਿੱਤੇ ਜਾਂ ਨਾ ਜਿੱਤੇ,
ਹੱਸਦੀਆਂ ਅੱਖਾਂ ਨੂੰ ਕਈ ਵਾਰੀ ਰੋਣਾ ਪੈਣਾ।

ਜੀਵਨ ਦੀ ਮਾਲ਼ਾ ਦੇ ਮਣਕੇ ਵੰਨ-ਸੁਵੰਨੇ,
ਸਭ ਨੂੰ ਜੀਵਨ ਡੋਰੀ ਵਿੱਚ ਪ੍ਰੋਣਾ ਪੈਣਾ।

ਜੀਵਨ ਦੀ ਜੇ ਹਸਰਤ ਹੈ ਤਾਂ ਸੁਣ 'ਲਾ 'ਸੁੰਨੜਾ'
ਕਿਸੇ ਨਾ ਕਿਸੇ ਜੀਅ ਦਾ ਤਾਂ ਤੈਨੂੰ ਹੋਣਾ ਪੈਣਾ।

•

# ਅਮਰੀਕਾ

ਅਮਰੀਕਾ ਵਿੱਚ ਬਾਹਰੋਂ ਆ ਕੇ ਸਭ ਨੇ ਡੇਰਾ ਲਾਇਆ,
ਪਿਓ, ਦਾਦਾ, ਪੜਦਾਦਾ ਕੋਈ ਨਾ ਕੋਈ ਵਿਦੇਸ਼ੋਂ ਆਇਆ।
ਕੈਨੇਡੀ ਪਰਿਵਾਰ ਵੀ ਸਾਰਾ ਆਇਰਲੈਂਡ ’ਚੋਂ ਆਇਆ,
ਕਈ ਪ੍ਰਧਾਨ ਵਲਾਇਤੀ ਜਿਨ੍ਹਾਂ ਆਪਣਾ ਹੁਕਮ ਚਲਾਇਆ।

ਯੌਰਪੀਅਨ, ਓਬਾਮਾ ਨਾਲੇ ਅਫ਼ਰੀਕਣ, ਅਮਰੀਕਣ,
ਇਸ ਅਸਮਾਨੀ ਗੋਲੇ ਨੂੰ ਤਾਂ ਕੋਈ ਵੀ ਬੁੱਝ ਨਹੀਂ ਪਾਇਆ।
ਅਸੀਂ ਵੀ ਤਾਂ ਪੰਜਾਬ ਤੋਂ ਆ ਕੇ ਵਸ ਗਏ ਅਮਰੀਕਾ,
ਕੰਮ-ਕਾਜ ਚਲਾਏ ਆ ਕੇ, ਧਨ-ਦੌਲਤ ਵੀ ਬਹੁਤ ਕਮਾਇਆ।

ਰਿਸ਼ਤੇਦਾਰ ਤੇ ਦੋਸਤ-ਮਿੱਤਰ ਵੀ ਕਈ ਸੱਦ ਬੁਲਾਏ,
ਜੋ ਖ਼ੁਦ ਕਰਦੇ ਸੀ ਉਹਨਾਂ ਕੰਮਾਂ ਵਿੱਚ ਸਭ ਨੂੰ ਪਾਇਆ।
ਚਮਗਿੱਦੜ ਘਰ, ਆਏ ਪ੍ਰਾਹੁਣੇ ਪੁੱਠੇ ਟੰਗ ’ਤੇ ਸਾਰੇ,
ਜੇਸ ਚਰਖੜੀ ਆਪ ਚੜੇ ਸਾਂ ਸਭ ਨੂੰ ਉਸ ’ਤੇ ਚੜ੍ਹਾਇਆ।

ਜਿਸਨੇ ਆਪਣੇ ਆਲੇ-ਦੁਆਲੇ ’ਕੱਠ ਕਰ ਲਏ,
ਉਸਨੂੰ ਫਿਰ ਭੱਜਣ ਲਈ ਵੀ ਕੋਈ ਰਸਤਾ ਨਜ਼ਰ ਨਾ ਆਇਆ।
ਹੱਥੀਂ ਦਿੱਤੀਆਂ ਗੰਢਾਂ ਨੂੰ, ਦੰਦਾਂ ਨਾਲ ਖੋਲ੍ਹ ਰਹੇ ਹਾਂ,
ਹੁਣ ਚੂਪ ਤੂੰ ‘ਸੁੰਨੜਾ’ ਗੀਠੇ ਆਪਣੇ ਆਪ ਤੂੰ ਪੰਗਾ ਪਾਇਆ।
•

# ਆਸਮਾਨ

ਆਪਣੇ ਆਲੇ-ਦੁਆਲੇ ਸਿਰਜੇ ਪਿੰਜਰੇ ਵਿੱਚੋਂ ਬਾਹਰ ਆ ਜਾ।
ਆਪਣੇ ਕੰਮ ਤਾਂ ਆ ਨਹੀਂ ਸਕਿਆ ਹੋਰ ਕਿਸੇ ਦੇ ਹੀ ਕੰਮ ਆ ਜਾ।

ਗੀਤ, ਗਜ਼ਲ਼, ਕਵਿਤਾ ਜੋ ਵੀ ਹੈ ਇੱਕ ਦੋ ਆਪਣੇ ਬੰਦ ਸੁਣਾ ਜਾ,
ਆਪਣਾ ਚਿੱਤ ਪਰਚਾ ਨਾ ਸਕਿਆ, ਹੋਰ ਕਿਸੇ ਦਾ ਹੀ ਪਰਚਾ ਜਾ।

ਤੇਰੇ ਫੁੱਲ-ਫ਼ਲ ਟਾਹਣੀਆਂ, ਪੱਤੇ ਤੇਰੇ ਕਿਸੇ ਵੀ ਕੰਮ ਨਾ ਆਏ,
ਇੱਕ ਕੰਮ ਹਾਲੇ ਹੋ ਸਕਦਾ ਹੈ ਹੋਰ ਕਿਸੇ ਲਈ ਬੂਟਾ ਲਾ ਜਾ।

ਆਪਣੇ ਮਨ ਮੰਦਰ ਦੇ ਅੰਦਰ, ਦੀਪ ਕੋਈ ਤੂੰ ਬਾਲ਼ ਨਾ ਸਕਿਆ,
ਆਪਣੇ ਚਾਨਣ ਦੇ ਨਾਲ ਹੀਰਿਆ! ਹੋਰ ਕੋਈ 'ਨ੍ਹੇਰਾ ਰੁਸ਼ਨਾ ਜਾ।

ਭਰੇ ਭਰਾਏ ਤੁਰ ਜਾਣਾ ਹੈ ਇਹ ਤੇਰੀ ਆਪਣੀ ਮਰਜ਼ੀ,
ਦੋ ਚੂਲ਼ੀਆਂ ਅੰਮ੍ਰਿਤ ਜਲ ਦੇ ਕੇ ਹੋਰ ਕਿਸੇ ਦੀ ਪਿਆਸ ਬੁਝਾ ਜਾ।

•

# ਖ਼ਾਲੀ ਹੱਥ

ਮੈਂ ਮੁੱਕਣ ’ਤੇ ਆਈ ਲੱਗਦੀ ਸੁਪਨੇ ਮੁੱਕ ਗਏ ਮੇਰੇ ਹੂ।
ਮਾਸਾ ਚਾਨਣ ਨਜ਼ਰ ਨਾ ਆਵੇ ’ਨ੍ਹੇਰਾ ਚਾਰ ਚੁਫ਼ੇਰੇ ਹੂ।

’ਨੇਰ੍ਹਾ ਚਾਨਣ ਭਾਲਣ ਤੁਰ ਪਿਆ ਰਾਤਾਂ ਘੁੱਪ ਹਨ੍ਹੇਰੇ ਹੂ।
ਜਿੱਥੇ ਸੂਰਜ ਹੀ ਨਹੀਂ ਚੜ੍ਹਦਾ ਕਿੱਦਾਂ ਹੋਣ ਸਵੇਰੇ ਹੂ।

ਦਿਨ ਤੇ ਰਾਤ ਇਕੱਠੇ ਕਰਨਾ ਵਸ ਨਹੀਂ ਤੇਰੇ-ਮੇਰੇ ਹੂ।
ਚੰਦ, ਚਕੋਰ ਕਦੇ ਨਾ ਮਿਲਦੇ ਫਿਰਨ ਚਕੋਰ ਬਥੇਰੇ ਹੂ।

ਹੱਥ ਖ਼ਾਲੀ ਦੇ ਖ਼ਾਲੀ ਕੁੱਝ ਵੀ ਨਹੀਂ ਫ਼ੱਕਰਾਂ ਦੇ ਡੇਰੇ ਹੂ।
ਭੱਜ-ਨੱਠ ‘ਸੁੰਨੜ’ ਨੇ ਵੀ ਕੀਤੀ ਤਕੜੇ ਕਰਕੇ ਜੇਰੇ ਹੂ।

•

## ਮੰਜ਼ਿਲ ਨਾ ਮਿਲੀ

ਦੋਸਤੀ ਦਾ ਹੱਥ ਮੰਗਦੇ ਰਹੇ ਸਾਰੀ ਉਮਰ ਭਰ,
ਪਰ ਮੰਗਤਿਆਂ ਨੂੰ ਕੌਣ ਪੁੱਛਦਾ ਹੈ ਜ਼ਮੀਂ, ਅਸਮਾਨ ਵਿੱਚ।
'ਮੰਜ਼ਿਲ ਨਾ ਮਿਲੀ' ਤਾਂ ਜੀਵਨ ਦੀ ਸੱਚੀ ਕਥਾ ਹੈ,
ਪਰ ਬਹੁਤ ਲੋਕੀਂ ਸੋਚਦੇ ਝੂਠਾ ਹੈ 'ਸੁੰਨੜ' ਬਿਆਨ ਵਿੱਚ।

ਸਾਰੇ ਏਹੋ ਸੋਚਦੇ 'ਸੁੰਨੜ' ਬੜਾ ਖੁਸ਼ਹਾਲ ਹੈ,
ਮੇਰੀ ਭੁੱਖ, ਪਿਆਸ, ਅਤ੍ਰਿਪਤੀ ਆਈ ਨਾ ਕਿਸੇ ਦੇ ਵੀ ਧਿਆਨ ਵਿੱਚ।
ਪਿਆਸ ਦੇ ਅਹਿਸਾਸ ਕਰਕੇ ਹੀ ਮੈਂ ਸ਼ਾਇਦ ਕਵੀ ਹਾਂ,
'ਕੱਲਾ ਤੁਰਿਆਂ ਚੱਲ ਕੋਈ ਨਹੀਂ ਫ਼ਰਕ ਪੈਂਦਾ ਸ਼ਾਨ ਵਿੱਚ।

•

## ਭੁਲੇਖਾ

ਮੈਂ ਭੁਲੇਖੇ ਵਿੱਚ ਹੀ ਰਹਿ ਜਾਣਾ ਸੀ ਸਾਰੀ ਉਮਰ,
ਸ਼ੁਕਰੀਆ ਸੱਜਣੋ! ਮੇਰੀ ਔਕਾਤ ਤੋਂ ਜਾਣੂ ਕਰਾਇਆ।
ਐਵੇਂ ਗਿਣਦਾ ਰਿਹਾ ਸਾਰੀ ਉਮਰ ਭਰ ਮੈਂ ਆਪਣੇ 'ਕੱਲਾ ਬੈਠ,
ਸੋਚਦਾਂ ਚੰਗਾ ਹੋਇਆ ਤੁਸੀਂ ਭਰਮ ਲਾਹਿਆ।

ਸੁਪਨ ਮੰਦਰ ਵਿੱਚ ਮੈਂ ਰੱਖੇ ਸਾਜ਼ ਵੀ ਤੇ ਗੀਤ ਵੀ,
ਆਪਣੇ ਸੁਰ ਮੰਦਰ 'ਚ ਮੈਂ ਆਪਣਾ ਗੀਤ ਮੈਂ ਖ਼ੁਦ ਨੂੰ ਸੁਣਾਇਆ।
ਇੱਕ ਤਾਂ ਤੇਰੇ ਨਾਲ ਹੈ ਸੁੰਨੜਾ! ਤੂੰ ਇਹ ਤਾਂ ਜਾਣਦੈਂ,
ਜੇ ਤੇਰਾ ਵਿਸ਼ਵਾਸ ਪੂਰਣ ਹੈ ਤਾਂ ਤੂੰ ਸਭ ਕੁੱਝ ਹੀ ਪਾਇਆ।

•

# ਮਾਲਕ ਦੀ ਮਲਕੀਅਤ

ਸਿੰਝ ਸੰਵਾਰ ਕੇ ਸੀਆਂ ਲਾ ਕਿਆਰੇ ਪਾਈਏ,
ਨੀਵੇਂ ਖੇਤ ਨਿਆਈਂਆਂ ਦੇ ਵਿੱਚ ਰੁੱਤ ਵਿਚਾਰ ਕੇ ਬੀਜ ਲਗਾਈਏ।
ਕੱਖ-ਕੰਡਾ, ਨਦੀਨ ਸਭ ਕੱਢੀਏ ਰੂੜੀ ਰੇਹ ਰਲਾਈਏ,
ਲਹਿਰਾ-ਬਹਿਰਾਂ ਲਾਵੇ ਕੁਦਰਤ ਅੰਨ ਅਨਾਜ ਈਕਣ ਉਗਾਈਏ।

ਮਾਲਕ ਦੀ ਮਲਕੀਅਤ ਉੱਤੇ ਕਾਬਜ਼ ਕਦੇ ਨਾ ਹੋਣਾ ਚਾਹੀਏ,
ਰੋਜ਼ੀ ਰੋਟੀ ਦਾਤਾ ਦੇਵੇ ਦੇਣਹਾਰ ਦਾ ਸ਼ੁਕਰ ਮਨਾਈਏ।
ਰਹਿਣ-ਸਹਿਣ ਨੂੰ ਸੁਥਰਾ ਰੱਖੀਏ ਸਹਿਜ ਸੁਭਾਅ ਹੋ ਜਾਈਏ,
ਤਨ-ਮਨ ਦੀ ਪ੍ਰਕਿਰਿਆ ਖਾਤਰ ਜੋ ਮਿਲਿਆ ਸੋ ਖਾਈਏ।
•

# ਇਕੱਲਤਾ

ਪਲ ਵਿੱਚ ਰੁੱਸ ਜਾਂਦੇ ਆਪਣੇ, ਚਿਰ ਲੱਗਦਾ ਫੇਰ ਮਨਾਂਵਦਿਆਂ।
ਉਮਰਾਂ ਬੀਤ ਜਾਣ ਸੱਜਣਾ ਨੂੰ, ਮੁੜ ਕੇ ਫੇਰ ਹਸਾਂਵਦਿਆਂ।

ਉਹ ਕਰਮਾਂ ਵਾਲੇ ਹੁੰਦੇ ਨੇ ਜਿਨ੍ਹਾਂ ਦਾ ਕੋਈ ਆਪਣਾ ਹੈ।
'ਸੁੰਨੜ' ਨੂੰ ਪੁੱਛ ਕੇ ਦੇਖੋ! ਜੋ ਥੱਕ ਚੱਲਿਆ 'ਕੱਲਿਆਂ ਗਾਂਵਦਿਆਂ।

'ਕੱਲੇ-ਕਾਰੇ ਤੋਂ ਤਾਂ ਚੱਜ ਨਾਲ ਰੱਬ-ਰੱਬ ਵੀ ਨਹੀਂ ਹੋ ਸਕਦਾ,
ਰਲ ਕੇ ਰਾਮ-ਰਾਮ ਕਹੀਏ ਜੋਤੀ ਨਾਲ ਜੋਤ ਮਿਲਾਂਵਦਿਆਂ।
•

# ਬੇਵਸੀ

ਮਜ਼ਬੂਰੀਆਂ, ਕਮਜ਼ੋਰੀਆਂ ਕੁੱਝ ਇਸ ਤਰ੍ਹਾਂ ਬਣੀਆਂ,
ਕਿ ਚਾਹੁੰਦਿਆਂ ਵੀ ਵਤਨ ਵਾਪਸ ਆ ਨਹੀਂ ਸਕਿਆ।
ਰੋਜ਼ ਰੀਝਾਂ ਜੰਮਦੀਆਂ ਅੱਖਾਂ ਦੇ ਸਾਹਵੇਂ ਮਰਦੀਆਂ,
ਪਰ ਦਰਦ-ਏ-ਦਿਲ 'ਤੇ ਕੋਈ ਮਲ੍ਹਮ ਲਾ ਨਹੀਂ ਸਕਿਆ।

ਰੋਂਦਾ ਰਿਹਾ ਕੁੜ੍ਹਦਾ ਰਿਹਾ ਦਿਲ ਵੀ ਆਪਣੀ ਜਗ੍ਹਾ 'ਤੇ,
ਬੇਵਸੀ ਵਿੱਚ ਦਿਲ ਨੂੰ ਮੈਂ ਭਰਮਾ ਨਹੀਂ ਸਕਿਆ।
ਤਰਸਿਆ ਮੈਂ ਵੀ ਤੇ ਆਪਣੇ ਵੀ ਬਹੁਤ ਤਰਸਾਏ ਹਨ,
ਮੈਂ ਮੁਆਫ਼ੀ ਮੰਗਣ ਦਾ ਵੀ ਮੌਕਾ ਪਾ ਨਹੀਂ ਸਕਿਆ।

ਕਾਰਣ ਹੁੰਦਾ ਹੈ ਜਦੋਂ ਮਿੱਤਰਾਂ ਨੂੰ ਰੁੱਸਣਾ ਪੈ ਜਾਵੇ,
'ਸੁੰਨੜ' ਚਾਹੁੰਦਿਆਂ ਹੋਇਆਂ, ਕੁੱਝ ਵੀ ਚਾਹ ਨਹੀਂ ਸਕਿਆ।
ਦਰਦ ਸਾਰੇ ਭੁੱਲ-ਭੁਲਾ ਕੇ ਰੰਜ਼ਿਸਾਂ ਨੂੰ ਤਿਆਗ ਕੇ,
ਕੁੱਝ ਐਸਾ ਦੇ ਜੋ ਮੈਂ ਉਮਰ ਭਰ ਪਾ ਨਹੀਂ ਸਕਿਆ।

•

# ਮਨੁੱਖ ਦੇ ਨਾਂ

ਸੁੱਖਾਂ ਲਈ ਖੋਜ ਕੀਤੀ ਬੇਸ਼ੁਮਾਰ ਬੰਦਿਆ!
ਦੱਸ ਫੇਰ ਕਾਹਤੋਂ ਹੋਵੇਂ ਤੂੰ ਖ਼ੁਆਰ ਬੰਦਿਆ!

ਵੱਡੇ-ਵੱਡੇ ਕੰਮਾਂ ਨੂੰ ਤੂੰ ਜਾ ਕੇ ਹੱਥ ਪਾ ਲਵੇਂ,
ਮਨ ਕਰੇ ਮਰਜ਼ੀ ਦਾ ਰੱਬ ਵੀ ਬਣਾ ਲਵੇਂ।
ਅਸਮਾਨ ਵਿੱਚ ਕਈ ਚੰਨ-ਤਾਰੇ ਗਾਹ ਲਏ,
ਤੇਜ਼ੀ ਨਾਲ ਜਾਣ ਲਈ ਰਾਕਟ ਬਣਾ ਲਏ।

ਹਰ ਰੋਗ਼ ਲਈ ਤੂੰ ਦਵਾਈਆਂ ਵੀ ਬਣਾਈਆਂ,
ਫੇਰ ਵੀ ਨਿੱਤ ਦਿਨ ਰਹੇਂ ਤੂੰ ਬੀਮਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸ਼ੁਮਾਰ ਬੰਦਿਆ... ... ...।

ਪਸ਼ੂਆਂ ਦਾ ਸੁਣਿਆ ਦਿਮਾਗ਼ ਨਹੀਓਂ ਹੁੰਦਾ,
ਪੰਛੀਆਂ ਕਿੰਨੇ ਨੇ ਇਹ ਹਿਸਾਬ ਨਹੀਓਂ ਹੁੰਦਾ।
ਸਾਗਰਾਂ ਦੇ ਪਾਣੀ ਤੋਲ ਸਕਿਆ ਨਾ ਕੋਈ,
ਕਿਨ੍ਹੇ ਹਵਾ ਵਿੱਚ ਘੁਲ਼ੀ ਹੋਈ ਦੇਖੀ ਖੁਸ਼ਬੋਈ।

ਗੁਣੀਏ ਦੇ ਨਾਲ ਤੂੰ ਬਣਾਏ ਮਹਿਲ ਬੁੰਗੇ
ਸਿੱਧਾ ਰੱਖਿਆ ਨਾ ਖ਼ੁਦ ਨੂੰ ਬੇਕਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸ਼ੁਮਾਰ ਬੰਦਿਆ... ... ...।

ਤੂੰ ਇਹ ਧਰਤ, ਪਾਤਾਲ ਸਾਰਾ ਵਸ ਕਰ ਲਿਆ,
ਸਾਗਰਾਂ, ਸਮੁੰਦਰਾਂ ਨੂੰ ਸਾਰਾ ਤਰ ਲਿਆ।
ਖੋਜਾਂ, ਖੋਜੀਆਂ ਤੂੰ ਐਸੀਆਂ ਯਕੀਨ ਨਹੀਂ ਆਉਂਦਾ,
ਕਰਕੇ ਵਿਖਾਇਆ ਸਭ ਕੁੱਝ ਮਨ ਭਾਉਂਦਾ।

ਇਹ ਵੀ ਜਾਣਦੈਂ ਤੂੰ ਖ਼ੁਦ ਹੈਂ ਸਿਰੇ ਦਾ ਸ਼ਿਕਾਰੀ,
ਫਿਰੇਂ ਆਪਣਾ ਹੀ ਕਰਦਾ ਸ਼ਿਕਾਰ ਬੰਦਿਆ!

ਸੁੱਖਾਂ ਲਈ ਖੋਜ ਕੀਤੀ ਬੇਸ਼ੁਮਾਰ ਬੰਦਿਆ... ... ...।

•

# ਕੋਝ

ਆਪਣੀ ਕੋਈ ਚਿੰਤਾ ਹੋਵੇ ਤਾਂ ਅੰਦਰ ਵੜ ਕੇ ਰੋਂਦੇ ਹੋ।
ਦੁਨੀਆ ਦੀ ਚਿੰਤਾ ਖਾਤਰ ਮੈਦਾਨ 'ਚ ਆਣ ਖਲੋਂਦੇ ਹੋ।

ਢਕ-ਢਕ ਕੇ ਰੱਖਦੇ ਹੋ ਆਪਣਾ ਕੋਝਾਪਣ ਦੁਨੀਆ ਕੋਲੋਂ,
ਲੋਕਾਂ ਨੂੰ ਨਿੰਦਣ ਲਈ ਅੱਡੀਆਂ ਚੁੱਕ-ਚੁੱਕ ਰੌਲ਼ਾ ਪਾਉਂਦੇ ਹੋ।

ਆਪਣੇ ਦਿਲ ਦੀ ਲੋਕੀਂ ਮਾਸਾ ਭਾਫ਼ ਨਹੀਂ ਨਿਕਲਣ ਦਿੰਦੇ,
ਦੁਨੀਆ ਨੂੰ ਸਾੜਣ ਲਈ ਜਿੰਨਾ ਲੱਗਦਾ ਲਾਂਬੂ ਲਾਉਂਦੇ ਹੋ।

ਆਪਣੇ ਰੰਗ ਵਿੱਚ ਚੁੱਪ-ਚੁਪੀਤੇ ਤੁਰਦੇ ਜਾਂਦੇ 'ਸੁੰਨਤੜ' ਨੂੰ,
ਊਜਾਂ ਲਾ ਕੇ ਕਾਹਤੋਂ ਉਸਦਾ ਐਵੇਂ ਮੂੰਹ ਖੁਲਵਾਉਂਦੇ ਹੋ।

•

# ਚਾਹਤ

ਫੁੱਲ ਤਾਂ ਮੁਰਝਾ ਹੀ ਜਾਂਦੇ ਨੇ ਚਾਹਤ ਨਾ ਮੁਰਝਾਵੇ।
ਉਹ ਕਾਹਦੀ ਚਾਹਤ ਹੋਈ ਜੋ ਜਨਮੇਂ ਤੇ ਮਰ ਜਾਵੇ।
ਚਾਤ੍ਰਿਕ ਪਿਆਸਾ ਮਰ ਜਾਊ, ਹੋਰ ਨਾ ਕੁੱਝ ਵੀ ਚਾਹਵੇ।
ਸਵਾਂਤ ਬੂੰਦ ਹੀ ਅੰਮ੍ਰਿਤ ਵੇਲੇ ਉਸਦੀ ਪਿਆਸ ਬੁਝਾਵੇ।

ਪੈਲ਼ਾਂ ਪਾਉਂਦੇ ਮੋਰ, ਘਟਾ ਘਨਘੋਰ ਜੇ ਅੰਬਰੀਂ ਛਾਵੇ।
ਖੁਸ਼ੀ 'ਚ ਅੱਥਰੂ ਵਹਿ ਤੁਰਦੇ, ਮੀਂਹ ਆਵੇ ਜਾਂ ਨਾ ਆਵੇ।
ਕੱਟ-ਵੱਢ ਕਰਕੇ, ਲਾ ਮਸਾਲੇ, ਮੱਛੀ ਨੂੰ ਕੋਈ ਖਾਵੇ।
ਪੇਟ ਦੇ ਅੰਦਰ ਜਾ ਕੇ ਵੀ ਮਛਲੀ ਪਾਣੀ ਹੀ ਚਾਹਵੇ।

ਲਾ ਟਿਕਟਿਕੀ ਚੰਦ ਵੱਲ ਵੇਖੇ, ਮਾਸਾ ਨਜ਼ਰ ਨਾ ਫੇਰੇ।
ਬਿਨ ਚੰਦਰਮਾ ਕੁੱਝ ਨਾ ਭਾਵੇਂ ਉਹ ਚਕੋਰ ਕਹਾਵੇ।
ਸਾਰੀ ਉਮਰ ਪਤਾ ਨਹੀਂ ਲੱਗਿਆ ਆਪਣੀ ਅਤ੍ਰਿਪਤੀ ਦਾ।
ਤਾਹੀਓਂ 'ਸੁੰਨੜ' ਘੁੰਮਣਘੇਰਾਂ ਦੇ ਵਿੱਚ ਗੋਤੇ ਖਾਵੇ।

•

# ਮਨ

ਤੇਰਿਆਂ ਨੈਣਾਂ ਦੇ ਵਿੱਚ ਵੱਸਣ ਨੂੰ ਹੈ ਮਨ ਲੋਚਦਾ।
ਰੋ ਲਿਆ ਹੈ ਬਹੁਤ ਹੁਣ ਹੱਸਣ ਨੂੰ ਹੈ ਮਨ ਲੋਚਦਾ।

ਪਰ ਤੇਰੇ ਮੇਰੇ ਨੈਣ ਤੂੰ ਦੱਸ! ਕਿਸ ਤਰ੍ਹਾਂ ਮਿਲ ਸਕਣਗੇ,
ਚਾਰ ਕਿੱਦਾਂ ਹੋਣਗੇ ਹੰਝੂਆਂ ਨੂੰ ਕਿੱਥੇ ਰੱਖਣਗੇ।

ਥੱਕ ਗਿਆ ਹਾਂ ਬਹੁਤ ਪੈਂਡਾ ਕਰ ਲਿਆ ਬਿਨ ਮੰਜ਼ਿਲੋਂ,
ਤੁਰਨ ਤੋਂ ਅਵਾਜ਼ਾਰ ਨੱਚਣ ਨੂੰ ਹੈ ਮਨ ਲੋਚਦਾ।

ਤੂੰ ਅੰਬਰਾਂ ਵਿੱਚ ਉਡ ਰਿਹੈਂ ਧਰਤੀ 'ਤੇ ਮੇਰਾ ਪਿੰਜਰਾ,
ਕੈਦੀ ਦਾ ਆਸਮਾਨ ਵਿੱਚ ਵੱਸਣ ਨੂੰ ਹੈ ਮਨ ਲੋਚਦਾ।

•

# ਬੰਦੇ ਦੀ ਕਰਾਮਾਤ

ਟਾਂਵਾ-ਟਾਂਵਾ ਹੈ ਕੋਈ ਜਿਸਨੂੰ ਪੁਰਸ਼ ਕਿਹਾ ਜਾ ਸਕਦੈ,
ਬਾਕੀ ਤੇਰੀ ਦੁਨੀਆ ਬੰਦਿਆ! ਜਾਨਵਰਾਂ ਦੀ ਜਾਤ।
ਝੂਠ ਬੋਲਣਾ, ਘਪਲੇ ਕਰਨਾ, ਧੋਖਾ ਆਪਸ ਵਿੱਚ ਦੇਣਾ,
ਜਾਨਵਰਾਂ ਦਾ ਕੰਮ ਨਹੀਂ ਇਹ ਹੈ ਬੰਦੇ ਦੀ ਕਰਾਮਾਤ।

ਜ਼ਹਿਰ ਪੀਣ ਲਈ ਲਾਲ੍ਹਾਂ ਸੁੱਟੇ ਆਪਣਾ ਸਿਰ ਘੁੰਮਾਵੇ,
ਛੱਡ ਚਰਨਾਮਤ, ਅੰਮ੍ਰਿਤ ਛੱਡ ਕੇ, ਛੱਡ ਕੇ ਆਬੇ ਹਯਾਤ।
ਚੰਗਾ-ਮੰਦਾ ਸਭ ਕੁੱਝ ਜਾਣੇ, ਸਮਝ ਵੀ ਹਰ ਗੱਲ ਦੀ,
ਰੱਬ ਨੇ ਉਤਮ ਸਿਰਜਿਆ ਤੂੰ ਕਰ 'ਤਾ ਸੱਤਿਆਨਾਸ।

•

# ਚੰਦ 'ਤੇ ਦਾਗ਼

ਤੂੰ ਜਦੋਂ ਦੀ ਅਮਰੀਕਣ ਬਣ ਗਈ ਕੁੜੀਏ!
ਇਉਂ ਲੱਗਦੈ ਜਿਉਂ ਚੰਦ ਨੂੰ ਲੱਗ ਗਿਆ ਦਾਗ਼ ਕੁੜੇ!
ਤੂੰ ਤਾਂ ਆਪਣੇ ਚਿੱਤੋਂ ਕੁੱਝ ਵੀ ਬਣ ਗਈ ਪਰ,
ਮੈਨੂੰ ਲੱਗਦੈ ਸੜ ਗਏ ਤੇਰੇ ਭਾਗ ਕੁੜੇ!

ਮਸਰਾਂ ਨੂੰ ਤੂੰ ਬੀਨਜ਼ ਕਹਿਣਾ ਸਿੱਖ ਗਈ,
ਭੁੱਲ ਗਈ ਕਿੱਦਾਂ ਤੋੜੇ ਪਾਉਣਾ ਸਾਗ ਕੁੜੇ!
ਥੱਬਾ ਜ਼ੁਲਫ਼ਾਂ ਕੱਟ ਕੇ ਪਟੀਆਂ ਕੀਤੀਆਂ,
ਗੁੱਤ ਪਰਾਂਦੇ ਬਿਲਕੁਲ ਦਿੱਤੇ ਤਿਆਗ ਕੁੜੇ!

ਤੇਰੀ ਚੁੱਪ ਦੇ ਸੌ-ਸੌ ਮਾਅਨੇ ਹੁੰਦੇ ਸੀ,
ਜ਼ਹਿਰ ਉਗਲਦੀ ਹੁਣ ਜਿਉਂ ਡਸ ਗਿਆ ਨਾਗ ਕੁੜੇ!
ਪਿਉ-ਦਾਦੇ ਦੀ ਪੱਗ ਹੁੰਦੀ ਸੀ ਤੂੰ ਕੁੜੀਏ!
ਸਮਝ ਨਹੀਂ ਆਉਂਦਾ ਹੁਣ ਤੇਰਾ ਰਾਗ਼ ਕੁੜੇ!

ਹਰ ਕਾਰਜ ਦੀ ਮਰਿਆਦਾ ਹੁੰਦੀ ਕੋਈ,
ਪਰ ਹੱਦਾਂ-ਬੰਨੇ ਟੱਪਣੇ ਤੇਰਾ ਨਾਜ਼ ਕੁੜੇ!
ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਘਟਿਆ,
ਮਾਂ, ਦਾਦੀ, ਨਾਨੀ ਨੂੰ ਕਰ 'ਲਾ ਯਾਦ ਕੁੜੇ!

ਇਹ ਨਾ ਸੋਚੀਂ ਤੈਨੂੰ ਕੋਈ ਹਦਾਇਤ ਹੈ,
ਇਹ ਤਾਂ ਬਸ! ਇੱਕ 'ਸੁੰਨੜ' ਦੀ ਫ਼ਰਿਆਦ ਕੁੜੇ।
•

# ਤੇਰੇ ਇੱਕ ਮਖੌਲ ਨੇ

ਤੇਰੇ ਇੱਕ ਮਖੌਲ ਨੇ ਸਾਰਾ ਕਰ 'ਤਾ ਸੱਤਿਆਨਾਸ।
ਕਿਸ 'ਤੇ ਕਰਾਂ ਭਰੋਸਾ ਮੇਰਾ ਡੋਲ ਗਿਆ ਵਿਸ਼ਵਾਸ।

ਰੱਬ ਵਰਗਾ ਲੱਗਦਾ ਸੈਂ ਤੇਰੇ ਬੋਲ ਜਿਵੇਂ ਇਲਹਾਮ,
ਬਿਲਕੁਲ ਪਤਾ ਨਹੀਂ ਲੱਗਦਾ ਹੁਣ ਕੌਣ ਦੇਊ ਧਰਵਾਸ।

ਸੁਣਿਆ ਸੀ ਗੰਭੀਰ ਲੋਕ ਟਿੱਚਰਾਂ ਨਹੀਂ ਕਰਿਆ ਕਰਦੇ,
ਤੇਰਾ ਇੱਕ ਭਰੋਸਾ ਸੀ ਉਸ ਤੋਂ ਵੀ ਮੁੱਕ ਗਈ ਆਸ।

ਦਿਲ ਦੇ ਟੁਕੜੇ ਜੋੜ-ਜਾੜ ਕੇ ਦਿਨ ਤਾਂ ਕਟ ਜਾਵਣਗੇ,
ਮੈਂ ਤਾਂ ਬਖ਼ਸ਼ ਦੇਊਂ ਤੈਨੂੰ ਪਰ ਕਿੰਝ ਬਖ਼ਸ਼ੂ ਇਤਿਹਾਸ।

ਧਰਮ ਰਾਜ ਨਾ ਅਰਜਣ ਨਾ ਹੀ ਗੌਤਮ ਬੁੱਧ ਹੈ ਕੋਈ,
ਕਿਸੇ ਕੁਕਰਮ ਬਿਨਾ ਕੋਈ, ਕਿੰਝ ਕੱਟ ਲਊ ਬਣਵਾਸ।

ਹਾੜਾ ਵੇ! ਕੋਈ ਆਵੇ ਜੋ ਜ਼ਖ਼ਮਾਂ 'ਤੇ ਮਲ੍ਹਮ ਲਾਵੇ,
ਬਹੁਤਾ ਚਿਰ ਨਹੀਂ ਕੱਢਦਾ, ਲੱਗਦਾ 'ਸੁੰਨੜ' ਬੜਾ ਉਦਾਸ।
•

## ਰੀਝਾਂ

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।
ਪਤਾ ਨਹੀਂ ਕਿਹੜੀ ਜੰਗ ਲੜੀਆਂ,
ਪਤਾ ਨਹੀਂ ਹਰ ਕਦੋਂ ਗਈਆਂ।

ਦਿਲ ਨੇ ਸਬਜ਼ਬਾਗ਼ ਕਦ ਵੇਖੇ,
ਕਦ ਸੱਧਰਾਂ ਨੂੰ ਪਏ ਭੁਲੇਖੇ।
ਕਦ ਰੀਝਾਂ ਨੇ ਦਿਲ ਨੂੰ ਚੁੱਕਿਆ,
ਤੇ ਵਾਪਸ ਧਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਮੁੱਕਿਆ ਨਾ ਨੈਣ੍ਹਾਂ ਦਾ ਪਾਣੀ,
ਉਹੀ ਬੰਦਾ, ਉਹੀ ਕਹਾਣੀ।
ਕਦੋਂ ਕਿਸੇ ਕਾਬੂ ਕਰ ਲਈਆਂ,
ਤੇ ਰੀਝਾਂ ਜਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਜੀਵਨ ਦੀ ਜੰਗ ਲੜਨੀ ਪੈਣੀ,
ਹਰ ਸੱਟ ਸਿਰ 'ਤੇ ਜਰਨੀ ਪੈਣੀ।

ਕਦ ਹਥਿਆਰ ਰੀਝਾਂ ਨੇ ਚੁੱਕੇ,
ਨਿਕੰਮੀਆਂ ਡਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

'ਕੱਲਿਆਂ ਜੀਵਨ ਕੱਟਣਾ ਔਖਾ,
ਨਾ ਦੇ 'ਸੁੰਨੜਾ' ਖ਼ੁਦ ਨੂੰ ਧੋਖਾ।
ਹੁਣੇ ਤਾਂ ਡੁਲ੍ਹ ਕੇ ਹਟੀਆਂ ਅੱਖਾਂ,
ਦੁਬਾਰਾ ਭਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।

ਦਿਲ ਕਾਂਸ਼ੀ ਤੇ ਦਿਲ ਹੀ ਮੱਕਾ,
ਕਿੰਨਾ ਚਿਰ ਕੋਈ ਕਰ ਲਊ ਧੱਕਾ।
ਨਤਮਸਤਿਕ ਹੋਵਣ ਲਈ,
ਦਿਲ ਦੇ ਦਰ ਕਦੋਂ ਗਈਆਂ।

ਪਤਾ ਨਹੀਂ ਰੀਝਾਂ ਕਦ ਜੰਮੀਆਂ,
ਪਤਾ ਨਹੀਂ ਮਰ ਕਦੋਂ ਗਈਆਂ।
•

## ਘਾਟੇ ਵਾਲੇ ਸੌਦੇ

ਚਾਰ–ਚੁਫ਼ੇਰੇ ਅੱਗਾਂ ਲਾ ਕੇ ਪੁੱਛਦੇ ਧੂੰਆਂ ਕਾਹਦਾ ਹੈ।
ਖ਼ੰਜਰ ਨਸ਼ਰ ਹੋਵੇ ਤਾਂ ਗਿਣੀਏ ਇਸ ਵਿੱਚ ਬੰਦੇ ਦਾ ਮਾਦਾ ਹੈ।

ਆਪ ਰੁਆ ਕੇ ਪੁੱਛ ਰਹੇ ਨੇ ਕੀ ਹੋਇਆ, ਕਰ ਲਓ ਜੀ ਗੱਲ,
ਰੋਣ ਨਹੀਂ ਦੇਣਾ, ਕੁੱਟਣਾ ਵੀ, ਦੱਸਿਓ ! ਕਿੱਥੋਂ ਦਾ ਕਾਇਦਾ ਹੈ।

ਹਰ ਇੱਕ ਹਭੀ–ਨਭੀ ਨੂੰ ਹੀ ਪਿੰਡੇ ’ਤੇ ਜਰਨਾ ਸਿੱਖ ਲਿਆ,
ਫਿਰ ਵੀ ਸਭ ਦੀ ਖ਼ੈਰ ਮੰਗਾਂਗੇ ਸਾਡਾ ਵੀ ਇਹ ਵਾਅਦਾ ਹੈ।

ਘਾਟੇ ਵਾਲੇ ਸੌਦੇ ਕਰਨੇ ਸਿੱਖ ਲਏ ਜੀਣਾ ਜੋ ਸੀ,
ਤੂੰ ਤੇ ਉਹੀਓ ਗੱਲ ਕਰੇਂਗਾ, ਜਿਸ ਵਿੱਚ ਤੇਰਾ ਫ਼ਾਇਦਾ ਹੈ।

•

## ਮਾਇਆ

ਫੁੱਲ ਵਰਗੀ ਅਮਰੀਕਾ ਆਵੇ, ਮਾਇਆ, ਮਮਤਾ ਵਿੱਚ ਫਸ ਜਾਵੇ।
ਬਿਲਕੁਲ ਅਮਰੀਕਣ ਬਣ ਜਾਵੇ, ਖੁੱਲ੍ਹ ਕੇ ਆਪਣਾ ਮਨ ਪਰਚਾਵੇ।

ਹਰ ਤਰਫ਼ੋ ਆਜ਼ਾਦ ਹੋ ਜਾਵੇ, ਧੱਜੀਆਂ ਰਿਸ਼ਤਿਆਂ ਦੀਆਂ ਉਡਾਵੇ।
ਦੁੱਖ–ਸੁੱਖ ਵੰਡਣਾ ਵੀ ਭੁੱਲ ਜਾਵੇ, ਧਨ–ਦੌਲਤ ਹਰ ਰੋਜ਼ ਵੰਡਾਵੇ।

ਜਿਸ ਫੁੱਲ ਵਿੱਚੋਂ ਮਹਿਕ ਨਾ ਆਵੇ, ਕੋਮਲਤਾ ਕਿੱਧਰੇ ਨਾ ਥਿਆਵੇ।
ਵਧੀਆ ਰੰਗ ਨਜ਼ਰ ਨਾ ਆਵੇ, ਉਹ ਫਿਰ ਕਾਹਤੋਂ ਫੁੱਲ ਕਹਾਵੇ।

# ਕਿਸਮਤ

ਕਰਮਾਂ ਵਿੱਚ ਹੀ ਨਹੀਂ ਸਨ ਸ਼ਾਇਦ ਉਹ ਮੌਜਾਂ,
ਤਰਸਦਿਆਂ ਜਿਨ੍ਹਾਂ ਲਈ ਉਮਰ ਗੁਜ਼ਾਰ ਲਈ।
ਕਿਸੇ ਨੂੰ ਜਿੱਤ ਸਕਣਾ, ਬੱਚਿਆਂ ਦੀ ਖੇਡ ਨਹੀਂ,
ਅਸੀਂ ਜਿੱਤਣਾ ਲੋਚਦਿਆਂ ਹੀ ਜ਼ਿੰਦਗੀ ਹਾਰ ਲਈ।

ਨਿੱਘ ਭਾਲਦਿਆਂ, ਸੱਤ ਸਮੁੰਦਰ ਤਰ ਛੱਡੇ,
ਇਸ ਭੱਜ-ਨੱਠ ਵਿੱਚ ਅਸੀਂ ਆਪਣੀ ਗਰਮੀਂ ਠਾਰ ਲਈ।
ਅੱਜ ਤੱਕ ਕਿਸੇ ਨੇ ਸਾਨੂੰ ਫਟਕਣ ਨਹੀਂ ਦਿੱਤਾ,
ਅਸੀਂ ਪਤਾ ਨਹੀਂ ਕਿਉਂ ਉਮਰਾਂ ਹੀ ਫਟਕਾਰ ਲਈ।

ਜੋ ਗੱਲ ਤੇਰੇ ਵਸ ਦੇ ਵਿੱਚ ਨਹੀਂ ਸੀ 'ਸੁੰਨੜਾ'
ਦੱਸ ਐਸੀ ਗੱਲ ਤੂੰ ਕਾਹਤੋਂ ਦਿਲ ਵਿੱਚ ਧਾਰ ਲਈ।
•

# ਸੰਸਾਰ

ਜਿਉਂਦਿਆਂ ਕਿਸੇ ਨਾ ਪੁੱਛਿਆ ਹਰ ਤਰਫ਼ੋ ਫਿਟਕਾਰ।
ਮਿੱਟੀ ਹੋ ਗਏ ਜਿਸਮ ਦੇ ਅੰਗ ਧੋਵੇ ਸੰਸਾਰ।

ਜੀਵਨ ਦੀ ਇਸ ਜੰਗ ਦਾ 'ਸੁੰਨੜ' ਕਰੇ ਹਿਸਾਬ,
ਜਿੱਤਿਆ ਕੋਈ ਵੀ ਨਹੀ, ਹਰ ਇੱਕ ਦੀ ਹੋਈ ਹਾਰ।

ਇਸ ਦੁਨੀਆ ਵਿੱਚ ਕਿਸੇ ਦਾ, ਕੌਣ ਵੰਡਾਉਂਦੈ ਭਾਰ,
ਪਰ ਅੱਜ ਮੰਗਣੋਂ ਬਿਨਾ ਹੀ ਦੇਖੋ! ਮਿਲ ਗਏ ਚਾਰ।

ਜਿਉਂਦਿਆਂ ਕਿਸੇ ਨਾ ਪੁੱਛਿਆ ਹਰ ਤਰਫ਼ੋ ਫਿਟਕਾਰ।
ਮਿੱਟੀ ਹੋ ਗਏ ਜਿਸਮ ਦੇ ਅੰਗ ਧੋਵੇ ਸੰਸਾਰ।
•

# ਸਿਰ

ਸਾਰੀ ਸਿਰਦਰਦੀ ਸਿਰ ਦੀ ਹੈ ਬਾਕੀ ਅੰਗ ਤਾਂ ਫਰਜ਼ ਨਿਭਾਣ।
ਜੇ ਸਿਰ ਧੜ ਤੋਂ ਵੱਖ ਹੋ ਜਾਵੇ ਧੜ ਦੀ ਨਹੀਂ ਰਹਿੰਦੀ ਪਹਿਚਾਣ।

ਆਪਣਾ ਆਪ ਮਿਟਾ ਕੇ ਜਿਹੜੇ, ਅਮਰ ਯੁਗੋ-ਯੁਗ ਹੋ ਸਕਣ,
ਬਹੁਤ ਮੁਕੱਦਰਾਂ ਵਾਲੇ ਪਾਉਂਦੇ ਏਸ ਤਰਾਂ ਦਾ ਇੱਜ਼ਤ ਮਾਣ।

ਜਿੰਨਾਂ ਚਿਰ ਸਿਰ ਮੇਰਾ ਸਚਿਆਰਾ, ਸੱਚ ਕਿੱਦਾਂ ਬਣ ਜਾਊ,
ਆਪਣੇ ਆਪ ਨਾਂ ਲੱਗਿਆ ਬੰਦਾ, ਥਾਂ-ਥਾਂ ਬੋਲੇ ਝੂਠ ਤੂਫ਼ਾਨ।

ਗੁਰ ਚਰਨਾਂ ਨਾਲ ਲੱਗਣ ਨੂੰ ਤਾਂ ਹੋਰ ਕਈ ਸਿਰ ਉੱਠ ਪੈਂਦੇ,
ਲੇਕਿਨ ਏਨੀਆਂ ਸੰਗਤਾਂ ਵਿੱਚੋਂ ਸਿਰਫ਼ ਪੰਜ ਹੋਏ ਪਰਵਾਨ।

•

# ਕੋਮਲਤਾ

ਛੋਹਣ ਬਿਨਾ ਫੁੱਲ ਦੀ ਕੋਮਲਤਾ ਕਿਸ ਵਿਧ ਕੋਈ ਪਛਾਣੇ।
ਸੁੰਘਣ ਬਾਝੋਂ ਮਹਿਕ ਫੁੱਲਾਂ ਦੀ ਕੀਕਣ, ਕਿਹੜਾ ਜਾਣੇ।

ਨਜ਼ਰਾਂ ਦੇ ਬਿਨ ਫੁੱਲਾਂ ਦੇ ਰੰਗ ਅੱਜ ਤੱਕ ਕਿਸੇ ਨਾ ਮਾਣੇ।
ਸੱਤ ਸੁਰਾਂ ਸਰਵਣ ਸੁਣ ਸਕਦੇ ਨਜ਼ਮਾਂ, ਗਜ਼ਲਾਂ, ਗਾਣੇ।

ਜੀਭ ਬਿਨਾ ਕੋਈ ਜ਼ਾਇਕੇ ਲੈ ਕੇ ਖਾ ਨਹੀਂ ਸਕਦਾ ਖਾਣੇ।
ਪਰ ਮਨ ਬਾਝੋਂ ਪੰਜੇ ਸ਼ਕਤੀਆਂ ਜਾਵਣ ਭੰਗ ਦੇ ਭਾਣੇ।

ਮਨ ਕੀ ਹੁੰਦਾ ਮੈਂ ਕੀ ਦੱਸਾਂ! ਮਨ ਦੀਆਂ ਮਨ ਹੀ ਜਾਣੇ।
ਮਨ, ਤਨ ਦੇ ਅੰਗ-ਅੰਗ ਵਿੱਚ ਵਸਦਾ ਕਹਿ ਗਏ ਲੋਕ ਸਿਆਣੇ।

•

# ਸਹੀ ਰਸਤਾ

ਅੱਕ ਫ਼ਲ ਤੇ ਸੋਹਣੇ ਤੁੰਮੇ ਨੂੰ ਭੁੱਲ ਕੇ ਜੀਭ ਨਾ ਲਾਈਏ।
ਉਹ ਛਕੀਏ ਜੋ ਹਰ ਕੋਈ ਖਾਵੇ ਪਚਦਾ-ਪਚਦਾ ਖਾਈਏ।

ਚੂਹੇ ਵਾਂਗੂੰ ਦਿਨੇ-ਰਾਤ ਦੀ ਕੁਚਰ-ਕੁਚਰ ਨਹੀਂ ਚੰਗੀ,
ਜਿਸਦਾ ਕੋਈ ਲਾਭ ਨਹੀਂ ਐਸੀ ਕਿਉਂ ਕਿਰਤ ਕਮਾਈਏ।

ਦੁਨੀਆ ਦੇ ਇਸ ਚੌਰਾਹੇ 'ਚੋਂ ਸਹੀ ਰਸਤਾ ਚੁਣ ਲਈਏ,
ਜਿਸਦਾ ਥਹੁ ਨਹੀਂ ਕਿੱਧਰ ਜਾਂਦਾ, ਉਸ ਰਸਤੇ ਨਾ ਜਾਈਏ।

ਮਨ ਭਾਉਂਦਾ ਵੀ ਕਰੀਏ ਲੇਕਿਨ ਇਹ ਵੀ ਕਦੇ ਨਾ ਭੁੱਲੀਏ,
ਦੁਨੀਆ ਦੇ ਵਿੱਚ ਰਹਿਣਾ ਪੈਣਾ, ਦੁਨੀਆ ਨੂੰ ਵੀ ਭਾਈਏ।

•

# ਆਪਣਾ ਭੇਤ

ਢਕੀ ਰਿੱਝੇ ਕੋਈ ਨਾ ਬੁੱਝ ਸਕੇ,
ਸਦਾ ਕੱਜ ਕੇ ਭਾਜੀ ਬਣਾਈਏ ਜੀ।
ਆਪਣੀ ਮਰਜ਼ੀ ਦਾ ਪਾ ਕੇ ਲਸਣ, ਗੰਡਾ,
ਤੜਕਾ ਲਾ ਕੇ ਮਨ ਪ੍ਰਚਾਈਏ ਜੀ।

ਭਾਵੇਂ ਮਸਰ ਖਾਈਏ ਭਾਵੇਂ ਮੀਟ ਖਾਈਏ,
ਇਸ ਜੱਗ ਤੋਂ ਸਦਾ ਛੁਪਾਈਏ ਜੀ।
ਕੁੱਝ ਗ਼ਲਤ ਹੋ ਜਾਵੇ ਤਾਂ ਭੁਗਤੀਏ ਖ਼ੁਦ,
ਕਿਸੇ ਉੱਪਰ ਊਜ ਨਾ ਲਾਈਏ ਜੀ।

ਸਾਡਾ ਚੰਗਾ-ਮਾੜਾ ਸਾਡਾ ਹੀ ਰਹਿਣਾ,
ਲੋਕਾਂ ਕੋਲੋਂ ਨਾ ਗੱਲਾਂ ਕਰਵਾਈਏ ਜੀ।
ਜਿਹੜਾ ਆਪਣਾ ਨਹੀਂ, ਸਾਨੂੰ ਨਹੀਂ ਮਿਲਣਾ,
ਜਿੰਨਾ ਮਰਜ਼ੀ ਓਸਨੂੰ ਚਾਹੀਏ ਜੀ।

ਕਿਸਮਤ ਵਿੱਚ ਲਿਖਿਆ ਜਿਹੜਾ ਉਹੀ ਸਾਡਾ,
ਪਰਦਾ ਰੱਖ ਕੇ ਉਸਨੂੰ ਖਾਈਏ ਜੀ।
ਜੀਵਨ ਜਾਚ ਸਾਨੂੰ ਸਿੱਖਣੀ ਆਪ ਪੈਣੀ,
'ਸੁੰਨੜਾ' ਭੌਂਏ ਆਪਣੀ ਆਪੇ ਵਾਹੀਏ ਜੀ।

•

## ਪਰਵਾਜ਼

ਸੂਰਜ ਫੜਦੇ-ਫੜਦੇ ਹੋ ਗਏ ਸਾਰੇ ਠੰਡੇ ਸੀਤ।
ਕੋਸ਼ਿਸ਼ ਫਿਰ ਵੀ ਕਰਦੇ ਰਹਿੰਦੇ ਸਭ ਦੁਸ਼ਮਣ ਸਭ ਮੀਤ।

ਆਪਣੇ ਬਾਹੂ-ਬਲ ਤੇ ਹਰ ਕੋਈ ਕਰਦਾ ਹੈ ਅਭਿਮਾਨ,
ਖੋਟੇ ਨੇ ਖੋਟੀ ਗੱਲ ਕਰਨੀ ਖੋਟੀ ਸਭ ਦੀ ਨੀਤ।

ਆਪਣੇ ਆਪ ਨੂੰ ਧੋਖ਼ਾ ਦੇਣਾ ਸਭ ਤੋਂ ਸੌਖਾ ਕੰਮ ਹੈ,
ਝੂਠਾ ਤਾਜ, ਮੁਕਟ ਤੇ ਝੂਠੀ ਜੱਗ ਦੇ ਨਾਲ ਪ੍ਰੀਤ।

ਚੰਦ ਮਾਮੇ ਨੂੰ ਫੜਨਾ ਚਾਹਵੇ ਹਰ ਬਾਲਕ ਅਣਜਾਣ,
ਜਾਣ ਬੁਝ ਕੇ ਖ਼ੁਦ ਨੂੰ ਛਲਣਾ, ਇਹ ਕੈਸੀ ਹੈ ਰੀਤ।
•

## ਅੱਗ

ਲੋਹੜੀ ’ਤੇ ਜਦ ਅੱਗ ਬਲੀ ਤਾਂ ਵੱਖੀਆਂ ਥਾਣੀਂ ਹੱਸਦਾ ਸੈਂ,
ਸਿਵੇ ਦੀ ਅੱਗ ਨੂੰ ਦੇਖ ਕੇ ਕਾਹਤੋਂ ਰੋਣ-ਧੋਣ ਤੂੰ ਲਾਇਆ?
ਪੁੱਤ-ਪੋਤੇ ਜੰਮੇ ਤਾਂ ਖੁਸ਼ੀਆਂ ਕਰਦਾ ਨਹੀਂ ਸੀ ਥੱਕਦਾ,
ਮਲਕਲ ਮੌਤ ਨੇ ’ਵਾਜ਼ ਮਾਰੀ ਤਾਂ ਚਿਹਰਾ ਕਿਉਂ ਕੁਮਲਾਇਆ?

ਸਾਨ੍ਹ ਵਾਂਗ ਬੁੜ੍ਹਕਣ ਦੀ ਤੇਰੀ ਆਦਤ ਨੂੰ ਕੀ ਹੋਇਆ,
ਪਿਛਲੀ ਉਮਰੇ ਬਣਨਾ ਪੈ ਗਿਆ ਤੈਨੂੰ ਗਊ ਦਾ ਜਾਇਆ।
ਮੋਹ-ਮਾਇਆ ਵਿੱਚ ਉਮਰ ਬੀਤ ਗਈ ਮੇਰਾ-ਮੇਰਾ ਕਰਦੇ,
ਤੇਰਾ ਆਪਣਾ ਸਾਹ ਵੀ ਮਿੱਤਰਾ! ਤੇਰਾ ਨਾ ਬਣ ਪਾਇਆ।
•

## ਤਰਜ਼

ਜੀਵਨ ਦੇ ਗੀਤਾਂ ਦੀ ਤਰਜ਼ ਬਣਾਉਣ ਲਈ,
ਹੱਥ ਵਿੱਚ ਤਸਬੀ ਲੈ ਕੇ ਦਰ-ਦਰ ਮੰਗਦੇ ਹਾਂ।
ਦਿਲ ਹੀ ਜਾਣੇ ਦਿਲ ਵਿੱਚ ਕੀ ਕੀ ਬੀਤ ਰਿਹਾ,
ਖੋਲ੍ਹ ਕੇ ਗੱਲ ਕਰਨੋਂ ਵੀ ਥੋੜਾ ਸੰਗਦੇ ਹਾਂ।
•

## ਮੋਏ ਅਰਮਾਨ

ਮੋਏ ਅਰਮਾਨਾਂ ਨੂੰ ਚੁੱਕ ਲੈ ਚੱਲਿਆ ਹਾਂ ਦਫ਼ਨਾਉਣ ਲਈ।
ਨਹੀਂ! ਨਹੀਂ!! ਹੁਣ ਨਹੀਂ ਕਹਿਣਾ ਤੈਨੂੰ ਮੇਰਾ ਭਾਰ ਵੰਡਾਉਣ ਲਈ।

ਵੈਲਨਟਾਈਨ ਰੋਡ ਉੱਤੇ ਸ਼ਮਸ਼ਾਨ ਘਾਟ ਵਿੱਚ ਚੱਲਿਆ ਹਾਂ,
ਅੱਜ ਤਾਂ ਮੈਂ ਬਿਲਕੁਲ ਨਹੀਂ ਕਹਿਣਾ ਤੈਨੂੰ ਉੱਥੇ ਆਉਣ ਲਈ।

ਜੋ ਹੋਣਾ ਸੀ, ਹੋ ਗਿਆ, ਹੁਣ ਰੋਣ-ਧੋਣ ਦਾ ਕੀ ਫ਼ਾਇਦਾ,
ਦੋਸ਼ ਦੇਣ ਨੂੰ ਦਿਲ ਨਹੀਂ ਕਰਦਾ ਐਵੇਂ ਗੱਲ ਵਧਾਉਣ ਲਈ।

ਜੱਗ ਮੇਲਾ ਹੈ ਜਿਉਂਦਿਆਂ ਦਾ, ਉੱਡਦੇ ਨੂੰ ਮਿਲਦਾ ਉੱਡਦਾ,
ਮੋਇਆਂ ਦੀ ਮੰਡੀ ਵਿੱਚ ਕਿਹੜਾ ਜਾਊ ਬੋਲੀ ਲਾਉਣ ਲਈ।
•

# ਜੀਵਨ ਜੋਤ

ਗੀਤ ਲਿਖਾਂ ਕਿ ਗਜ਼ਲ ਲਿਖਾਂ ਮੈਂ ਬਦਲਦੀਆਂ ਤਸਵੀਰਾਂ ਦੀ,
ਮਨ-ਮੰਦਰ ਵਿੱਚ ਤਾਂ ਇੱਕ ਹੈ, ਇੱਕ ਰੀਝ ਬਚੀ ਦਿਲਗੀਰਾਂ ਦੀ।

ਜੀ ਕਰਦਾ ਹੈ ਅੱਜ ਹੀ ਉੱਡ ਕੇ ਆ ਜਾਵਾਂ ਤੇ ਵਸਲ ਕਰਾਂ,
ਤੂੰ ਦੱਸ ਸੱਜਣ! ਮੈਂ ਕਿਵੇਂ ਲਿਖਾਂ, ਕੁੰਡਲੀ ਬੁੱਝੀਆਂ ਤਕਦੀਰਾਂ ਦੀ।

ਮੈਂ ਸ਼ਾਇਦ ਆਪਣੀ ਹੀ ਅੱਗ ਵਿੱਚ ਆਪੇ ਸੜ ਜਾਣੈ ਇੱਕ ਦਿਨ,
ਭਾਗਾਂ ਵਿੱਚ ਜੇਕਰ ਨਾ ਹੋਈ ਮਿਹਰ ਮੇਰੇ ਪੰਜੇ ਹੀ ਪੀਰਾਂ ਦੀ।

ਸ਼ਿਵ ਸ਼ਕਤੀ ਲੂਹ ਦੇਂਦੀ ਜੱਗ ਨੂੰ, ਪਾਰਬਤੀ ਜੇ ਨਾ ਹੁੰਦੀ,
ਬਹੁਤ ਉਮੀਦਾਂ ਤਸਬੀ ਤੋਂ ਜੋ ਜੀਵਨ ਜੋਤ ਫ਼ਕੀਰਾਂ ਦੀ।

•

# ਖ਼ਾਲਸ ਇਨਸਾਨ

ਕਦੇ ਨਾ ਗਲ਼ ਵਿੱਚ ਜੰਜੂ ਤੱਕਿਆ ਇਸ ਲਈ ਮੈਂ ਨਹੀਂ ਹਿੰਦੂ,
ਨਾ ਹੀ ਮੇਰੀ ਸੁੰਨਤ ਹੋਈ ਇਸ ਲਈ ਮੈਂ ਨਹੀਂ ਮੁਸਲਮਾਨ।
ਰੱਬ ਨੇ ਜੋ ਕੁੱਝ ਦਿੱਤਾ ਉਸਦਾ ਲੱਖ-ਲੱਖ ਸ਼ੁਕਰ ਮਨਾਵਾਂ,
ਬੰਦਿਆਂ ਵਰਗਾ ਬੰਦਾ ਹਾਂ ਮੈਂ ਇੱਕ ਖ਼ਾਲਸ ਇਨਸਾਨ।

•

# ਪੱਤਝੜ

ਪੱਤਝੜ ਦੇ ਵਿੱਚ ਦਿਸਣੋ ਹਟ ਗਿਆ, ਪੱਤਝੜ ਚਾਰ-ਚੁਫ਼ੇਰੇ ਹੂ।
ਪੱਤਾ-ਪੱਤਾ ਕਿਰਦਾ ਦਿਸਦਾ, ਕੁੱਝ ਨਾ ਵੱਸ ਵਿੱਚ ਮੇਰੇ ਹੂ।

ਸੁਣਿਆਂ ਕਈ ਰੁੱਤਾਂ ਦੁਨੀਆ ਵਿੱਚ, ਪੱਤਝੜ ਹਿੱਸੇ ਤੇਰੇ ਹੂ।
ਅੰਬਾਂ ਦੀ ਰੁੱਤ ਵਿੱਚ ਤਾਂ ਸੁਣਦੀ, ਕੋਇਲ ਕੂਕ ਬਨੇਰੇ ਹੂ।

ਆਪੋ-ਆਪਣੇ ਹਿੱਸੇ ਮਿੱਤਰਾ! ਰਾਤਾਂ ਅਤੇ ਸਵੇਰੇ ਹੂ।
ਰੱਬ ਦੇ ਰੰਗ ਵਿੱਚ ਰਹਿਣਾ ਪੈਣਾ ਕਰਕੇ ਤਕੜੇ ਜੇਰੇ ਹੂ।

ਅੰਦਰੋਂ ਜੋਤ ਜਗੇ ਜੇ ਕੋਈ, ਹੋਵਣ ਦੂਰ ਹਨ੍ਹੇਰੇ ਹੂ।
ਸ਼ਹੁ ਦੀ ਬੁੱਕਲ ਮਿਲ ਜਾਵੇ ਤਾਂ, ਜਾਗਣ ਭਾਗ ਬਥੇਰੇ ਹੂ।

•

# ਯਾਰ

ਫਿਰ ਕੱਚਾ ਕੀ ਤੇ ਪੱਕਾ ਕੀ ਜੇ ਸੁੱਕੀ ਹੋਈ ਝਨ੍ਹਾਂ ਹੋਵੇ,।
ਫਿਰ ਏਧਰ ਕੀ ਤੇ ਓਧਰ ਕੀ ਜੇ ਯਾਰ ਹੀ ਦਿਸਦਾ ਨਾ ਹੋਵੇ।

ਕਵਿਤਾ ਕਈ ਕੁਝ ਕਹਿ ਸਕਦੀ ਹੈ, ਹਾਂ! ਕਲਮ 'ਚ ਤਾਕਤ ਹੁੰਦੀ ਹੈ,
ਪਰ ਦਰਦ ਜੋ ਸਾਰੀ ਉਮਰਾਂ ਦਾ ਲਫ਼ਜ਼ਾਂ ਵਿੱਚ ਕਿਵੇਂ ਬਿਆਂ ਹੋਵੇ।

ਮੈਂ ਸ਼ਮ੍ਹਾ ਤੋਂ ਬਲਿਹਾਰੇ ਜਾਵਾਂ ਜਿਸਦੀ ਗ਼ਲਤੀ ਨਹੀਂ ਮਾਸਾ ਵੀ,
ਬਸ! ਪਰਵਾਨਾ ਹੀ ਦੋਸ਼ੀ ਹੈ ਜੋ ਉੱਡ ਕੇ ਆਪ ਫਨ੍ਹਾਂ ਹੋਵੇ।

ਮੇਰਾ ਸਜ਼ਦਾ ਮਨਜ਼ੂਰ ਕਰੀਂ ਚਿਹਰੇ ਪੜ੍ਹ ਕੇ ਦੇਖ ਲਵੀਂ,
ਉੱਥੇ ਤਾਂ ਚੁੱਪ ਚੰਗੇਰੀ ਹੈ ਜਿੱਥੇ ਬੋਲਣਾ ਸਖ਼ਤ ਮਨ੍ਹਾ ਹੋਵੇ।

•

# ਰਮਜ਼

ਰੌਲ਼ਾ ਰੱਪਾ ਜਿੰਨਾ ਮਰਜ਼ੀ ਪਾਉਂਦਾ ਫਿਰੇ ਸੰਸਾਰ।
ਗੱਲ ਤਜ਼ਰਬੇ ਦੀ ਜੇ ਕਰੂ, ਤਾਂ ਕਰੂ ਤਜ਼ਰਬੇਕਾਰ।

ਮਦਦ ਕਰਨ ਨੂੰ ਵੈਸੇ ਤਾਂ ਦਿਲ ਸਭ ਦਾ ਹੈ ਕਰਦਾ,
ਲੇਕਿਨ ਇਸਤੋਂ ਪਹਿਲਾਂ ਚੁੱਕਣਾ ਪੈਣਾ ਆਪਣਾ ਭਾਰ।

ਕਰਤ ਵਿੱਦਿਆ ਹੈ ਇਹ ਜੀਵਨ, ਜੋ ਛਾਣੇ ਉਹ ਜਾਣੇ,
ਭੀੜ ਪਈ ਤੋਂ ਕੰਮ ਨਾ ਆਵੇ ਸੋ ਸ਼ਸਤਰ ਬੇਕਾਰ।

ਦਿਲ ਦੀ ਸੁਣੇ, ਸੁਣਾਵੇ ਜਿਹੜਾ ਓਹੀਓ ਦਿਲ ਦਾ ਜਾਨੀ,
ਰਮਜ਼ ਪਛਾਣ ਨਹੀਂ ਜੋ ਸਕਦਾ, ਉਹ ਕਾਹਦਾ ਦਿਲਦਾਰ।

ਸਾਥੀ, ਸਾਥ ਦਵੇ ਤਾਂ ਦੇਸ਼-ਵਿਦੇਸ਼ੀਂ ਉੱਡਦੇ ਫਿਰੀਏ,
ਬਿਨਾ ਕਿਸੇ ਕੰਪਾਸ ਤੋਂ ਪਹੁੰਚ ਜਾਏ ਕੂੰਜਾਂ ਦੀ ਡਾਰ।

ਕਲਮ ਤੇਰੇ ਹੱਥ ਹੈ ਕੋਈ ਕਰ ਦਿਖਾ ਆਪਣਾ ਕਮਾਲ,
ਆਸਮਾਂ ’ਤੇ ਤੂੰ ਵੀ ਦਿਸ, ਚੰਨ-ਤਾਰਿਆਂ ਦੇ ਨਾਲ-ਨਾਲ।

ਸੂਰਜ ਨੂੰ ਸਿਫ਼ਾਰਿਸ਼ ਦੀ ਭਲਾ! ਕਿੰਨੀ ਕੁ ਹਸਰਤ ਹੈ,
ਸੂਰਜ ਬਣ ਕੇ ਚੜ੍ਹੇਂਗਾ ਤਾਂ ਰੌਸ਼ਨੀ ਆਊਗੀ ਨਾਲ।

ਇਹ ਸੱਚ ਹੈ ਕਿ ਹਰ ਕੋਈ ਇੱਕ ਇਨਕਲਾਬੀ ਨਹੀ ਹੈ,
ਪਰ ਦਿਲ ਅੰਦਰਲੇ ਖ਼ੂਨ ਦਾ, ਹੁੰਦਾ ਹੈ ਰੰਗ ਲਾਲ।

ਭੁੱਖ ਦੀ ਤੇ ਦੁੱਖ ਦੀ ਪੀੜਾ ਵੀ ਜਰਨੀ ਹੈ ਔਖੀ,
ਪਰ ਹਸਰਤਾਂ ਦਾ ਦਰਦ ਵੀ ਹੈ, ਆਪ ਵਿੱਚ ਆਪਣੀ ਮਿਸਾਲ।

ਮੇਰੀ ਸਿਫ਼ਾਰਸ਼ ਨਾ ਕਰੀਂ ਬਸ! ਏਨਾ ਕੁ ਰਹਿਮ ਕਰ,
ਸੱਚ ਵੀ ਹੈ ਬੋਲਣਾ ਮੈਂ ਦਿਲ ਦਾ ਵੀ ਰੱਖਣਾ ਖ਼ਿਆਲ।

•

# ਰੱਬ ਦਾ ਸਿਰਨਾਵਾਂ

ਵੇਦ, ਕੇਤਾਬਾਂ ਦੇ ਵਿੱਚ ਲਿਖੀਆਂ ਲੱਖ ਪਤੇ ਦੀਆਂ ਬਾਤਾਂ।
ਪੁਰਾਣ, ਕੁਰਾਨ ਬੜੇ ਸਚਿਆਰੇ ਸੌ-ਸੌ ਦੇਣ ਸੁਗਾਤਾਂ।

ਸੱਚ 'ਤੇ ਕਬਜ਼ਾ ਕਰਕੇ ਲੋਕੀਂ ਤਾਕਤਵਰ ਅਖਵਾਉਂਦੇ,
ਮਾਣਸ ਦੇਹੀ ਇੱਕੋ ਜਿਹੀ, ਨਾ ਜਿਣਸਾਂ ਨਾ ਜਾਤਾਂ।

ਸੱਚ ਤੇ ਕਾਬਜ਼ ਲੋਕੀਂ ਸੱਚ ਦੀ ਸਾਰ ਨਾ ਜਾਨਣ ਦੇਂਦੇ,
'ਨ੍ਹੇਰੇ ਦੇ ਵਿੱਚੇ-ਵਿੱਚ ਰੱਖਦੇ, ਪਾਰ ਨਾ ਜਾਵਣ ਦੇਂਦੇ।

ਰੱਬ ਦਾ ਸਿਰਨਾਵਾਂ ਨਾ ਦੱਸਦੇ ਬੜੇ ਪ੍ਰੋਹਤ ਪੱਕੇ,
ਮੰਦਿਰਾਂ 'ਚੋਂ ਬਾਹਰ ਨਾ ਨਿਕਲੇ, ਖ਼ੁਦ ਭਗਵਾਨ ਵੀ ਜੱਕੇ।

ਕਾਦਰ ਦੀ ਕੁਦਰਤ ਵੀ ਕਾਦਰ, ਤਾਂ ਫਿਰ ਕਾਹਦਾ ਰੌਲ਼ਾ,
ਰਾਮ, ਰਹੀਮ ਤਾਂ ਸਰਬਵਿਆਪੀ ਨਾ ਕਾਂਸ਼ੀ ਨਾ ਮੱਕੇ।
•

# ਵਧਾਈਆਂ

ਨਵੇਂ ਸਾਲ ਦੀ ਬਹੁਤ ਵਧਾਈ ਸੱਜਣਾਂ, ਮਿੱਤਰਾਂ, ਯਾਰਾਂ ਨੂੰ।
ਕਵੀਆਂ ਨੂੰ ਵਿਦਵਾਨਾ ਨੂੰ ਕਲਾਕਾਰਾਂ, ਫ਼ਨਕਾਰਾਂ ਨੂੰ।

ਦੇਸ਼-ਵਿਦੇਸ਼ਾਂ ਦੇ ਵਿੱਚ ਵਸਦੇ, ਪੰਜਾਬੀ ਪਰਿਵਾਰਾਂ ਨੂੰ।
ਵਤਨ ਮੇਰੇ ਦੇ ਵਾਸੀ ਸਾਰੇ ਗੱਭਰੂਆਂ, ਮੁਟਿਆਰਾਂ ਨੂੰ।

ਗੁਰਦੁਆਰਿਆਂ, ਮੰਦਿਰਾਂ ਤੇ ਮਸਜਿਦਾਂ ਦੇ ਪਹਿਰੇਦਾਰਾਂ ਨੂੰ।
ਸਰਬ ਸਾਂਝਿਆਂ ਧਰਮਾਂ ਨੂੰ ਤੇ ਧਰਮ ਦੇ ਠੇਕੇਦਾਰਾਂ ਨੂੰ।

ਬਾਲ, ਬਜ਼ੁਰਗਾਂ, ਚੋਬਰਾਂ ਤੇ ਹੁਸਨ ਜਵਾਨ ਬਹਾਰਾਂ ਨੂੰ।
ਅੱਲ੍ਹੜ ਕੱਚੀਆਂ ਕੰਜਕਾਂ ਨੂੰ ਤੇ ਹੁਸਨ ਦੀਆਂ ਸਰਕਾਰਾਂ ਨੂੰ।

ਨਵੇਂ ਸਾਲ ਦੀ ਬਹੁਤ ਵਧਾਈ ਸੱਜਣਾਂ, ਮਿੱਤਰਾਂ, ਯਾਰਾਂ ਨੂੰ।
ਕਵੀਆਂ ਨੂੰ ਵਿਦਵਾਨਾ ਨੂੰ ਕਲਾਕਾਰਾਂ, ਫ਼ਨਕਾਰਾਂ ਨੂੰ।
•

## ਬਚਪਨ

ਕਿਵੇਂ ਭਲਾ ਭੁੱਲ ਜਾਊਂ ਸੱਜਣਾ! ਆਪਣੇ ਪਿੰਡ ਦੀ ਉਹ ਮਿੱਟੀ,
ਜਿਸ ਮਿੱਟੀ ਵਿੱਚ ਲਿਟਲਿਟੀਆਂ ਕਰਦੇ ਹੁੰਦੇ ਸੀ ਯਾਰ ਕਦੇ।
ਉਲਟਬਾਜ਼ੀਆਂ ਲਾਉਂਦੇ ਸਾਂ ਤੇ ਛੱਪੜ ਵਿੱਚ ਨਹਾਉਂਦੇ ਸਾਂ,
ਕਿਵੇਂ ਭੁੱਲਣਗੀਆਂ ਕੱਚੀਆਂ ਅੰਬੀਆਂ ਤੇ ਗੋਲ੍ਹਾਂ ਦਾ ਪਿਆਰ ਕਦੇ।

ਚੱਡੀ ਪਾ ਕੇ ਅੱਡੀ ਟੱਪਾ ਰੋਜ਼ ਖੇਡਿਆ ਰੱਜ-ਰੱਜ ਕੇ,
ਬੇਫ਼ਿਕਰੀ ਦੀ ਏਹੋ ਜਿਹੀ ਲੱਭਣੀ ਨਹੀਂ ਬਹਾਰ ਕਦੇ।
ਪੈਸਾ-ਧੇਲਾ, ਇੱਜ਼ਤ ਮਾਣ ਬੜਾ ਪਾਇਆ ਦੁਨੀਆ ਵਿੱਚੋਂ,
ਬਚਪਨ ਦੇ ਦਿਲਜਾਨੀਆਂ ਵਰਗਾ ਲੱਭਣਾ ਨਹੀਂ ਦਿਲਦਾਰ ਕਦੇ।

•

## ਅਹਿਸਾਸ

ਮੇਰੇ ਵਿੱਚ ਵੀ ਮਹਿਕ ਹੈ ਕੋਈ ਮੈਨੂੰ ਅਹਿਸਾਸ ਨਹੀਂ ਸੀ।
ਮਹਿਕ ਮਾਣੇਗਾ ਕੋਈ ਮੇਰੇ 'ਚੋਂ ਮੈਨੂੰ ਆਸ ਨਹੀ ਸੀ।

ਮੇਰਿਆਂ ਮੈਨੂੰ ਉਮਰ ਭਰ ਅਰਥਹੀਣਾ ਹੀ ਕਿਹਾ,
ਮੇਰੀ ਵੀ ਕੋਈ ਸਾਰਥਿਕਤਾ ਹੋਏਗੀ ਵਿਸ਼ਵਾਸ਼ ਨਹੀਂ ਸੀ।

ਸੂਰਜ ਵਾਂਗੂੰ ਚੜ੍ਹਦਾ ਤੇ ਡੁੱਬਦਾ ਰਿਹਾ ਸਾਰੀ ਉਮਰ,
ਅੱਗ ਦੇ ਗੋਲੇ ਨੂੰ ਸੱਚੀਂ ਅੰਮ੍ਰਿਤ ਦੀ ਵੀ ਪਿਆਸ ਨਹੀਂ ਸੀ।

ਰੀਝਾਂ ਨਾ ਪੁੱਗਣ ਤੇ ਲੋਕੀਂ ਸ਼ਿਕਵਾ ਕਰਦੇ ਸੁਣੇ ਨੇ,
ਮੈਂ ਸ਼ਿਕਵਾ ਕੀ ਕਰਦਾ ਜਦ ਤੱਕ ਰੀਝ ਹੀ ਕੋਈ ਖ਼ਾਸ ਨਹੀਂ ਸੀ।

•

# ਨੀਂਦ

ਸੁੱਤਿਆਂ-ਸੁੱਤਿਆਂ ਸੁਪਨੇ ਦੇ ਵਿੱਚ ਬਹੁਤ ਬੁਰੜਾਉਂਦੇ ਲੋਕ।
ਪਤਾ ਨਹੀਂ ਲੱਗਦਾ ਲੇਕਿਨ ਕੁੱਝ ਕਹਿਣਾ ਚਾਹੁੰਦੇ ਲੋਕ।

ਕੁੱਝ ਸੁੱਤੇ ਕੁੱਝ ਘੇਸਲੇ ਹੋਏ ਘੀਂ-ਘੀਂ, ਘੂੰ-ਘੂੰ ਕਰਨ ਸਦਾ,
ਰਹੋ ਜਾਗਦੇ ਦੁਨੀਆਂ ਵਾਲਿਓ! ਹੋਕਾ ਲਾਉਂਦੇ ਲੋਕ।

ਪਤਾ ਨਹੀਂ ਕੀ ਲਿਖਦੇ-ਪੜ੍ਹਦੇ ਕਰਨ ਕਾਲੀਆਂ ਕੰਧਾਂ,
ਪੜ੍ਹ ਨਾ ਸਕਦੇ ਪਰ ਲੋਕਾਂ ਲਈ ਪੂਰਨੇ ਪਾਉਂਦੇ ਲੋਕ।

ਘਰ-ਘਰ ਸੁਣਨ ਘਰਾੜੇ, ਲੋਕੀਂ ਸੁੱਤੇ ਲੰਮੀਆਂ ਤਾਣ,
ਸੁੱਤੇ-ਸੁੱਤੇ ਹੀ ਲੋਕਾਂ ਨੂੰ ਫਿਰਨ ਜਗਾਉਂਦੇ ਲੋਕ।

•

# ਇਮਾਨ

ਸੱਚਮੁਚ ਮੇਰਾ ਦਿਲ ਕਰਦਾ ਹੈ ਧਰਮ, ਇਮਾਨ ਨਿਭਾਵਾਂ।
ਆਪਣਾ ਹੱਕ ਅਪਣਾਵਾਂ ਤੇ ਮਾਸਾ ਵੀ ਹੋਰ ਨਾ ਚਾਹਵਾਂ।

ਸ਼ੁਕਰ ਕਰਾਂ, ਧੰਨਵਾਦੀ ਹੋਵਾਂ, ਹੁਕਮ ਰਜਾਈ ਚੱਲਾਂ,
ਰੱਬ ਦੀਆਂ ਦਿੱਤੀਆਂ ਦਾਤਾਂ ਲਈ ਵਾਰੇ-ਵਾਰੇ ਜਾਵਾਂ।

ਸਭ ਕੁੱਝ ਤਾਂ ਮਿਲਿਆ ਹੈ ਮੈਨੂੰ ਜੋ ਮੰਗਿਆ ਵੀ ਨਹੀਂ ਸੀ,
ਹਉਮੈ, ਵੈਰ ਤਿਆਗ ਦਿਆਂ ਤੇ ਬਸ! ਸਤਿਨਾਮ ਧਿਆਵਾਂ।

ਲੇਕਿਨ ਸਾਧ ਤਾਂ ਕੰਬਲੀ ਛੱਡੇ ਪਰ ਕੰਬਲੀ ਨਹੀਂ ਛੱਡਦੀ
ਮੇਰਾ ਰਿੱਛ ਨਹੀਂ ਛੱਡਦਾ ਮੈਨੂੰ ਤਾਹੀਓਂ ਗੋਤੇ ਖਾਵਾਂ।

•

# ਦੁਖਦੀ ਰਗ

ਜਨਮ ਮਰਨ 'ਕੱਲਿਆਂ ਦਾ ਹੁੰਦਾ 'ਕੱਲਾਪਣ ਹੀ ਤੇਰਾ ਹੈ।
ਰਿਸ਼ਤੇ, ਨਾਤੇ, ਸਾਂਝ-ਭਿਆਲੀ ਨਾ ਤੇਰਾ ਨਾ ਮੇਰਾ ਹੈ।

ਰਿਸ਼ਤੇ ਦਾ ਕੋਈ ਨਿੱਘ ਹੋਵੇ ਤਾਂ ਦਿਨ ਸੌਖੇ ਲੰਘ ਜਾਂਦੇ ਨੇ,
ਕਈ ਰਿਸ਼ਤੇ ਚਾਨਣ ਬਣਦੇ, ਕਈ ਬਿਲਕੁਲ ਘੁੱਪ ਹਨ੍ਹੇਰਾ ਹੈ।

ਓਪਰਿਆਂ ਨੇ ਕਦੇ ਕਿਸੇ ਦੀ ਦੁਖਦੀ ਰਗ ਨੂੰ ਨਹੀਂ ਫੜਿਆ,
ਤੈਨੂੰ ਤੰਗ ਕਰਨ ਲਈ ਤੇਰਾ ਕੁੜਮਾਚਾਰ ਬਥੇਰਾ ਹੈ।

ਮੱਖਣ ਲਾਉਣ ਵਾਲੇ ਹੀ ਤੇਰੇ ਕਈ ਮਖੌਟੇ ਲਈ ਫਿਰਦੇ,
ਚੱਕਰਵਿਊ ਰਿਸ਼ਤੇ-ਨਾਤੇ ਤੇ ਸਾਡਾ ਚਾਰ-ਚੁਫ਼ੇਰਾ ਹੈ।

•

# ਰੰਗਾਂ ਬਿਨ ਹੋਲੀ ਨਹੀਂ

ਰੁਕਣਾ ਨਾ ਰੁਕਣਾ ਤਾਂ ਤੇਰੀ ਮਰਜ਼ੀ ਹੈ,
ਰੰਗ ਲੱਗ ਜਾਣ ਜੇ ਇਕ ਵਾਰੀ ਤੂੰ ਆ ਜਾਵੇਂ।
ਰੰਗਾਂ ਬਿਨ ਹੋਲੀ ਨਹੀਂ ਖੇਡੀ ਜਾ ਸਕਦੀ,
ਹਾਜ਼ਰ ਹੋ ਕੇ ਸਾਡੀ ਖੇਡ ਬਣਾ ਜਾਵੇਂ।

ਖ਼ੈਰ ਸੱਲਾ! ਜੇ ਲਫ਼ਜ਼ ਕੋਈ ਵੀ ਨਾ ਉਚਰੇਂ,
ਅੱਖਾਂ-ਅੱਖਾਂ ਵਿੱਚ ਸਭ ਕੁੱਝ ਸਮਝਾ ਜਾਵੇਂ।
ਫਿਰ ਕੀ ਹੋਇਆ ਉਮਰ ਬੀਤ ਚੱਲੀ ਹੈ ਤਾਂ,
ਅਗਲੇ ਜਨਮ ਮਿਲਣ ਦਾ ਲਾਰਾ ਲਾ ਜਾਵੇਂ।

•

# ਸ਼ੀਸ਼ਾ

ਸ਼ੀਸ਼ਾ ਤਾਂ ਸੱਚੋ-ਸੱਚ ਬੋਲੇ ਅਸਲੀ ਰੂਪ ਦਿਖਾਵੇ।
ਜੇ ਤੂੰ ਰੋਵੇਂ ਸ਼ੀਸ਼ੇ ਅੱਗੇ ਸ਼ੀਸ਼ਾ ਕਿੰਝ ਮੁਸਕਾਵੇ।

ਦੋ ਕੱਪ ਕੌਫ਼ੀ ਦੇਖ ਕੇ ਜੇ ਤੇਰਾ ਦਿਲ ਇੱਕ ਕੱਪ ਚਾਹਵੇ।
ਚਾਹਤ ਤਾਂ ਸੁਪਨਾ ਹੈ, ਸ਼ੀਸ਼ਾ ਸੁਪਨਾ ਕਿੰਝ ਬਣ ਜਾਵੇ।

ਤੈਨੂੰ ਤਾਂ ਤੂੰ ਹੀ ਮਿਲ ਸਕਦੈਂ ਤੂੰ ਹੈਂ ਸ਼ੀਸ਼ੇ ਸਾਹਵੇਂ।
ਦੂਰ-ਦੁਰਾਡੇ ਬੈਠੇ ਮਿੱਤਰ ਸ਼ੀਸ਼ਾ ਕਿੰਝ ਮਿਲਾਵੇ।

ਸ਼ੀਸ਼ੇ ਸਾਹਵੇਂ ਤਾਂ ਤੂੰ ਬਸ! ਆਪਣੇ ਅੰਗ ਹੀ ਚੁੰਮ ਸਕਦੈਂ
ਤੇਰੀ ਬੁੱਕਲ ਵਿੱਚ ਤੂੰ 'ਕੱਲਾ ਦੋ ਕਿੱਦਾਂ ਬਣ ਜਾਵੇ।

•

# ਅਖੌਤੀ ਸਾਹਿਤਕਾਰ

ਸੁਣ ਸਕਣੇ ਦੀ ਸ਼ਕਤੀ ਨਾ ਸੀ ਰੌਲਾ ਬਹੁਤ ਮੈਂ ਪਾਇਆ।
ਸੋਚਣ ਵਾਲਾ ਖ਼ਾਨਾ ਖ਼ਾਲੀ ਸਾਹਿਤਕਾਰ ਅਖਵਾਇਆ।

ਮਹਿਸੂਸ ਤੱਕ ਨਾ ਕੀਤਾ ਐਵੇਂ ਤੜਫ਼ਿਆ ਤੇ ਤੜਫ਼ਾਇਆ।
ਕੋਸ਼ਿਸ਼ ਕਰਨ ਤੋਂ ਪਹਿਲਾਂ ਹੀ ਬਸ! ਐਵੇਂ ਹੌਸਲਾ ਢਾਹਿਆ।

ਮਰ-ਮਰ ਕੇ ਹੀ ਜੀਵੇ, ਚੱਜ ਨਾਲ ਜੀਣਾ ਵੀ ਨਾ ਆਇਆ।
ਕਿਸੇ ਨੂੰ ਦੱਸ ਕੀ ਆਖਾਂ! ਹੱਥੀਂ ਝੁੱਗਾ ਚੌੜ ਕਰਾਇਆ।

ਮਾਇਆ ਦੇ ਮੋਹ ਨੇ ਹੈ ਮੈਨੂੰ ਬਿਨਾ ਦੰਦਾਂ ਤੋਂ ਖਾਇਆ।
ਚੱਕਰ ਵਿੱਚ ਪੈ ਕੇ ਤਾਹੀਓਂ ਤਾਂ ਘਣਚੱਕਰ ਅਖਵਾਇਆ।

•

# ਕਰੁੱਤੀ ਵੇਲ

ਕਿੱਥੋਂ-ਕਿੱਥੋਂ ਚੋਗਾ ਚੁਗਣਾ ਸਭ ਕੁਦਰਤ ਦੇ ਖੇਲ।
ਸਾਡੇ ਵੇਹੜੇ ਵਿੱਚ ਉੱਗੀ ਹੈ ਇੱਕ ਕਰੁੱਤੀ ਵੇਲ।

ਚਾਅ ਨਾ ਹੋਵੇ ਤਾਂ ਜੀਵਨ ਦੀ ਲਾਸ਼ ਨਹੀਂ ਚੁੱਕ ਹੁੰਦੀ,
ਸਹਿਜ ਅਵਸਥਾ ਤਾਂ ਬਣਦੀ ਜੇ ਹੋਣ ਸੰਜੋਗੀਂ ਮੇਲ।

ਜੋ ਵਗਦਾ ਨਹੀਂ ਉਸਨੂੰ ਤਾਂ ਦਰਿਆ ਨਹੀਂ ਕਹਿੰਦੇ ਲੋਕੀਂ,
ਸਾਗਰ ਵਿੱਚ ਓਹ ਹੀ ਰਲਦੇ ਜੋ ਰਸਤੇ ਜਾਂਦੇ ਪੇਲ।

ਅੱਖਾਂ ਵਿੱਚ ਸਵਾਲ ਕਿਉਂ ਹੈ ਕਿਸਮਤ 'ਤੇ ਕੀ ਰੋਸਾ,
ਰੀਝ ਹੋਏ ਤਾਂ ਕਈ ਲੋਕੀਂ ਕੱਚਿਆਂ ਨੂੰ ਦਿੰਦੇ ਠੇਲ੍ਹ।

ਕਿੱਡਾ ਕੁ ਹੈ ਧਰਤ ਅਤੇ ਆਕਾਸ਼ ਭਲਾ ਦੱਸੀ ਖਾਂ!
ਥੰਧਿਆਈ ਦਿਸਦੀ ਦੂਰੋਂ ਜੇ ਤਿਲਾਂ 'ਚ ਹੋਵੇ ਤੇਲ।

•

# ਰਿਸ਼ਤਾ

ਰਿਸ਼ਤਾ ਤਾਂ ਰਿਸ਼ਤਾ ਹੁੰਦਾ ਹੈ ਰਾਤ ਹੋਵੇ ਜਾਂ ਸਿਖ਼ਰ ਦੁਪਹਿਰ।
ਲੇਕਿਨ ’ਕੱਲਿਆਂ ਝੱਲ ਨਹੀਂ ਹੁੰਦਾ ’ਕੱਲਮ ’ਕੱਲੇ ਦਿਲ ’ਤੇ ਕਹਿਰ।

ਜੀਵਨ ਦੇ ਵਿੱਚ ਸੱਚਮੁੱਚ ਕੋਈ ਆਪਣਾ ਹੋਵੇ ਤਾਂ ਜੀਅ ਹੁੰਦਾ,
ਦਿਲ ਨਹੀ ਲੱਗਦਾ, ਬਹੁਤ ਵੱਡਾ ਹੈ ਭਾਵੇਂ ਓਪਰਿਆਂ ਦਾ ਸ਼ਹਿਰ।

ਪਿਆਰ ਭੁੱਖ ਜੇ ਨਹੀਂ ਮਿਟਦੀ, ਜੇਕਰ ਰਿਸ਼ਤਾ ਹੀ ਨਹੀਂ ਕੋਈ,
ਨਿਰੀ ਕੁੜੱਤਣ ਬਣਿਆਂ ਰਹਿੰਦਾ ਜੀਵਨ ਲੱਗਦਾ ਹੈ ਜਿਉਂ ਜ਼ਹਿਰ।

ਅੱਖ਼ਰ ਏਧਰੋਂ-ਓਧਰ ਹੋ ਜਾਏ ਸਾਰੇ ਅਰਥ ਬਦਲ ਜਾਂਦੇ,
’ਕੱਲੇ ਅੱਖ਼ਰ ਦੀ ਨਾ ਬਣਦੀ, ਸੁਰ ਨਾ ਤਾਲ ਤੇ ਨਾ ਹੀ ਬਹਿਰ।
•

# ਚੱਕਰਵਿਊ

ਆਪਣਾ ਹੀ ਵੈਰੀ ਹੈ ਬੰਦਾ, ਇਹ ਜੱਗ ਹੁੰਦੜੀ ਆਈ।
ਕਦੇ ਕਿਸੇ ਨੇ ਆਪਣੇ ਆਪ ’ਤੇ ਪਰ ਨਹੀਂ ਤੋਹਮਤ ਲਾਈ।

ਭਾਵੁਕਤਾ ਵਿੱਚ ਵਹਿ ਕੇ ਤੂੰ ਇਹ ਆਪਣੀ ਗੱਲ ਸੁਣਾਈ।
ਆਮ ਤੌਰ ’ਤੇ ਲੇਕਿਨ ਰੱਖਦੇ ਲੋਕੀਂ ਗੱਲ ਲੁਕਾਈ।

ਹਰ ਬੰਦੇ ਦੀ ਹਰ ਇੱਕ ਬਿਪਤਾ ਹੱਥੀਂ ਅਸਾਂ ਬਣਾਈ।
ਚੱਕਰਵਿਊ ਵਿੱਚ ਪੈ ਜਾਣਾ ਹੈ ਕਿੱਥੋਂ ਦੀ ਚਤੁਰਾਈ।

ਆਪਾਂ ਨੂੰ ਜੋ ਖ਼ਾਸ ਨੇ ਆਪਣੇ, ਉਹੋ ਹੀ ਦੁੱਖ ਦੇਂਦੇ।
ਦਰਦ ਤਾਂ ਨਿੱਜੀ ਸ਼ੈ ਹੈ ਆਪਣੀ, ਬਿਲਕੁਲ ਨਹੀਂ ਪਰਾਈ।

‘ਮੈਂ’ ਮੈਨੂੰ ਕੀ-ਕੀ ਦਿੱਤਾ ਹੈ ਇਹ ਤੇ ਮੈਂ ਹੀ ਜਾਣਾਂ,
ਦੱਦਾ ਦੋਸ਼ ਨਾ ਹੋਰ ਕਿਸੇ ਦਾ ‘ਸੁੰਨੜ’ ਦਵੇ ਦੁਹਾਈ।

•

# ਆਪਣੇ ਅੰਦਰ ਝਾਤ

ਚਿੰਤਾ ਬਹੁਤ ਰਹੀ ਤੈਨੂੰ ਕਿ ਰੁੱਸ ਨਾ ਜਾਵੇ ਕੋਈ,
ਅਚਨਚੇਤ ਹੀ ਹੋ ਗਿਆ ਲੇਕਿਨ ਖ਼ੁਦ ਨੂੰ ਕਦੇ ਮਨਾਇਆ ਨਾ।
ਫ਼ਿਕਰਮੰਦ ਹੋ ਕੇ ਤੂੰ ਭੱਜਿਆ ਫਿਰਿਆ ਚਾਰ-ਚੁਫ਼ੇਰੇ,
ਬੜੇ ਬਣਾਏ ਆਪਣੇ ਲੇਕਿਨ ਖ਼ੁਦ ਨੂੰ ਤੂੰ ਅਪਣਾਇਆ ਨਾ।

ਦਰ-ਦਰ ਜਾ ਕੇ ਧੂਫ਼-ਬੱਤੀਆਂ, ਦੀਵੇ ਬੜੇ ਜਗਾਏ,
ਆਪਣੇ ਅੰਦਰ ਦੇ ਮੰਦਿਰ ਵਿੱਚ ਦੀਵਾ ਕਦੇ ਜਗਾਇਆ ਨਾ।
ਦੁਨੀਆਵੀਂ ਰਾਹਾਂ ਵੱਲੇ ਤਾਂ ਵਲ਼ ਭੰਨ ਕੇ ਵੀ ਜਾਵੇਂ,
ਤੈਨੂੰ ਤੇਰੇ ਵੱਲ ਤੁਰਨ ਦਾ ਕਦੇ ਵੀ ਚੇਤਾ ਆਇਆ ਨਾ।

ਤੇਰੇ ਦਿਲ ਨੂੰ ਤੋੜਨ ਵਾਲੇ ਸਾਰੇ ਤੇਰੇ ਆਪਣੇ,
ਲੋਕਾਂ ਕੋਲੋਂ ਮੰਗਦੈਂ ਆਪਣੇ ਦਿਲ ਨੂੰ ਦਿਲ ਨਾਲ ਲਾਇਆ ਨਾ।
•

# ਸੂਰਜ ਸਿਖ਼ਰ ਦੁਪਹਿਰ

ਬਹੁਤ ਲੋਕ ਨੇ ਤੇਰੇ-ਮੇਰੇ ਚਾਰ-ਚੁਫ਼ੇਰੇ।
ਸੁਪਨੇ ਗੁੰਦ ਦਿਖਾਉਣ ਵਾਲੇ ਵੀ ਮਿਲਣ ਬਥੇਰੇ।

ਸੂਰਜ ਸਿਖ਼ਰ ਦੁਪਹਿਰ ਤੀਕ ਹੀ ਦੁੱਖ ਦੇਂਦਾ ਹੈ,
ਸ਼ਾਮ ਪਈ ਤੋਂ ਲਾਗੇ-ਸ਼ਾਗੇ ਦਿਸਣ ਹਨ੍ਹੇਰੇ।

ਜੀਵਨ ਸਾਡੇ ਦੀ ਜਦ ਰਾਤ ਪੈ ਗਈ ਸੱਜਣਾ ਵੇ !
ਸਾਨੂੰ ਕੀ ਫਿਰ ਹੋਣ ਭਾਵੇਂ ਨਾ ਹੋਣ ਸਵੇਰੇ।

ਕੰਧਾਂ ਸੱਖਣੀਆਂ ਤੇ ਛੱਤ ਕਮਜ਼ੋਰ ਹੋ ਗਈ,
ਕੌਣ ਲਿੱਪੂ ਹੁਣ ਜਿਸਦੇ ਢਹਿੰਦੇ ਜਾਣ ਬਨ੍ਹੇਰੇ।

ਆਸ ਦੀ ਧੂਣੀ ਧੁਖ਼ਦੀ ਧੂੰਆਂ ਆਪਣੀਂ ਅੱਖੀਂ,
ਫਾਕੇ ਕੱਟਣੇ ਪੈਂਦੇ ਨੇ ਫ਼ੱਕਰਾਂ ਦੇ ਡੇਰੇ।

ਸਾਰੀ ਉਮਰ ਜਰ ਲਿਆ ਥੋੜ੍ਹਾ ਹੋਰ ਸਹੀ,
ਛੱਡ ਹੁਣ 'ਸੁੰਨੜਾ' ਮਾਸਾ ਹੋਰ ਨਿਭਾ 'ਲਾ ਜੇਰੇ।

•

# ਬੀਜ ਤੋਂ ਬਿਰਖ਼ ਤਕ

ਰੀਝ ਜਨਮੇ ਨਾ ਤਾਂ ਫਿਰ ਉਹ ਰੀਝ ਕਿੰਝ ਕਹਿਲਾਏਗੀ।
ਬੀਜ ਨਾ ਪੁੰਗਰੇ ਤਾਂ ਫਿਰ ਉਹ ਬਿਰਖ਼ ਕਿੰਝ ਬਣ ਪਾਏਗੀ।

ਭਾਫ਼ ਬਣ ਕੇ ਜੇ ਸਮੁੰਦਰ ਆਸਮਾਂ ਵੱਲ ਨਾ ਉੜੇ,
ਕਿਵੇਂ ਬੱਦਲ ਬਣਨਗੇ ਕਾਲੀ ਘਟਾ ਨਾ ਛਾਏਗੀ।

ਬਾਲ, ਗੱਭਰੂ ਹੋਏਗਾ ਤਾਂ ਰੀਝ ਵੀ ਬਦਲੂ ਜਰੂਰ,
ਜੇ ਨਹੀਂ ਖਡੌਣੇ ਬਦਲਦੇ ਤਾਂ ਬਾਲੜੀ ਰਹਿ ਜਾਏਗੀ।

ਨਦੀ ਦਾ ਵਹਿਣਾ ਨਦੀ ਦੀ ਇੱਕੋ–ਇੱਕ ਪਹਿਚਾਣ ਹੈ,
ਵਹਿਣ ਰੁਕ ਜਾਵੇ ਤਾਂ ਕਿੰਝ ਸਾਗਰ ’ਚ ਡੁਬਕੀ ਲਾਏਗੀ।

ਇੱਕ ਵੀ ਜੇ ਇੱਕ ਰਹੇ ਤਾਂ ਇੱਕੋ–ਇੱਕ ਰਹਿ ਜਾਏਗਾ।
ਦੋ ਨਹੀਂ ਬਣਦੇ ਤਾਂ ਫਿਰ ਦੁਨੀਆ ਵੀ ਨਾ ਬਣ ਪਾਏਗੀ।

•

# ਹੁੰਗਾਰਾ

ਥੱਕ ਜਾਣਾ ਕੋਈ ਜੱਗੋਂ ਬਾਹਰੀ ਗੱਲ ਨਹੀਂ ਹੈ,
ਬਹੁਤਾ ਚਿਰ ਨਹੀਂ ਐਵੇਂ ਪਿੱਛੇ-ਪਿੱਛੇ ਭੱਜਿਆ ਜਾਂਦਾ।

ਕੋਈ ਹੁੰਗਾਰਾ ਜੇ ਨਾ ਮਿਲਦਾ ਹੋਵੇ ਅੱਗਿਓਂ,
ਸਾਰੀ ਉਮਰ ਤਾਂ ਕੰਧਾਂ ਵਿਚ ਨਹੀਂ ਵੱਜਿਆ ਜਾਂਦਾ।

ਦਿਸਣ ਲੱਗ ਪੈਂਦੇ ਨੇ ਜ਼ਖ਼ਮਾਂ ਦੀ ਆਦਤ ਹੈ,
ਮਲ੍ਹਮ-ਪੱਟੀ ਕਰਨ ਬਿਨਾਂ ਨਹੀਂ ਕੱਜਿਆ ਜਾਂਦਾ।

ਸੁਰਖ਼ੀ, ਬਿੰਦੀ ਲਾਉਣ ਦਾ ਵੀ ਕਾਰਨ ਹੁੰਦਾ ਹੈ,
ਦੇਖਣ ਵਾਲੇ ਬਿਨਾਂ ਕਦੇ ਨਹੀਂ ਸਜਿਆ ਜਾਂਦਾ।

ਹਰ ਕਾਰਜ ਦਾ ਵਿਧੀ ਵਿਧਾਨ ਜ਼ਰੂਰੀ ਹੁੰਦਾ,
ਬਿਨ ਪਾਣੀ ਦੇ ਬੱਦਲਾਂ ਤੋਂ ਨਹੀਂ ਗੱਜਿਆ ਜਾਂਦਾ।

•

## ਸੱਤਿਆਨਾਸ

ਰਿਸ਼ਤੇ ਐਨੇ ਸਸਤੇ ਹੋ ਗਏ, ਆਉਂਦਾ ਨਹੀਂ ਵਿਸ਼ਵਾਸ,
ਡਾਇਵੋਰਸ ਹੁਣ ਏਦਾਂ ਮੰਗਦੇ, ਜਿਉਂ ਪਾਣੀ ਦਾ ਗਿਲਾਸ।

ਭੁੜਕ ਡੰਡਿਓਂ ਪਾਰ ਹੋਣ ਦੀ ਆਦਤ ਪੈਂਦੀ ਜਾਂਦੀ ਹੁਣ,
ਛੱਡ-ਛੁਡਾਈਏ ਹੋ ਜਾਂਦੇ, ਕੋਈ ਗੱਲ ਨਹੀਂ ਹੁੰਦੀ ਖ਼ਾਸ।

ਘਰ-ਘਰ ਵਿੱਚ ਘਮਸਾਣ ਯੁੱਧ ਹੈ, ਹੁਣ ਪਤਾ ਨਹੀਂ ਲੱਗਦਾ,
ਖ਼ੁਸ਼ੀ ਉਡਾਰੀ ਮਾਰ ਗਈ ਹੁਣ ਲੱਗਦੇ ਸਭ ਨਿਰਾਸ਼।

ਯੌਰਪ ਤੇ ਅਮਰੀਕਾ ਵਿਚ ਆਏ ਬਹੁਤ ਪੰਜਾਬੀ,
ਪੱਛਮੀ ਤੌਰ ਤਰੀਕੇ ਸਿੱਖਦਿਆਂ, ਕਰ ਲਿਆ ਸੱਤਿਆਨਾਸ।

•

## ਅਰਦਾਸ

ਸੱਚੇ ਮਨੋਂ ਕਰੀ ਅਰਦਾਸ, ਵਿਰਥੀ ਕਦੇ ਨਾ ਜਾਵੇ,
ਮੰਗ ਸਹੀ ਹੋਵੇ ਜਿਸ ਜਨ ਦੀ, ਮੂੰਹ ਮੰਗਿਆ ਫ਼ਲ ਪਾਵੇ।

ਜੇ ਕੋਈ ਨੰਨ੍ਹਾ ਬੱਚਾ ਅਪਣੇ ਪਿਤਾ ਦਾ ਪਿਸਟਲ ਮੰਗੇ,
ਕੋਈ ਸਿਆਣਾ ਬਾਪ ਨਾ ਬੱਚੇ ਨੂੰ ਹਥਿਆਰ ਫੜਾਵੇ।

ਤੁੜਕਾ ਤਰਕਾਰੀ ਮੰਗੇ ਪਰ ਹੋਵੇ ਬਹੁਤ ਬੀਮਾਰ,
ਮਾਂ ਵੀ ਨਾਂਹ ਕਰ ਦੇਵੇ ਬੱਚੇ ਨੂੰ ਨਾ ਜ਼ਹਿਰ ਖਵਾਵੇ।

ਦਾਤਾਂ ਮੰਗਣ ਦਾ ਹੱਕ ਸਭ ਦਾ, ਦੇਣਹਾਰ ਦਾਤਾਰ,
'ਸੁੰਨੜਾ' ਤੂੰ ਅਰਦਾਸ ਕਰੀਂ ਸਾਨੂੰ ਮੰਗਣਾ ਆ ਜਾਵੇ।

•

# ਪੱਕੀ ਆੜੀ

ਨਵਾਂ ਨੌ ਦਿਨ, ਪੁਰਾਣਾ ਸੌ ਦਿਨ ਆ ਜਾਓ!
ਪੱਕਿਆਂ ਨਾਲ ਪੱਕੀ ਆੜੀ ਪਾਈਏ ਦੋਸਤੋ!
ਪੱਤ ਕਾੜ੍ਹ ਕੇ ਜੀ ਘਰ ਦੇ ਕਮਾਦ ਦੀ,
ਫਿਰ ਗੁੜ ਭਾਵੇਂ ਸ਼ੱਕਰ ਬਣਾਈਏ ਦੋਸਤੋ!

ਐਵੇਂ ਕੱਚੀਆ ਕਰੂੰਬਲਾ ਨਾ ਤੋੜੀਏ
ਜਿਹੜੀ ਨਿਭੇ ਨਾਲ ਉਹੀਓ ਦਾਲ ਖਾਈਏ ਦੋਸਤੋ!
ਬਾਕੀ ਦੁਨੀਆ ਨੂੰ ਦੇਖੀ ਜਾਊ ਬਾਅਦ ਵਿੱਚ
ਪਹਿਲਾ ਮਨੀਰਾਮ ਅਪਣਾ ਬਣਾਈਏ ਦੋਸਤੋ!

ਐਵੇਂ ਗੱਲਾਂ-ਗੱਲਾਂ ਵਿੱਚ ਗੱਲ ਵੱਧ ਜਾਊ,
ਸਿਆਣੇ ਬਣ ਗੱਲ ਨੂੰ ਮੁਕਾਈਏ ਦੋਸਤੋ!
ਜਿਵੇਂ 'ਸੁੰਨੜ' ਹੈ ਬਚ ਗਿਆ ਮੋੜ ਤੋਂ ਬਾਕੀ
ਹਾਣੀਆ ਨੂੰ ਵੀ ਏਦਾਂ ਬਚਾਈਏ ਦੋਸਤੋ!

•

# ਸਦਾ ਬਹਾਰ

ਏਸ ਉਮਰ ਵਿਚ ਸੁਣਿਆ ਦੀਵੇ ਬੁਝਦੇ-ਬੁਝਦੇ ਬੁਝ ਜਾਂਦੇ,
ਪਰ ਚਾਲੀ ਸਾਲ ਪਹਿਲਾ ਸੀ ਜਿੱਦਾਂ ਤੁਸੀ ਓਵੇਂ ਹੀ ਜਗਦੇ ਹੋ।
ਵਿਆਹ ਸ਼ਾਦੀਆਂ, ਪਾਰਟੀਆਂ ਵਿੱਚ ਤੱਕਦੇ ਲੋਕੀਂ ਲੁਕ-ਲੁਕ ਕੇ,
ਤਿਆਰ-ਵਿਆਰ ਹੁੰਦੇ ਹੋ ਜਦ ਕੁੜੀਆ ਵਾਗੂੰ ਫੱਬਦੇ ਹੋ।

ਕਿੱਦਾਂ ਏਨੇ ਸਾਲ ਬੀਤ ਗਏ ਪਤਾ ਨਹੀਂ ਲੱਗਿਆ ਇੱਕ ਦਮ,
ਉਮਰ ਬੀਤ ਗਈ ਪਤਾ ਹੈ ਫਿਰ ਵੀ ਸੱਠੇ-ਪੱਠੇ ਲੱਗਦੇ ਹੋ।
ਬਰਸਾਤਾਂ ਵਿੱਚ ਜਿੱਦਾਂ ਸਾਰੇ ਨਦੀਆਂ, ਨਾਲੇ ਖੁਸ਼ ਹੋਵਣ,
ਤੁਸੀਂ ਅੱਜ ਵੀ ਝਨ੍ਹਾਂ ਦੇ ਪਾਣੀ ਵਾਂਗੂੰ ਭਰੇ-ਭਰਾਏ ਵਗਦੇ ਹੋ।

•

# ਸੋਚ

ਬਦ-ਦੁਆਵਾਂ ਦਿੱਤਿਆਂ ਨਹੀਂ ਬਦਲਦੇ ਹੁੰਦੇ ਨਸੀਬ।
ਸਿਰਫ਼ ਦਿਲ ਖੁਸ਼ ਕਰਨ ਲਈ ਹੁੰਦਾ ਹੈ ਹਰ ਆਸ਼ੀਰਵਾਦ।

ਮੁਸਕਰਾਉਣਾ ਹੈ ਜਾ ਰੋਣਾ ਹੈ ਇਹ ਸਾਡੀ ਸੋਚ ਹੈ,
ਹਰ ਕੋਈ ਲੈਂਦਾ ਹੈ ਹਸਤ ਰੇਖਾਵਾਂ ਬਦਲ ਜਾਵਣ ਦਾ ਖ਼ਾਬ।

ਜੋ-ਜੋ ਸਾਡਾ ਹੈ ਉਹ ਮਿਲ ਹੀ ਜਾਏਗਾ ਹਰ ਹਾਲ ਵਿਚ,
ਰੁੱਖਾ-ਮਿੱਸਾ ਜੋ ਵੀ ਮਿਲਿਆ, ਉਸਨੂੰ ਕਹੀਏ ਲਾਜਵਾਬ।

ਰੀਝਾਂ ਨੂੰ ਪੂਰਾ ਕਰਨ ਦੀ ਲਗਨ ਤਾਂ ਹੈ ਜ਼ਿੰਦਗੀ,
ਪਰ ਸਾਧਾਂ ਦੇ ਬਚਨਾਂ ਦੇ ਨਾਲ ਨਹੀਂ ਬਦਲਦੇ ਦੁਨੀਆ ਦੇ ਭਾਗ।

•

# ਪੰਜਾਬੀ ਮੁੰਡੇ ਅਮਰੀਕਾ ਵਿੱਚ

ਅਮਰੀਕਾ ਪੰਜਾਬੀ ਮੁੰਡੇ ਆਉਂਦੇ ਕਰਨ ਵਿਅਪਾਰ।
ਭੌਂਏ-ਭਾਂਡੇ ਗਹਿਣੇ ਧਰ ਕੇ, ਪੈਸੇ ਮੰਗ ਅਧਾਰ।

ਏਜੰਟਾਂ ਦੇ ਹੱਥੋਂ ਪਹਿਲਾਂ ਹੁੰਦੇ ਖੱਜਲ-ਖ਼ੁਆਰ,
ਕਿਸਮਤ ਵਾਲਾ ਕੋਈ-ਕੋਈ ਲੰਘ ਜਾਂਦਾ ਹੈ ਪਾਰ।

ਭਾਂਡੇ ਮਾਂਜ ਕੇ, ਲਾ ਕੇ ਝਾੜੂ ਪੈਸੇ ਬਣਦੇ ਚਾਰ,
ਖਾ-ਪੀ ਜਾਂਦੀਆਂ ਮੇਮਾਂ ਕਰਕੇ ਝੂਠਾ-ਮੂਠਾ ਪਿਆਰ।

ਗੋਰੀਆਂ ਨਾਲ ਖਿਚਾਉਂਦੇ ਫੋਟੋ ਹੋ ਕੇ ਤਿਆਰ-ਵਿਆਰ,
'ਸੁੰਨੜ' ਕਿੰਝ ਕਹੇ ਇਹਨਾਂ ਨੂੰ ਖਰਲਾਂ ਦੇ ਸਰਦਾਰ।

ਗੁੱਸਾ ਨਾ ਕਰਿਓ ਮੁੰਡਿਓਂ ਜੇ ਹੋ ਮੇਰੇ ਯਾਰ,
ਤੀਹ ਵਰ੍ਹੇ ਪਹਿਲਾਂ ਮੈਂ ਵੀ ਸੀ ਛਾਣੀ ਇਹੀਓ ਛਾਰ।

•

# ਸੱਚੋ-ਸੱਚ

ਸਾਫ਼-ਸਾਫ਼ ਕਹਿ ਦਿਆਂ ਤਾਂ ਕਹਿੰਦੇ ਤੇਰਾ ਦਿਲ ਨਹੀਂ ਸਾਫ਼।
ਦਿਲ ਦੀ ਦਿਲ ਵਿੱਚ ਦੱਬੀ ਰੱਖਣਾ ਕਿੱਥੋਂ ਦਾ ਇਨਸਾਫ਼।

ਚਾਰ-ਚੁਫ਼ੇਰੇ ਜਲ-ਥਲ ਹੈ ਤਾਂ ਮੈ ਕਿਉਂ ਰਹਾਂ ਤਿਹਾਇਆ,
ਚਾਰ ਕੁ ਚੂਲ਼ੀਆ ਮੈ ਵੀ ਭਰ ਲਵਾਂ, ਮੈਨੂੰ ਕਰਿਓ ਮੁਆਫ਼।

ਜੇ ਦਿਲ ਖੋਲ੍ਹ ਕੇ ਦੱਸਣ ਕਰਕੇ ਹੀ ਹਾਂ ਮੈਂ ਅਪਰਾਧੀ,
ਜੋ ਕਹਿੰਦਾ ਹੈ ਕਹੇ ਜ਼ਮਾਨਾ ਮੈਂ ਕਰਨਾ ਇਹ ਪਾਪ।

ਅੰਦਰੇ-ਅੰਦਰ ਰਿੱਝਦੇ ਰਹਿ ਕੇ ਕਿੰਨਾ ਚਿਰ ਕੱਢਾਂਗੇ,
ਕੁੱਝ ਨਹੀਂ ਹੁੰਦਾ ਡਰ ਨਾ 'ਸੁੰਨੜਾ' ਕੱਢ ਲੈ ਦਿਲ ਦੀ ਭਾਫ਼।
•

# ਤਿੱਤਲੀ

ਰੱਬ ਵਰਗੀ ਇੱਕ ਤਿੱਤਲੀ ਮੇਰੇ ਮੋਢੇ 'ਤੇ ਆ ਬੈਠ ਗਈ,
ਬਹੁਤ ਪਤੇ ਦੀਆਂ ਗੱਲਾਂ ਦੱਸੇ ਰਹਿੰਦੀ ਹਰ ਦਮ ਮੁਸਕਾਉਂਦੀ।
ਆਪਣਿਆਂ ਦੀ ਆਪੋ-ਧਾਪੀ ਨੇ ਜੋ ਦਿਲ 'ਤੇ ਫੱਟ ਲਾਏ,
ਲੱਗਦਾ ਤਿੱਤਲੀ ਜਾਣੇ ਸਭ ਕੁੱਝ ਉਹ ਤਾਂ ਹੀ ਦਰਦ ਵੰਡਾਉਦੀ ।

ਸ਼ਾਇਦ ਵਕਤ ਨੇ ਰਾਹ ਦੱਸਣ ਲਈ ਮੇਰੀ ਮੰਜ਼ਿਲ ਭੇਜੀ ਹੈ,
ਮੁਸ਼ਕਿਲ ਹੈ ਤੁਰਨਾ ਜੇ ਕੋਈ ਮੰਜ਼ਿਲ ਨਜਰ ਨਹੀਂ ਆਉਦੀ।
ਇਉ ਲੱਗੇ ਕਿਸਮਤ ਨੂੰ ਪੜ੍ਹਨਾ ਤੇ ਘੜਨਾ ਵੀ ਜਾਣੇ ਉਹ,
ਜ਼ਖ਼ਮਾਂ ਉੱਤੇ ਮਲ੍ਹਮ ਲਾਵੇ ਰਹਿੰਦੀ ਹਰ ਦਮ ਸਮਝਾਉਂਦੀ।
•

# ਮਨ ਦੀ ਮੈਲ਼

ਸਾਬਣ ਲਾ ਲਾ ਧੋ ਸਕਦੀ ਸਾਡੇ ਤਨ ਦੀ ਮੈਲ਼।
ਕੀ ਉਪਰਾਲਾ ਕਰੀਏ ਜੋ ਧੋ ਹੋਵੇ ਮਨ ਦੀ ਮੈਲ਼।

ਤਨ ਦੀ ਬਦਬੂ ਦੂਰ ਕਰਨ ਲਈ ਸੌ ਵਿਧਿਆ ਨੇ ਯਾਰੋ!
ਕਿੱਦਾਂ ਦੂਰ ਹੋਵੇ ਬਦਬੂ ਜੋ ਮਨ ਦੇ ਗੈਲ-ਗੈਲ।

ਤਨ-ਮਨ ਸਾਫ਼ ਕਰਨ ਲੋਚੇ ਤਾਂ ਢਹਿ ਪੈ ਗੁਰ ਦੇ ਚਰਨੀਂ,
ਮਨ ਨੂੰ ਅਰਪਣ ਕਰਦੇ 'ਸੁੰਨੜਾ' ਬੜਾ ਤਰੀਕਾ ਸੈਲ ।

ਸਦੀਆਂ ਤੋਂ ਅਣਗਣਿਤ ਲੋਕਾਂ ਦਾ ਪਾਰ ਉਤਾਰਾ ਹੋਇਆ,
ਸ਼ਬਦ ਸੰਗ ਲੱਗ ਕੇ ਹੀ ਮੇਟੀ ਜੀਵਨ ਵਿੱਚ ਬਦਫ਼ੈਲ।

ਨਾ ਮੁੱਕੇ ਨਾ ਮੈਲ਼ੀ ਹੋਵੇ ਸਤਿਗੁਰਾਂ ਦੀ ਬਾਣੀ,
ਚਰਨ-ਸ਼ਰਨ ਸਤਿਗੁਰ ਦੀ ਜਾ ਕੇ ਮਿਟ ਜਾਂਦੇ ਸਭ ਵੈਲ।

•

# ਅੰਤਰਮੁਖ

ਬਹੁਤ ਜਿੱਤਾਂ ਜਿੱਤੀਆਂ ਸਾਰੀ ਉਮਰ,
ਪਰ ਹੁਣ ਕਿਸੇ ਤੋਂ ਹਰਨ ਨੂੰ ਜੀਅ ਕਰ ਰਿਹੈ।
ਹੁਕਮਰਾਨੀ ਕਰਦਿਆਂ ਥੱਕ ਹੋ ਗਿਆ,
ਹੁਣ ਹੁਕਮ ਕੋਈ ਜਰਨ ਨੂੰ ਜੀਅ ਕਰ ਰਿਹੈ।

ਤਰਨ ਦਾ ਵਲ਼ ਦੱਸਿਆ ਮੈਂ ਉਮਰ ਭਰ,
ਹੁਣ ਖ਼ੁਦ ਜ਼ਰਾ ਕੁ ਤਰਨ ਨੂੰ ਜੀਅ ਕਰ ਰਿਹੈ।
ਕਿਸੇ ਦੇ ਮੋਢੇ ਦਾ ਲੈ ਕੇ ਆਸਰਾ,
ਹੁਣ ਦਿਲ ਨੂੰ ਹੌਲਾ ਕਰਨ ਨੂੰ ਜੀਅ ਕਰ ਰਿਹੈ।

ਹੁਣ ਤਾਂ ਬਸ! ਮਾਸਾ ਕੁ ਸੁੱਖ ਦੇ ਵਾਸਤੇ,
ਸੱਜਣਾ ਦਾ ਪਾਣੀ ਭਰਨ ਨੂੰ ਜੀਅ ਕਰ ਰਿਹੈ।
ਰੰਗ-ਰੰਗੀਲੀ ਦੁਨੀਆਂ ਨੂੰ ਰੰਗਿਆਂ ਬਹੁਤ,
ਹੁਣ ਆਪਣੇ ਰੰਗ ਭਰਨ ਨੂੰ ਜੀਅ ਕਰ ਰਿਹੈ।
•

# ਰੁੱਤ

ਸੜਦੀ ਰੁੱਤ ਅਸਾੜ ਦੀ, ਲੋਆਂ ਕਰਨ ਨਿਰਾਸ਼।
ਤਪਸ ਤਪਾਇਆ ਧਰਤ ਨੂੰ, ਡੋਲ ਚੱਲੇ ਵਿਸ਼ਵਾਸ।

ਠੱਕਾ ਵਗਿਆ ਪੁਰੇ ਦਾ, ਫ਼ਲ-ਫੁੱਲ ਸੱਤਿਆਨਾਸ,
ਬਹੁੜ ਸਿਰਾਂ ਦਿਆਂ ਸਾਈਆਂ! ਜਗਤ ਕਰੇ ਅਰਦਾਸ।

ਕਿਣਮਿਣ ਹੋਈ ਅੰਬਰੋਂ, ਸਾਹ ਵਿੱਚ ਆਈ ਸਾਸ,
ਸਾਵਣ ਸੀਤਲ 'ਵਾ ਵਗੀ ਮਿਲਿਆ ਕੁੱਝ ਧਰਵਾਸ।

ਮੋਰ, ਬੰਬੀਹੇ ਬੋਲਦੇ, ਬਦਲ ਗਏ ਅਹਿਸਾਸ,
ਜਲ-ਥਲ ਚਾਰ ਚੁਫ਼ੇਰਿਓਂ ਸਵਰਗ ਪੁਰੀ ਵਿੱਚ ਵਾਸ।

ਖੁੱਡੀਂ ਪਾਣੀ ਵੜ ਗਿਆ ਜੋ ਸੱਪ, ਸਪੋਲੀਆ ਵਾਸ,
ਕੀੜਾ ਨਾ ਕੋਈ ਡੱਸ ਲਵੇ, ਨਾ ਤੋੜ ਖਾ ਲਵੇ ਮਾਸ।

ਹਰ ਇੱਕ ਰੁੱਤ ਹਰ ਇਕ ਜੀਅ ਨੂੰ ਕਦੇ ਨਾ ਆਵੇ ਰਾਸ,
ਹੁੱਟ, ਗਰਮੀ ਤੋਂ ਵੀ ਬੁਰਾ, ਬੁਰੀ ਭਾਦੋਂ ਦੀ ਭੜਾਸ।

•

## ਮਾਂ ਦੀ ਮਮਤਾ ਮਾਂ ਬੋਲੀ

# ਮਾਂ ਦੀ ਮਹਿਕ

ਮਾਂ ਜਿਹੜਾ ਵੀ ਰੂਪ ਬਣਾਵੇ,
ਮਾਂ ਦੀ ਮਹਿਕ ਪਛਾਣੀ ਜਾਵੇ।

ਜੇ ਮੇਰੀ ਮਾਂ ਬੁਰਕਾ ਪਾਵੇ,
ਤਾਂ ਵੀ 'ਸੁੰਨੜ' ਸੀਸ ਝੁਕਾਵੇ।
ਜਿੱਧਰੋਂ ਦੀ ਵੀ ਮਾਂ ਲੰਘ ਜਾਵੇ,
ਚਰਨ ਧੂੜ ਮਸਤਕ 'ਤੇ ਲਾਵੇ।

ਜਿੰਨਾ ਮਰਜ਼ੀ ਛੁਪਣਾ ਚਾਹਵੇ,
ਮਾਂ ਦੀ ਮਮਤਾ ਢਕੀ ਨਾ ਜਾਵੇ।

ਜੇ ਮੇਰੀ ਮਾਂ ਸਾੜੀ ਲਾਵੇ,
ਬਿੰਦੀ ਅਤੇ ਸੰਧੂਰ ਸਜਾਵੇ।
ਕੁਰਾਨ ਦੀਆਂ ਆਇਤਾਂ ਨਾ ਗਾਵੇ,
ਗੀਤਾ ਦਾ ਉਪਦੇਸ਼ ਸੁਣਾਵੇ।

ਤਾਂ ਵੀ 'ਸੁੰਨੜ' ਸਦਕੇ ਜਾਵੇ,
ਬਲ-ਬਲ ਤੇ ਬਲਿਹਾਰੇ ਜਾਵੇ।

ਘੱਗਰਾ ਜਾਂ ਫਿਰ ਸੂਟ ਸਵਾਂਵੇ,
ਜੇ ਧੌੜੀ ਦੀ ਜੁੱਤੀ ਪਾਵੇ।
ਗੁੰਦੇ ਵਾਲ ਪਰਾਂਦਾ ਲਾਵੇ,

ਸਿਰ ਚੁੰਨੀ ਨਾਲ ਕੱਜਣਾ ਚਾਹਵੇ।

ਤੜਕੇ ਉੱਠ ਗੁਰਬਾਣੀ ਗਾਵੇ।
'ਸੁੰਨੜ' ਚਰਨਾਂ 'ਤੇ ਢਹਿ ਜਾਵੇ।
ਚੁੰਮੇ ਚਰਨ ਤੇ ਰੂਹ ਤ੍ਰਿਪਤਾਵੇ।
ਮਾਂ ਪੰਜਾਬੀ ਦੇ ਗੁਣ ਗਾਵੇ।

ਮਾਂ ਜਿਹੜਾ ਵੀ ਰੂਪ ਬਣਾਵੇ,
ਮਾਂ ਦੀ ਮਹਿਕ ਪਹਿਚਾਣੀ ਜਾਵੇ।

•

# ਅੰਮੀ

ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ, ਮਾਂ ਤਾਂ ਰੱਬ ਦੇ ਥਾਂ ਹੁੰਦੀ ਹੈ।
ਨਾ–ਨਾ, ਨਾ ਤੂੰ ਏਦਾਂ ਨਾ ਕਰ ਮੇਰੀ ਹੋਂਦ ਫਨ੍ਹਾਂ ਹੁੰਦੀ ਹੈ।

ਧਰਤੀ ਹੀ ਬਣਨਾ ਹੈ ਧੀ ਨੇ, ਧਰਤ ਬਿਨਾਂ ਨਹੀਂ ਉੱਗਣਾ ਬੀਅ ਨੇ,
ਧਰਤੀ ’ਤੇ ਤੁਰਨਾ ਹਰ ਜੀਅ ਨੇ, ਧਰਤੀ ’ਤੇ ਉੱਗਿਆਂ ਰੁੱਖਾਂ ਦੀ,
ਜੱਗ ਵਿੱਚ ਠੰਢੜੀ ਛਾਂ ਹੁੰਦੀ ਹੈ।
ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ... ... ... ... ... ...।

ਨਾ ਕਰ ਨਾ ਅਨਿਆਂ ਨਾ ਕਰ ਤੂੰ, ਖੇਲ੍ਹਣ ਤੋਂ ਪਹਿਲਾਂ ਨਾ ਹਰ ਤੂੰ,
ਦਰਦ ਹੈ ਤੈਨੂੰ ਤਾਂ ਵੀ ਜਰ ਤੂੰ, ਮਾਂ ਤੇ ਧੀ ਦੀ ਦਰਦ ਕਹਾਣੀ,
ਕੁੱਖਾਂ ਵਿੱਚ ਬਿਆਂ ਹੁੰਦੀ ਹੈ।
ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ... ... ... ... ... ...।

ਇੱਕ ਦਮ ਸੱਚੋ–ਸੱਚ ਸੁਣਾਵਾਂ, ਬਾਤ ਨਾ ਕੋਈ ਬਤੋਲੀ ਪਾਵਾਂ,
ਨਾ ਹੀ ਰੱਬ ’ਤੇ ਊਜਾਂ ਲਾਵਾਂ, ਬਾਪ ਮੇਰਾ ’ਕੱਲਾ ਨਹੀਂ ਦੋਸ਼ੀ,
ਤੇਰੀ ਹਾਂ ਵਿੱਚ ਹਾਂ ਹੁੰਦੀ ਹੈ।
ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ... ... ... ... ... ...।

ਬਾਪ ਦੀ ਗ਼ਲਤੀ ਤੂੰ ਵੀ ਦੋਸ਼ੀ, ਮੰਨਿਆ ਸੋਚ ਬਾਪ ਦੀ ਹੋਛੀ,
ਪਰ ਦੱਸ! ਤੂੰ ਕਿਉਂ ਫਿਰੇਂ ਨਿਮੋਸ਼ੀ, ਮਾਤ–ਪਿਤਾ ਦੋਹਾਂ ਦੀ ਅੰਮੀਏ!
ਆਪੋ–ਆਪਣੀ ਥਾਂ ਹੁੰਦੀ ਹੈ।
ਮਾਂ ਤਾਂ ਬਸ! ਇੱਕ ਮਾਂ ਹੁੰਦੀ ਹੈ... ... ... ... ... ...।

•

# ਮੇਰੀ ਮਾਂ

ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਿਬ ਤਾਂ ਬੜੇ ਸਿਆਣੇ।
ਅੰਗਰੇਜ਼ਾਂ ਦੀ ਧੀ, ਪੋਤਰੀ, ਅੰਗਰੇਜ਼ੀ ਵਿੱਚ ਗਾਉਂਦੀ ਗਾਣੇ।

ਦੁਨੀਆ ਕਿੱਥੇ ਪਹੁੰਚ ਗਈ ਹੈ, ਹਰ ਮੰਜ਼ਿਲ, ਹਰ ਰਾਹ ਪਛਾਣੇ,
ਐਟਮ ਬੰਬ ਤੇ ਰਾਕਟ ਦੀ ਗੱਲ, ਉਸਦੇ ਘਰ ਵਿੱਚ ਕਰਨ ਨਿਆਣੇ।

ਬੰਦਿਆਂ ਵਰਗੀ ਹੀ ਲੱਗਦੀ ਹੈ, ਬੰਦਿਆਂ ਵਰਗੇ ਕੱਪੜੇ ਪਾਵੇ,
ਨਿੱਕੇ-ਨਿੱਕੇ ਵਾਲ ਓਸਦੇ, ਬੋਦਾ ਬੰਦਿਆਂ ਵਾਂਗ ਬਣਾਵੇ।

ਮੋਟਰ ਸਾਈਕਲ ਤੇ ਕਾਰਾਂ ਵੀ ਐਨਕ ਲਾ ਕੇ ਆਪ ਚਲਾਵੇ,
ਧਾਰ ਨਹੀਂ ਭਾਵੇਂ ਕੱਢ ਸਕਦੀ, ਚਸਕੇ ਨਾਲ ਮਲਾਈ ਖਾਵੇ।

ਜੂਡੋ ਅਤੇ ਕਰਾਟੇ ਖੇਡੇ ਕਿਸਦੀ ਹਿੰਮਤ ਨੇੜੇ ਆਵੇ,
ਜਿਸਨੂੰ ਜਾਨ ਨਹੀਂ ਚਾਹੀਦੀ, ਉਹੀਓ ਤਾਂ ਉਸਨੂੰ ਹੱਥ ਪਾਵੇ।

ਵਰਜਿਸ਼ ਨਿੱਤ ਨੇਮ ਨਾਲ ਕਰਦੀ, ਡੌਲੇ ਬੰਦਿਆਂ ਵਾਂਗ ਦਿਖਾਵੇ।
ਸਭ ਕੁਝ ਹੀ ਉਹ ਖਾਂਦੀ ਪੀਂਦੀ, ਜੋ ਵੀ ਉਸਦੇ ਮਨ ਨੂੰ ਭਾਵੇ।

ਦੇਖੋ! ਕਿੱਥੋਂ ਤੱਕ ਪਹੁੰਚ ਗਈ, ਰੱਬ ਦੀਆਂ ਗੱਲਾਂ ਰੱਬ ਹੀ ਜਾਣੇ।
ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਬ ਤਾਂ ਬਹੁਤ ਸਿਆਣੇ।

ਮੇਰੀ ਮਾਂ ਤਾਂ ਕਮਲੀ-ਰਮਲੀ, ਪੜ੍ਹਨਾ-ਲਿਖਣਾ ਵੀ ਨਾ ਜਾਣੇ।
ਸਾਰਾ ਪਿੰਡਾ ਢੱਕ ਲੈਂਦੀ ਹੈ ਕਿੱਦਾਂ ਦੀ ਹੈ ਕੋਈ ਨਾ ਜਾਣੇ।

ਦੁੱਧ ਰਿੜਕਦੀ, ਰੋਟੀ ਥੱਪਦੀ, ਚਰਖਾ ਕੱਤਦੀ ਗਾਵੇ ਗਾਣੇ।
ਫੈਸ਼ਨ ਵੀ ਨਹੀਂ ਕਰਨਾ ਆਉਂਦਾ, ਕਾਰ ਚਲਾਉਣੀ ਉਹ ਕੀ ਜਾਣੇ।

ਘਰ ਤੱਕ ਹੀ ਸੀਮਤ ਰੀਝਾਂ, ਘਰ ਵਾਲਾ ਹੀ ਉਸਦੀ ਜਾਨ।
ਆਪਣੇ ਬੱਚਿਆਂ ਵਿੱਚੋਂ ਦਿਸਦਾ, ਉਸਨੂੰ ਆਪਣਾ ਪਿੰਡ-ਪ੍ਰਾਣ।

ਵਿਹੜੇ ਦੇ ਵਿੱਚੇ ਵਿੱਚ ਹੀ ਹੈ ਉਸਦਾ ਸਾਰਾ ਦੀਨ ਇਮਾਨ।
ਦੁਨੀਆ ਕਿੱਥੋਂ ਤੱਕ ਪਹੁੰਚ ਗਈ, ਇਸ ਪਾਸੇ ਨਾ ਉਸਦਾ ਧਿਆਨ।

ਮੇਮ ਵਾਂਗਰਾਂ ਤਾਂ ਮੇਰੀ ਮਾਂ, ਬਿਲਕੁੱਲ ਕੁਝ ਨਾ ਕਰਨਾ ਜਾਣੇ।
ਲੇਕਿਨ ਮੇਰੀ ਮਾਂ ਹੈ ਮਿੱਤਰਾ, ਮਾਂ ਦਾ ਰੁਤਬਾ ਮਾਂ ਹੀ ਮਾਣੇ।

ਸ਼ਾਇਦ ਤੂੰ ਇਹ ਠੀਕ ਕਿਹਾ ਹੈ, ਮੇਮ ਸਾਹਿਬ ਤਾਂ ਬੜੇ ਸਿਆਣੇ।
ਅੰਗਰੇਜ਼ਾਂ ਦੀ ਧੀ, ਪੋਤਰੀ, ਅੰਗਰੇਜ਼ੀ ਵਿੱਚ ਗਾਉਂਦੀ ਗਾਣੇ।

•

# ਮਾਂ ਪੰਜਾਬੀ

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਮਾਂ ਦੇ ਸਾਹਵੇਂ ਦਾਦੀ ਨੂੰ, ਦਾਦੀ ਸਾਹਵੇਂ ਪੜ੍ਹਦਾਦੀ ਨੂੰ,
ਪੜ੍ਹਦਾਦੀ ਦੀ ਦਾਦੀ ਨੂੰ, ਸਾਡੇ ਆਪਣਿਆਂ ਨੇ ਬੜਾ ਰਵਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਦਾਦੀ ਵੀ, ਪੜ੍ਹਦਾਦੀ ਵੀ, ਅੰਦਰੋ-ਅੰਦਰ ਮਰਦੀਆਂ ਰਹੀਆਂ।
ਬੜੇ ਤਸੀਹੇ ਝੱਲੇ, ਆਪਣਿਆਂ ਦਾ ਸਭ ਕੁੱਝ ਜਰਦੀਆਂ ਰਹੀਆਂ।
ਹਰ ਗਰਮੀਂ ਵਿੱਚ ਸੜਦੀਆਂ ਰਹੀਆਂ, ਹਰ ਸਰਦੀ ਵਿੱਚ ਠਰ੍ਹਦੀਆਂ ਰਹੀਆਂ।
ਬੁੱਕ-ਬੁੱਕ ਹੰਝੂ ਰੋਂਦੀ ਮਾਂ ਨੂੰ, ਕਿਸੇ ਨਾ ਜਾ ਕੇ ਚੁੱਪ ਕਰਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਦਾਦੀ ਵੀ, ਪੜ੍ਹਦਾਦੀ ਵੀ, ਕਿਸੇ ਸਕੂਲੇ ਜਾ ਨਾ ਸਕੀਆਂ।
ਪੁੱਤਰਾਂ ਦੀ ਰੋਟੀ ਦੇ ਖਾਤਰ, ਚੱਕੀ ਪੀਂਹਦੀਆਂ ਕਦੇ ਨਾ ਥੱਕੀਆਂ।
ਪੁੱਤ ਪਾਲਣ ਦਾ ਸ਼ੌਕ ਬੜਾ ਸੀ, ਭੱਜ-ਨੱਠ ਕਰਦੀਆਂ ਕਦੇ ਨਾ ਅੱਕੀਆਂ।
ਪੁੱਤ ਰਾਜਾ ਵੀ ਬਣਿਆ, ਪੁੱਤਰ ਨੇ ਦੇਖੋ! ਕੀ ਧਰਮ ਕਮਾਇਆ।
ਲੋਰੀਆਂ ਪੰਜਾਬੀ ਦੇ ਵਿੱਚ ਲਈਆਂ, ਫ਼ਾਰਸੀ ਦੇ ਵਿੱਚ ਹੁਕਮ ਚਲਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਸਰਕਾਰੇ-ਦਰਬਾਰੇ ਸਾਡੀ ਬੁੱਢੀ ਮਾਂ ਨੂੰ ਕੋਈ ਨਾ ਜਾਣੇ।
ਰਾਜਿਆਂ, ਮਹਾਂਰਾਜਿਆਂ ਦੀ ਮਾਂ, ਗਲੀ-ਗਲੀ ਦੀ ਮਿੱਟੀ ਛਾਣੇ।
ਰਾਜੇ ਪੁੱਤ ਜਗੀਰਾਂ ਵੰਡਣ, ਮਾਂ ਦਿਨ ਕੱਟੇ ਭੁੱਖੇ-ਭਾਣੇ।
ਰਾਣੀ ਉਸਨੇ ਕੀ ਬਣਨਾ ਸੀ, ਮਾਂ ਦਾ ਦਰਜਾ ਵੀ ਨਾ ਪਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

ਕਿਸ-ਕਿਸ ਦੀ ਹੈ ਮਾਂ ਪੰਜਾਬੀ, ਥੋੜਾ ਜਿਹਾ ਹਿਸਾਬ ਲਗਾਈਏ।
ਬਾਤ-ਬਤੋਲੀਆਂ ਦਾਦੀ ਪਾਵੇ, ਇੱਕ ਬੁਝਾਰਤ ਤਾਂ ਸੁਲਝਾਈਏ।
ਏਨੇ ਵੇਦ, ਗ੍ਰੰਥਾਂ ਦੀ ਮਾਂ, ਕੁੱਝ ਇੱਕ ਨੂੰ ਤਾਂ ਕੋਲ ਬਿਠਾਈਏ।
ਵੇਦ, ਰਾਮਾਇਣ, ਗੀਤਾ ਨੂੰ, ਪੰਜਾਬੀ ਮਾਂ ਦੀ ਯਾਦ ਕਰਾਈਏ।
ਪੰਜਾਬੀ ਵਿੱਚ ਜਨਮ ਧਾਰ ਕੇ, ਸੰਸਕ੍ਰਿਤ ਨੂੰ ਜਾ ਅਪਣਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾ ਆਇਆ।

•

# ਬੋਲੀਂ ਬੀਬੀ ਅੰਮ੍ਰਿਤਾ

ਬੋਲੀਂ ਬੀਬੀ ਅੰਮ੍ਰਿਤਾ! ਜਿੱਥੇ ਵੀ ਹੈਂ ਉੱਥੋਂ ਬੋਲੀਂ।
ਬੀਤ ਗਏ ਇਤਿਹਾਸ ਦੇ, ਇੱਕ ਵਾਰੀ ਫਿਰ ਵਰਕੇ ਫੋਲੀਂ।

ਵਾਰਿਸ ਸ਼ਾਹ ਦੇ ਵਾਰਸਾਂ ਦੀ ਦਰਦ ਭਰੀ ਇੱਕ ਕਥਾ ਸੁਣਾਵੀਂ।
ਕਿਵੇਂ ਸੁਨੇਹਾ ਘੱਲਣਾ ਸੁੰਨੜ ਨੂੰ ਵੀ ਤੂੰ ਸਮਝਾਵੀਂ।

ਹਿੰਦੀ, ਸਿੰਧੀ ਬੀਬੀਆਂ ਮਾਂ ਨੂੰ ਮਿਲਣ ਕਦੇ ਨਾ ਆਈਆਂ।
ਗੁਜਰਾਤੀ, ਬੰਗਾਲੀ ਭੈਣਾਂ ਤੇਰੇ ਹੁੰਦਿਆ ਸੀ ਪ੍ਰਣਾਈਆਂ।

ਬਿਰਧ ਅਵਸਥਾ ਮਾਂ ਪੰਜਾਬੀ ਪਤਾ ਨਹੀਂ ਕਿੰਨਾ ਚਿਰ ਜੀਵੇ।
ਕਿੰਨਾ ਚਿਰ ਤੱਕ ਹੌਕੇ ਖਾਵੇ, ਕਿੰਨਾ ਚਿਰ ਤੱਕ ਹੰਝੂ ਪੀਵੇ।

ਵੱਡੀ ਕੁੜੀ ਹਿੰਦੀ ਨੂੰ ਆਖੀਂ ਮਾਂ ਕਹਿੰਦੀ ਰਾਮਾਇਣ ਲਿਆਵੇ।
ਮਝਲੀ ਧੀ ਸਿੰਧੀ ਨੂੰ ਆਖੀਂ ਗੀਤਾ ਦਾ ਉਪਦੇਸ਼ ਸੁਣਾਵੇ।

ਗਾਲਿਬ ਤੇ ਇਕਬਾਲ ਨੂੰ ਦੱਸੀਂ, ਮਾਂ ਦਾ ਰੋਣ ਨਾ ਥੰਮਿਆ ਜਾਵੇ।
ਬੁੱਲ੍ਹੇ ਤੇ ਹਾਸ਼ਮ ਨੂੰ ਆਖੀਂ, ਯਾਦ ਉਨ੍ਹਾਂ ਦੀ ਬੜੀ ਸਤਾਵੇ।

ਗੁਰ ਭਗਤਾਂ ਦੀ ਸਿਫ਼ਤ ਕਰਨ ਲਈ ਪੂਰਬ ਤੋਂ ਟੈਗੋਰ ਵੀ ਆਵੇ।
ਪੰਜਾਬ, ਸਿੰਧ, ਗੁਜਰਾਤ ਨੂੰ 'ਕੱਠਿਆਂ ਕਰਕੇ ਮਾਂ ਦੇ ਕੋਲ ਬਿਠਾਵੇ।

ਇੱਕ ਖ਼ਤ ਹੋਰ ਲਿਖੀਂ ਨੀ ਭੈਣੇ! ਜਿਸ ਵਿੱਚ ਮਾਂ ਦਾ ਦੁਖੜਾ ਫੋਲ੍ਹੀਂ।
ਬੋਲੀਂ ਬੀਬੀ ਅੰਮ੍ਰਿਤਾ! ਜਿੱਥੇ ਵੀ ਹੈਂ ਉੱਥੋਂ ਬੋਲੀਂ।

•

# ਮਾਂ ਦਾ ਧਰਮ

ਰਾਮ ਤੁਰੇ ਬਨਵਾਸ ਨੂੰ ਸੀਤਾ ਮਾਤਾ ਸਾਥ ਨਿਭਾਇਆ,
ਰੱਬ ਦੀ ਸੇਵਾ ਕਰਦਿਆਂ ਰੱਬ ਤੋਂ ਵਧ ਕੇ ਧਰਮ ਕਮਾਇਆ।
ਤੇਗ਼ ਬਹਾਦਰ ਤਪ ਕਰਨ, ਮਾਤਾ ਗੁਜਰੀ ਬਣ ਗਈ ਸਾਇਆ,
ਪਰਮ ਪੁਰਖ਼ ਦੀ ਸੇਵਾ ਕਰ, ਗੋਬਿੰਦ ਗੋਦੀ ਵਿੱਚ ਖਿਡਾਇਆ।

ਧਰਤੀ ਧਰਮ ਬਚਾਉਣ ਲਈ, ਇਮਤਿਹਾਨ ਦੇਵੇ ਹਰ ਰਾਇਆ,
ਸੱਚ ਨਾ ਸੜਦਾ ਕਦੇ ਵੀ, ਸੀਸ ਵਾਰ ਕੇ ਧਰਮ ਬਚਾਇਆ।
ਮਾਂ ਗੁਜਰੀ ਦੇ ਲਾਲ ਨੇ ਸਿੱਖ ਨੂੰ, ਪੇਂਦ ਚਾੜ੍ਹ ਕੇ ਸ਼ੇਰ ਬਣਾਇਆ,
ਐਸੀ ਤਾਕਤ ਬਖ਼ਸ਼ ’ਤੀ ਸਵਾ ਲੱਖ ਨਾਲ ਇੱਕ ਲੜਾਇਆ।

ਗੰਗੂ ’ਤੇ ਵਿਸ਼ਵਾਸ ਕਰ ਇਮਤਿਹਾਨ ਗੁਜਰੀ ਦਾ ਆਇਆ,
ਦਾਦੀ ਸਾਹਵੇਂ ਪੋਤਿਆਂ ਨੂੰ ਜਿਉਂਦਿਆਂ ਕੰਧਾਂ ਵਿੱਚ ਚਿਣਾਇਆ।
ਮਾਂ ਧਰਤੀ ’ਚੋਂ ਜਨਮਿਆਂ, ਸਭ ਕੁੱਝ ਧਰਤੀ ਵਿੱਚ ਸਮਾਇਆ,
ਨਾਨਕ ਲਿਖ ਗਏ ਆਪ ਖ਼ੁਦ, ਧਰਤੀ ਉੱਤੇ ਕਲਯੁਗ ਆਇਆ।

•

# ਮਾਂ ਦੀ ਯਾਦ

ਹਾਂ! ਮੇਰੀ ਇੱਕ ਮਾਂ ਹੁੰਦੀ ਸੀ, ਧਰਤੀ ਵਰਗੀ ਭਾਸ਼ਾ ਵਰਗੀ,
ਜਿਹੜੀ ਮਰਜ਼ੀ ਗੱਲ ਛੇੜੀਏ, ਹਰ ਗੱਲ ਵਿੱਚ ਬਿਆਂ ਹੁੰਦੀ ਸੀ।
ਪੰਜਾਬੀ ਮੁਟਿਆਰਾਂ, ਗੱਭਰੂ, ਹੀਰਾਂ-ਰਾਂਝੇ, ਸਾਹਿਬਾਂ-ਮਿਰਜ਼ੇ,
ਜਦੋਂ ਕਿਤੇ ਵੀ ਗੱਲ ਚੱਲਦੀ ਤਾਂ ਸਾਡੀ ਵੱਖਰੀ ਥਾਂ ਹੁੰਦੀ ਸੀ।

ਮਾਂ ਮੋਈ ਪਰਿਵਾਰ ਵਿਛੜ ਗਿਆ, ਭੈਣਾਂ-ਭਾਈ ਬਣੇ ਵਲਾਇਤੀ,
ਤੂਤ, ਟਾਹਲੀਆਂ ਨਾ ਹੀ ਦਿਸਦੀ, ਬੋਹੜਾਂ ਦੀ ਜੋ ਛਾਂ ਹੁੰਦੀ ਸੀ।
ਮੇਰੀ ਮਾਂ ਦੇ ਪੁੱਤ-ਪੋਤਰੇ, ਇੱਕ ਦੂਜੇ ਦੇ ਜਾਨ ਦੇ ਦੁਸ਼ਮਣ,
ਸੁਣਿਆਂ! ਸਭ ਭੈਣਾਂ-ਭਾਈਆਂ ਦੀ ਇੱਕ ਦੂਜੇ ਵਿੱਚ ਜਾਨ ਹੁੰਦੀ ਸੀ।

•

# ਮਾਂ ਬੋਲੀ

ਆਪਣੀ ਮਾਂ ਬੋਲੀ ਜੋ ਭੁੱਲ ਗਏ,
ਹੋਰ ਭਲਾ! ਕੀ ਯਾਦ ਕਰਨਗੇ।
ਮਾਂ-ਪਿਓ ਵਰਗੇ ਜੋ ਨਹੀਂ ਲੱਗਦੇ,
ਗ਼ੈਰਾਂ ਨਾਲ ਕੀ ਗੱਲ ਕਰਨਗੇ।

ਆਪਣਾ ਸੱਭਿਆਚਾਰ ਜੋ ਹਰ ਗਏ,
ਰੁਲ ਜਾਵਣਗੇ ਰੋਜ਼ ਹਰਨਗੇ।
ਹੋਰ ਭਲਾ! ਕੋਈ ਕਿਉਂ ਅਪਣਾਊ,
ਓਪਰਿਆਂ ਨੂੰ ਕੌਣ ਜਰਨਗੇ।

ਜਿਹੜੀ ਆਪਣਾ ਪੇਕਾ ਭੁੱਲ ਗਈ,
ਸਹੁਰੇ ਕੀ ਇਤਬਾਰ ਕਰਨਗੇ?
ਪੱਥਰ ਚੱਟਣਾ ਕੀ ਮਛਲੀ ਨੇ,
ਮੂੰਹ ਦੀ ਖਾ ਕੇ ਫੇਰ ਮੁੜਨਗੇ।
•

# ਪੰਜਾਬੀ ਜ਼ੁਬਾਨ

ਜੀਵ-ਜੰਤੂ ਪਸ਼ੂ-ਪੰਛੀ ਹੋਣਗੇ ਭਾਸ਼ਾ ਬਿਨਾ,
ਪਰ ਕਿਸੇ ਕੀਮਤ ਬਣ ਨਹੀਂ ਸਕਦਾ ਭਾਸ਼ਾ ਬਿਨ ਇਨਸਾਨ।
ਨਾ ਕੋਈ ਧਰਮ ਨਾ ਸਾਇੰਸ ਹੁੰਦੀ ਜੇ ਭਾਸ਼ਾ ਨਾ ਹੁੰਦੀ,
ਸੰਭਵ ਹੀ ਨਹੀਂ ਭਾਸ਼ਾ ਬਾਝੋਂ ਗਿਆਨ ਅਤੇ ਵਿਗਿਆਨ।

ਦੁੱਖ-ਸੁੱਖ ਦੀ ਕੋਈ ਸਾਂਝ ਨਾ ਹੁੰਦੀ ਜੇ ਬੋਲੀ ਨਾ ਹੁੰਦੀ,
ਦਿਲ ਦੇ ਦਰਦ ਕਿਵੇਂ ਕੋਈ ਦੱਸਦਾ, ਕਿੱਦਾਂ ਕਰਦਾ ਬਿਆਨ।
ਭਾਸ਼ਾ ਨੇ ਪੰਜਾਬ ਦੀ ਧਰਤੀ ਉੱਤੇ ਜਨਮ ਲਿਆ ਸੀ,
ਕੋਈ ਵੀ ਦੁਨੀਆਂ ਦਾ ਬੰਦਾ ਇਸ ਤੋਂ ਨਹੀਂ ਅਣਜਾਣ।

ਪੰਜਾਬੀ ਭਾਸ਼ਾ ਦੇ ਅੱਖ਼ਰ, ਦੁਨੀਆਂ ਮੱਲਦੀ ਫਿਰਦੀ,
ਕਹਿੰਦੇ ਪੰਜਾਬੀ ਨੇ ਮਰ ਜਾਣਾ, 'ਸੁੰਨੜ' ਬੜਾ ਹੈਰਾਨ।
ਵਾਰਿਸ ਸ਼ਾਹ ਦੀ ਹੀਰ ਕੋਈ, ਕਿਸ ਭਾਸ਼ਾ ਵਿੱਚ ਗਾਊਗਾ,
ਕਾਦਰਯਾਰ, ਬੁੱਲਾ ਤੇ ਹਾਸ਼ਮ ਪੰਜਾਬੀ ਦੀ ਸ਼ਾਨ।

ਫ਼ਰੀਦ, ਕਬੀਰ ਤੇ ਰਵੀਦਾਸ ਵਰਗੇ ਭਗਤਾਂ ਦੀ ਬਾਣੀ,
ਕਿਸ ਭਾਸ਼ਾ ਵਿੱਚ ਬਾਣੀ ਪੜ੍ਹੀਏ ਹੋ ਕੇ ਅੰਤਰਧਿਆਨ।
ਪਾਤਰ ਨੂੰ ਸਮਝਾਵੋ! ਐਵੇਂ ਬਹੁਤਾ ਫ਼ਿਕਰ ਕਰੇ ਨਾ,
ਸੱਤਰਾਂ ਦੇਸ਼ਾਂ ਵਿੱਚ ਪੰਜਾਬੀ ਬੋਲਣ ਆਪਣੀ ਜ਼ੁਬਾਨ।

•

# ਮਾਂ ਮਛੋਹਰ ਨਹੀਂ ਮੈਂ

ਮਾਂ ਮਛੋਹਰ ਨਹੀਂ ਹਾਂ ਮੈਨੂੰ ਮੇਰੇ ਰੱਬ ’ਤੇ ਰੋਸ ਨਹੀਂ ਕੋਈ।
ਮਾਂ ਦੀ ਮਹਿਕ ਮੇਰੇ ’ਚੋਂ ਆਵੇ ਵਿਛੜਨ ਦਾ ਅਫ਼ਸੋਸ ਨਹੀਂ ਕੋਈ।
ਜਿਸ ਗਰਭੋਂ ਪੈਦਾ ਹੋਇਆਂ ਮੈਂ ਜਿਸਮ ਰੂਪ ਪ੍ਰਲੋਕ ’ਚ ਹੋਣੈ,
ਪੰਜੇ ਤੱਤ ਉਸਦੇ ਮੇਰੇ ਵਿੱਚ ਸਭ ਬੋਲਣ ਖ਼ਾਮੋਸ਼ ਨਹੀਂ ਕੋਈ।

ਮੇਰੀ ਦੂਜੀ ਮਾਂ ਧਰਤੀ ਮਾਂ ਜਿਸ ਧਰਤੀ ’ਤੇ ਪੈਦਾ ਹੋਇਆ,
ਧਰਤੀ ਦੇ ਦੂਜੇ ਪਾਸੇ ਵੀ ਧਰਤੀ ਮਾਂ ਦੇ ਗੁਣ ਗਾਉਂਦਾ ਹਾਂ।
ਦੂਰੋਂ ਦੇਖ ਕੇ ਸਭ ਦੱਸ ਦਿੰਦੇ ਕਿਸ ਧਰਤੀ ਦਾ ਜਾਇਆ ਹਾਂ,
ਆਪਣੀ ਇਹ ਪਹਿਚਾਣ ਬਣਾਈ ਰੱਖਣਾ ਹੀ ਮੈਂ ਚਾਹੁੰਦਾ ਹਾਂ।

ਮਾਂ ਬੋਲੀ ਤੀਜੀ ਮਾਂ ਮੇਰੀ ਮੈਂ ਪੰਜਾਬੀ ਦਾ ਲੇਖਕ ਹਾਂ,
ਆਪਣੀ ਮਾਂ ਦੇ ਸੋਹਲੇ ਗਾਉਂਦਾ ਰਾਤ ਦਿਨੇ ਮੈਂ ਕਦੇ ਨਾ ਥੱਕਦਾ।
ਲੱਖਾਂ ਲੋਕੀਂ ਵਾਕਿਫ਼ ਨੇ ਮੇਰੇ ਊੜੇ ਤੇ ਜੂੜੇ ਤੋਂ,
ਗ਼ਜ਼ਲ, ਗੀਤ, ਪੰਜਾਬੀ ਕਿੱਸੇ ਲਿਖਦਾ-ਪੜ੍ਹਦਾ ਕਦੇ ਨਾ ਅੱਕਦਾ।

ਇਸ ਵਾਰੀ ਪੰਜਾਬ ਵਿੱਚ ਮੈਨੂੰ ਬਹੁਤ ਹੀ ਮਾਂ ਮਛੋਹਰ ਮਿਲੇ ਨੇ,
ਰਿਸ਼ਤੇ ਤਾਂ ਹਨ ਕਰਤ ਵਿੱਦਿਆ ਏਥੇ ਸਭ ਕੰਮ ਚੋਰ ਮਿਲੇ ਨੇ।

ਸਭ ਕੁੱਝ ਹੁੰਦਿਆਂ-ਸੁੰਦਿਆਂ ਤਿੰਨੇ ਮਾਵਾਂ ਬਾਂਝ ਲੱਗਦੀਆਂ,
ਤਿੰਨੇ ਹੀ ਮਾਵਾਂ ਦੀਆਂ ਏਥੇ ਘਰਾਂ ਦੇ ਵਿੱਚ ਚਿਖ਼ਾਵਾਂ ਮਘਦੀਆਂ।
ਝੱਖੜ ਵਿੱਚ ਜੀਕਣ ਕਿਸੇ ਪਾਸੇ ਵੀ ਕੁੱਝ ਨਹੀਂ ਦਿਸਦਾ,
ਜਾਂ ਹੜ੍ਹ ਹੈ ਜਾਂ ਸੋਕਾ ‘ਸੁੰਨੜਾ’ ਨਹਿਰਾਂ, ਨਦੀਆਂ ਨਹੀਂ ਵਗਦੀਆਂ।

ਦੂਰ ਦੇਸ਼ ਵਿੱਚ ਰਹਿੰਦਿਆਂ ਤਿੰਨਾਂ ਮਾਵਾਂ ਦਾ ਅਹਿਸਾਸ ਹੈ,
ਕੁੱਝ ਕੋਲ ਨਹੀਂ ਮੇਰੇ ਪਰ ਲੱਗਦਾ ਸਭ ਕੁੱਝ ਪਾਸ ਹੈ।

ਮਾਂ ਮਛੋਹਰ ਨਹੀਂ ਹਾਂ ਮੈਨੂੰ ਮੇਰੇ ਰੱਬ ’ਤੇ ਰੋਸ ਨਹੀਂ ਕੋਈ।
ਮਾਂ ਦੀ ਮਹਿਕ ਮੇਰੇ ’ਚੋਂ ਆਵੇ ਵਿਛੜਨ ਦਾ ਅਫ਼ਸੋਸ ਨਹੀਂ ਕੋਈ।

•

# ਭਾਸ਼ਾ

ਭਾਸ਼ਾ ਵਿੱਚ ਇਨਸਾਨ ਬੋਲਦਾ ਹਰ ਭਾਸ਼ਾ ਇਨਸਾਨੀ।
ਕੂਕਣ ਤੇ ਕੁਰਲਾਉਣ ਦੀ ਆਦਤ ਪਸ਼ੂਆਂ ਦੀ ਨਿਸ਼ਾਨੀ।

ਹਰ ਭਾਸ਼ਾ ਸਭ ਦੀ ਸਾਂਝੀ ਹੈ ਕਿਸੇ 'ਕੱਲੇ-ਕਾਰੇ ਦੀ ਨਹੀਂ,
ਭਾਸ਼ਾ ਨੂੰ ਨਫ਼ਰਤ ਕਰਨੀ ਹੈ, ਇੱਕ ਆਦਤ ਹੈਵਾਨੀ।

ਪੰਜਾਬੀ ਨੂੰ ਨਫ਼ਰਤ ਕਰਕੇ ਮਾਰ ਨਹੀਂ ਕੋਈ ਸਕਦਾ,
ਜਿਸ ਮਾਂ ਦਾ ਦੁੱਧ ਚੁੰਘਿਆ ਉਸਨੂੰ ਕਿਹੜਾ ਕਹੂ ਬਿਗਾਨੀ।

ਦਿੱਲੀ ਤੋਂ ਕੰਧਾਰ ਤੀਕਰਾਂ ਪੰਜਾਬੀ ਨੇ ਸਾਰੇ,
ਪੁੱਤ ਧੀਆਂ ਜਦ ਮਾਂ ਨਾ ਕਹਿੰਦੇ ਹੁੰਦੀ ਬਹੁਤ ਹੈਰਾਨੀ।

ਦੁਨੀਆ ਦੀ ਪਹਿਲੀ ਭਾਸ਼ਾ ਹੈ ਸੰਸਕ੍ਰਿਤ ਪੰਜਾਬਣ,
ਚੁੱਪ ਕਰ 'ਸੁੰਨੜਾ' ਮਾਂ ਭੁੱਲੀ ਜਦ ਕਿਉਂ ਨਾ ਭੁੱਲਦੀ ਨਾਨੀ।

•

## ਮਾਂ-ਪੁੱਤ ਵਾਲਾ ਸਾਕ

ਇੱਕੋ ਮਾਂ ਦੇ ਜਾਏ ਪੁੱਤਰਾਂ ਵਿੱਚ ਰਿਸ਼ਤਾ ਨਾਪਾਕ ਕਿਉਂ ਹੈ,
ਆਪਣੀ ਮਾਂ ਦੇ ਦੋਹਾਂ ਚਰਨਾਂ 'ਤੇ ਸਿਰ ਧਰਨਾ ਪਾਪ ਕਿਉਂ ਹੈ।
ਦੋ ਭਾਈਆਂ ਵਿਹੜਾ ਵੰਡਿਆ ਪਰ ਮਾਂ ਕਿਸ ਤਰ੍ਹਾਂ ਵੰਡਣਗੇ,
ਮਾਂ ਮਾਰਨ 'ਤੇ ਤੁਲੇ ਨੇ ਜੇ ਤਾਂ ਮਾਂ-ਪੁੱਤ ਵਾਲਾ ਸਾਕ ਕਿਉਂ ਹੈ।
•

## ਪਿਤਰ

ਪਿਤਰ ਨਾ ਹੁੰਦੇ ਅਸੀਂ ਨਾ ਹੁੰਦੇ ਮਾਤ-ਪਿਤਾ ਰੱਬ ਦੇ ਅਵਤਾਰ।
ਜਿਉਂਦੇ ਪਿਤਰਾਂ ਨੂੰ ਜੋ ਵਿਸਰਨ ਉਹਨਾਂ ਦਾ ਜਿਉਣਾ ਦੁਰਕਾਰ।

ਮਾਂ ਤਾਂ ਕਦੇ ਨਹੀਂ ਮੋਇਆ ਕਰਦੀ, ਪੰਜੇ ਤੱਤ ਸਾਡੇ ਵਿੱਚ ਜਿਉਂਦੇ,
ਮਾਤਾ ਬਿਨਾ ਤਾਂ ਕੁੱਝ ਨਾ ਹੁੰਦਾ, ਨਾ ਇਹ ਦੁਨੀਆਂ ਨਾ ਸੰਸਾਰ।
•

## ਦੇਸ ਪਿਆਰ ਦੀ ਕਵਿਤਾ

# ਪੰਜ ਦੁਆਬ

ਪੰਡਤ ਮੰਦਰਾਂ ਵਿੱਚ ਬੁੱਤ ਪੂਜਣ, ਮੁੱਲਾਂ ਮੱਕੇ ਕਰਨ ਹਜ਼ਾਬ।
'ਸੁੰਨੜ' ਦਾ ਕੀ ਕਰੀਏ, ਜਿਸਦੀ ਪੂਜਾ ਉਸਦੇ ਪੰਜ ਦੁਆਬ।

ਚੰਦ, ਤਾਰਿਆਂ 'ਤੇ ਹੈ ਕੀ-ਕੀ, ਦੁਨੀਆ ਲੱਭਦੀ ਫਿਰਦੀ ਹੈ,
'ਸੁੰਨੜ' ਖੋਜ ਕਰੇ ਕੰਢਿਆਂ 'ਤੇ ਸਤਲੁਜ, ਰਾਵੀ, ਸਿੰਧ, ਝਨਾਬ।

ਚੀਨੀ, ਅਫ਼ਰੀਕੀ ਤੇ ਰੋਮਨ, ਬਹੁਤ ਪੁਰਾਤਨ ਗਿਣਦੇ ਲੋਕ,
'ਸੁੰਨੜ' ਆਖੇ ਮਾਨਵਤਾ ਦਾ, ਮੁੱਢ-ਕਦੀਮ ਤਾਂ ਹੈ ਪੰਜਾਬ।

ਗੀਤਾ ਅਤੇ ਰਾਮਾਇਣ ਵੀ ਤਾਂ ਜਾਈਆਂ ਨੇ ਪੰਜਾਬ ਦੀਆਂ,
ਸੰਸਕ੍ਰਿਤ ਵੀ ਜੰਮੀ ਏਥੇ, 'ਸੁੰਨੜ' ਦਾ ਤਾਂ ਇਹੀ ਹਿਸਾਬ।

ਅੱਲਾ-ਅੱਲਾ ਕਰੀਂ ਫ਼ਰੀਦਾ! ਫੇਰ ਕਿਤੇ ਵੀ ਆਵੇਂ ਜੇ,
ਪਾਕ ਪਵਿੱਤਰ ਪੰਜਾਬੀ ਵਿੱਚ, ਵਾਰਿਸ ਸ਼ਾਹ ਦਾ ਨਹੀਂ ਜਵਾਬ।

ਝੂਠ ਤੂਫ਼ਾਨ ਬੋਲ ਕੇ ਲੋਕੀਂ, ਨਕਲੀ ਧਰਮ ਬਣਾ ਲੈਂਦੇ,
ਨਾਨਕ ਦੀ ਬਾਣੀ 'ਤੇ 'ਸੁੰਨੜਾ' ਦੱਸੀਂ ਕਿੱਥੇ ਦਿਸਦਾ ਦਾਗ਼।

ਕਾਦਰ ਦੀ ਕੁਦਰਤ ਹੈ ਉਪਜੀ, ਇਸ ਅਪਜਾਊ ਧਰਤੀ 'ਤੇ,
ਉੱਚੇ ਪਰਬਤ, ਡੂੰਘੇ ਪਾਣੀ, ਮਾਰੂਥਲ ਨਾ ਹੋਣ ਅਬਾਦ।

ਜਾਣ ਬੁੱਝ ਕੇ ਮਚਲੇ ਹੋਏ, ਸਭ ਕੁੱਝ ਜਾਣੇ ਇਹ ਦੁਨੀਆ,
ਬਹਿ ਜਾ ਤੂੰ ਚੁੱਪ ਕਰਕੇ 'ਸੁੰਨੜਾ' ਚਾਤਰ ਲੋਕੀਂ ਬੜੇ ਖਰਾਬ।

ਪਾੜ-ਚੀਰ ਕੇ ਲੀਰਾਂ ਕੀਤਾ, ਕੋਹਿਆ ਬੜਾ ਕਸਾਈਆਂ ਨੇ,
ਮਹਿਕ ਅਜੇ ਵੀ ਓਦਾਂ ਹੀ ਹੈ, ਮੌਲਾ! ਖਿੜਿਆ ਰਹੇ ਗੁਲਾਬ।

•

# ਵਤਨ ਵਾਪਸੀ

ਨੀ ਹੁਣ ਵਤਨ ਵਾਪਸੀ ਸਾਡੀ, ਵਾਪਸ ਘਰ ਨੂੰ ਜਾਵਾਂਗੇ।
ਉੱਥੇ ਕਾਲੀ ਵੇਈਂ 'ਤੇ ਆ ਜਾਈਂ, ਤੈਨੂੰ ਸ਼ੈਰ ਕਰਾਵਾਂਗੇ।
ਘੁੱਟ ਕੇ ਮਰ ਚੱਲੇ ਪਰਦੇਸੀ, ਖੁੱਲ੍ਹੀ ਹਵਾ 'ਚ ਜਾਵਾਂਗੇ।
ਆਪਣੇ ਸ਼ਹਿਰ ਇਲਾਕੇ ਜਾ ਕੇ, ਹੁਣ ਢੋਲੇ ਦੀਆਂ ਲਾਵਾਂਗੇ।

ਨੀ ਤੂੰ ਪੁੱਛ ਕੇ ਕਾਂਜਲੀ ਆਵੀਂ, ਤੈਨੂੰ ਝੀਲ ਵਿਖਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ... ... ... ... ... ... ।

ਸ਼ਾਲਾਮਾਰ ਬਾਗ਼ ਵਿੱਚ ਜਾ ਕੇ, ਵੱਖਰੀ ਚੀਜ਼ ਵਿਖਾਵਾਂਗੇ।
ਹਿੰਦੂ, ਮੁਸਲਮ, ਸਿੱਖ, ਇਸਾਈ, 'ਕੱਠਿਆਂ ਨੂੰ ਮਿਲਵਾਵਾਂਗੇ।
ਠਾਣੇ ਲਾਗੇ ਪੰਜ ਮੰਦਰੀ ਵਿੱਚ, ਤੈਨੂੰ ਲੈ ਕੇ ਜਾਵਾਂਗੇ।
ਸੁੰਨੀ ਹੈ ਪਰ ਦੂਰੋਂ ਦਿਸਦੀ, ਇੱਕ ਮਸੀਤ ਦਿਖਾਵਾਂਗੇ।

ਬਾਬੇ ਨਾਨਕ ਦੀ ਨਗਰੀ ਦੇ ਦਰਸ਼ਨ ਵੀ ਕਰਵਾਵਾਂਗੇ।
ਨੀ ਹੁਣ ਵਤਨ ਵਾਪਸੀ ਸਾਡੀ... ... ... ... ... ...।

ਜੋ-ਜੋ ਕਸ਼ਟ ਵਿਦੇਸ਼ੀ ਕੱਟੇ, ਸਭ ਨੂੰ ਭੁੱਲਣਾ ਚਾਹਵਾਂਗੇ।
ਪੈਸੇ ਪਿੱਛੇ ਜੂਨ ਗਵਾ ਲਈ, ਆਪਣਾ ਦਰਦ ਸੁਣਾਵਾਂਗੇ।
ਆਪਣੀ ਮਾਂ ਪੰਜਾਬੀ ਦੇ ਚਰਨਾਂ 'ਤੇ ਸੀਸ ਟਿਕਾਵਾਂਗੇ।
ਪੁੱਤਰਾਂ ਦਾ ਜੋ ਮਾਂ ਲਈ ਬਣਦਾ, ਆਪਣਾ ਫ਼ਰਜ਼ ਨਿਭਾਵਾਂਗੇ।
ਮੇਰੀ ਮਾਂ ਦੀ ਮਮਤਾ ਦੇਖੀਂ, ਤੈਨੂੰ ਮਾਂ ਮਿਲਵਾਵਾਂਗੇ।

ਨੀ ਹੁਣ ਵਤਨ ਵਾਪਸੀ ਸਾਡੀ, ਵਾਪਸ ਘਰ ਜਾਵਾਂਗੇ।
ਉੱਥੇ ਕਾਲੀ ਵੇਈਂ 'ਤੇ ਆਵੀਂ, ਤੈਨੂੰ ਸ਼ੈਰ ਕਰਾਵਾਂਗੇ।

•

# ਮੇਰਾ ਦੇਸ਼

ਬਸ! ਕਰ ਹੁਣ ਹੋਰ ਨਾ ਬਰਬਾਦ ਕਰ ਇਸ ਦੇਸ਼ ਨੂੰ,
ਤੂੰ ਕੌਣ ਹੈਂ, ਪਹਿਚਾਣ ਨਹੀਂ ਹੋਇਆ ਛਲੇਡੇ ਭੇਸ ਨੂੰ।

ਸੋਲ੍ਹਾਂ ਜਿਲ੍ਹੇ ਸਾਡੇ ਤੋਂ ਖੋਹ ਕੇ, ਦੂਰ ਕਰ ਦਿੱਤੇ ਕਿਉਂ,
ਰਲ-ਮਿਲ ਰਹਿਣ ਦੇ ਚਾਅ ਸਭ, ਚਕਨਾਚੂਰ ਕਰ ਦਿੱਤੇ ਕਿਉਂ।

ਸਾਡੇ ਜਨਮ ਅਸਥਾਨ ਅੱਜ ਪਰਦੇਸ ਹੋ ਗਏ, ਤਾਂ ਕੀ ਹੈ,
ਕਹਿਣ ਦੇ ਲੋਕਾਂ ਨੂੰ, ਇਹ ਦੋ ਦੇਸ਼ ਹੋ ਗਏ, ਤਾਂ ਕੀ ਹੈ।

ਗੁਰੂ ਗ੍ਰੰਥ ਨੂੰ ਖੋਲ੍ਹ, ਸਾਡੇ ਵਾਂਗ ਤੂੰ ਪੜ੍ਹ ਕੇ ਤਾਂ ਦੇਖ,
ਅੱਲਾ! ਅੱਲਾ!! ਆਖਦਾ ਵਿੱਚ ਬੈਠ ਬਾਬਾ ਫ਼ਰੀਦ ਸ਼ੇਖ਼।

ਸੱਤਾ ਤੇ ਬਲਵੰਡ, ਮਰਦਾਨਾ ਵੀ ਬੈਠਾ ਗੁਰੂ ਨਾਲ,
ਬੁੱਧੂ ਦੀ ਸੰਤਾਨ ਨੂੰ ਪੁੱਛਿਓ! ਉਹਨਾਂ ਦਾ ਕੀ ਖ਼ਿਆਲ।

ਮੇਰਿਆਂ ਨੂੰ ਮਿਲਣ ਦੀ ਕੋਸ਼ਿਸ਼, ਮੈਂ ਦੱਸ! ਕਿਉਂ ਨਾ ਕਰਾਂ,
ਦੂਸਰੇ ਕੰਢੇ ਤੇ ਵਸਦਾ ਦਿਲ, ਝਨ੍ਹਾਂ ਕਿਉਂ ਨਾ ਤਰਾਂ।

ਸੱਸੀ, ਸੋਹਣੀਂ, ਹੀਰ, ਸਾਹਿਬਾਂ, ਕਿਸ ਤਰਾਂ ਵੰਡੇਂਗਾ ਤੂੰ,
ਮਿਰਜ਼ਾ ਗਾਉਂਦੇ 'ਸੁੰਨੜ' ਨੂੰ, ਦੱਸ ਕਿਸ ਤਰਾਂ ਭੰਡੇਂਗਾ ਤੂੰ।

ਗੁਰੂਆਂ ਤੇ ਪੀਰਾਂ ਦੀ ਧਰਤੀ ਨੂੰ ਤੂੰ ਵੀ ਆਬਾਦ ਕਰ,
ਵੇਦ, ਗੀਤਾ ਇਸੇ ਧਰਤੀ 'ਤੇ ਲਿਖੇ ਗਏ, ਯਾਦ ਕਰ।

ਬਸ! ਕਰ ਹੁਣ ਹੋਰ ਨਾ ਬਰਬਾਦ ਕਰ ਇਸ ਦੇਸ਼ ਨੂੰ,
ਤੂੰ ਕੌਣ ਹੈਂ, ਪਹਿਚਾਣ ਨਹੀਂ ਹੋਇਆ ਛਲੇਡੇ ਭੇਸ ਨੂੰ।

•

# ਸੱਤ ਸਮੁੰਦਰ ਤਰ ਕੇ

ਸੱਤ ਸਮੁੰਦਰ ਤਰ ਕੇ, ਹਰ ਕੇ ਵਾਪਸ ਘਰ ਆਇਆ ਹਾਂ।

ਦੇਸ਼-ਵਿਦੇਸ਼ਾ ਦੇ ਵਿੱਚ ਜਾ ਕੇ, ਅਮਰੀਕਾ ਵਿੱਚ ਪੈਰ੍ਹ ਜਮਾ ਕੇ।
ਧਰਤ, ਆਕਾਸ਼ ਬੜੇ ਹੀ ਗਾਹ ਕੇ, ਪ੍ਰਦੇਸਾਂ ਦੀ ਮੋਹਰ ਲਵਾ ਕੇ।
ਸ਼ਹਿਰ ਮੇਰੇ ਦੀ ਮਿੱਟੀ ਵਿਚਲੀ, ਮਹਿਕ ਨੂੰ ਭਾਲਣ ਆਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ... ... ... ... ... ... ।

ਚੋਗਾ ਚੁਗਣ ਵਿਦੇਸ਼ੀਂ ਆਇਆ, ਵਤਨੋਂ ਦੂਰ ਆਲ੍ਹਣਾ ਪਾਇਆ।
ਹਰ ਮੌਸਮ ਵਿੱਚ ਢਲਣਾ ਚਾਹਿਆ, ਰਹੁ-ਰੀਤਾਂ ਨੂੰ ਵੀ ਅਪਣਾਇਆ।
ਥੱਕ ਹਾਰ ਕੇ ਮੁੜ ਆਇਆ ਹਾਂ, ਮੈਂ ਜਿੱਥੋਂ ਦਾ ਜਾਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ... ... ... ... ... ... ।

ਮੇਰਾ ਸ਼ਹਿਰ, ਸ਼ਹਿਰ ਦੀਆਂ ਗਲੀਆਂ, ਮੇਰੇ ਜੁੱਸੇ ਦੇ ਵਿੱਚ ਰਲੀਆਂ।
ਜਿੱਥੇ ਮੇਰੀਆਂ ਰੀਝਾਂ ਪਲੀਆਂ, ਚਰਨਾਮਤ ਨੂੰ ਤਰਸਣ ਤਲੀਆਂ।
ਸ਼ਹਿਰ ਮੇਰੇ ਦੇ ਸੁਖ ਸਾਗਰ ਦਾ, ਬੂੰਦ-ਬੂੰਦ ਤ੍ਰਿਹਾਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ... ... ... ... ... ... ।

ਮੇਰੇ ਵਤਨ ਦਿਓ ਮੇਰੇ ਯਾਰੋ! ਮੇਰੇ ਸ਼ਹਿਰ ਦੀਓ ਮੁਟਿਆਰੋ!
ਆਪਣਾ ਸੱਭਿਆਚਾਰ ਨਾ ਹਾਰੋ, ਘਰ ਆਏ ਦੀ ਨਜ਼ਰ ਉਤਾਰੋ।
ਸਾਬਤ, ਸੂਰਤ 'ਸੁੰਨੜ' ਨੂੰ ਮੈਂ, ਘਰ ਨੂੰ ਮੋੜ ਲਿਆਇਆ ਹਾਂ।

ਸੱਤ ਸਮੁੰਦਰ ਤਰ ਕੇ, ਹਰ ਕੇ ... ... ... ... ... ... ।

•

# ਗੱਲ ਕਰੀਏ ਦੇਸ਼ ਪੰਜਾਬ ਦੀ

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ।
ਰਲ ਮਿਲ ਬਹਿ ਕੇ ਗੱਲ ਕਰੀਏ, ਪਿੱਤਰਾਂ ਦੇ ਦੇਸ਼ ਪੰਜਾਬ ਦੀ।

ਵਿਰਸੇ ਅਤੇ ਵਿਹਾਰ 'ਚ ਬਹਿ ਕੇ, ਮਰਿਯਾਦਾ ਦੇ ਵਿੱਚ ਵਿੱਚ ਰਹਿ ਕੇ।
ਆਪਣੀ ਗੱਲ ਤਾਂ ਕਰ ਸਕਦੇ ਹਾਂ, ਆਪਣੇ-ਆਪਣੇ ਹੌਂਕੇ ਲੈ ਕੇ।

ਇੰਝ ਤਾਂ ਆਪਣਾ ਕੁੱਝ ਨਹੀਂ ਬਣਨਾ, 'ਕੱਲੇ-'ਕੱਲੇ ਰੋਂਦੇ ਰਹਿ ਕੇ।
ਕਿੰਨੇ ਚਿਰ ਤੱਕ ਤੁਰੇ ਫਿਰਾਂਗੇ, ਏਸ ਤਰਾਂ ਹੀ ਸਭ ਕੁੱਝ ਸਹਿ ਕੇ।
ਮਿਲ ਬੈਠ ਕੇ ਗੱਲ ਕਰੀਏ, ਸਾਡੀ ਧੁੰਦਲੀ ਪੈਂਦੀ ਤਾਬ ਦੀ।
ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ... ... ...।

ਪੰਜੇ ਪਾਣੀ ਫਿਰ ਵੀ ਰਲਦੇ, ਸਾਨੂੰ ਇੱਕ ਸੁਨੇਹਾ ਘੱਲਦੇ।
ਦੱਸਿਓ ਕਿਸ ਦਰਿਆ ਦਾ ਪਾਣੀ, ਜਦ ਪਾਣੀ, ਪਾਣੀ ਨਾਲ ਰਲਦੇ।
ਵੰਡੀਆਂ ਪਾ ਕੇ ਤਾਰਾਂ ਲਾ ਕੇ, ਮਾਂ ਨੂੰ ਵੰਡ ਕੇ ਕਿਸਨੂੰ ਛਲ਼ਦੇ।
ਇੱਕੋ ਮਾਂ ਦੀ ਛਾਤੀ ਚੁੰਘਦੇ, ਦੋ ਪੁੱਤਰ ਵੱਖੋ-ਵੱਖ ਪਲਦੇ।
ਆਓ! ਰਲ ਮਿਲ ਗੱਲਾਂ ਕਰੀਏ, ਦਰਿਆਵਾਂ ਦੇ ਆਬ ਦੀ।
ਗੱਲ ਸਤਲੁਜ ਰਾਵੀ ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ... ... ...।

ਵਾਘਿਓਂ ਪਾਰ ਮਿਲਣ ਨੂੰ ਜਾਈਏ, ਜਾ ਕੇ ਆਪਣਾ ਦਰਦ ਸੁਣਾਈਏ।
ਆਪਣਿਆਂ ਨੂੰ ਗਲ ਨਾਲ ਲਾਈਏ, ਇੱਕ ਦੂਜੇ ਦੀ ਪੀੜ ਵੰਡਾਈਏ।
ਰੁੱਸੇ ਹਾਂ ਤਾਂ ਵੀ ਮੰਨ ਜਾਈਏ, ਜੇ ਭੁੱਲੇ ਹਾਂ ਤਾਂ ਪਛਤਾਈਏ।
ਗੱਲ ਕਰਨ ਲਈ ਸਫ਼ ਵਿਛਾਈਏ, ਕੁੱਝ ਸੁਣੀਏਂ ਤੇ ਕੁੱਝ ਸਮਝਾਈਏ।
ਨਾਨਕ ਤੇ ਮਰਦਾਨੇ ਦੀ ਗੱਲ, ਗੱਲ ਬਾਣੀ ਅਤੇ ਰਬਾਬ ਦੀ।

ਗੱਲ ਸਤਲੁਜ ਰਾਵੀ ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ... ... ...।

ਕੀ ਗ਼ਲਤੀ ਆਪਣੇ ਤੋਂ ਹੋਈ, ਦੋਹੀਂ ਪਾਸੀਂ ਜਾਂਦੇ ਰੋਈ।
ਸਾਡੀ ਤਾਂ ਕੋਈ ਗ਼ਲਤੀ ਹੈ ਨ੍ਹੀਂ, ਗ਼ਲਤੀ ਤਾਂ ਹਾਕਮ ਤੋਂ ਹੋਈ।
ਆਪਣੇ ਪੁੱਤਰਾਂ ਕੋਲੋਂ ਮਾਂ ਨੇ, ਦੱਸੋ ਕਿਹੜੀ ਚੀਜ਼ ਲਕੋਈ।
ਖ਼ੂਨ ਦੇ ਰਿਸ਼ਤੇ ਸਾਡੇ ਫਿਰ ਵੀ, ਕੌਣ ਇਨ੍ਹਾਂ ਨੂੰ ਜਾਂਦਾ ਧੋਈ।
ਇੱਕ ਮਾਲਾ ਦੇ ਮਣਕੇ ਕਾਹਤੋਂ ਦੋ ਤੰਦਾਂ ਵਿੱਚ ਜਾਣ ਪਰੋਈ।
ਪੰਜਾਂ ਫੁੱਲਾਂ ਦੀ ਗੱਲ ਇੱਕੋ, ਜੇ ਡਾਲ਼ੀ ਇੱਕ ਗੁਲਾਬ ਦੀ।
ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ... ... ...।

ਨਾ ਤੂੰ ਮੇਰਾ ਦੋਸ਼ੀ ਵੀਰਾ! ਨਾ ਮੈਂ ਤੇਰਾ ਦੋਸ਼ੀ।
ਸੱਤ ਇਕਵੰਜਾ ਤੇਰੀ ਮੇਰੀ, ਬੜੀ ਸਿਆਸਤ ਹੋਛੀ।
ਏਨਾ ਕਤਲੇਆਮ ਕਰਵਾ ਕੇ, ਬਿਲਕੁਲ ਨਹੀਂ ਨਮੋਸ਼ੀ।
ਸਾਡੇ ਸਿਰ ਵਡਵਾ ਕੇ ਕਰਦੇ ਫਿਰਦੇ ਤਾਜਫਿਰੋਸ਼ੀ।
ਕੀ ਕੀ ਗੱਲਾਂ ਕਰੀਏ, ਇਹ ਮੁੱਕਣੀਂ ਨਹੀਂ ਵਹੀ ਹਿਸਾਬ ਦੀ।

ਗੱਲ ਸਤਲੁਜ, ਰਾਵੀ, ਬਿਆਸ ਦੀ, ਗੱਲ ਜਿਹਲਮ ਅਤੇ ਝਨਾਬ ਦੀ... ... ...।
•

# ਦਰਿਆਵਾਂ ਦਾ ਪਾਣੀ

ਘੱਗਰੇ, ਬੁੰਦੇ ਗਏ ਗਵਾਚੇ, ਬਾਕੀ ਵੀ ਸਭ ਮੁੱਕ ਜਾਵੇਗਾ।
ਦਰਿਆਵਾਂ ਦਾ ਪਾਣੀ ਸਾਰਾ, ਸੁੱਕਦੇ-ਸੁੱਕਦੇ ਸੁੱਕ ਜਾਵੇਗਾ।

ਪੰਜ ਪਾਣੀਆਂ ਦੀ ਧਰਤੀ ਦਾ ਵੰਡ ਵੰਡਾਈਆਂ ਹੋਇਆ।
ਕੋਹ-ਕੋਹ ਤੋਂ ਕਈ ਵਾਰ ਕਸਾਈਆਂ, ਇਸ ਧਰਤੀ ਨੂੰ ਕੋਹਿਆ।
ਮਾਰ ਦੁਹੱਥੜੇ ਜੰਨਤ ਰੋਈ, ਧਰਤੀ, ਅੰਬਰ ਰੋਇਆ।
ਮੁਖੜਾ ਗਿਆ ਵਲੂੰਧਰਿਆ, ਹੁਣ ਬੇਪਛਾਣ ਹੈ ਹੋਇਆ।
ਸੁੱਕ ਗਿਆ ਪੰਜਾਬੀ ਪਾਣੀ, ਸਭ ਹਰਿਆਵਲ ਸੁੱਕੀ,

ਰੁਕ-ਰੁਕ ਕੇ ਜਨ-ਜੀਵਨ ਚਲਦਾ ਰੁਕਦਾ-ਰੁਕਦਾ ਰੁਕ ਜਾਵੇਗਾ।
ਦਰਿਆਵਾਂ ਦਾ ਪਾਣੀ ਸਾਰਾ ਸੁੱਕਦਾ ਸੁੱਕਦਾ ਸੁੱਕ ਜਾਵੇਗਾ... ... ...।

ਤੂੰਬੀ ਅਤੇ ਅਲਗੋਜ਼ੇ ਸੁਣਿਆਂ ਨੂੰ ਇੱਕ ਮੁੱਦਤ ਹੋਈ।
ਕਚਨਾਰਾਂ ਦੇ ਫੁੱਲ ਨਾ ਦਿਸਦੇ, ਕਿੱਧਰ ਗਈ ਖੁਸ਼ਬੋਈ।
ਦੁਪਹਿਰਖਿੜੀ ਪੰਜਾਬ ਦੀ ਧਰਤੀ, ਲੱਗਦੀ ਰੋਈ-ਰੋਈ।
ਇਸ ਜ਼ਰਖੇਜ਼ ਜਿਮੀਂ ਦੀ, ਏਸ ਤਰ੍ਹਾਂ ਕਿਉਂ ਹਾਲਤ ਹੋਈ।

ਦਗ਼ ਦਗ਼ ਕਰਦਾ ਸੂਰਜ ਲੱਗਦਾ ਛੁਪਦਾ-ਛੁਪਦਾ ਛੁਪ ਜਾਵੇਗਾ।
ਦਰਿਆਵਾਂ ਦਾ ਪਾਣੀ ਸਾਰਾ ਸੁੱਕਦਾ ਸੁੱਕਦਾ ਸੁੱਕਦਾ ਸੁੱਕ ਜਾਵੇਗਾ... ... ...।

ਸਭ ਨੇ ਠੰਡੇ ਹੋ ਜਾਣਾ ਜੇ ਸੂਰਜ ਠੰਡਾ ਹੋਇਆ ਤਾਂ।
ਜਨ-ਜੀਵਨ ਸਭ ਮੁੱਕ ਜਾਣਾ, ਜੇ ਪਾਣੀ ਮੁੱਕ ਖਲੋਇਆ ਤਾਂ।
ਧਰਤੀ ਗਰਭਵਤੀ ਨਹੀਂ ਹੋਣੀ, ਪਾਣੀ ਪਿਤਾ ਨਾ ਹੋਇਆ ਤਾਂ।

ਪੁੰਨ-ਪਾਪ ਸਭ ਕੁੱਝ ਮਰ ਜਾਣਾ, ਪਵਨ ਗੁਰੂ ਜੇ ਮੋਇਆ ਤਾਂ।
ਮਾਤ ਪਿਤਾ ਬਾਰੇ ਨਾ ਸੋਚਣ, ਪੁੱਤ ਕੁਪੁੱਤ ਕਹਾਉਂਦੇ ਉਹ।

ਦੇਖਣ ਵਾਲਾ ਕੁੱਝ ਨ੍ਹੀਂ ਰਹਿਣਾ ਮਿੱਟੀ ਵਿੱਚ ਸਭ ਲੁਕ ਜਾਵੇਗਾ।
ਦਰਿਆਵਾਂ ਦਾ ਪਾਣੀ ਸਾਰਾ ਸੁੱਕਦੇ ਸੁੱਕਦੇ ਸੁੱਕ ਜਾਵੇਗਾ... ... ...।

•

# ਪਰਦੇਸੀ

ਪਰਦੇਸਾਂ ਵਿੱਚ ਵਿਚਰਦਾ
ਮੈਂ ਬਹੁਤ ਫਿਰਿਆਂ ਦੋਸਤਾਂ!
ਪਰਦੇਸਾਂ ਵਿੱਚ ਪਰਦੇਸੀ ਹੀ ਆਖਿਆ ਸਭ ਨੇ
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮਿਹਰਬਾਨੀ।

ਮੇਰੀ ਜੇਬ ਵਿੱਚ ਪਾਸਪੋਰਟ ਦੇਖਿਆ ਜੋ ਤੂੰ
ਮੈਂ ਮੰਨਦਾ ਹਾਂ ਵਿਦੇਸ਼ੀ ਹੈ
ਜੇਬ ਦੇ ਪਿੱਛੇ ਧੜਕਦੇ ਦਿਲ ਨੂੰ ਜੇ ਵੇਖੇਂ
ਹਰ ਧੜਕਣ ਵਿੱਚ ਆਪਣਾ ਅਤੀਤ ਦੇਖੇਂਗਾ।

ਮੈਂ ਇਕਬਾਲ ਕਰਦਾਂ ਹਾਂ ਕਿ
ਆਪਣੀ ਭੁੱਖ ਮੇਟਣ ਲਈ
ਵਿਦੇਸ਼ਾ ਵਿੱਚ ਮੈਂ ਜਾ ਵਸਿਆ
ਮੈਂ ਲੈਂਦਾ ਹਾਂ ਇਜਾਜ਼ਤ
ਆਪਣੇ ਹੀ ਦੇਸ਼ ਪਰਤਣ ਦੀ
ਮੇਰੀ ਮਾਂ ਦੇ ਪਿੰਡ ਜਾਣ ਲਈ ਪੁੱਛ-ਗਿੱਛ ਹੁੰਦੀ ਹੈ।
ਪਰ ਗਹੁ ਨਾਲ ਦੇਖ
ਬਿਲਕੁਲ ਮੇਰੇ ਬਾਪੂ ਵਰਗੀ ਸ਼ਕਲ ਹੈ ਮੇਰੀ
ਮੇਰੀ ਮਾਸੂਮੀਅਤ ਵੇਲੇ ਤੋਂ ਜਾਣਦਾ ਹੈਂ ਤੂੰ
ਪਰ ਤੂੰ ਜਦੋਂ ਸ਼ੱਕ ਦੀ ਨਜ਼ਰ ਨਾਲ ਦੇਖਦੈਂ ਮੈਨੂੰ
ਐਵੇਂ ਲੱਗਦੈ ਜਿਵੇਂ ਕੋਈ ਗਾਲ੍ਹ ਕੱਢਦਾ ਹੈਂ।
ਮੇਰੀ ਮਾਂ ਦੇ ਚਰਿੱਤਰ 'ਤੇ ਜਿਵੇਂ ਇਤਬਾਰ ਨਹੀਂ ਤੈਨੂੰ।

ਮੈਨੂੰ ਸਮਝ ਨਹੀਂ ਆਉਂਦੀ ਨਜ਼ਰ ਤੇਰੀ ਨੂੰ ਕੀ ਹੋਇਆ
ਤੇਰੇ ਮੇਰੇ ਖ਼ੂਨ ਦਾ ਇੱਕ ਰੰਗ, ਤੈਨੂੰ ਕਿਉਂ ਨਹੀਂ ਦਿਸਦਾ?

ਅੱਧੀ ਉਮਰ ਭਾਵੇਂ ਮੈਂ ਵਿਦੇਸ਼ਾਂ ਵਿੱਚ ਗੁਜ਼ਾਰੀ ਹੈ
ਵਿਦੇਸ਼ੀ ਹੀ ਸਦਾ ਕਹਿੰਦੇ ਰਹੇ ਸਾਰੇ
ਲੇਕਿਨ ਕਦੇ ਮੈਨੂੰ ਸੰਗ ਨਹੀਂ ਲੱਗੀ
ਕਦੇ ਕੋਈ ਦਰਦ ਨਹੀਂ ਹੋਇਆ

ਕੋਈ ਪਹਿਚਾਣਦਾ ਹੈ ਜੇ ਮੈਂ ਕਿਨ੍ਹਾਂ ਦਾ ਪੁੱਤਰ ਹਾਂ
ਤਾਂ ਇਸ ਵਿੱਚ ਹਰਜ਼ ਵੀ ਕੀ ਹੈ

ਵਿਦੇਸ਼ੀ ਕਾਗਜ਼ਾਂ ਨੂੰ ਦੇਖ ਕੇ ਫ਼ਤਵਾ ਨਾ ਲਾ ਸੱਜਣਾ!
ਦਿਲ ਵਿੱਚ ਨਜ਼ਰ ਮਾਰੀਂ
ਕਤਰਾ-ਕਤਰਾ ਖ਼ੂਨ ਤੈਨੂੰ ਆਪਣਾ ਲੱਗੂ
ਖ਼ੂਨ ਦੇ ਰਿਸ਼ਤੇ ਕਦੇ ਟੁੱਟਿਆ ਨਹੀਂ ਕਰਦੇ
ਨਹੁੰ ਤੇ ਮਾਸ ਦਾ ਰਿਸ਼ਤਾ ਹੈ ਆਪਣਾ ਵੀਰਨਾ!
ਪਰਦੇਸਾਂ ਵਿੱਚ
ਪਰਦੇਸੀ ਹੀ ਆਖਿਆ ਸਭ ਨੇ
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮਿਹਰਬਾਨੀ।
•

# ਪੰਜਾਬਣਾਂ

ਅੱਜ ਗਿੱਧੇ ਵਿੱਚ ਨੱਚੀਆਂ ਪੰਜਾਬਣਾਂ ਤੇ
ਸਾਰਾ ਜੋੜ ਮੇਲਾ ਛੱਡਿਆ ਨਚਾ ਕੇ।
ਜਿਨ੍ਹੇ ਦੇਖਿਆ ਉਹ ਰਹਿ ਗਿਆ ਦੇਖਦਾ,
ਗੇੜਾ ਦਿੱਤਾ ਜਦੋਂ ਲੱਕ ਨੂੰ ਹਿਲਾ ਕੇ।

ਨੀ ਤੂੰ ਲੁੱਟ ਲਿਆ ਮੇਲਾ ਅੱਜ ਹਾਨਣੇ!
ਗੇੜਾ ਦਿੱਤਾ ਨੀ ਤੂੰ ਜਦੋਂ ਬੋਲੀ ਪਾ ਕੇ।
ਤੇਰੀ ਅੱਥਰੀ ਜਵਾਨੀ ਅੱਜ ਛਾ ਗਈ,
ਨੱਚੀ ਖੁੱਲ੍ਹ ਕੇ ਤੂੰ ਅੱਜ ਸੰਗ ਲਾਹ ਕੇ।

ਤੂੰ ਤਾਂ ਕੁੱਟ-ਕੁੱਟ ਤੋੜ ਦਿੱਤਾ ਛੱਜ ਨੀ,
ਤੂੰ ਆਈ ਜਾਗੋ ਜਦੋਂ ਸਿਰ ’ਤੇ ਉਠਾ ਕੇ।
ਸਾਰੇ ਫੋਲ੍ਹ ਸੁੱਟੇ ਦਾਦਕੇ ਤੇ ਨਾਨਕੇ,
’ਕੱਠੇ ਸਾਰਿਆਂ ਨੂੰ ਗਿੱਧੇ ’ਚ ਬਿਠਾ ਕੇ।

ਅੱਜ ਲੱਗਦਾ ਤੂੰ ਜ਼ਿੱਦ ਉੱਤੇ ਆ ਗਈ,
ਹਟੀ ਸਾਰਿਆਂ ਨੂੰ ਗਿੱਧੇ ’ਚ ਹਰਾ ਕੇ।
ਅੱਜ ਚੋਬਰਾਂ ਨੂੰ ਕਰ ’ਤਾ ਸ਼ਰਾਬੀ ਤੂੰ,
ਕਈ ਡਿੱਗਦੇ ਫਿਰਨ ਗਸ਼ ਖਾ ਕੇ।

ਗੱਲਾਂ, ਗੱਲ-ਗੱਲ ਵਿੱਚ ਅੱਜ ਤੇਰੀਆਂ!
ਨੀ ਕਿੱਥੇ ਚੱਲੀ ਆਂ ਚੁਆਤੀ ਲਾ ਕੇ।
ਲਾ ’ਤੇ ਚਾਰ ਚੰਨ ਖੁਸ਼ੀਆਂ ਨੂੰ ਅੱਜ ਤੂੰ,
ਨੀ ਤੂੰ ਸਾਡੇ ਨਾਲ ਖੁਸ਼ੀਆਂ ਮਨਾ ਕੇ।

•

# ਪੁਰਾਣਾ ਪੰਜਾਬ

ਤੰਬੇ, ਚਾਦਰੇ, ਜਗੀਰਾਂ, ਸਰਦਾਰੀਆਂ,
ਮੱਝਾਂ ਬੂਰੀਆਂ, ਘੋੜੇ ਤੇ ਜੋਗਾਂ ਨਾਹਰੀਆਂ,
ਅੱਜ ਭਾਲਿਆਂ ਵੀ ਲੱਭਦੇ ਨਹੀਂ ਕਿੱਧਰੇ,
ਸਭ ਰਹਿ ਗਏ ਪਾਕਿਸਤਾਨ।

ਭੂਆ, ਮਾਸੀਆਂ, ਮਾਮੀਆਂ, ਤਾਈਆਂ,
ਚਾਚੀਆਂ ਸਭ ਆਪਣੇ ਅਤੀਤ 'ਚ ਗੁਆਚੀਆਂ,
ਸਾਰੇ ਸਾਕਾਂ ਦੀਆਂ ਧੱਜੀਆਂ ਉਡਾ 'ਤੀਆਂ,
ਸਾਡਾ ਡੋਲ ਗਿਆ ਦੀਨ ਇਮਾਨ।

ਗੱਲ ਕਰਕੇ ਸੀ ਗੱਲ ਉੱਤੇ ਖੜਦੇ,
ਕਦੇ ਝੂਠੀਆਂ ਕਹਾਣੀਆਂ ਨਾ ਘੜਦੇ,
ਸੱਚ ਬੋਲ ਕੇ ਤੇ ਸਰਦਾ ਹੀ ਨਹੀਂ ਹੁਣ,
ਸਭ ਬੋਲਦੇ ਨੇ ਝੂਠ ਤੂਫ਼ਾਨ।

ਹੁੰਦੇ ਗੁੰਦਵੇਂ ਜਵਾਨਾਂ ਦੇ ਸਰੀਰ ਸੀ,
ਨਾ ਹੀ ਨਸ਼ੇ ਪੱਤੇ ਕਰਦੀ ਮੰਡੀਰ ਸੀ,
ਪੰਜਾਬੀਆਂ ਦੀ ਵੱਖਰੀ ਜਵਾਨੀ ਸੀ,
ਟੌਹਰ ਸਾਡੇ ਨੂੰ ਹੈ ਜਾਣਦਾ ਜਹਾਨ।

ਜੱਟ ਮੌਤ ਨੂੰ ਮਖੌਲ਼ਾਂ ਸੀ 'ਗੇ ਕਰਦੇ,
ਕਿਸੇ ਭੀੰ ਪਾਂਡੋ ਕੋਲੋਂ ਨਹੀਂ ਸੀ ਡਰਦੇ,
ਹੱਥ ਮੁੱਛ ਉੱਤੇ ਡਾਂਗ ਮੋਢੇ ਧਰਦੇ,

ਸਾਡੀ ਦੁਨੀਆ ਤੋਂ ਵੱਖਰੀ ਸੀ ਸ਼ਾਨ।

ਕਿੱਸੇ ਬਣਦੇ ਪੰਜਾਬੀ ਮੁਟਿਆਰਾਂ ਦੇ,
ਹੁੰਦੇ ਵੱਖ਼ਰੇ ਹੀ ਨਖ਼ਰੇ ਸੀ ਨਾਰਾਂ ਦੇ,
ਜਦੋਂ ਪੀਂਘ ਆਸਮਾਨ ਨੂੰ ਚੜ੍ਹਾਉਂਦੀਆਂ,
ਕਿੱਦਾਂ ਕਰੇ ਕੋਈ ਉਸਨੂੰ ਬਿਆਨ।

ਮੁੰਡੇ-ਕੁੜੀਆਂ ਨਹੀਂ ਲੱਗਦੇ ਪੰਜਾਬ ਦੇ,
ਪੁਰਾਣੇ ਮਾਝੇ, ਮਾਲਵੇ, ਦੁਆਬ ਦੇ,
ਸਭ ਡਿਸਕੋ ਤੇ ਪੱਬਾਂ ਵਿੱਚ ਰੁਲ਼ ਗਏ
ਤਾਹੀਓਂ 'ਸੁੰਨੜ' ਹੈ ਬਹੁਤ ਹੈਰਾਨ।

ਤੰਬੇ, ਚਾਦਰੇ, ਜਗੀਰਾਂ, ਸਰਦਾਰੀਆਂ,
ਮੱਝਾਂ ਬੂਰੀਆਂ, ਘੋੜੇ ਤੇ ਜੋਗਾਂ ਨਾਹਰੀਆਂ,
ਅੱਜ ਭਾਲਿਆਂ ਵੀ ਲੱਭਦੇ ਨਹੀਂ ਕਿੱਧਰੇ,
ਸਭ ਰਹਿ ਗਏ ਪਾਕਿਸਤਾਨ।

•

# ਜੰਡ, ਟਾਹਲੀਆਂ, ਤੂਤ

ਪੇਂਡੂ ਬੇਰਾਂ ਨੇ ਮਲ੍ਹਿਆਂ ਦੇ ਬੇਰ ਭੁਲਾ ਦਿੱਤੇ।
ਕਚਨਾਰਾਂ ਦੇ ਫੁੱਲਾਂ ਦੀ ਥਾਂ ਕੰਢੇ ਲਾ ਦਿੱਤੇ।

ਨਾ ਝੱਲ ਰਹੀ ਨਾ ਟਿੱਬੇ ਦਿਸਦੇ ਨਾ ਬੋਹੜਾਂ ਦੀਆਂ ਛਾਵਾਂ,
ਜੰਡ, ਟਾਹਲੀਆਂ, ਤੂਤ ਸਾਰੇ ਹੀ ਵੱਢ-ਵਢਾ ਦਿੱਤੇ।

ਕੁਦਰਤ ਦੇ ਫ਼ਲ, ਬੂਟੇ ਸਾਰੇ ਮੁਫ਼ਤੋਂ, ਮੁਫ਼ਤੀ ਸੀ,
ਰਿਸ਼ਤਿਆਂ, ਨਾਤਿਆਂ ਦੇ ਵੀ ਲੋਕਾਂ ਮੁੱਲ ਪਵਾ ਦਿੱਤੇ।

ਸਾਧਾਂ, ਸੰਤਾਂ ਦੇ ਟਿੱਲੇ ਜੋ ਉੱਚੇ ਲੱਗਦੇ ਸੀ,
ਮਾਰ ਕਰਾਹੇ ਸਭ ਦੇ ਸਭ ਹੀ ਖੇਤ ਬਣਾ ਦਿੱਤੇ।

ਧਰਤੀ ਤਾਂ ਜ਼ਰਖੇਜ਼ ਰਹੀ ਹੈ ਮੁੱਢ ਕਦੀਮਾਂ ਤੋਂ,
ਖਾਦ, ਦਵਾਈਆਂ ਪਾ ਕੇ ਉਸਦੇ ਹੋਸ਼ ਭੁਲਾ ਦਿੱਤੇ।

ਰੁੱਤ-ਰੁੱਤ ਦੇ ਮੇਵੇ ਵੀ ਗੱਲ ਪੁਰਾਣੀ ਹੋ ਗਈ ਹੁਣ,
ਮਨ ਮਰਜ਼ੀ ਦੇ ਅੱਜ ਕੁਰੁੱਤੇ ਬੀਜ ਬਣਾ ਦਿੱਤੇ।

ਕੁਦਰਤ ਦੇ ਨਾਲ ਪੰਗਾ ਲੈਣੋਂ ਵੀ ਨਹੀਂ ਹਟਦੇ ਲੋਕ,
ਕੁਦਰਤ ਦੇ ਨਾਂ 'ਤੇ ਵੱਖੋ-ਵੱਖ ਧਰਮ ਚਲਾ ਦਿੱਤੇ।

'ਸੁੰਨੜਾ' ਚੁੱਪ ਕਰਕੇ ਵੇਂਹਦਾ ਰਹਿ ਕੀ ਕਰਦੀ ਦੁਨੀਆ,
ਤੇਰੇ ਵਰਗੇ ਕਈ ਦੁਨੀਆ ਨੇ ਬਲੀ ਚੜ੍ਹਾ ਦਿੱਤੇ।

•

# ਪਿੰਡ ਦੀ ਯਾਦ

ਬਾਪੂ, ਚਾਚੇ, ਤਾਏ ਛੱਡ ਗਏ ਛੱਡਿਆ ਪਿੰਡ ਭਰਾਵਾਂ।
ਰੜਕਦੀਆਂ ਨਹੀਂ ਮੇਰੇ ਪਿੰਡ ਦੀਆਂ ਧੀਆਂ, ਭੈਣਾਂ, ਮਾਵਾਂ।

ਜਿਸ ਪਿੰਡ ਖੇਡੀ ਲੁਕਣ ਮਿਚਾਈ, ਗੁੱਲੀ ਡੰਡਾ, ਖਿੱਦੋ,
ਦੱਸੋ ਯਾਰੋ! ਆਪਣੇ ਪਿੰਡ ਵਿੱਚ ਕਿਸ ਦਾ ਪਿੱਠੂ ਢਾਹਵਾਂ।

ਸਾਰਾ ਪਿੰਡ ਵਿਦੇਸ਼ੀ ਹੋ ਗਿਆ ਕਈ ਮੁਲਕਾਂ ਦੇ ਵਾਸੀ,
ਅਮਰੀਕਾ ਦਾ ਪਾਸਪੋਰਟ ਮੈ ਕਿਹੜੇ ਚੁੱਲ੍ਹੇ ਡਾਹਵਾਂ।

ਰੌਣਕ ਮੇਲੇ ਖਤਮ ਹੋਏ ਮਿਟ ਗਈ ਸ਼ਾਝ-ਭਿਆਲੀ,
ਯਾਦ ਕਰਾਂ ਕੀ ਭੁੱਲ ਜਾਵਾਂ, ਮੈ ਹੁਣ ਪਿੰਡ ਦਾ ਸਿਰਨਾਵਾਂ।

•

## ਮੁਟਿਆਰ

ਹਰ ਗਲੀ, ਹਰ ਜਗ੍ਹਾ, ਮੇਰੇ ਯਾਰ ਭਾਲਿਓ!
ਇੱਕ ਲੱਭਦੀ ਨਹੀਂ, ਮੁਟਿਆਰ ਭਾਲਿਓ!

ਜਿਹੜੀ ਹੇਕਾਂ ਲਾ ਤ੍ਰਿੰਜਣਾਂ 'ਚ ਗਾਉਂਦੀ ਹੁੰਦੀ ਸੀ
ਜਿਹੜੀ ਪੀਂਘ ਅਸਮਾਨਾਂ ਨੂੰ ਚੜ੍ਹਾਉਂਦੀ ਹੁੰਦੀ ਸੀ
ਜਿਹੜੀ ਗਿੱਧਿਆਂ ਦੇ ਵਿੱਚ ਅੱਗ ਲਾਉਂਦੀ ਹੁੰਦੀ ਸੀ
ਜਿਹਦੀ ਤੋਰ ਪਾਣੀਆਂ ਨੂੰ ਮਾਤ ਪਾਉਂਦੀ ਹੁੰਦੀ ਸੀ
ਜਿਹੜੀ ਸ਼ਾਹ ਵੇਲਾ ਖੇਤਾਂ 'ਚ ਲਿਆਉਂਦੀ ਹੁੰਦੀ ਸੀ
ਜਿਹੜੀ ਹੱਥ ਛੱਡ ਟੋਕਰੀ ਉਠਾਉਂਦੀ ਹੁੰਦੀ ਸੀ।

ਗੁੰਮ ਹੋ ਗਈ ਉਹ ਭੱਤੇ ਵਾਲੀ ਨਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

ਜਿਹਦੀ ਸੱਥਾਂ ਵਿੱਚ ਬਹਿ ਕੇ ਲੋਕੀਂ ਗੱਲ ਕਰਦੇ
ਜਿਹਦੀ ਚੁੱਪ ਦੇ ਵੀ ਗੱਭਰੂ ਹੁੰਘਾਰੇ ਭਰਦੇ
ਜਿਹਦੀ ਅੱਖ ਦੀ ਅਦਾ 'ਤੇ ਵੱਡੇ-ਵੱਡੇ ਮਰਦੇ
ਜੀਹ 'ਤੇ ਚੰਗੇ-ਚੰਗੇ ਚੋਬਰਾਂ ਦਿਲ ਹਰਦੇ
ਜਿਹਦੇ ਜ਼ੁਲਫ਼ਾਂ ਦੇ ਨਾਗ ਸੀਨਿਆਂ 'ਤੇ ਲੜਦੇ
ਜਿਹਦੇ ਲੱਕ ਦੇ ਇਸ਼ਾਰੇ ਵੀ ਸਵਾਲ ਕਰਦੇ।

ਜਿਹਦੇ ਹਾਸਿਆਂ ਚੋਂ ਖਿੜਦੀ ਬਹਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

ਜਿਹਦੀ ਸਾਦਗੀ ਤੇ ਸਾਰੇ ਲੋਕੀਂ ਡੁੱਲ੍ਹ-ਡੁੱਲ੍ਹ ਜਾਂਦੇ
ਜਿਹਨੂੰ ਦੇਖ ਹਟਵਾਣੀਏ ਵੀ ਸੌਦੇ ਭੁੱਲ ਜਾਂਦੇ
ਜਿਸ ਮੇਲੇ ਜਾਵੇ, ਮੇਲੇ ਦੇ ਨਸੀਬ ਖੁੱਲ੍ਹ ਜਾਂਦੇ
ਜਿਹਦੇ ਲੌਂਗ ਦੀ ਲਿਸ਼ਕ ਨਾਲ ਸਾਰੇ ਹਿੱਲ ਜਾਂਦੇ
ਜਿਹਨੂੰ ਦੇਖ ਜ਼ਿੰਦਗੀ ਦੇ ਸਾਰੇ ਸੁਖ ਮਿਲ ਜਾਂਦੇ
ਜਿਹਦਾ ਰੂਪ ਤੱਕ ਤਾਜ਼ ਤੇ ਤਖ਼ਤ ਹਿੱਲ ਜਾਂਦੇ।

ਕਿੱਥੇ ਗਈ ਹੁਸਨਾਂ ਦੀ, ਸਰਕਾਰ ਭਾਲਿਓ!
ਇੱਕ ਲੱਭਦੀ ਨਹੀਂ ਮੁਟਿਆਰ ਭਾਲਿਓ!

•

## ਮਟਿਆਰੇ ! ਕੱਚ ਕਮਾਈ ਨਾ

ਮਟਿਆਰੇ ! ਕੱਚ ਕਮਾਈ ਨਾ
ਕਿਤੇ ਲੀਕ ਇਸ਼ਕ ਨੂੰ ਲਾਈ ਨਾ
ਮੈਨੂੰ ਰੱਜ-ਰੱਜ ਲੋਹੜੀ ਸੇਕਣ ਦੇ
ਦੇਖੀਂ ! ਕਿਤੇ ਅੱਗ ਬੁਝਾਈ ਨਾ।
ਮਟਿਆਰੇ ! ਕੱਚ... ... ...।

ਤੁਰਦੇ ਦੇ ਪੈ ਗਏ ਛਾਲੇ ਨੀ
ਅਸਾਂ ਦਿਲ ਨਾਲੋਂ ਵੱਧ ਪਾਲੇ ਨੀ
ਸਾਡੀ ਜ਼ਿੰਦਗੀ ਦੀ ਇਹ ਮੰਜ਼ਿਲ ਹੈ।
ਦੇਖੀਂ ! ਕਿਤੇ ਵਾਟ ਵਧਾਈ ਨਾ।
ਮਟਿਆਰੇ ! ਕੱਚ... ... ...।

ਸਾਡੇ ਜ਼ਖ਼ਮ ਅਵੱਲੇ ਭੈੜੇ ਨੀ
ਸਿਦਕਾਂ ਨਾਲ ਪੈ ਗਏ ਖਹਿੜੇ ਨੀ
ਰੰਗ-ਰੱਤੇ ਸਿਦਕ ਹੀ ਮਾਣ ਰਹੇ
ਕਿਤੇ ਉਹ ਵੀ ਖੋਹ ਲੈ ਜਾਈ ਨਾ।
ਮਟਿਆਰੇ ! ਕੱਚ... ... ...।

ਸਾਡੇ ਜਿਸਮੇ ਦੇ ਵਿੱਚ ਰੱਤ ਨਹੀਂ
ਸਾਡੀ ਕੁੱਲੀ ਉੱਤੇ ਛੱਤ ਨਹੀਂ
ਇਹ ਪਿੰਜਰ ਕੰਧਾਂ ਸੱਖਣੀਆਂ
ਮੁੱਖ ਮੋੜ ਕੇ ਇਹ ਵੀ ਢਾਹੀ ਨਾ।
ਮਟਿਆਰੇ ! ਕੱਚ... ... ...।
•

## ਸੰਗਦੇ ਰਹਿਣਾ

ਸੰਗਦੇ-ਸੰਗਦੇ ਰਹਿਣਾ, ਸਾਰੇ ਮੇਲੇ ਨੂੰ ਲੁੱਟ ਲੈਣਾ,
ਇਹ ਤਾਂ ਸੱਜਣਾ! ਤੇਰੀ ਆਦਤ ਬੜੀ ਪੁਰਾਣੀ ਆਂ!
ਤੱਦੀਆਂ ਨਾ ਕਰ ਏਧਰ ਆ ਜਾ, ਸਾਨੂੰ ਵੀ ਕੋਈ ਗੱਲ ਸੁਣਾ ਜਾ,
ਤੇਰੇ ਨਖ਼ਰਿਆਂ ਪਿੱਛੇ ਦੱਸ ਜਾ! ਆਖ਼ਰ ਕੀ ਕਹਾਣੀ ਆਂ!
ਸੰਗਦੇ-ਸੰਗਦੇ ਰਹਿਣਾ... ... ... ... ... ...।

ਨੀ ਤੂੰ ਜਿੱਧਰੋਂ ਦੀ ਲੰਘ ਜਾਵੇਂ, ਚੰਗਿਆਂ ਚੰਗਿਆਂ ਨੂੰ ਗਸ਼ ਪਾਵੇਂ,
ਅੱਧਿਆਂ ਮਹਿਲਾਂ ਦੀ ਤੂੰ ਮਲਕਾ, ਅੱਧਿਆ ਦੀ ਤੂੰ ਰਾਣੀ ਆਂ!
ਤੇਰੇ ਰੂਪ ਦਾ ਜਾਦੂ ਛਾਇਆ, ਸਾਰੇ ਸ਼ਹਿਰ 'ਚ ਪੰਗਾ ਪਾਇਆ।
ਕਮਲੇ ਕਰ ਦਿੱਤੇ ਸਭ ਲੋਕੀਂ, ਨੀ ਤੂੰ ਬੜੀ ਸਿਆਣੀ ਆਂ!
ਸੰਗਦੇ-ਸੰਗਦੇ ਰਹਿਣਾ... ... ... ... ... ...।

ਰੱਬ ਸੱਚੇ ਮਨੋ ਧਿਆ ਕੇ, ਇੱਕ ਨੂੰ ਚੁਣ 'ਲਾ ਨੀ ਸੰਗ ਲਾਹ ਕੇ।
ਲੜ-ਲੜ ਕੇ ਮਰ ਚੱਲੇ ਸਾਰੇ, ਇਹ ਜੋ ਤੇਰੇ ਹਾਣੀ ਆਂ!
ਮੁੰਡਿਆਂ ਦੇ ਤਕਰਾਰ ਕਰਾ ਕੇ, ਤੈਨੂੰ ਕੀ ਮਿਲਦਾ ਅਜ਼ਮਾ ਕੇ।
ਕਿੱਥੋਂ ਸਿੱਖਿਆ ਤੂੰ ਉਂਗਲਾਂ 'ਤੇ, ਦੁਨੀਆਂ ਕਿਵੇਂ ਨਚਾਣੀ ਆਂ!
ਸੰਗਦੇ-ਸੰਗਦੇ ਰਹਿਣਾ... ... ... ... ... ...।

ਕਿਸੇ ਇੱਕ ਦੀ ਲਾਟਰੀ ਲਾ ਦੇ, ਬਸ ! ਇੱਕ ਦੀ ਗੱਲ ਬਣਾ ਦੇ।
ਕਿਸੇ ਘਰੇ ਤਾਂ ਆਖ਼ਰ ਇੱਕ ਦਿਨ, ਤੇਰੀ ਡੋਲੀ ਜਾਣੀ ਆਂ!
ਬਸ! ਕਰ ਹੁਣ ਆਪਣੀ ਸੰਗ ਲਾਹ ਦੇ, ਜਿਸ ਤੇ ਮਰਜ਼ੀ ਉਂਗਲ ਲਾ ਦੇ।
ਜੋ ਜਿੰਦ ਸਾਂਭ-ਸਾਂਭ ਰੱਖਦਾ ਹੈ, ਉਹ ਤੇਰੇ ਨਾਂ ਲਾਣੀ ਆਂ!
ਸੰਗਦ-ਸੰਗਦੇ ਰਹਿਣਾ... ... ... ... ... ...।

•

## ਸੱਸੀ ਦੀ ਸੇਜ

ਸੁੱਤਾ ਸੇਜ ਸੱਸੀ ਤੋਂ ਪੁੰਨੂੰ, ਕਦੇ ਬਲੋਚਾਂ ਚੁੱਕ ਖੜਿਆ ਸੀ,
ਹੁਣ ਤਾਂ ਆਪੇ ਤੁਰ ਜਾਂਦੇ ਨੇ ਯਾਰ, ਮੰਜੇ ਤੇ ਪਾ ਕੇ ਯਾਰ।

ਦਿਲ ਨਾਲ ਦਿਲ ਬਦਲਾ ਕੇ, ਫਿਰ ਵੀ ਬਦਲ ਗਏ ਦਿਲਵਰ ਜਾਨੀ।
ਕਹਿੰਦੇ ਤੋੜ ਨਿਭਾ ਲੈਂਦੇ ਸੀ, ਪੱਗਾਂ ਨੂੰ ਬਦਲਾ ਕੇ ਯਾਰ।

ਯਾਰ ਦੀ ਖ਼ਾਤਰ ਮਰ ਜਾਵਣ ਦੀ, ਗੱਲ ਤਾਂ ਬਹੁਤ ਪੁਰਾਣੀ ਹੈ।
ਕੌਡੀਆਂ ਬਦਲੇ ਯਾਰ ਵੇਚ ਕੇ, ਬਹਿੰਦੇ ਚਸਕਾ ਲਾ ਕੇ ਯਾਰ।

ਕਾਜ਼ੀ ਨੂੰ ਵੀ ਉਜਾਂ ਲੱਗਣ, ਮਸਜਿਦ ਵਿੱਚ ਤੈਨੂੰ ਕਿਸ ਪੁੱਛਣੈ,
ਮਹਿਖ਼ਾਨੇ ਵਿੱਚ ਜਾ ਵੜ ਜਿੱਥੇ ਬੈਠੇ ਘੁੱਟ-ਘੁੱਟ ਲਾ ਕੇ ਯਾਰ।

•

## ਬਾਂਕੀਆਂ ਨਾਰਾਂ

ਹੋਟਲਾਂ ’ਤੇ ਪੀਜ਼ਾ ਖਾਂਦੀਆਂ,
ਭੱਤੇ ਵਾਲੀਆਂ ਬਾਂਕੀਆਂ ਨਾਰਾਂ।
ਖੇਤਾਂ ਵਿੱਚ ਖੂਹ ਕੋਈ ਨਾ,
ਟਿੰਡਾਂ, ਚਕਲੇ, ਝੱਲਣ ਤੇ ਨਿਛਾਰਾਂ।

ਵੇ ਚਰਖੇ ਗਵਾਚ ਗਏ,
ਤੀਆਂ ਲੋਹੜੀਆਂ ਦੀ ਸਾਰ ਨਾ ਕੋਈ।
ਜੋ ਸਭ ਕੁੱਝ ਜਾਣਦੀਆਂ,
ਕਿਵੇਂ ਆਖੀਏ ਅੱਲੜ ਮੁਟਿਆਰਾਂ।
ਹੋਟਲਾਂ ’ਤੇ ਪੀਜ਼ਾ... ... ...।

ਲੋਕ ਗੀਤ ਭਾਲਦੇ ਫਿਰਨ,
ਲੋਕੀਂ ਲੱਗਦੇ ਗੀਤਾਂ ਨਾਲ ਗੁੱਸੇ।
ਲੋਕ ਗੀਤਾਂ ਵਿੱਚ ਰਹਿ ਗਏ,
ਤੰਬੇ, ਘੱਗਰੇ, ਦੰਦਾਸੇ, ਖੁੱਸੇ।
ਪੱਗ ਵਟ ਕੋਈ ਨਾ ਰਿਹਾ,
ਖ਼ੂਨ ਆਪਣਾ ਵੀ ਰੰਗ ਵਟਾਵੇ।
ਵੇ ਭਾਲਿਆਂ ਲੱਭਣ ਕਿਤੋਂ,
ਹੁਣ ਹੁਸਨ ਦੀਆਂ ਸਰਕਾਰਾਂ।
ਹੋਟਲਾਂ ’ਤੇ ਪੀਜ਼ਾ... ... ...।

ਸੁੱਕ ਗਈ ਝਨਾਂ ਹਾਰ ਕੇ,
ਪੰਜਾਂ ਪਾਣੀਆਂ ਨੂੰ ਸੰਗ ਜਿਹੀ ਆਵੇ।
ਪਾਣੀਆਂ ਤੋਂ ਬਾਂਝ ਨਦੀਆਂ,

ਕੋਈ ਕੰਢਾ ਨਾ ਪੱਤਣ ਅਖਵਾਵੇ।
ਕੱਚੇ-ਪੱਕੇ ਕੀ ਕਰਨੇ,
ਛਾਲਾਂ ਮਾਰਦੀ ਪਾਰ ਲੰਘ ਜਾਵੇ।
ਕੱਕਾ ਰੇਤਾ ਪਾਰ ਲੰਘ ਕੇ,
ਸੋਹਣੀ ਲੁੱਟਦੀ ਹੈ ਮੌਜ ਬਹਾਰਾਂ।
ਹੋਟਲਾਂ 'ਤੇ ਪੀਜਾ ਖਾਂਦੀਆਂ... ... ...।

•

## ਸੋਹਣਾ ਹੋਇਆ ਸੋਹਣੀਏ

ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ।
ਸੋਹਣਾ ਹੋਇਆ ਸੋਹਣੀਏ! ਤੂੰ ਡੁੱਬ ਗਈ ਅੱਧ ਵਿਚਕਾਰ।

ਤੇਰੀ ਦਰਦ ਕਹਾਣੀ ਸੁਣ ਕੇ ਤਰਸ ਕਿਸੇ ਨੂੰ ਆਇਆ
ਕਰੁਣਾਮਈ ਕਹਾਣੀ ਲਿਖ ਕੇ ਕਿੱਸਾ ਕਿਸੇ ਬਣਾਇਆ
ਮਰ ਕੇ ਇੱਕ ਮਿਸਾਲ ਬਣ ਗਈ ਹਰ ਕੋਈ ਬਾਤਾਂ ਪਾਵੇ
ਹਰ ਕੇ ਵੀ ਤੂੰ ਐਸੀ ਜਿੱਤੀ ਹਰ ਕੋਈ ਹਰਨਾ ਚਾਹਵੇ।

ਸਾਹਿਬਾਂ ਨੇ ਵੀ ਕੀ ਖੱਟਿਆ ਸੀ ਇੰਨੀ ਗੱਲ ਵਧਾ ਕੇ
ਆਪਣੇ ਭਾਈ ਬਚਾਉਂਦੀ, ਬਹਿ ਗਈ ਆਪਣਾ ਯਾਰ ਮਰਾ ਕੇ
ਸਾਹਿਬਾਂ ਵੀ ਪਹਿਲਾਂ ਮਰ ਜਾਂਦੀ, ਕੁੱਝ ਪੀ ਕੇ ਕੁੱਝ ਖਾ ਕੇ
ਲੱਗੀ ਕਰਨ ਬਗ਼ਾਵਤ, ਬਹਿ ਗਈ ਤਾਣੀ ਨੂੰ ਉਲਝਾ ਕੇ।

ਉੱਪਰੋਂ ਤਾਂ ਫੁੱਲ ਦਿਸਦੇ ਸੀ ਪਰ ਵਿੱਚੋਂ ਨਿੱਕਲੇ ਖ਼ਾਰ।
ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ।
ਸੋਹਣਾ ਹੋਇਆ ਸੋਹਣੀਏਂ! ਤੂੰ ਡੁੱਬੀ ਅੱਧ ਵਿਚਕਾਰ।

ਜੇ ਨਾ ਮਰਦੀ ਹੀਰੇ! ਤੈਨੂੰ, ਖੇੜੀਂ ਰਹਿਣਾ ਪੈਣਾ ਸੀ
ਜੇ ਨਾ ਸੜਦੀ ਸੱਸੀਏ! ਤੈਨੂੰ ਧੋਬੀ ਦੀ ਧੀ ਕਹਿਣਾ ਸੀ
ਸਹਿਬਾਂ ਵਾਂਗੂੰ ਮਰਜ਼ੀ ਕਰਕੇ ਦੱਸ ਤੂੰ ਕੀ ਖੱਟ ਲੈਣਾ ਸੀ
ਮੰਨਦੀ ਜਾਂ ਨਾ ਮੰਨਦੀ ਤੈਨੂੰ ਸਭ ਕੁੱਝ ਸਹਿਣਾ ਪੈਣਾ ਸੀ।

ਜੇ ਤੂੰ ਜਿਉਂਦੀ ਰਹਿੰਦੀ ਰੋਂਦੀ ਫਿਰਦੀ ਜ਼ਾਰੋ-ਜ਼ਾਰ।
ਚੰਗਾ ਹੋਇਆ ਸੱਸੀਏ! ਨੀ ਤੂੰ ਮਰ ਮੁੱਕੀ ਇੱਕ ਵਾਰ,
ਸੋਹਣਾ ਹੋਇਆ ਸੋਹਣੀਏ! ਤੂੰ ਡੁੱਬੀ ਅੱਧ ਵਿਚਕਾਰ।

•

# ਕਣੀਆਂ ਦਾ ਗੀਤ

ਜੇ ਕਣੀਆਂ ਪੈਣ ਕਿਤੇ
ਸਾਡਾ ਭਿੱਜਣ ਨੂੰ ਚਿੱਤ ਕਰਦਾ
ਜੇ ਕਣੀਆਂ ਪੈਣ ਕਿਤੇ... ... ... ... ... ...।

ਸੁੱਕੇ ਅੰਬਰ ਉਮਰ ਬਿਤਾਈ, ਕਦੇ ਨਾ ਰੱਬ ਨੇ ਛਹਿਬਰ ਲਾਈ।
ਬੂੰਦ-ਬੂੰਦ ਦੀ ਰੂਹ ਤ੍ਰਿਹਾਈ, ਸੀਤਲ ਹਵਾ ਕਦੇ ਨਾ ਆਈ।
ਐਸੀ ਗੱਲ ਨਾ ਕਿਸੇ ਸੁਣਾਈ, ਜਿਸਨੇ ਠੰਡ ਕਲੇਜੇ ਪਾਈ।
ਮੌਜਾਂ ਲੈਂਦੀ ਫਿਰੇ ਲੋਕਾਈ, ਸਾਡੀ ਕਿਉਂ ਵਾਰੀ ਨਾ ਆਈ।

ਮਾਰੂਥਲ ਜੀਵਨ ਦੀ ਧਰਤੀ, ਸੋਕਾ ਉਮਰਾਂ ਭਰ ਦਾ,
ਜੇ ਕਣੀਆਂ ਪੈਣ ਕਿਤੇ... ... ... ... ... ...।

ਐਵੇਂ ਰੋ-ਰੋ ਵਕਤ ਲੰਘਾਇਆ, ਰੋਗ ਜਿਹਾ ਜੀਵਨ ਨੂੰ ਲਾਇਆ।
ਕਦੇ ਨਾ ਚੱਜ ਦਾ ਸੁਪਨਾ ਆਇਆ, ਕਦੇ ਨਾ ਆਪਣਾ ਚਿੱਤ ਪ੍ਰਚਾਇਆ।
ਜੇਠ, ਹਾੜ੍ਹ ਅਸੀਂ ਜੀਵਨ ਪਾਇਆ, ਜੀਕਣ ਹੰਢਿਆ ਓਵੇਂ ਹੰਢਾਇਆ।
ਹੁਣ ਤੱਕ ਕਿਸੇ ਨਾ ਬੰਜਰ ਵਾਹਿਆ, ਨਾ ਸਿੰਜਿਆ ਨਾ ਬੂਟਾ ਲਾਇਆ।

ਸਾਰੀ ਉਮਰ ਹੰਢਾ ਕੇ ਗਰਮੀ, ਸੁੰਨੜ ਦਾ ਨਹੀਂ ਸਰਦਾ,
ਜੇ ਕਣੀਆਂ ਪੈਣ ਕਿਤੇ... ... ... ... ... ...।

ਆਵੇ ਵੇ ਕੋਈ ਓਲੀਆ ਆਵੇ, ਸਾਡਾ ਹੀ ਹੋ ਕੇ ਰਹਿ ਜਾਵੇ।
ਰੀਝ ਨਾਲ ਧਰਤੀ ਨੂੰ ਵਾਹਵੇ, ਮਾਰੂ ਨੂੰ ਜ਼ਰਖੇਜ਼ ਬਣਾਵੇ।
ਵਾਰ-ਵਾਰ ਜੋ ਸੀਆਂ ਲਾਵੇ, ਵੱਟਾਂ ਕੱਢ, ਕਿਆਰੇ ਪਾਵੇ।
ਜੇ ਕੁੜਤੀ ਭੀੜੀ ਹੋ ਜਾਵੇ, ਆਪਣੇ ਹੱਥੀਂ ਨਵੀਂ ਸੰਵਾਵੇ।

ਤਾਪ-ਤਪਸ਼ ਨੂੰ ਬੜਾ ਸਹਿ ਲਿਆ, ਹੋਰ ਨਹੀਂ ਦਿਲ ਜਰਦਾ
ਜੇ ਕਣੀਆਂ ਪੈਣ ਕਿਤੇ... ... ... ... ... ...।

•

# ਜੁਗਨੀ

ਮੇਮਾਂ ਵਿੱਚ ਉੱਠਦੀ ਬਹਿੰਦੀ ਆ
ਅਜੇ ਨਾਂ ਸਤਿਗੁਰ ਦਾ ਲੈਂਦੀ ਆ
ਖ਼ੁਦ ਨੂੰ ਪੰਜਾਬਣ ਕਹਿੰਦੀ ਆ।

ਪਰ ਗੁੱਤ ਪਰਾਂਦੇ ਲਾਹ ਦਿੱਤੇ
ਵਾਲਾਂ ਦੇ ਪਟੇ ਕਰਾ ਦਿੱਤੇ
ਚੁੰਨੀ ਦੇ ਖਰਚ ਘਟਾ ਦਿੱਤੇ
ਅੱਧਿਓਂ ਵੱਧ ਕੱਪੜੇ ਲਾਹ ਦਿੱਤੇ।

ਹੁਣ ਬੋਲ ਮੱਖਣਾ ਵੇ! ਤੇਰੀ ਜੁਗਨੀ,
ਆ ਕੇ ਟੋਲ੍ਹ ਮੱਖਣਾ ਵੇ! ਤੇਰੀ ਜੁਗਨੀ।

ਹਰ ਰੋਜ਼ ਕੰਮ ’ਤੇ ਜਾਂਦੀ ਆ
ਉਹ ਆਪਣੀ ਕਾਰ ਚਲਾਉਂਦੀ ਆ
ਪੈਸੇ ਬੜੇ ਕਮਾਉਂਦੀ ਆ
ਪੈਗ-ਸ਼ੈਗ ਵੀ ਉਹ ਤਾਂ ਲਾਉਂਦੀ ਆ।

ਵੈਸੇ ਉਹ ਪੂਰੀ ਫਬਦੀ ਆ
ਮੇਮਾਂ ਵਰਗੀ ਲੱਗਦੀ ਆ
ਰੰਗ ਗੋਰਾ ਦਗ-ਦਗ ਦਗਦੀ ਆ
ਨਿੱਤ ਵੱਖਰੇ ਖਾਣੇ ਲੱਭਦੀ ਆ।

ਗੱਲ ਕਰ ‘ਸੁੰਨੜਾ’ ਵੇ! ਤੇਰੀ ਜੁਗਨੀ,
ਜਾਂ ਫਿਰ ਜਰ ‘ਸੁੰਨੜਾ’ ਵੇ! ਤੇਰੀ ਜੁਗਨੀ।

•

# ਜਿੰਦੂਆ

ਇੱਕ ਇੰਦੂਆ ਤੇ ਇੱਕ ਜਿੰਦੂਆ ਇੱਕ ਦੂਜੇ ਦੇ ਯਾਰ,
ਉੱਠਦੇ-ਬੈਠਦੇ 'ਕੱਠਿਆਂ, ਨਾਲ ਪਿਆਰ ਸਤਿਕਾਰ।

ਇੰਦੂਆ ਪੁੱਤ ਵਿਦਵਾਨ ਦਾ ਤੇ ਮੈਂ ਜੱਟ ਦੀ ਧੀ,
ਇੰਦੂਏ ਨੇ ਬੋਲੀ ਇੰਗਲਿਸ਼ ਤੇ ਮੈਂ ਨਾ ਸਮਝ ਸਕੀ।

ਜਿੰਦੂਏ ਨੇ ਕੀਤੀ ਗਿਟਮਿਟ ਤੇ ਮੈਂ ਸਮਝ ਗਈ... ... ...।

ਮੈਂ ਤੇ ਕਦੇ ਨਾ ਲਾਵਾਂ ਇੰਦੂਏ ਨਾਲ,
ਨੀ ਮੈਂ ਨੱਠ-ਨੱਠ ਜਾਵਾਂ ਜਿੰਦੂਏ ਨਾਲ।

ਚੱਲ ਜਿੰਦੂਆਂ ਵੇ! ਉਸ ਪਾਰ ਚੱਲੀਏ ਜਿੱਥੇ ਲੱਗਣ ਅਨਾਰ,
ਤੂੰ ਤੋੜੀਂ ਤੇ ਵੇਚਸਾਂ ਇੱਕ ਡਾਲਰ ਦੇ ਚਾਰ।
ਜਿੰਦੂਆ ਵੇ ਤੂੰ ਜਿੰਦ ਮੇਰੀ ਹੋਇਆ, ਤੇਰੇ ਨਾਲ ਪਿਆਰ,
ਜਿਸ ਬਾਗ਼ 'ਚ ਤੂੰ ਮੇਰੇ ਨਾਲ ਹੈਂ ਉੱਥੇ ਵੱਖਰੀ ਬਹਾਰ।

ਨੀ ਮੈਂ ਕਦੇ ਨਾ ਮਰਦੀ ਇੰਦੂਏ ਨਾਲ,
ਨੀ ਮੈਂ ਮਰ-ਮਰ ਜਾਵਾਂ ਜਿੰਦੂਏ ਨਾਲ।

ਜਿੱਥੇ ਚੱਲੇਂਗਾ, ਚੱਲੂਗੀਂ ਨਾਲ ਤੇਰੇ ਬਣ ਗਲ੍ਹੇ ਦਾ ਹਾਰ,
ਮੈਂ ਤੇ ਦਿਲ ਨਾਲ ਲਾ ਕੇ ਰੱਖਣਾ ਆਪਣਾ ਦਿਲਦਾਰ।
ਨੀ ਮੈਨੂੰ ਜਿੰਦੂਆ ਜਾਨ ਤੋਂ ਪਿਆਰਾ ਮੈਂ ਉਸਦੀ ਨਾਰ,
ਨੀ ਮੈਂ ਜਿੰਦੂਏ ਦੇ ਬਦਲੇ ਛੱਡ ਦਿਆਂ ਸੰਸਾਰ।

ਮੇਰੀ ਦਾਲ ਨਾ ਗਲਦੀ ਇੰਦੂਏ ਨਾਲ,
ਨੀ ਮੈਂ ਘੁਲ-ਘੁਲ ਜਾਵਾਂ ਜਿੰਦੂਏ ਨਾਲ।

ਇੱਕ ਇੰਦੂਆ ਤੇ ਇੱਕ ਜਿੰਦੂਆ ਇੱਕ ਦੂਜੇ ਦੇ ਯਾਰ,
ਉੱਠਦੇ-ਬੈਠਦੇ 'ਕੱਠਿਆਂ, ਨਾਲ ਪਿਆਰ ਸਤਿਕਾਰ।

ਇੰਦੂਆ ਪੁੱਤ ਵਿਦਵਾਨ ਦਾ ਤੇ ਮੈਂ ਜੱਟ ਦੀ ਧੀ,
ਇੰਦੂਏ ਨੇ ਬੋਲੀ ਇੰਗਲਿਸ਼ ਤੇ ਮੈਂ ਨਾ ਸਮਝ ਸਕੀ।

ਜਿੰਦੂਏ ਨੇ ਕੀਤੀ ਗਿਟਮਿਟ ਤੇ ਮੈਂ ਸਮਝ ਗਈ... ... ...।

ਮੈਂ ਤੇ ਕਦੇ ਨਾ ਲਾਵਾਂ ਇੰਦੂਏ ਨਾਲ,
ਨੀ ਮੈਂ ਨੱਠ-ਨੱਠ ਜਾਵਾਂ ਜਿੰਦੂਏ ਨਾਲ।

ਨੀ ਮੈਂ ਕਦੇ ਨਾ ਮਰਦੀ ਇੰਦੂਏ ਨਾਲ,
ਨੀ ਮੈਂ ਮਰ-ਮਰ ਜਾਵਾਂ ਜਿੰਦੂਏ ਨਾਲ।

ਮੇਰੀ ਦਾਲ ਨਾ ਗਲਦੀ ਇੰਦੂਏ ਨਾਲ,
ਨੀ ਮੈਂ ਘੁਲ-ਘੁਲ ਜਾਵਾਂ ਜਿੰਦੂਏ ਨਾਲ।

•

# ਢੋਲਾ

ਢੋਲਾ! ਕਿਉਂ ਢੋਲ ਵਜਾਉਂਦਾ ਏਂ, ਅਣਸੁਣਿਆਂ ਤਾਈਂ ਸੁਣਾਉਂਦਾ ਏਂ।
ਆਪਣਾ ਝੱਗਾ ਚੁੱਕ ਕੇ ਕਿਉਂ, ਆਪਣਾ ਹੀ ਢਿੱਡ ਵਿਖਉਂਦਾ ਏਂ।

ਮੇਰਾ ਕਿਉਂ ਰੌਲ਼ਾ ਪਾਉਂਨਾ ਏਂ, ਤੂੰ ਵੀ ਪੈੱਗ ਸ਼ਾਮ ਨੂੰ ਲਾਉਂਨਾ ਏਂ।
ਦੁਨੀਆ ਵਿੱਚ ਮੈਨੂੰ ਭੰਡ ਕੇ ਕਿਉਂ, ਦੱਸ! ਐਵੇਂ ਗੱਲ ਵਧਾਉਂਦਾ ਏਂ।

ਸਾਰਾ ਦਿਨ ਮੈਂ ਕੰਮ 'ਤੇ ਲਾਵਾਂ, ਦੱਸ! ਫੁਲਕਾ ਕਿਸ ਵੇਲੇ ਲਾਹਵਾਂ।
ਫਿਰ ਕੀ ਹੋਇਆ ਜੇ ਦਸ-ਵੀਹ ਡਾਲਰ ਮੈਂ ਆਪਣੇ ਢਿੱਡ ਵਿੱਚ ਪਾਵਾਂ।

ਤੂੰ ਵੀ ਸਬਜ਼ੀ ਆਪ ਬਣਾ ਸਕਦੈਂ, ਤੁੜਕਾ-ਛੁੜਕਾ ਵੀ ਲਾ ਸਕਦੈਂ।
ਸੱਸ ਵਿਹਲੀ ਰਹਿੰਦੀ ਸਾਰਾ ਦਿਨ, ਮਾਂ ਕੋਲੋਂ ਕੁੱਝ ਬਣਵਾ ਸਕਦੈਂ।

ਜੇ ਹੋਰ ਨਹੀਂ ਕੁੱਝ ਤਾਂ ਢਕਿਆ ਰਹਿ, ਜੋ ਮਰਜ਼ੀ ਕਰ ਮੈਨੂੰ ਨਾ ਕਹਿ।
ਨਿੱਤ ਮੇਰੀਆਂ ਪੱਕੀਆਂ ਖਾਣ ਲਈ, ਐਵੇਂ ਨਾ ਚੌੜਾ ਹੋ-ਹੋ ਬਹਿ।

ਨਹੀਂ ਤਾਂ ਜਾ! ਖਸਮਾਂ ਨੂੰ ਖਾ!! ਕੋਈ ਮੈਥੋਂ ਵਧੀਆ ਲੱਭ ਲਿਆ।
ਤੜਕੇ ਉਠ ਕੇ ਕੰਮ 'ਤੇ ਜਾਣਾ, ਸੌਂ ਲੈਣ ਦੇ ਮੇਰਾ ਸਿਰ ਨਾ ਖਾ।

ਕਿਉਂ ਮੇਰਾ ਮੂੰਹ ਖੁਲ੍ਹਵਾਉਂਦਾ ਏਂ, ਦੱਸ! ਹੁਣ ਕੀ ਮੈਥੋਂ ਚਾਹੁੰਦਾ ਏਂ।
ਢੋਲਾ! ਕਿਉਂ ਢੋਲ ਵਜਾਉਂਦਾ ਏਂ, ਅਣਸੁਣਿਆ ਤਾਈਂ ਸੁਣਾਉਂਦਾ ਏਂ।

•

# ਮਾਹੀਆ

ਜਿੰਦ ਤੇਰੇ ਨਾਂ ਮਾਹੀਆ
ਵੇ ਲੋਕਾਂ ਨਾਲ ਲੱਖ ਰਿਸ਼ਤੇ
ਤੇਰੀ ਵੱਖਰੀ ਹੀ ਥਾਂ ਮਾਹੀਆ... ... ...।

ਸਾਡਾ ਭੁੱਲ ਗਿਓਂ ਨਾਂ ਮਾਹੀਆਂ
ਵੇ ਹੋਂਠ ਸਾਡੇ ਕੰਬਦੇ ਰਹੇ
ਪੁੱਛ ਹੋਇਆ ਨਾ ਗੁਨਾਹ ਮਾਹੀਆ... ... ...।

ਪਿੱਪਲੀ ਦੀ ਛਾਂ ਮਾਹੀਆਂ
ਸਿਖ਼ਰ ਦੁਪਹਿਰ ਉਮਰੇਂ
ਦੇਈਂ ਮਾਸਾ ਜਿਹੀ ਥਾਂ ਮਾਹੀਆਂ... ... ...।

ਨਾ ਤੱਕਿਆ ਪਿਛਾਂਹ ਮਾਹੀਆ
ਥਲਾਂ ਵਿੱਚ ਰੁਲਦੇ ਰਹੇ
ਤੇਰਾ ਲੱਭਦੇ ਗਰਾਂ ਮਾਹੀਆਂ... ... ...।

ਸਾਡਾ ਦੀਨ-ਇਮਾਂ ਮਾਹੀਆ
ਵੇ ਦਿਲ ਵਿੱਚ ਰੱਬ ਵਸਦਾ
ਕਿਵੇਂ ਕਰੀਏ ਬਿਆਂ ਮਾਹੀਆ... ... ...।

ਤੇਰੇ ਸਦਕੇ ਜਾਂ ਮਾਹੀਆ
ਵੇ ਰੱਜ-ਰੱਜ ਦੇਖਣ ਦਾ
ਕਦੇ ਪਿਆ ਨਾ ਹਿਆਂ ਮਾਹੀਆ... ... ...।

ਲਿਆ ਮਹਿਲ ਬਣਾ ਮਾਹੀਆ
ਵੇ ਅਰਬਾਂ-ਖ਼ਰਬਾਂ ਦੀ
ਤੇਰੀ ਨਿੱਕੀ ਜਿਹੀ ਹਾਂ ਮਾਹੀਆ... ... ...।

ਚਿੱਤ ਕਰਦਾ ਲੜਾਂ ਮਾਹੀਆ
ਵੇ ਰੋਮ-ਰੋਮ ਤਰਸ ਗਏ
ਕਦੇ ਪਕੜੀ ਨਾ ਬਾਂਹ ਮਾਹੀਆ... ... ...।

ਇਸ਼ਕੇ ਦਾ ਨਿਸ਼ਾਂ ਮਾਹੀਆ
ਵੇ ਦੋਹੀਂ ਕੰਢੀਂ ਤੂੰ ਦਿਸਦਾ
ਭਾਵੇਂ ਸੁੱਕ ਜੇ ਝਨ੍ਹਾਂ ਮਾਹੀਆ... ... ...।

•

# ਤੇਰਾ ਕਰਜ਼ ਚੁਕਾਵਾਂਗੇ... ... ...

ਦਿਲ ਸੇਜ਼ ਵਿਛਾਵਾਂਗੇ
ਜੇ ਸੁਪਨੇ 'ਚ ਤੂੰ ਮਿਲਿਆ
ਰੱਜ-ਰੱਜ ਕੇ ਹੰਢਾਵਾਂਗੇ।

ਤੈਨੂੰ ਪਲ ਪਲ ਚਾਹਵਾਂਗੇ
ਵੇ ਹੋਰ ਨਾ ਸਤਾਈਂ ਸੋਹਣਿਆ
ਸਤ ਕੇ ਮਰ ਜਾਵਾਂਗੇ।

ਜੇ ਨਜ਼ਰ ਮਿਲਾਵਾਂਗੇ
ਵੇ ਗਿਰਵੀ ਜਿੰਦ ਧਰ ਕੇ
ਤੇਰਾ ਕਰਜ਼ ਚੁਕਾਵਾਂਗੇ।

ਤੇਰੇ ਪਿੱਛੇ-ਪਿੱਛੇ ਆਵਾਂਗੇ
ਵੇ ਧੂੜ ਤੇਰੇ ਕਦਮਾਂ ਦੀ
ਮਸਤਕ 'ਤੇ ਲਾਵਾਂਗੇ।

ਤੈਨੂੰ ਇਸ਼ਟ ਬਣਾਵਾਂਗੇ
ਵੇ ਰੱਬ ਨੂੰ ਤਾਂ ਸਭ ਪੂਜਦੇ
ਤੇਰਾ ਨਾਮ ਧਿਆਵਾਂਗੇ।

ਅਸੀਂ ਈਦ ਮਨਾਵਾਂਗੇ
ਜੇ ਪਲ-ਛਿਣ ਨਜ਼ਰ ਪਵੇਂ
ਲੱਖ ਸ਼ੁਕਰ ਮਨਾਵਾਂਗੇ।

ਸਾਰੇ ਭਿੱਜ ਜਾਵਾਂਗੇ
ਵੇ ਅੰਮ੍ਰਿਤ ਜਲ ਤੇਰਾ
ਵਿੱਚ ਟੁੱਭੀਆਂ ਲਾਵਾਂਗੇ।

ਅਸੀਂ ਦੀਪ ਜਲਾਵਾਂਗੇ
ਵੇ ਸਾਡੀ ਗਲੀ ਲੰਘ ਮਾਹੀਆ
ਅਸੀਂ ਸ਼ਗਨ ਮਨਾਵਾਂਗੇ।

ਸੀਨੇ ਨਾਲ ਲਾਵਾਂਗੇ
ਵੇ ਰੁੱਸ-ਰੁੱਸ ਬੈਠਦਾ ਰਹੀਂ
ਹਰ ਵਾਰ ਮਨਾਵਾਂਗੇ।

•

# ਸਿਹਰਾ

ਅਮਨਬੀਰ ਸਿੰਘ ਜਦੋਂ ਵਿਆਹੁਣ ਤੁਰਿਆ,
ਸਾਰੇ ਬਾਗ਼ ਦੇ ਫੁੱਲ ਮੁਸਕਾਉਣ ਲੱਗੇ।
ਲੱਗੀ ਤੁਰਨ ਕੁਲਵੀਰ ਦੀ ਕੁੱਲ ਅੱਗੇ,
ਯਾਰ ਅਮਰਿੰਦਰ ਦੇ ਭੰਗੜਾ ਪਾਉਣ ਲੱਗੇ।

ਸਭੇ ਮੋਹਣੀਆਂ, ਸੋਹਣੀਆਂ ਨੱਚ ਉੱਠੀਆਂ,
ਤੇਰਾ ਦੇਖ ਕੇ ਬੇਨਜ਼ੀਰ ਸਿਹਰਾ।
ਸੱਚ ਆਖਾਂ ਤਾਂ ਰਾਂਝੇ ਨੂੰ ਭੁੱਲ ਜਾਂਦੀ,
ਜੇਕਰ ਵੇਖ ਲੈਂਦੀ ਜੱਟੀ ਹੀਰ ਸਿਹਰਾ।

ਬੜੀਆਂ ਸੂਰਤਾਂ ਵੇਖੀਆਂ ਸਿਹਰਿਆਂ ਵਿੱਚ,
ਅੱਜ ਵੱਖਰੀ ਵੇਖੀ ਤਸਵੀਰ ਸਿਹਰਾ।
ਅੱਜ ਤੋਂ ਲੜ ਲੱਗੀ ਅਵਨੀਤ ਤੇਰੇ,
ਬਦਲ ਦੇਵੇਗਾ ਉਸਦੀ ਤਕਦੀਰ ਸਿਹਰਾ।

'ਮੈਂ' ਕਹਿੰਦਿਆਂ ਉਮਰ ਬਿਤਾਈ ਹੁਣ ਤਕ,
'ਅਸੀਂ' ਕਹਿਣ ਦੀ ਜਾਚ ਸਿਖਾਊ ਸਿਹਰਾ।
ਉੱਡਿਆ ਫਿਰਦਾ ਸੀ ਵਿੱਚ ਆਸਮਾਨ ਅੱਜ ਤੱਕ,
ਜੂੜ ਪਾ ਕੇ ਕੋਲ ਬਿਠਾਊ ਸਿਹਰਾ।

ਅੱਧੀ-ਅੱਧੀ ਰਾਤੀਂ ਘਰ ਨੂੰ ਪਰਤਦਾ ਸੈਂ,
ਸੂਰਜ ਡੁੱਬਦਿਆਂ ਘਰ ਲਿਆਊ ਸਿਹਰਾ।
ਮਰਜ਼ੀ ਬਹੁਤ ਚਲਾ ਕੇ ਵੇਖ ਲਈ ਤੂੰ,

'ਕੱਲੀ-'ਕੱਲੀ ਸ਼ਰਤ ਮਨਵਾਊ ਸਿਹਰਾ।

ਖੁਸ਼ੀ ਅੱਜ ਰੰਧਾਵੇ ਦੀ ਸਾਫ਼ ਦਿਸਦੀ,
ਦਿਲ ਖੋਲ੍ਹ ਕੇ ਨੋਟ ਲੁਟਾਈ ਜਾਂਦਾ।
ਪਾਲ ਮਾਨ ਵੀ ਅੱਜ ਘੁਮਾਓਂ ਭੀੜਾ,
ਉਸਦਾ ਚਾਅ ਉਬਾਲੀਆਂ ਖਾਈ ਜਾਂਦਾ।

ਦਸ-ਵੀਹ ਡਾਲਰ ਜੇ ਕੋਈ ਅੱਜ ਮੰਗੇ,
ਉਸਨੂੰ ਸੌ ਦਾ ਨੋਟ ਫੜਾਈ ਜਾਂਦਾ।
ਭਾਈਚਾਰਾ ਇਕੱਠਾ ਅੱਜ ਬਹੁਤ ਹੋਇਆ,
'ਕੱਲੇ-'ਕੱਲੇ ਨੂੰ ਜੱਫ਼ੀਆਂ ਪਾਈ ਜਾਂਦਾ।
'ਕੱਲਾ ਫੁੱਲ ਵੀ ਹੋਵੇ ਤਾਂ ਨਹੀਂ ਸਜਦਾ,
ਫੁੱਲ ਸਜਦੇ ਗੁਲੋ ਗੁਲਜ਼ਾਰ ਦੇ ਨਾਲ।
ਭੂਆ, ਮਾਸੀਆਂ, ਮਾਮੀਆਂ ਹੋ 'ਕੱਠੀਆਂ,
ਲੱਗਣ ਸੋਹਣੀਆਂ ਸਾਰੇ ਪਰਿਵਾਰ ਦੇ ਨਾਲ।

ਸਾਰੇ ਹੀਰੇ ਪਰਿਵਾਰ ਦੇ ਹੋਏ 'ਕੱਠੇ,
ਵਿਹੜਾ ਸਜ ਗਿਆ ਨੌਂ ਰਤਨੇ ਹਾਰ ਦੇ ਨਾਲ।
ਸਾਰੇ ਚੌਧਰੀ ਸ਼ਹਿਰ ਦੇ ਹੋਏ 'ਕੱਠੇ,
ਸਿਰ ਝੁਕਦਾ ਹੈ ਮੇਰਾ ਸਤਿਕਾਰ ਦੇ ਨਾਲ।

ਅਜੀਤ ਸਿੰਘ ਰੰਧਾਵੇ ਦਾ ਪੋਤਰਾ ਹੈ,
ਪਰਕਾਸ਼ ਕੌਰ ਦਾਦੀ ਤੈਨੂੰ ਮਸਾਂ ਪਾਇਆ।
ਭੈਣ ਰਮਨ, ਰਵਿੰਦਰ ਤੇ ਜੋਤੀ ਭੂਆ,
ਨਾਨਾ ਅੱਜ ਵੜੈਚ ਅਵਤਾਰ ਆਇਆ।

ਤੇਰੀ ਮਾਸੀ ਰਣਜੀਤ ਨੂੰ ਨਾਲ ਲੈ ਕੇ,

ਨਾਨੀ ਜੋਗਿੰਦਰ ਕੌਰ ਦਾ ਪਿਆਰ ਆਇਆ।
ਭਰਪੂਰ ਕੌਰ ’ਤੇ ਮਾਮੀ ਕੁਲਦੀਪ ਆਈਆਂ,
ਪਲਵਿੰਦਰ, ਨਰਿੰਦਰ ਸਰਦਾਰ ਆਇਆ।

ਸਾਰੇ ਸ਼ਗਨ ਮਨਾਉਣ ਲਈ ਹੋਏ ’ਕੱਠੇ,
ਕੋਈ ਲੈ ਕੇ ਫੁੱਲਾਂ ਦਾ ਹਾਰ ਆਇਆ।
ਸਾਰੇ ਸਕੇ ਸਬੰਧੀ ਅੱਜ ਹੋਏ ਹਾਜ਼ਰ,
ਦੋਸਤ, ਮਿੱਤਰ ਤੇ ਹਰ ਰਿਸ਼ਤੇਦਾਰ ਆਇਆ।

ਤੇਰੇ ਸਿਹਰੇ ਦੀ ਚਮਕ ਹੈ ਬੜੀ ਸੋਹਣੀ,
ਸਾਰੇ ਜੱਗ ਵਿੱਚ ਇਸਦੀ ਰੁਸ਼ਨਾਈ ਹੋਵੇ।
ਐਸੀ ਪਿਆਰ ਕਹਾਣੀ ਬਣਾਈ ਮਿੱਤਰਾ!
ਅੱਜ ਤੀਕ ਨਾ ਕਿਸੇ ਬਣਾਈ ਹੋਵੇ।

ਹੱਸੋ–ਵੱਸੋ ਜਵਾਨੀਆਂ ਮਾਣਦੇ ਰਹੋ,
ਦੋ ਜਿਸਮ ਪਰ ਜਾਨ ਇੱਕ ਪਾਈ ਹੋਵੇ।
ਸਾਰਾ ਮੁਲਕ ਵਧਾਈਆਂ ਦੇ ਰਿਹਾ ਹੈ,
’ਸੁੰਨੜ’ ਵੱਲੋਂ ਵੀ ਅੱਜ ਵਧਾਈ ਹੋਵੇ।
•

# ਸਬੱਬ

ਸਾਨੂੰ ਮਿਲ ਗਏ ਤੁਸੀਂ ਤਾਂ ਸਬੱਬ ਦੇ ਨਾਲ।
ਸਾਨੂੰ ਰੱਬ ਨੇ ਮਿਲਾਇਆ, ਸਾਡੇ ਰੱਬ ਦੇ ਨਾਲ।

ਏਨੀ ਖੁਸ਼ੀ ਹੋਈ ਸਾਨੂੰ ਕਿ ਸੰਭਾਲੀ ਨਹੀਂ ਜਾਂਦੀ,
ਗੁੰਮ ਹੋ ਗਈ ਸੁਰਤ, ਸਾਥੋਂ ਭਾਲੀ ਨਹੀਂ ਜਾਂਦੀ।
ਸਾਡਾ ਅੰਗ-ਅੰਗ ਅੱਜ ਅੰਗੜਾਈਆਂ ਲਈ ਜਾਵੇ,
ਚਿੱਤ ਕਰੇ ਅੱਜ ਚਾਅ ਵੰਡਾਂ ਸਭ ਦੇ ਨਾਲ।
ਸਾਨੂੰ ਮਿਲ ਗਏ... ... ...।

ਤੈਨੂੰ ਵੇਂਹਦਿਆਂ ਧੜਕਣਾਂ ਥਾਵੇਂ ਰੁਕ ਗਈਆਂ,
ਐਸੀ ਰੀਝ ਪੂਰੀ ਹੋਈ ਸੱਭੇ ਰੀਝਾਂ ਮੁੱਕ ਗਈਆਂ।
ਅੱਜ ਚਾਅ ਵਿੱਚ ਉੱਡੂੰ-ਉੱਡੂੰ ਕਰਦਾ ਸਰੀਰ,
ਦਿਲ ਖੁਸ਼ੀ ਵਿੱਚ ਨੱਚੇ ਪੱਬ-ਪੱਬ ਦੇ ਨਾਲ।
ਸਾਨੂੰ ਮਿਲ ਗਏ... ... ...।

ਲੱਖ ਸ਼ੁਕਰ ਮਨਾਵਾਂ, ਮੈਂ ਤੇ ਵਾਰੇ-ਵਾਰੇ ਜਾਵਾਂ,
ਸਾਡਾ ਹੋਇਆ ਅਸਮਾਨ ਚਿੱਤ ਕਰੇ ਉੱਡ ਜਾਵਾਂ।
ਅੱਜ ਪਤਾ ਨਹੀਂ ਲੱਗਦਾ ਕਿ ਕੀ ਕਰ ਸੁੱਟਾਂ,
ਕਿਵੇਂ ਸਾਂਝੀ ਕਰਾਂ ਖੁਸ਼ੀ ਸਾਰੇ ਜੱਗ ਦੇ ਨਾਲ।

ਸਾਨੂੰ ਮਿਲ ਗਏ ਤੁਸੀਂ ਤਾਂ ਸਬੱਬ ਦੇ ਨਾਲ।
ਸਾਨੂੰ ਰੱਬ ਨੇ ਮਿਲਾਇਆ ਸਾਡੇ ਰੱਬ ਦੇ ਨਾਲ।
•

# ਜੋਬਨ

ਤੇਰੇ ਭਖਦੇ ਅੰਗਾਂ ਦੀ ਮੁਟਿਆਰੇ
ਗਲੀ 'ਚ ਰੋਜ਼ ਗੱਲ ਚੱਲਦੀ
ਐਵੇਂ ਡੋਲਣੇ, ਗਲਾਸ ਚੁੱਕੀ ਫਿਰਦੇ
ਇਹ ਕਿੰਝ ਰੁਕੂ ਅੱਗ ਝਲ਼ ਦੀ।

ਐਵੇਂ ਝੱਲੀਏ! ਨਾ ਰੋ
ਤੇਰੀ ਬੜੀ ਖੁਸ਼ਬੋ
ਦੱਸ! ਸੂਰਜ ਦੀ ਲੋਅ
ਕਿਵੇਂ ਹੋਊਗੀ ਲੁਕੋਅ।
ਨੀ ਤੂੰ ਹੌਸਲਾ ਨਾ ਹਾਰ
ਤੇਰਾ ਬੜਾ ਕਿਰਦਾਰ
ਤੇਰੀ ਹੋਂਦ ਹਰ ਰੂਹ ਦੇ ਵਿੱਚ ਬਲਦੀ।
ਇਹ ਕਿੰਝ ਰੁਕੂ ਅੱਗ ਝਲ਼ ਦੀ... ... ...।

ਪਾਣੀ ਗਹਿਰੇ ਸਮੁੰਦਰਾਂ ਦੇ ਹੁੰਦੇ
ਲੋਕੀਂ ਕਹਿੰਦੇ
ਲੱਖ ਜੀਵ ਪਾਣੀ ਪੀਂਦੇ
ਦਰਿਆ ਤਾਂ ਵਹਿੰਦੇ ਰਹਿੰਦੇ
ਦੋ ਚੂਲ਼ੀਆਂ ਜੇ ਪਾਣੀ ਪੀ ਵੀ ਗਿਆ ਕੋਈ ਰਾਹੀ
ਕਿਹੜੀ ਪੱਤ ਲੁੱਟ ਖੜੀ ਤੇਰੀ ਜਲ਼ ਦੀ।
ਇਹ ਕਿੰਝ ਰੁਕੂ ਅੱਗ ਝਲ਼ ਦੀ... ... ...।

•

# ਮਲੰਗ

ਸਾਨੂੰ ਛੱਡ ਗਿਓਂ ਅੱਧ ਵਿਚਕਾਲੇ, ਬੱਲੇ ਓਏ ਮਲੰਗ ਦੋਸਤਾ।

ਬੜਾ ਲੋਕਾਂ ਰੋਕਿਆ, ਬਹੁਤ ਸਮਝਾਇਆ ਸਾਨੂੰ
ਕਿਸੇ ਦੀ ਵੀ ਗੱਲ ਦਾ ਯਕੀਨ ਹੀ ਨਾ ਆਇਆ ਸਾਨੂੰ
ਜ਼ਰਾ ਵੀ ਨਾ ਸੋਚਿਆ ਤੂੰ ਏਤਰਾਂ ਦਾ ਨਿਕਲੇਂਗਾ
ਮਾਰ ਜਾਵੇਂਗਾ ਦਿਲਾਂ ਨੂੰ ਤਾਲੇ, ਬੱਲੇ ਵੇ ਮਲੰਗ ਦੋਸਤਾ।
ਸਾਨੂੰ ਛੱਡ ਗਿਓਂ ਅੱਧ ਵਿਚਕਾਲੇ... ... ...।

ਚੇਲੇ ਬਣੇ ਪੱਕੇ ਤੈਨੂੰ ਪੀਰ ਬਣਾਇਆ ਅਸੀਂ
ਤੇਰੀ ਵੇ ਤਵੀਤੜੀ ਨੂੰ ਛਾਤੀ ਨਾਲ ਲਾਇਆ ਅਸੀਂ
ਆਪਣੇ ਤਰੀਕੇ ਨਾਲ ਤੁਰਨਾ ਵੀ ਭੁੱਲ ਬੈਠੇ
ਤੇਰੀ ਚਾਲ ਨਾਲ ਚੱਲੇ, ਹਰ ਚਾਲੇ, ਬੱਲੇ ਵੇ ਮਲੰਗ ਦੋਸਤਾ।
ਸਾਨੂੰ ਛੱਡ ਗਿਓਂ ਅੱਧ ਵਿਚਕਾਲੇ... ... ...।

ਤੇਰੇ ਨਾਲ ਤੁਰ ਕੇ ਸਵਾਦ ਬੜਾ ਆਇਆ ਸੀ
ਤਾਂ ਹੀ ਤਾਂ ਮਲੰਗਾ! ਤੈਨੂੰ ਇਸ਼ਟ ਬਣਾਇਆ ਸੀ
ਤੇਰੇ ਆਸਰੇ 'ਚ ਲੱਗਾ ਸਭ ਕੁੱਝ ਰੱਬ ਵਾਂਗੂੰ
ਸਾਡਾ ਤਨ-ਮਨ ਤੇਰੇ ਸੀ ਹਵਾਲੇ, ਬੱਲੇ ਵੇ ਮਲੰਗ ਦੋਸਤਾ।
ਸਾਨੂੰ ਛੱਡ ਗਿਓਂ ਅੱਧ ਵਿਚਕਾਲੇ... ... ...।

•

# ਤੇਰਾ ਮੁੜ ਜਾਣਾ

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।
ਦੱਸ! ਕਿਹੜੇ ਕੰਮ ਆਊ,
ਤੇਰਾ ਭਰੇ-ਭਰਾਏ ਤੁਰ ਜਾਣਾ।

ਉੱਚੀ ਟੀਸੀ ਤੋਂ ਜਦ ਦਿਸਿਆ,
ਦੁੱਧ ਚਿੱਟਾ ਰੰਗ ਤੇਰਾ।
ਦਿਲ ਨੂੰ ਪਤਾ ਨਹੀਂ ਕੀ ਹੋਇਆ,
ਡੱਕਿਆ ਅਸੀਂ ਬਥੇਰਾ।

ਰਾਤੀਂ ਪਰਬਤ ਉੱਪਰ,
ਤੇਰਾ ਬਰਫ਼ ਰੂਪ ਬਣ ਜਾਣਾ।
ਸੂਰਜ ਦੇ ਚੜ੍ਹਦੇ ਹੀ,
ਤੇਰਾ ਖੁਰਦੇ-ਖੁਰਦੇ ਖੁਰ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।

ਬਿੜਕ ਤੇਰੇ ਕਦਮਾਂ ਦੀ,
ਤੇਰੀਆਂ ਕਈ ਗੱਲਾਂ ਕਰ ਜਾਵੇ।
ਸ਼ੂਕ ਤੇਰੇ ਸਾਹਾਂ ਦੀ,
ਸਾਡੇ ਸੀਨੇਂ 'ਤੇ ਲੜ ਜਾਵੇ।
ਰੋਜ਼ ਰੀਝ ਆਥਣ ਨੂੰ ਜੰਮੇ,

ਦਿਨ ਚੜ੍ਹਦੇ ਮਰ ਜਾਵੇ।

ਸਾਰੀ ਰਾਤ ਪਰਾਂ ਨਾਲ ਕੱਜਣਾ,
ਤੜਕਸਾਰ ਹੀ ਉੜ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।

ਸਾਰੀ ਰਾਤ ਨਾ ਥੱਕੀ,
ਨਜ਼ਰ ਤੇਰੇ ਵੱਲ ਵੇਖੇ।
ਸੱਤਰੰਗੀਆਂ ਪੀਂਘਾਂ ਝੂਟਣ ਦੇ,
ਪਲ-ਪਲ ਪਏ ਭੁਲੇਖੇ
ਜਦ ਹੱਥ ਠੰਡੇ ਹੁੰਦੇ ਜਾਪੇ ਤਾਂ,
ਸਾਹਾਂ ਦੇ ਨਾਲ ਸੇਕੇ।

ਵਾਧੂ ਭਰੇ ਖ਼ਜ਼ਾਨੇ,
ਲੇਕਿਨ ਅੱਖ ਖੁੱਲ੍ਹਦੇ ਹੀ ਖੁੜ ਜਾਣਾ।

ਸਮਝ ਨਹੀਂ ਆਇਆ ਮੇਰੇ,
ਤੇਰਾ ਚੁੱਪ-ਚੁਪੀਤੇ ਮੁੜ ਜਾਣਾ।
ਦੱਸ! ਕਿਹੜੇ ਕੰਮ ਆਊ,
ਤੇਰਾ ਭਰੇ-ਭਰਾਏ ਤੁਰ ਜਾਣਾ।
•

# ਨੀਲੀਆਂ ਅੱਖਾਂ ਦਾ ਆਸਮਾਨ

ਨੀਲੇ ਆਸਮਾਨ ਨੂੰ
ਮੈਂ ਨੀਝ ਨਾਲ ਤੱਕਿਆ
ਨਿੰਮੀ-ਨਿੰਮੀ ਫੁਹਾਰ ਤੋਂ ਬਾਅਦ
ਸੂਰਜ ਅਸਤ ਹੋਣ ਤੋਂ ਪਲ ਕੁ ਪਹਿਲਾਂ
ਸੱਤਰੰਗੀ ਪੀਂਘ ਦੇ ਨਜ਼ਾਰੇ
ਲਾਲ ਚਿੱਟੇ ਤੇ ਕਾਲੇ ਬੱਦਲ ਦੇਖੇ।
ਪੂਰਣਮਾਸ਼ੀ ਦੇ ਚੰਨ ਦੀ
ਅੱਧੀ ਰਾਤੇ ਜਵਾਨੀ ਦੇਖੀ।

ਮੱਸਿਆ ਦੀ ਰਾਤ
ਸਪਤ ਰਿਸ਼ੀ ਮੰਡਲ 'ਤੇ ਗਿੱਟੀਆ
ਧਰੂ ਤਾਰੇ ਦੀ ਪਰਿਕਰਮਾ ਕਰਦੀਆਂ।

ਨੀਲਾ ਅਸਮਾਨ
ਵਾਰ-ਵਾਰ ਦੇਖਿਆ
ਮੈਂ ਲਗਾਤਾਰ ਦੇਖਿਆ।

ਅੱਜ ਮੈਂ ਅਚਾਨਕ
ਤੇਰੀਆਂ ਅੱਖਾਂ ਨੂੰ ਦੇਖ ਬੈਠਾ
ਨੀਲੀਆਂ ਅੱਖਾਂ 'ਚ
ਕਿੰਨੇ ਆਸਮਾਨ ਦੇਖੇ
ਕਿੰਨੇ ਜਹਾਨ ਦੇਖੇ
ਕਿੰਨਾ ਸਹਿਜ

ਤੇ ਕਿੰਨੇ ਤੂਫ਼ਾਨ ਦੇਖੇ।

ਤੇਰੀ ਤਸਵੀਰ ਨੇ
ਤੇਰੇ ਨੈਣ੍ਹਾਂ ਦੇ ਤੀਰ ਨੇ
ਜੀਣ ਜੋਗੇ ਨਹੀਂ ਛੱਡਿਆ
ਤੇ ਮਰਨ ਨੂੰ ਹੁਣ ਦਿਲ ਨਹੀਂ ਕਰਦਾ।

ਦਿਲ ਕਰਦਾ ਹੈ
ਉੱਡ ਕੇ ਆ ਜਾਣ ਨੂੰ
ਅੱਖਾਂ ਚਾਰ ਕਰਨ ਨੂੰ
ਤੇਰਾ ਸੇਕ ਹੰਢਾਉਣ ਨੂੰ
ਡਰ ਵੀ ਲੱਗਦਾ ਹੈ
ਢਲਦਾ ਪਰਛਾਵਾਂ ਹਾਂ
ਕਿਤੇ ਵੇਂਹਦਿਆਂ ਨਾ ਮਰ ਜਾਵਾਂ
ਗਰਮ ਹੋਣਾ ਤਾਂ ਪਾਸੇ ਰਿਹਾ
ਠੰਡਾ ਹੋ ਜਾਵਾਂ ਠਰ੍ਹ ਜਾਵਾਂ।

•

# ਦਿਲ

ਸਾਡਾ ਵੀ ਇਹ ਦਿਲ
ਕਿਤੇ ਦਿਲਾਂ ਵਾਲਿਆਂ ਨੇ
ਚੁੱਕ ਦਿਲ ਨਾਲ ਲਾਇਆ ਹੁੰਦਾ।
ਕਦੇ ਦਿਲ ਅੱਖੀਆਂ ਨੂੰ ਆਖਦਾ ਨਾ ਬੋਲੋ ਨੀ।

ਉਮਰ ਬਿਤਾਈ ਹੁੰਦੀ
ਰਾਤ ਲਾਗੇ ਆਈ ਹੁੰਦੀ
ਰੀਝਾਂ ਨੂੰ ਮੈਂ ਆਖ ਦੇਂਦਾ ਹੱਡੀਆਂ ਨਾ ਰੋਲ਼ੋ ਨੀ।

ਜ਼ਿੰਦਗੀ ਦੀ ਪਹੁ ਫੁੱਟੇ
ਸਾਡੇ ਸਾਰੇ ਸਾਜ਼ ਟੁੱਟੇ
ਕਦੋਂ ਜਾ ਕੇ ਸ਼ਾਮ ਪੈਣੀ
ਹਾਲੇ ਤਾਂ ਸਵੇਰ ਹੀ ਹੈ
ਤਾਂ ਹੀ ਦਿਲ ਆਖਦਾ ਹੈ ਰੀਝੋ–ਰੀਝ ਬੋਲੋ ਨੀ।

ਕੋਈ ਮੇਰਾ ਯਾਰ
ਉੱਠ ਮਾਂ ਨੂੰ ਸੁਣਾਵੇ ਦੁੱਖ
ਮੜ੍ਹੀਆਂ ਦੀ ਮਿੱਟੀ ’ਚੋਂ
ਜੇ ਕੁੱਝ ਨਾ ਪਛਾਣ ਹੋਵੇ
ਕਿੰਝ ਆਖਾਂ ਉਂਗਲਾਂ ਨੂੰ ਧਰਤੀ ਫਰੋਲ਼ੋ ਨੀ।

•

# ਮੰਜ਼ਿਲ

ਇੱਕ ਹੁਸਨ ਨੂੰ
ਇੱਕ ਪਿਆਰ ਨੂੰ
ਅੱਖੀਆਂ ਸਹਾਰੇ ਮਾਨਣਾ
ਪਿਆਰ ਰਮਝਾਂ, ਦਿਲੀਂ ਸਮਝਾਂ
ਮੁਸਕਣੀ ’ਚੋਂ ਤੱਕਣਾ, ਮੇਰੀ ਕੋਈ ਮੰਜ਼ਿਲ ਨਹੀਂ।

ਰਮਝਾਂ ਤੇ ਸਮਝਾਂ ਤੋਂ ਅੱਗੇ
ਹੋਰ ਵੀ ਹੈ ਕੁੱਝ ਅਜੀਜ਼
ਬਹੁਤ ਲੰਮੀ ਆਸ ਹੈ
ਬਹੁਤ ਜ਼ਿਆਦਾ ਪਿਆਸ ਹੈ।

ਤਾਰਿਆਂ ’ਤੇ ਅੱਜ ਲੋਕੀਂ ਪਹੁੰਚ ਗਏ
ਪਰ ਇਹ ਤਾਂ ਇੱਕ ਮੁਸਕਣੀ ਹੈ
ਇਹ ਤਾਂ ਬਸ! ਇੱਕ ਤੱਕਣੀ ਹੈ।

ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ
ਪਿਆਰ ਇੱਕ ਮੁਸਕਾਣ ਤਕ ਸੀਮਿਤ ਨਹੀਂ
ਪਲਕ ਬਸ! ਸ਼ਰਮਾਉਣ ਤਕ ਸੀਮਿਤ ਨਹੀਂ
ਹਾਂ ਇਹ ਸਭ ਮੁਸਕਾਣ ਤੋਂ ਚੱਲਦਾ ਜਰੂਰ।

ਪਰ ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ।
ਬਹੁਤ ਕੁੱਝ ਹੈ ਤਾਰਿਆਂ ਤੋਂ ਬਹੁਤ ਦੂਰ।
•

# ਸੁਪਨਿਆਂ ਨੂੰ

ਜਿਊਣ ਜੋਗੇ ਸੁਪਨਿਆ!
ਜਿਊਂਦਾ ਰਹੇਂ ਲੱਖ ਸਾਲ
ਮਾਹੀ ਮਾਣਾਂ, ਖੁੱਲ-ਮ-ਖੁੱਲੀ
ਸ਼ਰਮ ਤੁਲੇ ਕੱਖ ਨਾਲ।

ਸੇਜ ਵਿਛਾਵਾਂ, ਖੁਸਦੀ ਜਾਵਾਂ
ਮਾਹੀ ਦੇ ਗਲ ਬਾਹਾਂ ਪਾਵਾਂ
ਸੁਪਨਿਆਂ ਆੜੀ ਛੱਡ ਨਾ ਜਾਵੀਂ
ਅੱਜ ਮੇਰਾ ਪੱਖ ਪਾਲ।

ਤੂੰ ਜਿਊਂਦਾ ਰਹੇ ਲੱਖ ਸਾਲ।

•

# ਬਾਗ਼ ਹਵਾਲੇ ਤੇਰੇ

ਅੰਬਾਂ ਦੇ ਸ਼ੌਕੀਨ ਮਿੱਤਰਾ! ਸਾਰਾ ਬਾਗ਼ ਹਵਾਲੇ ਤੇਰੇ,
ਲਾਗੋਂ-ਲਾਗੋਂ ਲੰਘ ਜਾਏਂ ਤੂੰ, ਜ਼ਰਾ ਹੋ ਕੇ ਤਾਂ ਦੇਖ ਨੇੜੇ-ਨੇੜੇ।

ਅੰਬਾਂ ਦੀਆਂ ਬੂਬੀਆਂ ਨੂੰ ਵੇਖੇਂ ਜਿਵੇਂ ਚੋਰ ਵੇ,
ਬਾਗ਼ ਵਿੱਚ ਰਸੇ ਹੋਏ ਫ਼ਲ ਕਈ ਹੋਰ ਵੇ,
ਫੁੱਲਾਂ ਦੀ ਮਹਿਕ ਨਾਲ ਮਹਿਕਦਾ ਹੈ ਬਾਗ਼ ਸਾਰਾ,
ਜੱਗ ਜਾਣਦਾ ਹੈ ਚਾਰ-ਚੁਫ਼ੇਰੇ।
ਵੇ ਅੰਬਾਂ ਦੇ ਸ਼ੌਕੀਨ ਮਿੱਤਰਾ... ... ... ... ... ... ... ... ...।

ਰੰਗ ਤੇ ਮਹਿਕ ਕੂਲੇ ਪੱਤਿਆਂ ਦੇ ਨਾਲ ਵੇ,
ਕਈ ਨੇ ਸ਼ਿਕਾਰੀ ਸੁੱਟੀ ਫਿਰਦੇ ਜੋ ਜਾਲ਼ ਵੇ,
ਚੋਗਾ ਚੁੱਕੀ ਫਿਰਦੇ ਕਬੂਤਰ ਜੇ ਕਾਬੂ ਆਉਣ
ਨਿੱਤ ਮਾਰਦੇ ਨੇ ਕਈ-ਕਈ ਗੇੜੇ।
ਵੇ ਅੰਬਾਂ ਦੇ ਸ਼ੌਕੀਨ ਮਿੱਤਰਾ... ... ... ... ... ...।

ਫੁੱਲਾਂ-ਫ਼ਲਾਂ ਦੀ ਵੀ ਰੀਝ ਹੁੰਦੀ ਕੋਈ ਆਵੇ ਵੇ,
ਮਾਸਾ ਸੁੰਘੇ ਕੋਈ ਤੇ ਸਵਾਦ ਨਾਲ ਖਾਵੇ ਵੇ,
ਉਡੀਕਿਆ ਉਮਰ ਭਰ ਆਵੇ ਅਪਣਾਵੇ ਕੋਈ,
ਅਸੀਂ ਖ਼ੁਦ ਜਾਣੀਏ ਜਾਂ ਸਾਡੇ ਜੇਰੇ।
ਵੇ ਅੰਬਾਂ ਦੇ ਸ਼ੌਕੀਨ ਮਿੱਤਰਾ... ... ... ... ... ...।

ਸਿਖ਼ਰ ਦੁਪਿਹਰੇ ਪਰਛਾਵੇਂ ਵੀ ਨਹੀਂ ਦਿਸਦੇ,
ਜ਼ਖ਼ਮ ਨਾਸੂਰ ਬਣ ਵਿੱਚੇ-ਵਿੱਚ ਰਿਸਦੇ,
ਮਾਲੀ ਬਣ ਕੇ ਜਾਂ ਕੋਈ ਬਣ ਕੇ ਹਕੀਮ ਆਵੇ,
ਮਾਰੇ ਦਿਲ ਦੀ ਦਹਿਲੀਜ਼ ਉੱਤੇ ਫੇਰੇ।
ਵੇ ਅੰਬਾਂ ਦੇ ਸ਼ੌਕੀਨ ਮਿੱਤਰਾ... ... ... ... ... ...।

•

# ਆਸ਼ਿਕ

ਆਸ਼ਿਕ ਜੇਡ ਬੇਅਕਲ ਨਾ ਕੋਈ, ਵਾਰਿਸ ਸ਼ਾਹ ਫ਼ੁਰਮਾਵੇ।
ਫਿਰ ਵੀ ਹਰ ਕੋਈ ਇਸ ਦੁਨੀਆਂ ਵਿੱਚ ਆਸ਼ਿਕ ਬਣਨਾ ਚਾਹਵੇ।

ਆਪਣੇ ਦਿਲ ਦਾ ਦਰਦ ਸਾਰਾ ਹੀ ਦੁਨੀਆ ਨੂੰ ਦੱਸ ਆਵੇ,
ਆਪਣੀ ਮਿੱਟੀ ਆਪੇ ਪੁੱਟ ਕੇ ਆਪਣੇ ਸਿਰ ਵਿੱਚ ਪਾਵੇ।

ਜਾਣਦਿਆਂ ਕੰਡਿਆਲੀਆਂ ਰਾਹਾਂ ਰਸਤਾ ਪਥਰੀਲਾ ਹੈ,
ਪਤਾ ਨਹੀਂ ਫਿਰ ਵੀ ਕਿਉਂ ਹਰ ਕੋਈ ਇਸ 'ਤੇ ਤੁਰਨਾ ਚਾਹਵੇ।

ਪਤਾ ਹੈ ਸਭ ਨੂੰ ਕਿ ਸ਼ਿਕਰਾ ਬਸ! ਦਿਲ ਦਾ ਮਾਸ ਹੀ ਖਾਂਦਾ ਹੈ,
ਚਾਈਂ-ਚਾਈਂ ਲੇਕਿਨ ਹਰ ਕੋਈ ਦਿਲ ਦਾ ਮਾਸ ਖਵਾਵੇ।

ਆਪਣੀ ਮਰਜ਼ੀ ਦੇ ਨਾਲ ਆਸ਼ਿਕ ਸੂਲੀ 'ਤੇ ਚੜ੍ਹ ਜਾਵੇ
ਸਭ ਕੁੱਝ ਜਾਣਦਿਆਂ ਜੋ ਫਸਿਆ ਉਸਨੂੰ ਕੌਣ ਛੁਡਾਵੇ।
•

# ਵੈਲਨਟਾਈਨ ਦਾ ਤੋਹਫ਼ਾ

ਵੈਲਨਟਾਈਨ ਦਾ ਤੋਹਫ਼ਾ ਦੱਸਿਓ! ਮੈਂ ਕਿਸਨੂੰ ਦੇ ਆਵਾਂ।
ਦਿਲ ਤਾਂ ਦਿਲ ਬਦਲੇ ਦੇ ਹੁੰਦਾ ਕਿਸ ਨਾਲ ਦਿਲ ਵਟਾਵਾਂ।

ਰੱਬ ਬਣਾਵੇ ਤਾਹੀਓਂ ਬਣਦੇ ਮਹਿਰਮ ਦਿਲਾਂ ਦੇ ਜਾਨੀ
ਆਪਣੇ ਗਲ ਵਿੱਚ ਆਪਣੇ ਹੱਥੀਂ ਵਰਮਾਲਾ ਕਿੰਝ ਪਾਵਾਂ।

ਏਨਾ ਚੰਗਾ ਗੁਰ ਚਰਨਾਂ ਨਾਲ ਜੁੜਿਆ ਰਹਿੰਦਾ 'ਸੁੰਨੜ',
ਤੇਰੇ ਦਰ ਤੋਂ ਮਿਲਦਾ ਸਭ ਕੁੱਝ ਇਸ ਲਈ ਤੈਨੂੰ ਧਿਆਵਾਂ।

ਹੋਰ ਕੋਈ ਰਾਹ ਵੀ ਨਹੀਂ ਦਿਸਦਾ ਜਿਸ 'ਤੇ ਤੁਰ ਕੇ ਵੇਖਾਂ,
ਏਨੀ ਮਿਹਰ ਕਰੀ ਰੱਖੀਂ ਕਿ ਤੇਰੇ ਨਾਲ ਨਿਭਾਵਾਂ।

•

# ਦਿਲ ਦਾ ਹਾਲ

ਮੈਂ ਤਾਂ ਤੈਨੂੰ ਆਪਣਾ ਹਾਲ ਸੁਣਾਇਆ ਸੀ।
ਆਪਣਾ ਦਿਲ ਹੌਲਾ ਕਰਨਾ ਚਾਹਿਆ ਸੀ।

ਦਿਲ ਦਿਆਂ ਜ਼ਖਮਾਂ ਕਰਕੇ ਦਿਲ ਭਰ ਆਇਆ ਸੀ।
ਏਸ ਲਈ ਤੈਨੂੰ ਛਾਤੀ ਨਾਲ ਲਾਇਆ ਸੀ।

ਮੇਰੀ ਗੱਲ ਸੁਣ ਕੇ ਦੱਸ! ਤੈਨੂੰ ਕੀ ਹੋਇਆ ਸੀ।
ਮੇਰੇ ਤੋਂ ਵੀ ਉੱਚੀ-ਉੱਚੀ ਤੂੰ ਰੋਇਆ ਸੀ।

ਗੱਲ ਸੁਣ ਕੇ ਤੈਨੂੰ ਕੁੱਝ ਚੇਤੇ ਆਇਆ ਸੀ।
ਭੇਦ ਖੁੱਲ੍ਹ ਗਿਆ ਜੋ ਤੂੰ ਬੜਾ ਛੁਪਾਇਆ ਸੀ।

ਮੈਂ ਮਨ ਹੌਲਾ ਕਰ ਲਿਆ, ਤੂੰ ਆਪਣਾ ਕਰ ਲਿਆ।
ਹੌਂਕੇ ਦੇ ਪੱਜ ਨਾਲ ਤੂੰ ਹੌਂਕਾ ਭਰ ਲਿਆ।

ਰੋਣੇ ਆਪਣੇ-ਆਪਣੇ ਰਲ ਕੇ ਰੋ ਲਈਏ।
ਗਲ਼ ਲੱਗ ਕੇ ਧੋ ਹੁੰਦੇ ਤਾਂ ਆ 'ਜਾ! ਧੋ ਲਈਏ।

•

# ਆਸ

ਜਿਸਦੇ ਮਿਲਣ ਦੀ ਆਸ ਹੋਵੇ, ਤਾਂ ਯਾਦ ਵੀ ਉਸਦੀ ਆਵੇ,
ਦਿਲ ਵਿੱਚ ਜਿਸ ਲਈ ਪਲੰਘ ਵਿਛੇ, ਉਹ ਆਵੇ ਜਾਂ ਨਾ ਆਵੇ
ਹਰ ਇੱਕ ਸੋਚ 'ਚ ਜੋ ਵਸਦਾ, ਜਿਸਦਾ ਸਾਇਆ ਹਰ ਪਾਸੇ
ਜਿਉਂ-ਜਿਉਂ ਹੈ ਦਿਨ ਢਲਦਾ ਜਾਂਦਾ, ਪਰਛਾਵਾਂ ਵਧਦਾ ਜਾਵੇ।

ਹਰ ਇਕ ਦਰਦ ਦਾ ਦਾਰੂ ਹੁੰਦਾ ਹੈ ਦੁਨੀਆ ਵਿੱਚ ਸੁਣਿਆ,
ਪਰ ਦਿਲ ਦੇ ਜ਼ਖ਼ਮਾਂ 'ਤੇ ਦੱਸਿਓ! ਕੋਈ ਲਾਵੇ ਤਾਂ ਕੀ ਲਾਵੇ।
'ਛੱਡ ਪਰ੍ਹੇ' ਕਰਨਾ ਚਾਹਿਆ ਪਰ ਗੱਲ ਨਹੀਂ ਬਣਦੀ ਦਿਸਦੀ,
'ਸੁੰਨੜ' ਨੂੰ ਤਾਂ ਸਮਝ ਹੈ ਸਾਰੀ, ਦਿਲ ਨੂੰ ਕੌਣ ਸਮਝਾਵੇ।
•

# ਸਾਜਨ

ਇਹ ਕਿਸ ਤਰ੍ਹਾਂ ਦਾ ਸਾਜਨ ਇਜ਼ਹਾਰ ਕਰ ਰਹੇ ਹੋ।
ਖਹਿੜਾ ਛੁਡਾਉਣ ਖਾਤਰ ਇਕਰਾਰ ਕਰ ਰਹੇ ਹੋ।

ਉਮੀਦ ਸੀ ਧਰੋਗੇ ਜ਼ਖ਼ਮਾਂ ’ਤੇ ਤੇਲ, ਹਲਦੀ,
ਲਾਰਾ ਲਗਾ ਕੇ ਸੱਜਰਾ ਕਿਉਂ ਵਾਰ ਕਰ ਰਹੇ ਹੋ।

ਮਾਰੂਥਲਾਂ ’ਚ ਲੱਗਿਆ ਸੀ ਹੋਏਗੀ ਮਾਸਾ ਕਿਣਮਿਣ,
ਅਣਮੁੱਲੇ ਵਲਵਲੇ ਨੂੰ ਬੇਕਾਰ ਕਰ ਰਹੇ ਹੋ।

ਇਸ ਤੋਂ ਤਾਂ ਸੀ ਖ਼ਰਾ ਕਿ ਪੈਂਦਾ ਹੀ ਨਾ ਭੁਲੇਖਾ,
ਸੱਧਰਾਂ ਜਗਾ ਕੇ ਸੁੰਨਾ ਸੰਸਾਰ ਕਰ ਰਹੇ ਹੋ।

ਗ਼ਲਤੀ ਤਾਂ ਦੱਸਦੇ ਜਾਓ ਸਾਡੇ ਤੋਂ ਕਿਹੜੀ ਹੋਈ,
ਦੋਸਤ! ਕਿਉਂ ਦੁਸ਼ਮਣੀ ਦਾ ਵਿਵਹਾਰ ਕਰ ਰਹੇ ਹੋ।

•

# ਪੀੜ

ਗ਼ਮ ਨਹੀਂ ਆਪਣੇ ਕਿਸੇ ਨੂੰ ਆਪਣਾ ਨਾ ਕਹਿ ਸਕੇ,
ਗ਼ਮ ਹੈ ਸਾਰੀ ਉਮਰ, ਉਸਦੇ ਸਾਹਮਣੇ ਰਹਿਣਾ ਪਿਆ।
ਮਹਿਕ ਨੂੰ ਛੋਹ ਨਾ ਸਕੇ ਮਹਿਸੂਸ ਕੀਤਾ ਉਮਰ ਭਰ,
ਗ਼ੈਰ ਦੇ ਹੱਥਾਂ 'ਚ ਆਪਣੇ ਫੁੱਲ ਨੂੰ ਸਹਿਣਾ ਪਿਆ।

ਕਲਪਿਆ 'ਕੱਲਾ ਤੇ ਦਿਲ ਨੂੰ ਬਿੜਕ ਵੀ ਆਉਂਦੀ ਰਹੀ,
ਰੱਬ ਦੇ ਰੰਗਾਂ 'ਚ ਬਸ! ਚੁੱਪ ਚਾਪ ਹੀ ਬਹਿਣਾ ਪਿਆ।
ਫਾਸਲੇ, ਨਜ਼ਦੀਕੀਆਂ ਵਿੱਚ ਫ਼ਰਕ ਹੀ ਨਾ ਕਰ ਸਕੇ,
ਪੀੜ ਵੀ ਜਰਨੀ ਪਈ ਧੰਨਵਾਦ ਵੀ ਕਹਿਣਾ ਪਿਆ।

ਦੌੜ-ਭੱਜ ਕੀਤੀ ਮਗਰ ਮੰਜ਼ਿਲ ਨੂੰ ਵੀ ਨਾ ਪਾ ਸਕੇ,
ਕੰਢੇ ਵੀ ਨਾ ਲੱਗੀ ਨਦੀ, ਕੰਢਿਆਂ 'ਚ ਵਹਿਣਾ ਪਿਆ।
•

# ਮਹਫ਼ਿਲ

ਤੇਰੀ ਮਹਫ਼ਿਲ ਵਿੱਚ ਜਦ ਵੀ ਗੱਲ ਤੁਰੇ ਮੇਰੀ,
ਮਿੱਤਰ ਕਹੀਂ ਜਾਂ ਦੁਸ਼ਮਣ ਲੇਕਿਨ ਅਪਣਾ ਕਹਿ ਕੇ ਗੱਲ ਤੋਰੀਂ।
ਬੇਰ ਨਹੀਂ ਲੱਗਦੇ ਤੈਨੂੰ, ਜੋ ਰੁੱਖਾ-ਮਿੱਸਾ ਮੈਂ ਘੱਲਿਆ,
ਨਾ ਖਾਵੀਂ ਕੁੱਝ ਨਹੀਂ ਹੁੰਦਾ ਪਰ ਗੀਠੇ ਕਹਿ ਕੇ ਨਾ ਰੋੜ੍ਹੀਂ।

ਆਪਣੇ ਹੀ ਰੁੱਸਦੇ ਹੁੰਦੇ ਨੇ ਦੱਸ! ਓਪਰਿਆਂ ਨੇ ਕੀ ਰੁੱਸਣਾ,
ਘਰ ਵਿੱਚ ਭਾਂਡੇ ਖੜਕ ਪੈਂਦੇ, ਨਾ ਗੁੱਸੇ ਵਿੱਚ ਆ ਕੇ ਤੋੜੀਂ।
ਮੰਦਾ-ਚੰਗਾ ਕਹਿ ਬਹਿੰਦੇ ਕਈ ਵਾਰੀ ਬਿਨ ਸੋਚੇ ਲੋਕੀਂ,
ਸੋਚ-ਸਮਝ ਕੇ ਇੱਕ ਵਾਰੀ ਹੋ ਸਕਿਆ ਤਾਂ ਵਾਗਾਂ ਮੋੜੀਂ।

•

# ਠੋਹਕਰ 'ਤੇ ਜ਼ਮਾਨਾ

ਅਰਜ਼ੀ ਮਨਜ਼ੂਰ ਨਹੀਂ ਕੀਤੀ, ਤੁਸੀਂ ਦਿਲ ਦੀ ਅਦਾਲਤ ਵਿੱਚ,
ਦੁਨੀਆ ਕੀ ਕਹੇਗੀ ਸੱਜਣਾ! ਇਹ ਤਾਂ ਇੱਕ ਬਹਾਨਾ ਹੈ।
ਆਸ਼ਿਕ ਪਿਆਰ ਵਿੱਚ ਡੁੱਬਦੇ, ਥਲਾਂ ਵਿੱਚ ਸੜਦੇ ਵੀ ਸੁਣਿਆ,
ਮੁਹੱਬਤ ਇਸ਼ਟ ਬਣ ਜਾਵੇ ਤਾਂ ਠੋਹਕਰ 'ਤੇ ਜ਼ਮਾਨਾ ਹੈ।

•

## ਸਾਂਝ ਦਿਲਾਂ ਦੀ

ਦਿਲ ਨਾਲ ਦਿਲ ਜੇ ਮਿਲ ਜਾਵੇ ਤਾਂ ਮਿਟ ਜਾਂਦੀ ਹਰ ਦੂਰੀ।
ਸਾਂਝ ਦਿਲਾਂ ਦੀ ਪਾਉਣ ਲਈ, ਨਹੀਂ ਹੁੰਦਾ ਵਸਲ ਜ਼ਰੂਰੀ।

ਇੱਕ ਛੱਤ ਹੇਠਾਂ ਰਹਿ ਕੇ ਵੀ ਕਈ 'ਕੱਲੇ-'ਕੱਲੇ ਰਹਿੰਦੇ।
ਦੋ ਦਿਲ ਜੇਕਰ ਇੱਕ ਨਹੀਂ ਬਣਦੇ ਰਹਿੰਦੀ ਸਾਂਝ ਅਧੂਰੀ।

ਜਿਹੜਾ ਰੋਂਦਿਆਂ ਘੋੜੀ ਚੜ੍ਹਦਾ, ਉਹ ਦੱਸ ਕਾਹਦਾ ਲਾੜਾ,
ਖੰਭੇ 'ਤੇ ਜੋ ਫੋਟੋ ਲਟਕੇ ਫਿਲਮਾਂ ਦੀ ਮਸ਼ਹੂਰੀ।
•

## ਮੋੜ-ਮੁੜਾਈਆਂ

ਬੰਦਿਆਂ ਵਾਂਗ ਮਿਲੇ ਵੀ ਨਹੀਂ ਸੀ, ਮੋੜ-ਮੁੜਾਈਆਂ ਹੋ ਗਈਆਂ।
ਚੱਜ ਦੇ ਨਾਲ ਜੁੜੇ ਵੀ ਨਹੀਂ ਸੀ, ਤੋੜ-ਤੁੜਾਈਆਂ ਹੋ ਗਈਆਂ।

ਵਾਅਦੇ ਕੀਤੇ ਸੁਪਨੇ ਵੇਖੇ, ਸੁਪਨੇ ਵਿੱਚ ਘਰ-ਬਾਰ ਬਣੇ,
ਸਾਡੀਆ ਰੀਝਾਂ ਸਾਡੇ ਗਲ਼ ਲੱਗ, ਬੁਸ-ਬੁਸ ਕਰਕੇ ਰੋ ਗਈਆਂ।

ਸੋਚ ਰਹੇ ਸੀ ਸ਼ਗਨ ਕਰਾਂਗੇ, ਤੇਲ ਚੋਆਂਗੇ ਸਰਦਲ 'ਤੇ,
ਸੱਧਰਾਂ ਜਦ ਪਰਤਣ ਲੱਗੀਆਂ ਤਾਂ ਦਰ 'ਤੇ ਅੱਥਰੂ ਚੋਅ ਗਈਆਂ।

ਧੜਕਣ ਤੇਜ਼ ਹੋਈ ਸੀ ਜਦ ਤੋਂ, ਤੂੰ ਸਾਡਾ ਬਣਦਾ ਦਿਸਿਆ,
ਲੇਕਿਨ ਹੁਣ ਇਉਂ ਲੱਗਦਾ ਹੈ ਜੀਕਣ ਨਬਜ਼ਾਂ ਸਭ ਖਲੋ ਗਈਆਂ।
•

## ਸੁਲ੍ਹਾ-ਸਫ਼ਾਈਆਂ

ਖੁਰੇ ਨੂੰ ਕਰਦੇ ਖਾਲੀ ਨੀ!
ਤੇਰੀ ਸੱਸ ਕਰ ਲਵੇ ਸਫ਼ਾਈਆਂ।

ਮੈਨੂੰ ਕੂਚ ਲੈਣ ਦੇ ਅੱਡੀਆਂ ਵੇ!
ਤੂੰ ਕਾਹਤੋਂ ਕਾਹਲੀਆਂ ਪਾਈਆਂ।

ਬਾਪੂ ਤੜਕੇ ਦਾ ਹਲ ਵਾਹਵੇ,
ਮਰ ਚੱਲਿਆ ਕਰਦਾ ਕਮਾਈਆਂ।

ਵੇ ਸਾਥੋਂ ਨਾ ਕੰਮ-ਕਾਰ ਹੋਵੇ ਅਸੀਂ,
ਵੱਡਿਆਂ ਘਰਾਂ ਦੀਆਂ ਜਾਈਆਂ।

ਨੱਠ-ਭੱਜ 'ਚ ਮਾਂ-ਪਿਓ ਮਰ ਚੱਲੇ,
ਕੰਮ ਕਰਦੇ ਵਾਂਗ ਸ਼ੁਦਾਈਆਂ।

ਵੇ ਮੈਂ ਤਾਂ ਚੱਲੀ ਮੇਲੇ ਤੇਰੀਆਂ,
ਤੁਰ ਗਈਆਂ ਭਰਜਾਈਆਂ।

ਨੀ ਟੀਵੀ ਸ਼ੋ ਵਿੱਚ ਤੂੰ ਬੱਲੀਏ!
ਕੱਲ ਬੜੀਆਂ ਰੌਣਕਾਂ ਲਾਈਆਂ।

ਮੈਨੂੰ ਵੀ ਆਏ ਫੋਨ ਕਈ,
ਸਭ ਹਾਣੀ ਦੇਣ ਵਧਾਈਆਂ।

ਖੁਰੇ ਨੂੰ ਕਰਦੇ ਖਾਲੀ ਨੀ!
ਤੇਰੀ ਸੱਸ ਕਰ ਲਵੇ ਸਫ਼ਾਈਆਂ।

ਮੈਨੂੰ ਕੂਚ ਲੈਣ ਦੇ ਅੱਡੀਆਂ ਵੇ!
ਤੂੰ ਕਾਹਤੋਂ ਕਾਹਲੀਆਂ ਪਾਈਆਂ।
•

# ਬਿਨਾ ਸਿਰਲੇਖੋਂ

ਨਾ ਤੂੰ ਰਹਿਣਾ ਨਾ ਮੈਂ ਰਹਿਣਾ ਇਹ ਦੁਨੀਆਂ ਫਾਨੀ ਆ।
ਸਦੀਆਂ ਤੱਕ ਜਿਹੜੀ ਯਾਦ ਰਹੇ ਕੋਈ ਕੋਈ ਕਹਾਣੀ ਆ।

ਭੱਜ ਤੜੱਕੇ ਨਾਲ ਤਾਂ ਜੀਵਨ ਜੀਅ ਲੈਂਦੀ ਦੁਨੀਆਂ ਸਾਰੀ,
ਦਿਲ ਵਿੱਚ ਤਾਂ ਉਹੀਓ ਵਸਦਾ ਹੈ ਜੋ ਦਿਲ ਦਾ ਜਾਨੀ ਆ।

ਪਿਆਰ ਅਤੇ ਸਤਿਕਾਰ ਕਰਨ ਦਾ ਗਣਿਤ ਨਹੀਂ ਹੁੰਦਾ,
ਇਸਦੀ ਪੁਸਤਕ ਨਾ ਛਪੇ ਇਹ ਇਲਮ ਜ਼ੁਬਾਨੀ ਆ।

•

ਸੁਪਨਾ ਹੈਂ ਤੂੰ ਜੋ ਸੱਚ ਕਦੇ ਨਈਂ ਹੋ ਸਕਣਾਂ,
ਪਰ ਰੋਜ਼ ਇਹ ਸੁਪਨਾ ਦੇਖਣ ਨੂੰ ਦਿਲ ਕਰਦਾ ਹੈ।
ਜਾਣਦਿਆਂ ਕਿ ਚੰਦ ਕਦੇ ਨਈਂ ਹੱਥ ਆਉਣਾ,
ਕਮਲਾ ਦਿਲ ਫਿਰ ਵੀ ਕਿਉਂ ਹੌਕੇ ਭਰਦਾ ਹੈ।

ਜਿਉਂਦੇ ਰਹਿਣ ਲਈ ਕਾਫ਼ੀ ਇੱਕ ਮੌਕੇ ਦੀ ਆਸ,
ਪੂਰੀ ਹੁੰਦੀ ਹਰ ਇੱਛਾ ਜੋ ਡੋਲੇ ਨਾ ਵਿਸ਼ਵਾਸ।
ਆਪਣੇ ਅੰਦਰ ਦੇ ਮੰਦਿਰ ਵਿੱਚ ਦੀਵਾ ਜਗਦਾ ਰੱਖੀਂ,
ਡੋਲ੍ਹਣ ਨਾ ਦੇਵੀਂ ਤੂੰ ਖ਼ੁਦ ਨੂੰ ਦਿੰਦਾ ਰਹੀਂ ਧਰਵਾਸ।

•

ਹਰ ਕੋਈ ਆਪਣੇ ਦੁਖ ਨਿਵਾਰਨ ਦੇ ਲਈ ਸਾਥੀ ਲੱਭਦਾ ਹੈ
ਕੋਈ ਨਹੀਂ ਕਿਸੇ ਦੇ ਲਾਗੇ ਢੁਕਦਾ ਕਿਸੇ ਦੀ ਪੀੜਾ ਜਰਨ ਲਈ।
ਦਾਰੂ ਲੱਭਦੀ ਫਿਰਦੀ ਦੁਨੀਆਂ ਆਪਣੇ ਦਰਦ ਦੇ ਖਾਤਰ
ਜੋ ਨਹੀਂ ਜ਼ਖ਼ਮੀ ਉਹ ਜਾ ਸਕਦਾ ਜ਼ਖ਼ਮ ਕਿਸੇ ਦੇ ਭਰਨ ਲਈ।

ਦੁਨੀਆਂ ਦੀ ਇਸ ਭੀੜ 'ਚ ਕਈ ਵਾਰੀ 'ਕੱਲੇ ਰਹਿ ਜਾਂਦੇ,
ਜਾਨਵਰਾਂ ਦੇ ਗਲ ਲੱਗਣਾ ਚਾਹੁੰਦੇ ਆਪਣਾ ਦੁੱਖ ਹਰਨ ਲਈ।
ਮਰ ਮਰ ਕੇ ਆਪਣੀ ਆਪਣੀ ਬਾਲ ਕੇ ਸੇਕੇ ਇਹ ਦੁਨੀਆਂ,
ਖ਼ੁਦ ਤੋਂ ਵਿਹਲ ਮਿਲੇ ਕੋਈ ਸੋਚੇ ਕਿਸੇ ਦੀ ਥਾਂ 'ਤੇ ਮਰਨ ਲਈ।

•

ਰੱਬ ਨੇ ਬੰਦਾ ਆਪ ਬਣਾਇਆ ਬੰਦਾ ਬਣ ਕੇ ਰਹਿਣ ਲਈ,
ਪਰ ਅਕਲ ਦੇ ਪਿੱਛੇ ਲੱਗ ਬੰਦੇ ਨੇ ਕਰ ਲਿਆ ਸੱਤਿਆਨਾਸ।
ਬੰਦੇ ਨੂੰ ਇਹ ਪਤਾ ਹੈ ਬਹੁਤ ਸਿਆਣਪ ਸਹੀ ਨਹੀਂ ਹੁੰਦੀ,
ਰਜ਼ਾ ’ਚ ਰਾਜ਼ੀ ਰਹਿਣ ਨੂੰ ਰਚਿਆ ਧਰਮਾਂ ਦਾ ਇਤਿਹਾਸ।

ਖ਼ੁਦ ਨੂੰ ਕਾਬੂ ਕਰਨ ਲਈ ਕਾਨੂੰਨ ਬਣਾਉਣੇ ਪੈ ਗਏ,
ਰੱਬ ਵਰਗੇ ਬੰਦੇ ਦਾ ਖ਼ੁਦ ’ਤੇ ਬਿਲਕੁਲ ਨਹੀਂ ਵਿਸ਼ਵਾਸ।
ਧਰਮ ਤਾਂ ਮਰਿਆਦਾ ਹੈ ਕੋਈ ਵੀ ਮਰਿਆਦਾ ਨਹੀਂ ਮਾੜੀ,
ਪਰ ਇੱਕ ਦੂਜੇ ਦੀ ਨਿੰਦਿਆਂ ਕਰਕੇ ਕਰ ਲਿਆ ਪਰਦਾਫਾਸ।

ਵੇਦ ਸੱਚ, ਇਲਹਾਮ ਵੀ ਸੱਚਾ, ਸੱਚੀ ਧੁਰ ਕੀ ਬਾਣੀ,
ਫਿਰ ਸੱਚ ਨਾਲ ਸੱਚ ਨੂੰ ਝਗੜਣ ਦੀ ਥਾਂ ਲੋੜ ਨਹੀਂ ਹੈ ਖ਼ਾਸ।
ਹੁਕਮ ਰਜ਼ਾ ਵਿੱਚ ਰਹਿਣ ਦਾ ਬੰਦੇ ਨੂੰ ਇੱਕ ਮੌਕਾ ਮਿਲਿਆ,
ਪਰ ਜੂਨਾਂ ਦੇ ਚੱਕਰ ਵਿੱਚ ਪੈ ਗਿਆ ਜੰਮਦਾ ਮਰਦਾ ਮਾਸ।

ਸਾਰਿਆਂ ਧਰਮ ਗ੍ਰੰਥਾਂ ਵਿੱਚ ਸੱਚ ਤਾਂ ਇੱਕੋ ਇੱਕ ਹੈ,
ਸੱਚ ਸ਼ਬਦ ਦੇ ਚਰਨਾਂ ਦੇ ਵਿੱਚ ‘ਸੁੰਨੜਾ’ ਕਰ ਅਰਦਾਸ।
ਮਹਿਲ ਮਾੜੀਆਂ ਅਤੇ ਜੰਗੀਰਾਂ ਨਾਲ ਨਹੀਂ ਕੁੱਝ ਜਾਣਾ,
ਝੂਠੇ ਦੁਨੀਆਂ ਦੇ ਸਭ ਚਸਕੇ ਝੂਠੇ ਭੋਗ ਵਿਲਾਸ।

ਰਾਜੇ ਰੰਕ, ਅਮੀਰ ਵਜ਼ੀਰ ਤਾਂ ਹਰ ਕੋਈ ਬਣਨਾ ਚਾਹੁੰਦਾ,
ਕੋਈ ਨਹੀਂ ਜੋ ਇਸ ਦੁਨੀਆਂ ਵਿੱਚ ਬਣਨਾ ਚਾਹੁੰਦਾ ਦਾਸ।
ਭੋਂ ਭਾਂਡਾ ਜਿੰਨਾ ਮਰਜ਼ੀ ਤੂੰ ’ਕੱਠਾ ਕਰ ਲੈ ਮਿੱਤਰਾ!
ਪਰ ਸਾਢੇ ਤਿੰਨ ਹੱਥ ਧਰਤੀ ’ਤੇ ਹੋਣਾ ਕੰਮ ਖਲਾਸ।

•

ਚੰਗਾ ਹੋਇਆ ਅਸਤ ਹੋ ਗਿਆ ਸਾਡਾ ਸੂਰਜ ਦੇਵ,
ਨਹੀਂ ਤਾਂ ’ਨੇਰ੍ਹੀਆਂ ਰਾਤਾਂ ਦੇ ਵਿੱਚ ਤੁਰਨਾ ਕਦੇ ਨਾ ਆਉਂਦਾ।
ਜੋਬਨ ਰੁੱਤ ਦੀਆਂ ਗਰਮਜੋਸ਼ੀਆਂ ਦਾ ਸੱਚ ਤਾਂ ਅੱਧਾ ਹੈ,
ਜੀਵਨ ਦੇ ਵਿੱਚ ਕੱਕਰ ਕੋਰਾ ਦੂਜਾ ਅੱਧ ਅਖਵਾਉਂਦਾ।
ਸੁਖ ਤੇ ਦੁਖ ਦੋਵੇਂ ਰਲ ਮਿਲ ਕੇ ਕਰਦੇ ਇੱਕ ਕਹਾਣੀ,
ਦੁੱਖ ਨਾ ਹੁੰਦਾ ਕੋਈ ਤਾਂ ਬੰਦਾ ਰੱਬ ਨੂੰ ਕਿਵੇਂ ਧਿਆਉਂਦਾ।
ਦਿਲ ਦੀ ਭਾਫ਼ ਕੱਢ ਕੇ ਕਹਿੰਦੈਂ ਹੋਰ ਨਾ ਕਿਸੇ ਨੂੰ ਦੱਸੀਂ,
ਆਪਣੇ ਦਿਲ ਦੀ ਭਾਫ਼ ਕੱਢਣੀ ਸਾਡਾ ਦਿਲ ਵੀ ਚਾਹੁੰਦਾ।

ਘਰ ਘਰ ਏਹੀਓ ਅੱਗ ਹੈ ‘ਸੁੰਨੜਾ’ ਤੂੰ ’ਕੱਲਾ ਨਾ ਸਮਝੀਂ,
ਤੇਰੇ ਵਾਂਗ ਨਾ ਕੋਈ ਵੀ ਅਣਸੁਣਿਆ ਤਾਈਂ ਸੁਣਾਉਂਦਾ।
ਪੀੜ ਜਰਨ ਦੀ ਆਦਤ ਪਾ ਲੈ ਢਕੀ ਨਾ ਕੋਈ ਬੁੱਝਦਾ,
ਬਲਦੀ ਉੱਤੇ ਤੇਲ ਪਾਵੇ ਜੱਗ ਹੋਰ ਚੁਆਤੀ ਲਾਉਂਦਾ।

ਸਾਵਾਂ ਪੱਧਰਾ ਜੀਵਨ ਜੇਕਰ ਦਰਦ ਨਾ ਹੁੰਦਾ ਕੋਈ,
ਕਲਮ ’ਚ ਹੰਝੂ ਨਾ ਹੁੰਦੇ ਤਾਂ ਕਵਿਤਾ ਕਿਵੇਂ ਬਣਾਉਂਦਾ।
•

ਦੂਰ ਦੇਸ਼ ਵਿੱਚ ਵਸਦਾ ਕੋਈ ਮੇਰੇ ਸੁਪਨੇ ਦੇ ਵਿੱਚ ਆਇਆ,
ਅਰਸ਼ਾਂ ਤੋਂ ਉੱਤਰ ਆ ਕੇ ਕਿਸੇ ਮੇਰਾ ਦਰਦ ਵੰਡਾਇਆ।
ਦਿਬ ਦ੍ਰਿਸ਼ਟੀ ਨਾਲ ਉਸਨੇ ਦਿਲ ਦੇ ਜ਼ਖਮ ਪਛਾਣੇ,
ਦੇ ਧਰਵਾਸ ਖ਼ਾਸ ਕਿਸਮ ਦਾ ਘੁੱਟ ਛਾਤੀ ਨਾਲ ਲਾਇਆ।

ਐਨੀ ਜ਼ਿਆਦਾ ਪੀੜ ਨੂੰ ਦਿਲ ਵਿੱਚ ਘੁੱਟ ਕੇ ਨਹੀਂ ਰੱਖੀਦਾ,
ਮਨ ਹੌਲਾ ਹੋ ਜਾਵੇ ਇਸ ਲਈ ਮੈਨੂੰ ਓਸ ਰਵਾਇਆ।
ਉਸਦੇ ਮੋਢੇ 'ਤੇ ਸਿਰ ਧਰ ਕੇ ਸਾਰੀ ਰਾਤ ਮੈਂ ਰੋਇਆ,
ਰੂਹ ਕਲਬੂਤੋਂ ਨਿੱਕਲ ਗਈ ਦਿਨ ਚੜ੍ਹਦਿਆਂ 'ਕੱਲਾ ਪਾਇਆ।
•

ਜੇਕਰ ਅੰਗ ਸੰਗ ਹੋਵੇ ਕੋਈ ਸਹਿਜ ਹੋ ਜਾਂਦੀ ਵਾਟ,
ਬਿਨਾਂ ਸਾਥ ਤੋਂ ਵੀ ਲੇਕਿਨ ਦਿਨ ਤਾਂ ਕਟ ਹੀ ਜਾਂਦੇ ਨੇ।
ਦੁੱਖ ਸਹੇੜਨ ਖਾਤਰ ਤਾਂ ਕੋਈ ਸਾਥੀ ਨਹੀਂਓ ਬਣਦਾ,
ਸੁੱਖ ਪ੍ਰਾਪਤ ਕਰਨ ਲਈ ਲੋਕੀਂ ਸਾਥ ਨਿਭਾਉਂਦੇ ਨੇ।

ਦਿਨ ਕਟੀਆਂ ਹੀ ਕਰਨੀਆਂ ਨੇ ਤਾਂ ਜੀਵਨ ਕਿਹੜੇ ਕੰਮ,
ਦੁੱਖ ਸੁੱਖ ਸਾਂਝੇ ਕਰਨ ਲਈ ਹੀ ਲੋਕੀਂ ਸਾਕ ਬਣਾਉਂਦੇ ਨੇ।
ਜਿਸਨੂੰ 'ਕੱਲਿਆਂ ਜੀਣਾ ਪੈ ਜਾਵੇ ਉਹ ਇਸ ਦਰਦ ਨੂੰ ਜਾਣੇ,
ਸੁੱਖ ਮਿਲਦਾ ਹੈ ਤਾਂ ਹੀਂ ਲੋਕੀਂ ਰੁੱਸਿਆਂ ਤਾਈਂ ਮਨਾਉਂਦੇ ਨੇ।

ਦਿਲ ਬਹਿਲਾਉਂਦੀ ਦੁਨੀਆਂ ਕਿਉਂਕਿ ਦਾਤੇ ਨੇ ਦਿਲ ਦਿੱਤਾ,
ਦਿਲ ਦਾ ਦਰਦ ਹਰਨ ਲਈ ਦਿਲਬਰ ਲੋਕੀਂ ਚਾਹੁੰਦੇ ਨੇ।
ਹੱਕ ਤਾਂ ਨਹੀਂ ਬਣਦਾ ਮੇਰਾ ਕਿ ਤੈਨੂੰ ਜ਼ਖਮ ਦਿਖਾਵਾਂ,
ਪਰ ਦਿਲ ਦੀ ਵੇਦਨ ਕੱਜਣੀ ਔਖੀ ਸੁਣਿਆਂ ਲੋਕ ਛੁਪਾਉਂਦੇ ਨੇ।
•

ਬਹੁਤ ਚੁੱਕ ਚੁੱਕ ਵੇਖਿਆ ਸਭ ਨੂੰ ਕੰਧੜੇ ਆਪਣੇ,
ਪਰ ਹੁਣ ਤਾਂ ਮੇਰੀਆਂ ਲੱਤਾਂ ਮੇਰਾ ਆਪਣਾ ਭਾਰ ਨਹੀਂ ਚੁੱਕਦੀਆਂ।
ਕੋਈ ਤਾਂ ਕਹਿੰਦਾ ਤੂੰ ਤਕੜਾ ਹੋ ਮੈਂ ਤੇਰੇ ਨਾਲ ਹਾਂ,
ਮੇਰੀ ਕੀ ਸੁਣਨੀ ਸੀ ਲੋਕਾਂ ਦੀਆਂ ਗੱਲਾਂ ਨਹੀਂ ਮੁੱਕਦੀਆਂ।

ਜ਼ਿੰਦਗੀ ਦਾ ਸਫ਼ਰ 'ਕੱਲਿਆਂ ਬਹੁਤ ਔਖਾ ਲੰਘਦਾ,
ਪਰ ਜੀਣਾ ਤਾਂ ਪੈਣਾ ਹੈ ਜਿੰਨਾ ਚਿਰ ਨਬਜ਼ਾਂ ਨਹੀਂ ਰੁਕਦੀਆਂ।
ਜੇ ਕਿਤੇ ਨਜ਼ਮਾਂ ਦੇ ਵਿੱਚ ਕੋਈ ਚੀਸ ਸਾਂਝੀ ਕਰ ਲਵਾਂ,
ਹਰ ਕੋਈ ਕਹਿੰਦਾ ਇਹ ਗੱਲਾਂ ਉਹਨਾਂ ਉੱਤੇ ਢੁਕਦੀਆਂ

•

ਤੇਰੇ ਜੀਵਨ ਦੇ ਵਿੱਚ ਆ ਕੇ,
ਅਰਮਾਨਾਂ ਨੂੰ ਸੰਨ੍ਹ ਲਗਾ ਕੇ।
ਰੋਂਦਿਆਂ ਛੱਡ ਗਿਆ ਜੋ ਤੇਰਾ,
ਸਭ ਕੁੱਝ ਲੁੱਟ ਲੁਟਾ ਕੇ।

ਅਜੇ ਵੀ ਉਸਨੂੰ ਯਾਦ ਕਰੇਂ ਤਾਂ,
ਉਸ ’ਤੇ ਕਵਿਤਾ ਲਿਖ ਧਰੇ ਤਾਂ।
ਤੇਰੇ ਜਿਹਾ ਨਾ ਕੋਮਲ ਕੋਈ,
ਮੈਂ ਤੈਨੂੰ ਕੀ ਲੈਣਾ ਸਮਝਾ ਕੇ।
•

ਆਦਿ ਬਿਨਾਂ ਨਾ ਅੰਤ ਹੈ,
ਜਨਮ ਬਿਨਾਂ ਨਾ ਮੌਤ।
ਦੁੱਖ ਜਾਵੇ ਸੁੱਖ ਆਂਵਦਾ,
ਇਹ ਸੱਚੋ ਸੱਚ ਅਖੌਤ।

ਚਾਨਣ ਮਿਟਦਾ ’ਨ੍ਹੇਰ ਵਿੱਚ,
ਅੰਧੇਰ ਮੇਟੇ ਪਰਕਾਸ਼।
’ਨ੍ਹੇਰਾ, ਚਾਨਣ ਸਕੇ ਸਬੰਧੀ,
ਹੈ ਕੁੜਮਚਾਰੀ ਦਾ ਸਾਕ।

ਸੱਚ ਬਿਨਾਂ ਕੋਈ ਝੂਠ ਨਾ,
ਝੂਠ ਬਿਨਾਂ ਨਹੀਂ ਸੱਚ।
ਸੱਚ, ਝੂਠ ਨਿਰਭਰ ਕਰਨ,
ਇਸ ਵਿੱਚ ਕੋਈ ਨਾ ਕੱਚ।
•

ਜਦ ਮੈਨੂੰ ਬੋਲਣਾ ਨਹੀਂ ਸੀ ਆਉਂਦਾ,
ਤਾਂ ਮੇਰੀ ਮਾਂ ਮੈਨੂੰ ਬਿਨਾਂ ਮੰਗਿਆਂ ਸਭ ਕੁੱਝ ਦੇਂਦੀ।
ਜਦ ਮੈਨੂੰ ਤੁਰਨਾ ਨਹੀਂ ਸੀ ਆਉਂਦਾ,
ਤਾਂ ਮੇਰੀ ਭੈਣ ਮੈਨੂੰ ਚੁੱਕ ਕੇ ਢਾਕੇ ਲਾ ਲੈਂਦੀ।
ਜਦ ਮੈਨੂੰ ਦੌੜਣਾ ਨਹੀਂ ਸੀ ਆਉਂਦਾ ਤਾਂ,
ਵੀਰਾ ਮੈਨੂੰ ਕੰਧੇੜੇ ਚੁੱਕ ਕੇ ਦੌੜਿਆ ਫਿਰਦਾ।
ਜਦ ਮੈਨੂੰ ਕਮਾਉਣਾ ਨਹੀਂ ਸੀ ਆਉਂਦਾ,
ਤਾਂ ਬਾਪੂ ਮੇਰੀ ਹਰ ਲੋੜ ਨੂੰ ਪੂਰਿਆਂ ਕਰਦਾ।
ਜਦ ਮੈਨੂੰ ਦੁਨੀਆਂਦਾਰੀ ਨਹੀਂ ਸੀ ਆਉਂਦੀ,
ਤਾਂ ਦੁਨੀਆਂ ਬੜੇ ਢੰਗ ਤਰੀਕੇ ਸਮਝਾਉਂਦੀ।

ਤੋਲਣਾ, ਤੁਰਨਾ, ਕਮਾਈ ਕਰਨਾ ,
ਤੇ ਦੁਨੀਆਂਦਾਰੀ ਦਾ ਗਿਆਨ ਮਹਿੰਗਾ ਪਿਆ।
ਮਾਂ ਬਾਪ ਤਾਂ ਰੱਬ ਨੂੰ ਪਿਆਰੇ ਹੋ ਗਏ
ਪਰ ਭੈਣ ਭਾਈ ਵੀ ਕੋਈ ਲਾਗੇ ਨਾ ਰਹੇ।

ਪਾਰ ਲੰਘਣ ਦੀ ਤਰਕੀਬ ਮੈਂ ਕਿਉਂ ਸੋਚਾਂ,
ਜਦ ਨਦੀ ਵੀ ਕੋਈ ਨਹੀਂ ਤੇ ਨਾ ਕੋਈ ਕਿਨਾਰਾ।
ਧਰਤ ਅਕਾਸ਼ ਵਿੱਚ ਜੇ ਕੋਈ ਰੜਕਦਾ ਆਪਣਾ,
ਤਾਂ ਦਿਲ ਬਦੋਬਦੀ ਤੱਕਦਾ ਉਸਦਾ ਸਹਾਰਾ।

ਨਾ ਸ਼ਿਕਵਾ ਹੈ ਨਾ ਕੋਈ ਸ਼ਿਕਾਇਤ ਹੈ,
ਜਿਸਦਾ ਮਾਲਕ ਨਾ ਹੋਵੇ ਉਹ ਹਰਦਮ ਭਟਕਦਾ ਅਵਾਰਾ।
ਅਗਲੀ ਜੂਨ ਦੀਆਂ 'ਸੁੰਨੜਾ' ਨਾ ਲਾ ਸਕੀਮਾਂ,
ਜੋ ਚਲਾ ਗਿਆ ਇੱਕ ਵਾਰ ਉਹ ਕਿਸ ਦੇਖਿਆ ਦੁਬਾਰਾ।
•

ਅੱਜ ਕਿਰਤੀ ਕਿਰਸਾਣ ਦੇਸ਼ ਦਾ, ਵਿਹਲੜਾਂ ਹੱਥੋਂ ਹਰ ਚੱਲਿਆ।
ਜੋ ਦੁਨੀਆਂ ਦਾ ਅੰਨਦਾਤਾ ਸੀ, ਉਹ ਖ਼ੁਦ ਭੁੱਖਾ ਮਰ ਚੱਲਿਆ।

ਜੋ ਹੇਕਾਂ ਲਾ ਲਾ ਗਾਉਂਦਾ ਸੀ, ਉਹ ਹੁਣ ਹਟਕੋਰੇ ਲੈਂਦਾ ਹੈ।
ਜੋ ਜੱਟ ਖੂੰਡੇ ਖੜਕਾਉਂਦਾ ਸੀ ਉਹ ਸਹਿਮਿਆ ਸਹਿਮਿਆ ਰਹਿੰਦਾ ਹੈ।

ਪੱਲੇ ਭਾਵੇਂ ਕੁੱਝ ਨੀਂ ਪੈਂਦਾ ਪਰ ਖੇਤੀ ਕਰਨੋਂ ਹਟਦਾ ਨਹੀਂ।
ਭੌਂ ਭਾਂਡਾ ਸਾਰਾ ਵਿਕ ਚੱਲਿਆ ਪਰ ਕਰਜ਼ਾ ਬਿਲਕੁਲ ਘਟਦਾ ਨਹੀਂ।
•

ਸਦਕੇ ਜਾਵਾਂ ਸਰਕਾਰਾਂ ਦੇ ਜੋ ਟੈਕਸ ਜੱਟ 'ਤੇ ਲਾਉਂਦੀਆਂ ਨੇ।
ਬਚੇ ਖੁਚੇ ਜੋ ਸਾਹ ਜੱਟ ਦੇ, ਉਹ ਸਾਹ ਵੀ ਘੁੱਟਣਾ ਚਾਹੁੰਦੀਆਂ ਨੇ।

ਦੋਨੇ ਦੇ ਸਰਦਾਰ ਨੇ ਕਦ ਪਰਦੇਸੀਂ ਜਾਣਾ ਚਾਹਿਆ ਸੀ।
ਖੇਤੀ 'ਚੋਂ ਰਗੜਾ ਖਾ ਕੇ ਹੀ ਸੁੰਨੜ ਘਰ ਛੱਡ ਕੇ ਆਇਆ ਸੀ।

ਖੋਖਲੀਆਂ ਸਰਦਾਰੀਆਂ ਛੱਡ ਕੇ ਇੱਕ ਆਵਾਜ਼ ਬੁਲੰਦ ਕਰੋ।
ਇਕਮੁੱਠ ਹੋ ਕੇ ਪਹਿਰਾ ਦੇ ਕੇ ਚੋਰਾਂ ਦੀ ਚੋਰੀ ਬੰਦ ਕਰੋ।
•

ਸੋਚ ਸਮਝ ਦੇ ਨਾਲ ਜੇ ਚੱਲੀਏ ਜੀ, ਜੀਵਨ ਯਾਤਰਾ ਸਫ਼ਲ ਬਣਾ ਲਈਏ।
ਔਲੇ, ਹਰੜਾਂ, ਬਹੇੜੇ ਤਿੰਨ ਫ਼ਲ ਕੁੱਟ ਪੀਸ ਕੇ ਚੂਰਣ ਬਣਾ ਲਈਏ ।

ਵਾਦੀ ਹੋਵੇ ਤਾਂ ਮਾਰ ਕੇ ਇੱਕ ਫੱਕਾ ਘੁੱਟ ਪਾਣੀ ਦੇ ਨਾਲ ਲੰਘਾ ਲਈਏ।
ਗਰਮੀ ਹੋ 'ਜੇ ਤਾਂ ਰਾਤ ਨੂੰ ਭਿਉਂ ਦਈਏ, ਨਿਰਨੇ ਕਾਲਜੇ ਉੱਠ ਕੇ ਖਾ ਲਈਏ।

ਇੱਕ ਚੁਟਕੀ ਜਵੈਣ ਦੇ ਪੱਤਿਆਂ ਦੀ ਹਰ ਦਾਲ ਸਬਜ਼ੀ ਵਿੱਚ ਪਾ ਲਈਏ।
ਹੰਡਣਸਾਰ ਜ਼ਿੰਦਗੀ ਹੈ 'ਸੁੰਨੜਾ' ਇਸਨੂੰ ਵਿਉਂਤ ਦੇ ਨਾਲ ਹੰਢਾ ਲਈਏ।

•

ਬੁੱਤ ਪੂਜਦਾ ਫਿਰੇ ਜੋ ਪੱਥਰਾਂ ਦੇ,
ਕਾਦਰ ਕੁਦਰਤ ’ਤੇ ਨਹੀਂ ਵਿਸ਼ਵਾਸ ਉਸਨੂੰ।

ਮਨ ਮੰਦਿਰ ਦੇ ਵਿੱਚ ਜੋ ਰਾਮ ਵਸਦਾ,
ਘਰ ਦਾ ਜੋਗੜਾ ਦਾ ਦਿਸਦਾ ਨਾ ਪਾਸ ਉਸਨੂੰ।

ਜਿਹੜਾ ਮੜ੍ਹੀਆਂ ਮਸਾਣਾਂ ਵਿੱਚ ਫਿਰੇ ਲੱਭਦਾ,
ਰੱਬ ਦੀ ਰਜ਼ਾ ਹੀ ਨਹੀਂ ਰਾਸ ਉਸਨੂੰ।

ਝੱਖ ਮਾਰਦਾ ਫਿਰੇ ਜੋ ਜੰਗਲਾਂ ਵਿੱਚ,
ਜਿੱਥੋਂ ਤੁਰ ਪਿਆ ਉਸਦੀ ਹੈ ਆਸ ਉਸਨੂੰ।

ਜਿਸਨੂੰ ਰੱਬ ਲੱਭਦਾ ਅੰਤਰਧਿਆਨ ਹੋ ਕੇ,
ਨਾ ਹੀ ਭੁੱਖ ਉਸਨੂੰ ਨਾ ਹੀ ਪਿਆਸ ਉਸਨੂੰ।

ਤਨ ਮਨ ਵਿੱਚ ਜਿਸਦੇ ਦਾਤਾ ਵਸਦਾ ਹੈ,
ਕਰਨੀ ਪੈਂਦੀ ਨੀਂ ਕਦੇ ਅਰਦਾਸ ਉਸਨੂੰ।

ਨੁਕਸ ਭਾਲਦਾ ਜਿਸ ਵਿੱਚ ਨੁਕਸ ਹੋਵੇ,
ਠੀਕ ਲੱਗਦੇ ਨਾ ਧਰਤ, ਆਕਾਸ਼ ਉਸਨੂੰ।

ਹੱਥ ਗਰਮ ਤੇ ਪੇਟ ਹੈ ਨਰਮ ਜਿਸਦਾ,
ਸੁੰਨੜ! ਸਮਝ ਬਿਮਾਰੀ ਨਹੀਂ ਖ਼ਾਸ ਉਸਨੂੰ।

•

ਜੀਵਨ ਬੋਝ ਨਹੀਂ ਬਣਦਾ ਜੇ ਚੁੱਕੋ ਰਲ ਕੇ ਭਾਰ ਨੂੰ।
ਆਪੋ ਧਾਪੀ ਨੇ ਹੀ ਮਿੱਤਰੋ! ਮਾਰ ਲਿਆ ਸੰਸਾਰ ਨੂੰ।

ਪਤਾ ਨਹੀਂ ਨਫ਼ਰਤ ਦੀ ਅਗਨੀ ਕਿੱਦਾਂ ਪੈਦਾ ਹੋ ਜਾਂਦੀ,
ਜਿਸ ਘਰ ਨਫ਼ਰਤ ਵੜ 'ਜੇ ਉਹਨਾਂ ਸਾੜ ਲਿਆ ਘਰ ਬਾਰ੍ਹ ਨੂੰ।

ਪਿਆਰ ਮੁਹੱਬਤ ਜਿਸ ਘਰ ਸਮਝੋ ਉਸ ਘਰ ਦੇ ਵਿੱਚ ਰੱਬ ਵਸਦਾ,
ਨਫ਼ਰਤ ਨੂੰ ਨਫ਼ਰਤ ਹੀ ਮਿਲਦੀ ਪਰ ਪਿਆਰ ਹੈ ਮਿਲਦਾ ਪਿਆਰ ਨੂੰ।

ਜੋ ਤੈਨੂੰ ਨਫ਼ਰਤ ਕਰਦੈਂ ਤੂੰ ਗਲ ਨਾਲ ਕੀਕਣ ਲਾ ਸਕਦੈਂ,
ਜਿਸਨੇ ਵਿੰਨ੍ਹ ਦੇਣਾ ਤੂੰ ਉਸਦੇ ਕਿਉਂ ਤਰਸੇਂ ਦੀਦਾਰ ਨੂੰ।

•

ਆਉਂਦੇ ਜਾਂਦੇ ਰਹੇ ਬਥੇਰੇ ਦਿਨ, ਮਹੀਨੇ, ਸਾਲ।
ਪੈਂਹਠ ਸਾਲਾਂ ਵਿੱਚ 'ਸੁੰਨੜਾ' ਤੂੰ ਕੀ ਕੀਤਾ ਕਮਾਲ।

ਮੁੜ ਘਿੜ ਖੋਤੀ ਬੋਹੜ ਥੱਲੇ ਹੀ ਆਉਂਦੀ ਰਹੀ ਹਮੇਸ਼ਾ,
ਏਨੀ ਭੱਜ ਨੱਠ ਕਰਦਾ ਹੈਂ ਤੂੰ ਕਿਸਦੀ ਕਰਦੈਂ ਭਾਲ।

ਦੋਸ਼ੀ ਜਿਵੇਂ ਕਚਹਿਰੀ ਦੇ ਵਿੱਚ ਉਮਰ ਗੁਜ਼ਾਰੀ ਹੈ ਤੂੰ,
ਰੋਜ਼ ਤਰੀਕਾਂ ਭੁਗਤ ਰਿਹਾ ਹੈਂ ਮੰਦੜਾ ਤੇਰਾ ਹਾਲ।

ਦੁਨੀਆਂ ਨੂੰ ਤਾਂ ਜੀਣ ਦੀਆਂ ਤੂੰ ਜਾਚਾਂ ਦੱਸਦਾ ਫਿਰਦੈਂ,
ਚਾਲਬਾਜ਼ ਹੋਵੇਂਗਾ ਪਰ ਤੇਰੀ ਨਾ ਬਦਲੀ ਚਾਲ।

ਝੂਠੀ ਮੂਠੀ ਰੱਬ ਰੱਬ ਕਰਦੈਂ ਖ਼ੁਦ ਪਰ ਜਾਣੇ ਤੂੰ,
ਰਾਮ ਕਬੀਰਾ ਇੱਕ ਤਾਂ ਹੁੰਦੇ ਜੇ ਰੱਬ ਹੋਵੇ ਦਿਆਲ।

•

ਦੋ ਵੀ ਬੰਦੇ ਨਾਲ ਲੈ ਕੇ ਤੁਰ ਨਾ ਸਕਿਆ ਉਮਰ ਭਰ
ਕਿਸੇ ਦਿਨ ਫਿਰ ਵੇਖਿਓ ਬਦਲਣਗੇ ਮੋਢਾ ਚਾਰ ਚਾਰ
ਦੋ ਵੀ ਬੰਦੇ ਗੱਲ ਕਰਨ ਤਾਂ ਬੋਲਣੋਂ ਰੁਕਦੇ ਨਹੀਂ
ਚੁੱਪ ਚਾਪ ਪਿੱਛੇ ਤੁਰਨਗੇ ਭਾਵੇਂ ਨੜੋਆ ਬੇਸ਼ੁਮਾਰ।

ਮੱਥੇ ਲੱਗਣ ਤੋਂ ਵੀ ਪਰਹੇਜ਼ ਕਰਦੇ ਨੇ ਸੱਜਣ
ਆਖ਼ਰੀ ਦਿਨ ਸਾਰੇ ਰਲ ਕੇ ਕਰਨਗੇ ਮੇਰਾ ਦੀਦਾਰ
ਨਫ਼ਰਤਾਂ ਦੀ ਅੱਗ ਵਿੱਚ ਸੜਦੇ ਰਹੇ ਜੋ ਉਮਰ ਭਰ
ਮੌਤ ਮਗਰੋਂ ਸਾਰੇ ਮਿਲ ਕਰਨਗੇ ਮਿੱਟੀ ਨੂੰ ਪਿਆਰ।
•

ਉਹ ਕਾਹਦਾ ਗੀਤ ਜਿਸਨੂੰ ਗਾਇਆ ਹੀ ਨਾ ਜਾਵੇ,
ਗੀਤ ਤਾਂ ਉਹ ਹੈ ਜਿਹੜਾ ਗਾਉਣ ਵਾਲਾ ਹੋਵੇ।
ਰੁੱਸ ਰੁੱਸ ਬਹਿਣ ਦਾ ਸਵਾਦ ਤਾਹੀਓਂ ਆਂਵਦਾ,
ਇੱਕ ਰੁੱਸੇ ਦੂਜਾ ਮਨਾਉਣ ਵਾਲਾ ਹੋਵੇ।

ਹੁਸਨ ਜਵਾਨੀ ਦੀ ਕਹਾਣੀ ਤਾਹੀਓਂ ਬਣਦੀ ਜੇ,
ਇੱਕ ਦੂਸਰੇ ਨੂੰ ਕੋਈ ਚਾਹੁਣ ਵਾਲਾ ਹੋਵੇ।
ਪਰੇ ਹੋਣ ਦੇ ਡਰਾਵੇ ਦਾ ਵੀ ਮੁੱਲ ਉਦੋਂ ਪੈਂਦਾ,
ਜਦੋਂ ਬਾਂਹੋਂ ਫੜ ਉਸਨੂੰ ਬਿਠਾਉਣ ਵਾਲਾ ਹੋਵੇ।
ਰੱਬ ਵਾਲਾ ਰੁਤਬਾ ਤਾਂ ਬਸ ਉਹਦਾ ਹੁੰਦਾ ਜਿਹਨੂੰ,
ਰੱਬ ਵਾਂਗੂੰ ਦਿਲੋਂ ਲਾ ਧਿਆਉਣ ਵਾਲਾ ਹੋਵੇ।
•

ਦੋਸਤ ਲੱਭਦਿਆਂ-ਲੱਭਦਿਆਂ ਨੇ ਕਈ ਦੁਸ਼ਮਣ ਭਾਲ ਲਏ,
ਫਿਰ ਕੀ ਹੋਣਾ ਸੀ ਰੋ-ਰੋ ਕੇ ਦੀਦੇ ਗਾਲ਼ ਲਏ।

ਕੋੜ੍ਹਮਾ ਜੋੜ ਕਾਹਤੋਂ ਜੇ ’ਕੱਲਿਆਂ ਹੀ ਰਹਿਣਾ ਸੀ,
ਰੀਝਾਂ ਪੂਰੀਆਂ ਕਰਦਿਆਂ ਨੇ ਸੁਪਨੇ ਹੀ ਟਾਲ ਲਏ।

ਜੋ ਹਾਲਾਤ ਤੁਸੀਂ ਖ਼ੁਦ ਪੈਦਾ ਕੀਤੇ ਨੇ,
ਉਹਨਾਂ ਦਾ ਕਾਰਣ ਸਾਡੇ ਤੋਂ ਕਿਉਂ ਪੁੱਛਦੇ ਹੋ।
ਸਾਨੂੰ ਬੇਵਸ ਕਰਕੇ ਅਪਣੀ ਮਰਜ਼ੀ ਨਾਲ,
ਨਾਲੇ ਹੱਥਲ ਕਰਤਾ ਨਾਲੇ ਰੁੱਸਦੇ ਹੋ।

•

ਰੰਗਾਂ ਦੀਆਂ ਰੰਗੋਲੀਆਂ ਤੇ ਵਧੀਆ ਲੱਗਦੇ ਰੰਗ,
ਹੁਸਨ, ਜਵਾਨੀ, ਰੂਪ ’ਤੇ ਸਜਦੇ-ਫਬਦੇ ਰੰਗ।
ਰੁੱਤ-ਰੁੱਤ ਦੇ ਮੇਵੇ ਨੇ ‘ਸੁੰਨੜਾ’ ਕਾਦਰ ਦੀ ਕੁਦਰਤ ਹੈ,
ਖੜਸੁੱਕ ਹੋ ਗਏ ਰੁੱਖਾਂ ਦੇ ਫਿਰਦੇ ਜਬ੍ਹਦੇ ਰੰਗ।

•

ਨੈਣ੍ਹ-ਨਕਸ਼ ਵੱਖੋਂ-ਵੱਖ ਸਭ ਦੇ ਵੇਖਣ, ਸੁੰਘਣ, ਚੱਖਣ ਲਈ,
ਵਰਤੋਂ ਕਰਨ ਲਈ ਰੱਬ ਦਿੱਤੇ, ਨਾ ਕਿ ਸਾਂਭ ਕੇ ਰੱਖਣ ਲਈ।
ਇੱਕ ਮੁਟਿਆਰ ਕਿਸੇ ਨੂੰ ਜਿਹੜੀ ਧੀ, ਭੈਣ, ਮਾਂ ਲੱਗਦੀ ਹੈ,
ਪਰ ਕੋਈ ਗੁੱਭਰੂ ਸੋਚੇ ਉਸ ਨਾਲ ਹੱਸਣ ਤੇ ਵੱਸਣ ਲਈ।
•

ਚੁਣ-ਚੁਣ ਕੇ ਰੰਗ ਭਰ ਕੇ ਜਿਸਨੂੰ ਰੱਬ ਨੇ ਆਪ ਬਣਾਇਆ,
ਉਸਦੇ ਰੰਗਾਂ ਵਿੱਚ ਦੱਸ 'ਸੁੰਨੜਾ' ਤੂੰ ਕੀ ਰੰਗ ਭਰੇਂਗਾ।
ਪਰੀ ਦੇਸ ਦੀ ਰਾਣੀ ਜਿਸ 'ਤੇ ਦੇਵਤਿਆਂ ਦੀਆਂ ਨਜ਼ਰਾਂ,
ਗੀਤ, ਗਜ਼ਲ਼, ਕਵਿਤਾਵਾਂ ਲਿਖ ਕੇ ਤੂੰ ਕੀ ਸਿਫ਼ਤ ਕਰੇਂਗਾ।
•

ਖ਼ੁਦ ਨੂੰ ਬੇਵਫ਼ਾ ਕਹਿਣਾ ਬਹੁਤ ਮੁਸ਼ਕਿਲ ਹੈ ਸੱਚ ਆਖਾਂ,
ਇਹ ਸਭ ਕੁੱਝ ਜਾਣਦੇ ਹੋਇਆਂ ਕਿ ਗੁਸਤਾਖ਼ੀ ਤਾਂ ਹੋਈ ਹੈ।
ਹੱਸਣ ਦੀ ਕੋਸ਼ਿਸ਼ ਬਹੁਤ ਕੀਤੀ, ਚਿਹਰਾ ਬਦਲਣ ਲਈ,
ਪਰ ਅੱਖੀਆਂ ਦਾ ਪਾਣੀ ਦੱਸ ਰਿਹਾ, ਰੂਹ ਰੱਜ ਕੇ ਰੋਈ ਹੈ।

ਬੇਅਰਥ ਹੋ ਗਏ ਹੁਣ ਤਾਂ ਜੀਵਨ ਦੀ ਅਰਥੀ ਦੇ ਅਰਥ,
ਕੀ ਕਰਾਂ ਜੇ ਅਜੇ ਤੱਕ ਮੁੱਕੇ ਨਹੀਂ ਤੇਰੇ ਸਵਾਲ।
ਵਹੀ-ਖਾਤੇ ਤੇਰੇ ਸ਼ਾਇਦ ਅਜੇ ਤੱਕ ਮੁੱਕੇ ਨਹੀਂ,
ਆਪੇ ਦੇ ਕੇ  ਜ਼ਖ਼ਮ ਆਪੇ ਪੁੱਛ ਰਿਹੈਂ ਜ਼ਖ਼ਮਾਂ ਦੇ ਹਾਲ।
•

ਕਈ ਚੀਜ਼ਾਂ ਟੁੱਟ ਜੁੜਦੀਆਂ ਨਹੀਂ,
ਸ਼ੀਸੇ ਵਾਂਗਰ ਨਾ ਟੁੱਟ ਜਾਵੀਂ।
ਜਿਸਦਾ ਦਵਾ-ਦਾਰੂ ਨਹੀਂ ਕੋਈ,
ਦੇਖੀਂ ! ਕਿਤੇ ਐਸਾ ਰੋਗ ਨਾ ਲਾਵੀਂ।

ਐਂਵੇ ਹੀ ਲਾਲਚ ਵਿੱਚ ਆ ਕੇ,
ਕਿਤੇ ਆਪਣਾ ਝੁੱਗਾ ਚੌੜ ਕਰ ਲਵੀਂ।
ਜੋ ਕੁੱਝ ਮਿਲਿਆ ਤੈਨੂੰ 'ਸੁੰਨੜਾ'
ਬਸ ! ਇਸ ਵਿੱਚ ਹੀ ਸ਼ੁਕਰ ਮਨਾਵੀਂ।

•

ਦਿਲ ਤੇਰੇ ਵਿੱਚ ਰੱਬ ਨੇ ਕਾਹਤੋਂ ਐਸੀ ਕਬਰ ਬਣਾਈ।
ਰੱਖਦੀ ਰੀਝਾਂ ਆਪਣੀਆਂ ਤੂੰ ਉਸਦੇ ਵਿੱਚ ਛੁਪਾਈ।

ਜ਼ਾਹਿਰ ਹੂੰਦਾ ਹੈ ਤੇਰੇ ਤੋਂ, ਤੂੰ ਕੁੱਝ ਕਹਿਣਾ ਲੋਚ ਰਹੀ,
ਜਿਗਰਾ ਕਰਕੇ ਕਹਿ ਦੇ 'ਕੇਰਾਂ ਏਨਾ ਕਾਹਤੋਂ ਸੋਚ ਰਹੀ।

•

ਹਲਦੀ, ਤੇਲ ਦਾ ਵਟਣਾ ਲਾ ਲਿਆ ਸਹੁਰੇ ਜਾਣ ਤੋਂ ਪਹਿਲਾਂ,
ਪਤਾ ਸੀ ਤੈਨੂੰ ਮਿਲ ਸਕਦੇ ਨੇ ਜ਼ਖ਼ਮ ਬਹੁਤ ਹੀ ਭਾਰੇ।
ਤੈਨੂੰ ਪਤਾ ਸੀ ਲੰਮੀਆਂ ਰਾਤਾਂ ਵਿੱਚ ਕਿਹੜਾ ਚੰਦ ਚੜ੍ਹਨਾ।
ਸੁਣ ਲਿਆ ਹੋਣੈ ਕਿਵੇਂ ਇਹ ਦੁਨੀਆਂ, ਦਿਨੇ ਦਿਖਾਉਂਦੀ ਤਾਰੇ।

•

ਤੇਰੀਆਂ ਨਜ਼ਰਾਂ ਨੇ ਜਿਹੜਾ ਮੇਰਾ ਗੀਤ ਚੁੰਮ ਲਿਆ,
ਉਸ ਗੀਤ ਨੂੰ ਮੈਂ 'ਕੱਲਿਆ ਬਹਿ ਕੇ ਬਹੁਤ ਵਾਰੀ ਗਾਂਵਦਾ।
ਇਵੇਂ ਲੱਗਦਾ ਹੈ ਜਿਵੇਂ ਕੋਈ ਰੁਤਬਾ ਉੱਚਾ ਹੋ ਗਿਆ,
ਗੀਤਾਂ ਬਹਾਨੇ ਹੀ ਸਹੀ, ਤੇਰਾ ਨਾਮ ਨਜ਼ਰੀਂ ਆਂਵਦਾ।
•

ਤੂੰ ਦੱਸ ਕੇ ਆਪਣੀ ਦਾਸਤਾਂ ਮੇਰੀ ਦੁਖਦੀ ਰਗ਼ 'ਤੇ ਹੱਥ ਧਰਤਾ।
ਮੇਰੇ ਟੁੱਟਦੇ-ਭੱਜਦੇ ਜਿਸਮ ਨੂੰ, ਤੂੰ ਤੇ ਹੋਰ ਵੀ ਨਮ ਜਿਹਾ ਕਰਤਾ।
•

ਬਹੁਤ ਹੋਏ ਕੁਰਬਾਨ ਅਸੀਂ, ਦੇਸ ਦੀ ਰਾਖੀ ਕਰਨ ਲਈ ,
ਪਰ ਸਰਕਾਰਾਂ ਸਮਝਦੀਆ, ਅਸੀਂ ਪੈਦਾ ਹੋਏ ਮਰਨ ਲਈ।
ਹੱਕ-ਸੱਚ ਲਈ ਸਾਡੀ ਕੋਈ, ਆਵਾਜ਼ ਵੀ ਅੱਜ ਮਨਜ਼ੂਰ ਨਹੀਂ।
ਤਾਕਤ ਬਖ਼ਸ਼ੀਂ ਮਾਲਕਾ! ਇਹ ਸਭ ਕੁੱਝ ਵੀ ਜਰਨ ਲਈ।
•

ਮੋਇਆ ਬਾਅਦ ਕਰੂ ਕੋਈ ਯਾਦ ਤਾਂ ਮੇਰੇ ਕਿਸ ਕੰਮ ਆਊ,
ਜਿਉਂਦਿਆਂ ਜਿਹੜਾ ਕੌਡੀਓਂ ਖੋਟਾ, ਮਰ ਕੇ ਕੀ ਉਹ ਰੰਗ ਲਾਊ।
ਪਹਿਲਵਾਨ ਪਟਕੇ ਦੇ ਸਾਰੇ, ਸਿਰੇ ਸਾਰ ਸਭ ਦੁਨੀਆ,
ਮੇਰੇ ਵਰਗਾ ਆਮ ਆਦਮੀ ਕਿਸ ਗਿਣਤੀ ਵਿੱਚ ਗਿਣਿਆ ਜਾਊ।
•

ਅਕਸਰ ਪੰਛੀ ਅੰਬਰਾਂ ਦੇ ਵਿੱਚ ਉਡਣਾ ਚਾਹਵੇ,
ਆਸ਼ਿਕ, ਇਸ਼ਕ ਝਨ੍ਹਾਂ ਵਿੱਚ ਚਾਹੁੰਦਾ ਤਾਰੀਆਂ ਲਾਵੇ।
ਰਾਤ ਦਿਨੇ ਸੁਪਨੇ ਲੈਂਦੇ ਨੇ ਸੁਪਨ ਦੇਸ਼ ਦੇ ਵਾਸੀ,
ਪਰ ਪਰੀ ਦੇਸ਼ ਵਿੱਚ, ਪਰੀ ਬਿਨਾ ਨਾ ਉੱਡਿਆ ਜਾਵੇ।
•

ਸਾਹ ਵੀ ਆਪਣਾ ਨਹੀਂ ਜੋ ਬੰਦਾ ਲੈਂਦਾ ਹੈ,
ਪਰ ਅਰਥੀ ਨੂੰ ਵੀ ਹਰ ਕੋਈ ਮੇਰੀ ਕਹਿੰਦਾ ਹੈ।
ਹੁਕਮੀਂ ਅੰਦਰ ਸੋਚ-ਸਮਝ ਤੇ ਕਰਮ ਇੰਦਰੀਆਂ,
ਪਰ ਮੇਰੇ-ਮੇਰੇ ਮੰਨ ਕੇ ਚਸਕੇ ਲੈਂਦਾ ਹੈ।

ਸਾਰੀਆਂ ਸ਼ਕਤੀਆਂ ਦੇਣਦਾਰ ਦੀਆਂ ਦਾਤਾਂ ਨੇ,
ਪਰ ਸ਼ਕਤੀਵਾਨ ਸਮਝ ਕੇ ਉੱਠਦਾ-ਬਹਿੰਦਾ ਹੈ।
ਇੱਕੋ ਰੰਗ ਮਜੀਠ ਜੋ ਵਿਸਰ ਗਿਆ ‘ਸੁੰਨੜਾ’
ਹਰ ਬੰਦਾ ਝੂਠਿਆਂ ਰੰਗਾਂ ਵਿੱਚ ਰਹਿੰਦਾ ਹੈ।
•

ਜੋ ਖ਼ੁਦ ਹੱਥੀਂ ਪੈਦਾ ਕੀਤੀਆਂ,
ਸੁੱਖ ਨਹੀਂ ਉਹਨਾਂ ਚੀਜ਼ਾਂ ਦਾ।
ਪਰ ਚਰਚਾ ਕਰਕੇ ਵੀ ਕੀ ਕਰਾਂਗੇ,
ਹਾਰੀਆਂ ਹੋਈਆਂ ਰੀਝਾਂ ਦਾ।
•

ਚਾਹਤ ਕੁੱਝ ਜ਼ਿਆਦਾ ਹੀ ਕਰ ਬੈਠੇ ਹਾਂ,
ਇਸਦੇ ਵਿੱਚ ਤੂੰ ਕਦਾਚਿੱਤ ਹਰਜ਼ਾਈ ਨਹੀਂ।
ਤੇਰੀ ਵੀ ਕੋਈ ਮਜ਼ਬੂਰੀ ਹੋ ਸਕਦੀ ਹੈ,
ਮੇਰੇ ਪਾਗਲਪਣ ਲਈ ਕੋਈ ਕਰਜ਼ਾਈ ਨਹੀਂ

•

ਅਰਜ਼, ਬੇਨਤੀ ਕਰਾਂ ਕਿ ਮੈਨੂੰ ਜੋ ਕੁੱਝ ਕਰਦਾਂ ਕਰਨ ਦਿਓ,
ਜੇ ਮੈਂ ਜਾਣਬੁੱਝ ਕੇ ਹਰਦਾਂ, ਤਾਂ ਕੀ ਹੋਇਆ ਹਰਨ ਦਿਓ।
ਚੰਗੇ ਬਣਨਾ ਸ਼ਾਇਦ ਮੈਨੂੰ ਨਾ ਆਇਆ ਨਾ ਹੀ ਆਉਣਾ,
ਪਰ ਆਪਣੀ ਮਰਜ਼ੀ ਦੇ ਨਾਲ ਮੈਨੂੰ ਜਾਨ ਤਲੀ 'ਤੇ ਧਰਨ ਦਿਓ।

•

ਧਰਤ, ਆਕਾਸ਼, ਪਾਤਾਲ ਖੋਜਦਾ ਫਿਰਦਾ ਹੈ ਸੰਸਾਰ,
ਅੰਬਰ ਕਦੇ ਵੀ ਸਰ ਨਹੀਂ ਹੋਣੇ, ਐਵੇਂ ਨਾ ਤੂੰ ਖੰਭ ਖਿਲਾਰ।
ਜਿਉਂ-ਜਿਉਂ ਚਾਨਣ ਭਾਲੇਂਗਾ, ਵਧਦਾ ਜਾਵੇਗਾ ਅੰਧਕਾਰ,
ਰੱਬ ਦੀ ਰਜ਼ਾ 'ਚ ਰਹਿ ਬੰਦਿਆ! ਐਵੇਂ ਨਾ ਝੱਖ ਮਾਰ।

•

ਮਨ ਮੰਦਰ ਅੰਦਰ ਨਹੀਂ ਬਹਿੰਦਾ, ਮਨ ਉੱਠ-ਉੱਠ ਕੇ ਨੱਸਦਾ ਬਾਹਰ।
ਕਰਤਵਿੱਦਿਆ ਤੋਂ ਕਤਰਾਉਂਦਾ, ਉਂਝ ਲੱਭਦਾ ਫਿਰਦਾ ਆਹਾਰ।

ਜੋ ਲੱਭਣਾ ਤੈਨੂੰ ਅੰਦਰੋਂ ਲੱਭਣਾ ਮਨਾਂ! ਭਟਕ ਨਾ ਜੰਗਲ ਬੇਲੇ,
ਖੱਜਲ-ਖ਼ੁਆਰ ਖੜੀਚਿਆ ਫਿਰਦੈਂ, ਕਿਉਂ ਖੋਜੀਏ ਜੋ ਜੱਗ ਜ਼ਾਹਿਰ।

•

ਬਾਪੂ ਵਾਲੇ ਚਾਰ੍ਹ ਸਿਆੜ੍ਹ ਵੀ ਜਾਂਦੇ ਲੱਗੇ ਜਿਸ ਦਿਨ ਤੋਂ,
ਬਰੀ ਹੋ ਗਏ ਸਰਦਾਰੀ ਦੇ ਛੱਜ ਨੇ ਬੜਾ ਸਤਾਇਆ ਸੀ।
ਮਿੱਟੀ ਵਿੱਚ ਮਿੱਟੀ ਹੋ ਕੇ ਵੀ ਕਰਜ਼ਾ ਲੱਥ ਨਹੀਂ ਸਕਿਆ,
ਧੀ ਦੀ ਸ਼ਾਦੀ ਕਰਨ ਲਈ ਬਾਪੂ ਨੇ 'ਗੂਠਾ ਲਾਇਆ ਸੀ।
•

ਇੱਕ ਤੋਂ ਲੱਖ, ਲੱਖਾਂ ਵਿੱਚ ਇੱਕੋ, ਇੱਕ ਤੋਂ ਅਰਬ ਕਰੋੜਾਂ,
ਚੰਗਾ ਭਲਾ ਪਤਾ ਸਭ ਨੂੰ, ਇੱਕੋ ਦੀਆਂ ਸਭ ਨੂੰ ਲੋੜਾਂ।
ਫਿਰ ਵੀ ਹਰ ਕੋਈ ਆਪੋ-ਆਪਣੇ ਰਾਹ ਬਣਾਉਂਦਾ ਫਿਰਦਾ,
ਦਿਲ ਦਿਮਾਗ਼ ਦੋਹਾਂ ਨੂੰ ਦੱਸੋ! ਮੋੜਾਂ ਤਾਂ ਕਿੰਝ ਮੋੜਾਂ।
•

ਦੁਨੀਆਂ 'ਚ ਅਰਬਾਂ ਲੋਕ ਹਨ ਕਈ ਇੱਕ-ਦੂਜੇ ਨੂੰ ਜਾਣਦੇ,
ਮੇਰਾ-ਮੇਰਾ ਕਰਦੇ ਲੱਗਦੇ ਇੱਕ ਦੂਜੇ ਦੇ ਹਾਣ ਦੇ।
ਲੇਕਿਨ ਹਰ ਇੱਕ ਨੂੰ ਹੀ ਆਪਣਾ ਆਪ 'ਕੱਲਾ ਲੱਗ ਰਿਹਾ,
ਕੱਲਮ ਕੱਲੇ ਸਾਰੇ ਭਾਵੇਂ ਰਲ਼ ਕੇ ਵੀ ਖੇਹ ਛਾਣਦੇ।
ਪਹਿਰ ਦੇ ਤੜਕੇ 'ਕੱਲਾ ਬੈਠ ਕੇ ਕੁਝ ਲਿਖ ਰਿਹੈ,
ਭਾਵੇਂ ਲੱਖਾਂ ਲੋਕ 'ਸੁੰਨੜ' ਨੂੰ ਕਰੀਬੋਂ ਜਾਣਦੇ।
ਮੇਰੀ ਮਦਦ ਤੂੰ ਕੀ ਕਰਨੀ ਹੈ ਤੂੰ ਆਪਣੇ ਬਾਰੇ ਸੋਚ,
ਬਹੁਤ ਰੌਲ਼ਾ ਸੁਣ ਲਿਆ ਤੇਰਾ ਤੂੰ ਬਸ! ਹੁਣ ਜਾਣ ਦੇ।
•

ਪਾਕਪਟਨ ਤੋਂ ਕਾਂਸ਼ੀ ਤੱਕ ਦੀ ਬੋਲੀ ਤਾਂ ਇੱਕੋ ਹੈ,
ਭਗਤ ਕਬੀਰ ਤੇ ਬਾਬੇ ਸ਼ੇਖ ਫਰੀਦ ਨੂੰ ਦੇਖ ਲਵੋ ਪੜ੍ਹ ਕੇ।
ਅਸੀਂ ਆਪਣੀ ਮਾਂ ਬੋਲੀ ਨੂੰ ਆਪਣੇ ਹੱਥੀਂ ਲੀਰਾਂ ਕੀਤਾ ਹੈ,
ਪੂਰੇ ਪੰਗੇ ਲੈਂਦੇ ਹਾਂ ਇੱਕ ਦੂਜੇ ਦੇ ਰਾਹ ਵਿੱਚ ਖੜ ਕੇ।
•

ਲੂਣ, ਮਿਰਚ, ਮਸਾਲਾ ਪਾ ਕੇ ਪਾਣੀ ਰਿੰਨ੍ਹਿਆ ਬਹੁਤ ਚਿਰ,
ਕੀ ਹੋਇਆ ਜੇ ਭੁੱਲ ਗਏ ਪਾਉਣੇ ਚਾਰ ਕੁ ਦਾਣੇ ਦਾਲ ਦੇ।
ਗੁਣ-ਗਿਆਨ ਤੋਂ ਹੱਥ ਤੰਗ ਹੈ ਤਾਂ ਫਿਰ ਕੀ ਹੋਇਆ ਦੱਸਿਓ! ਖਾਂ,
ਬਾਕੀ ਗੱਲਾਂ ਨੂੰ ਛੱਡੋ! ਸਾਡੇ ਨਖ਼ਰੇ ਬੜੇ ਕਮਾਲ ਦੇ
•

ਨਿੱਜ ਘਰ ਤੇਰਾ ਇੱਕੋ ਬੰਦਿਆ! ਜਿਸ ਵਿੱਚ ਤੂੰ ਵੱਸਦਾ-ਰਸਦਾਂ,
ਤਨ, ਮਨ ਤੇਰਾ ਕੋਠੜਾ ਬੰਦਿਆ! ਪਰ ਤੂੰ ਬਾਹਰ ਨੂੰ ਨਸਦਾਂ।
ਅੰਮ੍ਰਿਤ ਵੀ ਤੇਰੇ ਅੰਦਰ ਹੈ, ਜ਼ਹਿਰ ਵੀ ਅੰਦਰ ਹੈ ਤੇਰੇ,
ਨਿਰਭਰ ਕਰਦਾ ਤੇਰੇ 'ਤੇ ਤੂੰ ਜੋ ਬਣਨਾ, ਬਣ ਕੇ ਦੱਸਦਾਂ।
•

ਗੱਲਾਂ ਕਰਦੇ ਸੱਤ ਜਨਮ ਦੇ ਸਾਥ ਦੀਆਂ,
ਪਰ ਇੱਕ ਜਨਮ ਦੇ ਸਾਥੀ ਬਣਨਾ ਨਹੀਂ ਆਉਂਦਾ।
ਪਿਆਰ, ਮੁਹੱਬਤ ਹਰ ਕੋਈ ਲੱਭਦਾ ਫਿਰਦਾ ਹੈ,
ਪਰ ਹਰ ਕੋਈ ਆਪਣਾ ਹੀ ਠੂਠਾ ਅੱਗੇ ਡਾਉਂਦਾ।

ਸੁੱਖ, ਸਹਿਜ, ਸੰਤੋਖ ਵੀ ਆਇਆ ਕਈ ਵਾਰੀ,
ਆਉਂਦੇ ਜਾਂਦੇ ਰਹੇ ਖੁਸ਼ੀਆਂ ਦੇ ਖੇੜੇ ਵੀ ਕਈ ਵਾਰ।
ਪਰ ਹਰ ਵਕਤ ਅੰਗ-ਸੰਗ ਰਹਿੰਦੇ ਦੁੱਖ-ਦਰਦ,
ਕੁੱਝ ਨਾ ਕੁੱਝ ਦੁਖਦਾ ਹਮੇਸ਼ਾ ਜਾਣੇ ਸਭ ਸੰਸਾਰ।
•

ਇਤਬਾਰ ਨਹੀਂ ਕਰਨਾ ਤਾਂ ਕੋਈ ਨਹੀਂ ਖ਼ੈਰ ਸੱਲਾ!
ਪਰ ਪੂਜਾ ਕਰਨ ਦੇ ਦੋਸ਼ ਵਿੱਚ ਬਨਵਾਸ ਨਾ ਦੇਵੋ।
ਆਪਣੀ ਜਾਨ ’ਤੇ ਖੇਡਣਾ ਕਿੱਡੀ ਕੁ ਗ਼ਲਤੀ ਹੈ ਭਲਾ!
ਤੁਸੀਂ ਮਲ੍ਹਮ ਪੱਟੀ ਨਾ ਕਰੋ, ਧਰਵਾਸ ਨਾ ਦੇਵੋ।
•

ਰੂ ਬ ਰੂ ਹੋਵਣ ਦੀ ਲੱਗੀ ਹੈ ਲਗਨ ਪਰ ਅਜੇ ਤਕ,
ਤੇਰੇ ਨਾਲ ਅੱਖਾਂ ਚਾਰ ਨਹੀਂ ਹੋਈਆਂ।
ਤੇਰੇ ਮੁਹੱਲੇ ਬਿਨਾ ਨਾਗਾ ਜਾਈਦਾ ਰੀਝਾਂ ਅਜੇ ਤਕ
ਸਾਡੀਆਂ ਅਵਾਜ਼ਾਰ ਨਹੀਂ ਹੋਈਆਂ।
•

ਪੱਥਰ ਵੀ ਕਦੇ ਪਹਾੜ ਹੁੰਦੇ ਹੋਣਗੇ,
ਬਰਫ਼ ਹੁੰਦਾ ਹੋਏਗਾ ਨਦੀਆਂ ਦਾ ਪਾਣੀ।
ਸਮੇਂ ਦੇ ਨਾਲ ਸਭ ਕੁੱਝ ਬਦਲ ਜਾਂਦਾ,
ਹੁੰਦੜੀ ਚਲੀ ਆਈ ਤੂੰ 'ਕੱਲਾ ਨਾ ਜਾਣੀ।
•

ਆਵੋ ਮਿੱਤਰ ਪਿਆਰਿਓ! ਗਾਵੋ ਸੱਚੀ ਬਾਣੀ।
ਜਿਤ ਸਿਮਰਣ, ਸੁਖ ਘਰ ਵਸੈ, ਆਪੇ ਆਪ ਵਢਾਣੀ।
•

ਹਰ ਕਿਸੇ ਦਾ ਥੋੜਾ ਬਹੁਤਾ ਹੁੰਦਾ ਹੈ ਸਵੈਮਾਨ,
ਆਪਣੀ ਮਰਜ਼ੀ ਕਰਨ ਵਾਸਤੇ ਹਰ ਕੋਈ ਲਾਵੇ ਤਾਣ।
ਇੱਕ-ਦੂਜੇ ਤੋਂ ਵਧ ਕੇ ਸਾਰੇ ਬਣਦੇ ਹਨ ਉਸਤਾਦ,
ਜਾਣੀ ਜਾਣ ਹੈ ਦੁਨੀਆ ਸਾਰੀ ਕੋਈ ਨਹੀਂ ਅਣਜਾਣ।
•

ਐਸੀ ਕਿਰਤ ਨਾ ਕਰੀਏ ਕੋਈ ਕਿ ਜੋਕਾਂ ਬਣ ਕੇ,
ਲਹੂ ਪੀ ਜਾਵਣ ਰੋਗ-ਸੋਗ ਇਹ ਭਾਰੇ।
ਰੋਗ-ਸੋਗ ਨਾਲ ਲਹੂ ਸੁੱਕ ਜਾਂਦੈ ਪਰ
ਬੰਦੇ ਦੀਆਂ ਆਪ ਚਮੇੜੀਆਂ ਜੋਕਾਂ ਲੈਣ ਨਜ਼ਾਰੇ।
•

ਦੇਣਹਾਰ ਦੀਆਂ ਦਾਤਾਂ ਨੇ ਜੋ ਕੁੱਝ ਵੀ ਆਪਣਾ ਲੱਗਦਾ ਹੈ,
ਮਿਹਨਤਕਸ਼, ਤਪੱਸਵੀ ਲੋਕੀਂ ਦੁਨੀਆਂ ਵਿੱਚ ਆਬਾਦ ਹੋਏ।
ਜੀਵਨ ਦੇ ਘਾਟੇ-ਵਾਧੇ ਤਾਂ ਕਿਰਤ-ਕਰਮ ਦੇ ਮੇਵੇ ਨੇ,
ਗ਼ਲਤ ਰਸਤਿਆਂ 'ਤੇ ਭੱਜ-ਭੱਜ ਕੇ ਖ਼ੁਦ ਆਪਾਂ ਬਰਬਾਦ ਹੋਏ।
•

ਨਜ਼ਰ ਮਿਲਾ ਕੇ ਕੋਲ ਆ ਕੇ ਵੀ ਜੇ ਚੁੱਪ ਹੈਂ ਤੂੰ,
ਕਿਵੇਂ ਕਹਾਂ ਦਿਲ ਨੂੰ ਕਿ ਇਹ ਵੀ ਸੱਟ ਜਰ ਜਾਵੇ।
ਫੇਰ ਵੀ ਇਹ ਦਿਲ, ਦਿਲ ਦੀ ਹੀ ਗੱਲ ਮੰਨਦਾ ਹੈ,
ਲੰਘ ਜਾਵੇ ਪਾਣੀ, ਕੰਡਾ ਲੱਖ ਵਾਰੀ ਖ਼ਰ ਜਾਵੇ।
•

ਯਾਰੜਿਆ! ਤੈਨੂੰ ਕਿੰਝ ਸਮਝਾਵਾਂ ਕਿਵੇਂ ਬੀਤ ਰਹੀ ਸਾਡੀ,
ਨਾ ਦਿਲ ਦਾ ਦਰਦ ਹੀ ਜਰ ਹੁੰਦਾ, ਨਾ ਤੇਰੇ ਤਕ ਹੀ ਪਹੁੰਚ ਕੋਈ।
•

ਵਾਹ ਜਹਾਨ ਦੀ ਲਾ 'ਤੀ, ਇਹ ਜ਼ਿੰਦਗੀ ਜੀਵਣ ਲਈ,
ਪਰ ਪਤਾ ਨਾ ਲੱਗਿਆ ਕਿ ਜ਼ਿੰਦਗੀ ਕਿਸ ਬਲਾ ਦਾ ਨਾਮ ਹੈ।
•

ਵੰਝਲੀ ਤੇਰੇ ਹੱਥ ਵੇ ਅੜਿਆ! ਉੱਠਦੀ ਜਾਂਦੀ ਸੱਥ ਵੇ ਅੜਿਆ!!
ਪਰ ਜਿੰਨਾ ਚਿਰ ਫੂਕ ਨਹੀਂ ਵੱਜਦੀ, ਹੋ ਨਹੀਂ ਸਕਦੀ ਗਤ ਵੇ ਅੜਿਆ!!!
•

ਇੱਕ ਘੜੀ ਨਾ ਵਿਛੁੜਾਂ ਤੁਧ ਸਿਉਂ ਮੈਂਡੇ ਮਿੱਤਰ ਪਿਆਰਿਆ!
ਤੂੰ ਹੀ ਤਰਨ ਤਾਰਨ, ਤੂੰ ਤਾਰਦਾ, ਜੋ ਤਰਿਆ, ਤੂੰ ਹੀ ਤਾਰਿਆ।
•

ਮਾਸਾਹਾਰੀ ਜਾਨਵਰਾਂ ਲਈ ਫੁੱਲਾਂ ਦੀ ਕੀ ਕੀਮਤ ਹੈ।
ਅੰਗਾਂ ਦੀ ਅੰਗੜਾਈ ਹਰ ਇੱਕ ਢਿੱਡ ਭਰਨ ਤਕ ਸੀਮਿਤ ਹੈ।
•

ਘਰ ਤੋਂ ਨਿਕਲ ਤੁਰੇ ਸੀ ਮੰਜ਼ਿਲ ਦੀ ਭਾਲ ਦੇ ਵਿੱਚ,
ਚੱਲੇ ਸੀ ਜਿਸ ਜਗ੍ਹਾ ਤੋਂ ਓਹੀਓ ਤਾਂ ਸੀ ਟਿਕਾਣਾ।
ਕਈ ਰਾਹਾਂ ਖਹਿੜਿਆਂ ’ਤੇ ਭੱਜ-ਭੱਜ ਕੇ ਸਫ਼ਰ ਕੀਤਾ,
ਪਰ ਸਾਰੇ ਰਸਤਿਆਂ ਨੇ ਮੰਜ਼ਿਲ ਤੋਂ ਦੂਰ ਜਾਣਾ।
•

ਜ਼ਿੰਦਗੀ ਇੱਕ ਨਜ਼ਮ ਹੈ, ਇੱਕ ਗ਼ਜ਼ਲ ਹੈ, ਇੱਕ ਗੀਤ ਹੈ,
ਲੇਕਿਨ ਕੁੱਝ ਵੀ ਨਹੀਂ ਹੈ ਜੇ ਸੁਰ ਵਿੱਚ ਗਾਇਆ ਨਾ ਗਿਆ।
ਜ਼ਿੰਦਗੀ ਦਿਲਚਸਪ ਝਾਕੀ ਹੈ ਇੱਕ ਨਾਟਕ ਹੈ,
ਪਰ ਕੌਣ ਜਾਣੇ ਜੇ ਕਿਸੇ ਵੀ ਮੰਚ ’ਤੇ ਇਸਨੂੰ ਦਿਖਾਇਆ ਨਾ ਗਿਆ।

ਜਿਸ ਛੱਤ ਥੱਲੇ ਦੁੱਖ-ਸੁੱਖ ਕੋਈ ਨਹੀਂ ਫੋਲ੍ਹਦਾ,
ਘਰ ਨਹੀਂ ਹੁੰਦਾ, ਉਹ ਸਰਾਂ ਹੁੰਦੀ ਹੈ।
ਦੁੱਧ ਪਿਆਵੇ ਮੂੰਹੋਂ ਬੋਲ ਵੀ ਨਾ ਸਕੇ ਜਿਹੜੀ,
ਔਰਤ ਨਹੀਂ ਹੁੰਦੀ ਮੱਝ, ਗਾਂ ਹੁੰਦੀ ਹੈ।

ਪਿਆਰ ਸਤਿਕਾਰ ਬੁਨਿਆਦ ਹੁੰਦੀ ਘਰ ਦੀ,
ਘਰ-ਘਰ ਵਿੱਚ ਕਿਉਂ ਜ਼ਮੀਰ ਜਾਂਦੀ ਮਰਦੀ।
ਉਹੀਓ ਹੁੰਦੀ ਨਦੀ ਜੀਦ੍ਹੇ ਦੋਵੇਂ ਕੰਢੇ ਹੋਣ,
ਸੁਨਾਮੀ ਹੈ ਜੋ ਕੰਢਿਆਂ ਬਿਨਾਂ ਹੁੰਦੀ ਹੈ।
•

ਮੰਨਦੇ ਹਾਂ ਰਾਮਲੀਲ੍ਹਾ ਮਿਥਿਹਾਸ ਦੀ ਕਥਾ ਹੈ,
ਪਰ ਅੱਜ ਜੋ ਹੋ ਰਿਹਾ ਹੈ, ਇਤਿਹਾਸ ਹੋ ਰਿਹਾ ਹੈ।
ਉਧਾਲ ਹੁੰਦੀ ਨੇਕੀ ਸਰ੍ਹੇਆਮ, ਦੇਖਦੇ ਸਭ ਰਾਵਣ ਨੇ,
ਹਰ ਸ਼ਹਿਰ ਵਿੱਚ ਵਿਸ਼ਵਾਸਘਾਤ ਹੋ ਰਿਹਾ ਹੈ।
•

ਜੀ ਕਰਦਾ ਅੱਜ ਮੈਂ ਆਪਣੇ ਸਾਰੇ ਖੰਭ ਖਿਲਾਰ ਦਿਆਂ,
ਜੇ ਅਸਮਾਨ ਇਜਾਜ਼ਤ ਦੇਵੇ ਇੱਕ ਉਡਾਰੀ ਮਾਰ ਦਿਆਂ।
ਅਸੀਮ, ਅਥਾਹ ਅੰਬਰ ਨੂੰ ਭਾਵੇਂ ਖ਼ਬਰ ਤੀਕ ਵੀ ਨਾ ਹੋਵੇ,
ਜੇ ਜ਼ਰਾ ਹੁੰਘਾਰਾ ਮਿਲ ਜਾਵੇ ਮੈਂ ਦੁਨੀਆ ਨੂੰ ਲਲਕਾਰ ਦਿਆਂ।
•

ਦੁਨੀਆ ਕੀ ਆਖੂਗੀ, ਏਸੇ ਡਰ ਵਿੱਚ ਉਮਰਾਂ ਬੀਤ ਗਈ,
ਸੋਚ-ਸਮਝ ਨੂੰ ਜੰਦਰਾ ਲਾ ਕੇ ਦਿਲ ਦੀ ਜੂਨ ਸੰਵਾਰ ਦਿਆਂ।
ਸਾਗਰ ਦੀ ਜੇ ਸ਼ਰਣ ਮਿਲੇ ਤਾਂ ਤਰਨਾ ਆਪੇ ਆ ਜਾਊ,
ਬਸ! ਇੱਕ ਤੈਨੂੰ ਜਿੱਤ ਲਵਾਂ ਤਾਂ ਬਾਕੀ ਸਭ ਕੁੱਝ ਹਾਰ ਦਿਆਂ।
•

ਰੱਬ ਨੇ ਪੂਰੀ ਵਾਹ ਲਾ ਕੇ ਬੰਦੇ ਦੀ ਜੂਨ ਬਣਾਈ,
ਰੱਬ ਵਰਗਾ ਚਿਹਰਾ ਤੇ ਸਿਰ ਵਿੱਚ ਸੋਚ-ਸਮਝ ਵੀ ਪਾਈ।
ਪਰ ਬੰਦੇ ਨੇ ਆਪਣੀ ਤਾਕਤ ਦੀ ਦੁਰਵਰਤੋਂ ਕੀਤੀ,
ਜਿਸ ਦਿਨ ਹੋਊ ਹਿਸਾਬ ਤਾਂ ਗਿਣੀ ਜਾਊਗੀ ਪਾਈ-ਪਾਈ।
•

ਸਤਿ, ਸੰਤੋਖ਼, ਸਹਿਜ ਨਾ ਧਿਆਇਆ, ਗਾਹ ਛੱਡਿਆ ਸੰਸਾਰ,
ਪੰਜ ਦੂਤਾਂ ਦੇ ਵਸ ਦੁਨੀਆ, ਕਾਬਜ਼ ਹੋਏ ਵਿਕਾਰ।
ਪਾਪ ਉਤਾਰਨ ਦੇ ਲਈ ਲੋਕੀਂ, ਨਿੱਤ ਅਰਦਾਸਾਂ ਕਰਦੇ,
ਪਰ ਧਰਮਰਾਜ ਦੇ ਵਹੀ-ਖਾਤੇ ਵਿੱਚ ਵਧਦਾ ਜਾਂਦਾ ਭਾਰ।
•

ਦਰਦ ਦਿਲ ਦਾ ਜੋ ਮੇਰੇ ਹੋਂਠਾਂ ਤੋਂ ਸੁਣਿਆ ਨਾ ਗਿਆ,
ਸ਼ਾਇਦ ਫਿਰ ਉਹ ਦਰਦ ਸਾਰਾ ਅਣਕਿਹਾ ਹੀ ਰਹਿ ਗਿਆ।
ਕੁੱਝ ਵੀ ਆਖਣ ਦੇ ਲਈ ਹਿੰਮਤ ਤਾਂ ਕਰਨੀ ਪਵੇਗੀ,
'ਸੁੰਨੜ' ਹੀ ਹੋਣਾ ਹੈ ਕਿ ਜੋ ਚੁੱਪ-ਚਾਪ ਸਭ ਕੁੱਝ ਸਹਿ ਗਿਆ।
•

ਮੈਨੂੰ ਮੇਰੀ ਲੜੀ ਦੁਮੂੰਹੀ ਜ਼ਹਿਰ ਚੜ੍ਹੀ ਲੂੰ-ਲੂੰ।
ਆਪਣੇ ਲੱਛਣੀਂ ਧੋਖ਼ਾ ਖਾ ਕੇ ਹੁਣ ਕਿਉਂ ਰੋਵੇਂ ਤੂੰ।
ਜਾਨਵਰਾਂ ਤੋਂ ਸਿੱਖ ਲੈਂਦਾ ਕਿ ਆਪਣੇ ਨਹੀਂ ਬਣਾਈਦੇ,
ਅੱਜ ਵੀ 'ਕੱਲੇ ਬੈਠ ਪਰਿੰਦੇ ਕਰ ਸਕਦੇ ਘੂੰ-ਘੂੰ।
•

ਭਾਰਤ ਵਿੱਚ ਕਰੋੜਪਤੀ ਤਾਂ ਡੱਕਾ ਦੋਹਰਾ ਨਹੀਂ ਕਰਦੇ,
ਅਮਰੀਕਾ ਵਿੱਚ ਸਾਰੇ ਆਪੋ-ਆਪਣੀ ਗੁੱਲੀ ਸੇਕਦੇ।
ਅਮਰੀਕਣ ਤਾਂ ਆਪੋ-ਆਪਣੇ ਕਾਰਜ ਸਾਰੇ ਆਪ ਕਰਨ,
ਭਾਰਤ ਵਿੱਚ ਤਾਂ ਸਾਰਾ ਕੰਮ ਨੌਕਰ-ਚਾਕਰ ਦੇਖਦੇ।

ਜਿਉਂਦਿਆਂ ਨੂੰ ਪੱਥਰਾਂ ਅੱਗੇ ਬਲੀ ਚੜ੍ਹਾਈ ਜਾਂਦੇ ਲੋਕ,
ਮੋਇਆਂ ਦੇ ਮੂੰਹਾਂ ਵਿੱਚ ਘਿਓ ਨੂੰ ਪਾਈ ਜਾਂਦੇ ਲੋਕ।
ਇੱਕ ਨਾ ਸੁਣੀ ਉਹਨਾਂ ਦੀ ਜਿਹੜੇ ਮਰ ਮੁੱਕੇ 'ਵਾਜ਼ਾਂ ਦੇ ਦੇ,
ਬੋਲ ਵਿਹੂਣਿਆਂ ਨੂੰ ਕਬਰਾਂ 'ਚੋਂ ਬਾਹਰ ਲਿਆਈ ਜਾਂਦੇ ਲੋਕ।
•

ਆਪ ਬਣਾਏ ਪਿੰਜਰੇ ਵਿੱਚ ਤੂੰ ਮਰਜ਼ੀ ਦੇ ਨਾਲ ਬੈਠਾ ਹੈਂ,
ਖੁੱਲ੍ਹੇ ਅਸਮਾਨ ਦੇ ਵਿੱਚ ਤੂੰ ਖ਼ੁਦ ਨਹੀਂ ਉੱਡਣਾ ਚਾਹਿਆ।
ਦੁਨੀਆ ਦਾ ਡਰ ਏਨਾ ਨਹੀਂ ਜਿੰਨਾ ਤੂੰ ਖ਼ੁਦ ਤੋਂ ਡਰਦਾ ਹੈਂ
ਆਪਣੇ ਆਪ 'ਤੇ ਬੇਵਿਸ਼ਵਾਸੀ ਕਰਕੇ ਦੱਸ ਕੀ ਪਾਇਆ।
•

ਰੱਬ ਦੀ ਰਜ਼ਾ ਦੇ ਵਿੱਚ ਰਹਿਣਾ ਪੈਣਾ ਆਂ,
ਏਸੇ ਵਿੱਚ ਸ਼ੁਕਰ ਮਨਾਈ ਬੰਦਿਆ!
ਇਨਸਾਨੀਅਤ ਜਿੱਥੇ ਮਾਰ ਖਾ ਜਾਵੇ
ਐਸੀ ਨਾ ਤੂੰ ਕਿਰਤ ਕਮਾਈਂ ਬੰਦਿਆ!
•

ਜੇ ਤੂੰ ਡਰਾਉਂਦਾ ਹੈਂ ਜੱਗ ਨੂੰ ਜਾਂ ਕੋਈ ਤੇਰੇ ਤੋਂ ਡਰਦਾ ਹੈ।
ਦੁਨੀਆ ਪਾਣੀ ਭਰਦੀ ਜਾਂ ਤੂੰ ਕਿਸੇ ਦਾ ਪਾਣੀ ਭਰਦਾ ਹੈਂ।

ਹੈ ਕੋਈ ਗੁਲਾਮ ਤੇਰਾ ਜੇਕਰ ਜਾਂ ਤੂੰ ਕਿਸੇ ਦਾ ਬਰਦਾ ਹੈਂ।
ਜਾਂ ਤੈਨੂੰ ਏਦਾਂ ਲੱਗਦਾ ਹੈ ਕਿ ਤੂੰਹੀਓਂ ਸਭ ਕੁੱਝ ਕਰਦਾ ਹੈਂ।
•

ਇਨਸਾਨੀ ਜਾਮੇ ਨੂੰ ਬੰਦਿਆ! ਤੂੰ ਐਵੇਂ ਨਹੀਂ ਗਵਾ ਸਕਦਾ।
ਪਹਿਲਾ ਤੇ ਇਹ ਆਖ਼ਰੀ ਮੌਕਾ ਤੂੰ ਮੁੜ ਕਦੇ ਨਹੀਂ ਆ ਸਕਦਾ।

ਦੇ ਸਕਦਾ ਹੈ ਤਾਂ ਕੁੱਝ ਦੇ ਜਾ, ਜਿਹੜਾ ਦੁਨੀਆ ਯਾਦ ਕਰੇ,
ਇੱਕ ਗੱਲ ਤਾਂ ਪੱਕੀ ਹੈ ਬੰਦਿਆ! ਤੂੰ ਲੈ ਕੇ ਕੁੱਝ ਨਹੀਂ ਜਾ ਸਕਦਾ।
•

ਤੂੰ ਬਖ਼ਸ਼ਿਸ਼ ਤੂੰ ਬਖ਼ਸ਼ਣਹਾਰ, ਤੂੰ ਹੀ ਦਾਤ ਤੂੰ ਹੀ ਦਾਤਾਰ।
ਤੂੰ ਕਾਰਜ ਤੂੰ ਕਰਣਹਾਰ, ਤੂੰ ਵਿਉਪਾਰੀ ਤੂੰ ਵਿਉਪਾਰ।

ਮੇਰਾ ਤਾਂ ਸਾਹ ਵੀ ਮੇਰਾ ਨਹੀਂ, ਪਤਾ ਨਹੀਂ ਆਵੇ ਨਾ ਆਵੇ,
ਜੀਅ-ਜੰਤ ਸਭ ਤੇਰਾ ਦਾਤਾ, ਜੀਵਤ ਰੱਖ ਜਦ ਚਾਹੇਂ ਮਾਰ।
•

ਕਰਤਾ ਵੀ ਤੂੰ ਹਰ ਕਰਮ ਦਾ ਕਾਰਣ ਵੀ ਤੂੰ, ਕਿਰਿਆ ਵੀ ਤੂੰ
ਹਰ ਵਿਧੀ ਦਾ ਵਿਧਾਨ ਤੂੰ ਹੈਂ ਮਾਲਕਾ!
ਗਣਿਤ ਤੇਰਾ, ਗਿਣਤੀਆਂ ਵੀ ਤੇਰੀਆਂ, ਭੁੱਖ, ਪਿਆਸ ਤੇਰੀ,
ਤੇ ਸਾਰਾ ਤ੍ਰਿਪਤੀਆਂ ਦਾ ਗਿਆਨ ਤੂੰ ਹੈਂ ਮਾਲਕਾ!!

ਪਰ ਮੇਰੀ ਮੈਂ ਮੇਰੇ ਤੋਂ ਕਾਬੂ ਕਦੇ ਨਾ ਆਈ, ਭੱਜਿਆ ਫਿਰਦਾ ਹਾਂ,
ਜਿਵੇਂ ਆਸਮਾਨ ਥੰਮਿਆ ਹੈ ਟਟਹਿਰੀ ਨੇ।
ਵਿਦਵਤਾ ਆਪਣੀ 'ਤੇ ਫਿਰ ਵੀ ਫ਼ਖ਼ਰ ਹੈ ਮੈਨੂੰ,
ਇਹ ਵੀ ਪਤਾ ਹੈ ਵਿੱਦਿਆ ਵੀ ਤੂੰ ਵਿਗਿਆਨ ਤੂੰ ਹੈਂ ਮਾਲਕਾ!!!
•

ਰੱਬ ਨੇ ਬਣਾਇਆ ਬੰਦਾ ਆਪੇ ਦੂਜਾ ਰੱਬ ਵੇ,
ਆਪਣੀ ਸ਼ਕਲ ਦੇ ਕੇ ਪਾ ਲਿਆ ਈ ਜੱਭ ਵੇ।
ਹਰ ਕੋਈ ਬੰਦਾ ਤਕਦੀਰ ਲਿਖੇ ਦੁਨੀਆ ਦੀ,
ਮੌਲਾ ਨੂੰ ਬਣਾਉਣਾ ਹਰ ਬੰਦੇ ਦਾ ਸਬੱਬ ਵੇ।

ਹੱਥੀਂ ਦਿੱਤੀਆਂ ਨੂੰ ਰੱਬ ਦੰਦਾਂ ਨਾਲ ਖੋਲ੍ਹਦਾ ਹੈ,
ਚੱਕਰਵਿਊ 'ਚੋਂ ਹੁਣ ਕਿੱਥੇ ਜਾਊ ਭੱਜ ਵੇ।
ਰੱਬ! ਰੱਬ!! ਕਰੇ ਰੱਬ ਵਸ ਪਿਆ ਬੰਦਿਆਂ ਦੇ,
ਕਿਵੇਂ ਛੁਟਕਾਰਾ ਹੋਵੇ ਔੜਦਾ ਨਾ ਚੱਜ ਵੇ।

ਜਦ ਪਰਖਣ ਵਾਲਾ ਕੋਈ ਨਹੀਂ
ਕੀ ਫ਼ਰਕ ਹੈ ਫਿਰ ਦੱਸਿਓ! ਮੈਨੂੰ
ਕੰਡਾ ਹੋਵਾਂ ਜਾਂ ਫੁੱਲ ਹੋਵਾਂ।
ਸੁੰਨੇ ਕਮਰੇ ਵਿੱਚ ਦੀਪਕ ਹਾਂ
ਕਿਸੇ ਨੂੰ ਫ਼ਰਕ ਨਹੀਂ ਪੈਣਾ
ਮੈਂ ਜਗਦਾ ਰਹਾਂ ਜਾਂ ਗੁੱਲ ਹੋਵਾਂ।
•

ਮਾਣ-ਤਾਣ ਸਭ ਤੇਰਾ ਮੇਰੀ ਹਓਮੈਂ ਤੋਂ ਛੁਡਵਾ ਮੈਨੂੰ,
ਦਿਲ ਦਿਮਾਗ਼ ਦਿੱਤਾ ਹੈ ਪਰ ਹੁਣ ਸੱਚ ਦੀ ਚੇਟਕ ਲਾ ਮੈਨੂੰ।
ਤੇਰਾ ਦਿੱਤਾ ਸਭ ਕੁੱਝ ਮੈਨੂੰ, ਮੇਰਾ-ਮੇਰਾ ਕਿਉਂ ਲੱਗਦਾ ਹੈ,
ਭਟਕਣ ਵਿੱਚੋਂ ਕੱਢ ਕੇ ਰੱਬਾ! ਸਿੱਧੇ ਰਸਤੇ ਪਾ ਮੈਨੂੰ।
•

ਆ ਇੱਕ-ਦੂਜੇ ਦੇ ਮੋਢੇ 'ਤੇ ਸਿਰ ਧਰ ਦੋਵੇਂ ਰੋ ਲਈਏ,
'ਕੱਲੇਪਣ ਦੀ ਗਰਦਿਸ਼ ਨੂੰ ਹੰਝੂਆਂ ਨਾਲ ਮਾਸਾ ਧੋ ਲਈਏ।
ਦਿਲ ਮੰਨੇ ਤਾਂ ਦਿਲ ਦੀ ਗੱਲ ਮੰਨ ਕੇ ਮਹਫ਼ਿਲ ਵਿੱਚ ਆ ਜਾਵੀਂ,
ਬਚੇ-ਖੁਚੇ ਫੁੱਲਾਂ ਨੂੰ ਮਿਲ ਕੇ ਇੱਕ ਮਾਲ਼ਾ 'ਚ ਪਰੋ ਲਈਏ।
•

ਸ਼ਾਇਦ ਮੇਰੇ ਖੰਭਾਂ ਦੇ ਵਿੱਚ ਏਨੀ ਤਾਕਤ ਨਹੀਂ,
ਕਿ ਤੈਨੂੰ ਅੰਬਰਾਂ ਵਿੱਚੋਂ ਭਾਲ ਲਵਾਂ।
ਜਿਸ ਵਿਧ ਬਹੁਤੀ ਬੀਤ ਗਈ ਹੈ ਓਸ ਤਰ੍ਹਾਂ ਹੀ,
ਲਾਰੇ ਲਾ ਕੇ ਦਿਲ ਆਪਣੇ ਨੂੰ ਟਾਲ ਲਵਾਂ।
•

ਮੇਰੀ ਇਸ ਹਾਲਤ ਦਾ ਤੂੰ 'ਕੱਲਾ ਨਹੀਂ ਦੋਸ਼ੀ,
ਮੇਰੇ ਬਿਨਾ ਮੈਨੂੰ ਕੋਈ ਬਰਬਾਦ ਕਿੰਝ ਕਰਦਾ।
ਜੇ ਮੇਰੇ ਵਿਚਲੀ ਮੈਂ ਨਾ ਹੁੰਦੀ ਸਾਹਮਣੇ ਤੇਰੇ,
ਤੂੰ ਹਵਾ ਦੀ ਗਰਦਨ 'ਤੇ ਚਾਕੂ ਕਿਸ ਤਰ੍ਹਾਂ ਧਰਦਾ।

ਤੇਰੀ ਉਪਮਾ ਕਰਨ ਲੱਗਾਂ ਜਦ ਮੇਰੀ ਮੈਂ ਵਿਚਕਾਰ ਖਲੋਵੇ,
ਧਰਮੀਂ ਬਣ ਕੇ ਧਰਮ ਕਰਾਂ ਜਦ ਮੈਂ ਦੀ ਸ਼ਕਤੀ ਅੰਬਰ ਛੋਹਵੇ।
ਕਰ ਕਿਰਪਾ ਹੁਣ ਦੀਨ ਦਿਆਲਾ, ਮੇਰੇ ਵਿੱਚੋਂ ਮੈਂ ਮੁੱਕ ਜਾਵੇ,
ਸਤਿਗੁਰ ਦੀ ਬਾਣੀ ਸਭ ਉਪਮਾ, ਮਨ ਦੀ ਮੈਲ਼ ਨੂੰ ਉਪਮਾ ਧੋਵੇ।
•

ਅੱਜ ਬਣਦੀ ਝਨ੍ਹਾਂ ਬਰਸਾਤੀ ਨਾਲਾ,
ਸਤਲੁਜ ਵੀ ਇੱਕ ਗੰਦਾ ਨਾਲਾ।
ਸਿੰਧ ਜਿਹਲਮ ਰਾਵੀ ਅੱਧਮੋਈਆਂ,
ਹਰੀ ਕੇ ਪੱਤਣ ਪਾਣੀ ਕਾਲਾ।
•

ਕਹਿੰਦੀ ਹੈ ਜੋ ਦੁਨੀਆ ਤੂੰ ਚੁੱਪ ਕਰ ਕਹਿਣ ਦੇ,
ਕੋਈ ਦੋਸ਼ ਲਾਉਂਦਾ ਹੈ ਤਾਂ ਲਾਉਂਦੇ ਰਹਿਣ ਦੇ।
ਦਿਲ ਨੂੰ ਭੁੱਖ ਲੱਗਦੀ ਹੈ ਕਿਰਿਆ ਕੁਦਰਤੀ,
'ਸੁੰਨੜਾ' ਰੋਕ ਨਾ ਦਿਲ ਨੂੰ ਜ਼ਰਾ ਰੋ ਲੈਣ ਦੇ।
•

ਜੋ ਮੇਰਾ ਹੀ ਨਹੀਂ ਉਸਨੂੰ ਭਲਾ! ਆਵਾਜ਼ ਕਿਉਂ ਮਾਰਾਂ,
ਹਾਰਿਆ ਰਿਹਾਂ ਸਾਰੀ ਉਮਰ ਹੁਣ ਹੋਰ ਕਿਉਂ ਹਾਰਾਂ।
ਉਹ ਤੈਨੂੰ ਮਿਲ ਗਿਆ ਹੁੰਦਾ ਜੋ ਤੇਰੇ ਭਾਗ ਸੀ 'ਸੁੰਨੜਾ'
ਜੋ ਮੈਨੂੰ ਜਾਣਦਾ ਹੀ ਨਹੀਂ ਮੈਂ ਉਸ ਤੋਂ ਜਾਨ ਕਿਉਂ ਵਾਰਾਂ।
•
ਬੰਦਾ ਹੈ ਹਾਜ਼ਰ ਸਾਰੇ ਦਾ ਸਾਰਾ ਸੱਚ-ਮੁੱਚ,
ਹੁਣ ਤੇਰੇ 'ਤੇ ਨਿਰਭਰ ਹੈ ਕਿ ਤੇਰੇ ਯੋਗ ਵੀ ਹੈ ਕਿ ਨਹੀਂ।
ਰੀਝਾਂ ਨੇ ਗਾਏ ਗੀਤ, ਮੰਗਲ ਗਾਉਣ ਸੱਧਰਾਂ,
ਪਰ ਡਰ ਵੀ ਲੱਗਦਾ ਹੈ, ਸਾਡਾ ਸੰਯੋਗ ਵੀ ਹੈ ਕਿ ਨਹੀਂ।

ਸ਼ਾਇਦ ਅਧੂਰਾ ਹਾਂ ਮੈਂ ਪੂਰਾ ਨਹੀਂ ਹਾਂ,
ਏਸੇ ਲਈ ਮੈਂ ਤੇਰੇ ਦਿਲ ਵਿੱਚ ਵਸ ਨਹੀਂ ਸਕਿਆ।
ਪਤਾ ਨਹੀਂ ਫਿਰ ਵੀ ਤੇਰੇ ਹੀ ਨਾਮ ਦਾ ਆਸਰਾ,
ਚਾਹੁੰਦਿਆਂ ਹੋਇਆਂ ਵੀ ਪਰ ਮੈਂ ਹੱਸ ਨਹੀਂ ਸਕਿਆ।
•

ਰੱਬ ਵਰਗਾ ਆਸਰਾ ਮਿਲਿਆ ਤੇਰੀ ਆਵਾਜ਼ ਸੁਣ ਕੇ,
ਜਿਉਣ ਦੀ ਸ਼ਕਤੀ ਜੋ ਦੇਵੇ ਉਹੀ ਹੈ ਪਰਮਾਤਮਾ।
ਪੰਜ ਤੱਤਾਂ ਦਾ ਇਹ ਪੁਤਲਾ ਪਤਾ ਨਹੀਂ ਕਦ ਤਕ ਰਹੇ,
ਅੱਜ ਤੇਰਿਆਂ ਬੋਲਾਂ ਨੇ ਕੀਤੀ ਜਿਉਣ ਜੋਗੀ ਆਤਮਾ।
•

ਤੇਰੇ ਮੇਰੇ ਸੁਰ ਤਾਂ ਯਾਰਾ! ਮਿਲਦੇ ਨੇ ਹਰ ਰੋਜ਼,
ਪਤਾ ਨਹੀਂ ਕੀ ਵਜ੍ਹਾ ਹੈ ਕਿ ਰਲ ਕੇ ਨੱਚ ਸਕਦੇ ਨਹੀਂ।
ਤੇਰੀ-ਮੇਰੀ ਕਲਮ ਦੇ ਜ਼ਖ਼ਮਾਂ ਦੀ ਪੀੜਾ ਇੱਕ ਹੈ,
ਰੋਣ ਦੇ ਮਹੌਲ ਵਿੱਚ ਆਪਾਂ ਕਦੇ ਹੱਸ ਸਕਦੇ ਨਹੀਂ।
•

ਕਿਸ ਤਰ੍ਹਾਂ ਲਾਲਚ ਕਰੇ ਕੋਈ ਪਰੀ ਦੀ ਪਰਵਾਜ਼ ਦਾ,
ਮੇਲੇ ਵਿੱਚ ਕੀ ਮੁੱਲ ਚੱਕੀਰਾਹੇ ਦੀ ਆਵਾਜ਼ ਦਾ।
ਖ਼ਬਰ ਨਹੀਂ ਕੋਈ ਕਿਹੜੀ ਜਗ੍ਹਾ ਉਹ ਮਿਲ ਸਕਣਗੇ,
ਆਵਾਜ਼ ਨਾ ਨਿੱਕਲੇ, ਖੜਕਾ ਨਾ ਕਰਾਂ ਮੈਂ ਅਲਫ਼ਾਜ਼ ਦਾ।
•

ਬਹੁਤ ਅਜ਼ੀਮ ਇਮਾਰਤ ਖੜ-ਖੜ ਵੇਂਹਦੀ ਸਭ ਲੋਕਾਈ,
ਟਹਿਲ ਬਿਨਾ ਪਰ ਦੇਖੋ! ਅੱਜ ਉਹ ਛੱਤ ਵਿਹੂਣੀ ਹੋਈ।
ਢਹਿ ਕੇ ਖੰਡਰ ਵੀ ਬਣ ਸਕਦੀ ਹੈ, ਉੱਜੜ ਵੀ ਸਕਦੀ ਹੈ,
ਮਨਮੋਹਣੀ ਵੀ ਬਣ ਸਕਦੀ ਹੈ ਜੇ ਸੰਭਾਲ ਕਰੇ ਕੋਈ।
•

ਤਰਨ ਤਾਰਨ ਇੱਕ ਸਵਾਮੀ ਪੂਰਣ ਪਰਵਰਦਗ਼ਾਰ,
ਦੂਜਾ ਕੋਈ ਨਹੀਂ ਹੋ ਸਕਦਾ ਝੱਖ ਮਾਰੇ ਸੰਸਾਰ।
ਇੱਕੋ ਦੇ ਲੜ ਲੱਗ 'ਜਾ ਜ਼ਿੰਦੇ! ਜੋ ਪੂਰਣ ਗੁਰ ਅਵਤਾਰ,
ਤਣ-ਪੱਤਣ ਕੋਈ ਹੋਰ ਨਾ ਹੋਸੀ ਜਿੰਨੇ ਮਰਜ਼ੀ ਹੱਥ ਮਾਰ।
•

ਗੁਰ ਕੇ ਚਰਨ-ਸ਼ਰਨ ਵਿੱਚ ਆ ਕੇ, ਸੀਰਤ ਸ਼ਬਦ ਗੁਰੂ ਦੀ ਪਾ ਕੇ,
ਮਨ ਮੰਦਿਰ ਵਿੱਚ ਜੋਤ ਜਗਾ ਕੇ, ਭੱਜਣ ਦੂਰ ਹਨ੍ਹੇਰੇ ਜੀਓ।
ਮਨ ਦੀ ਮੈਲ਼ ਸ਼ਬਦ ਨਾਲ ਲਾਹ ਕੇ, ਮੈਂ ਨੂੰ ਸ਼ਬਦਾਂ ਦਾ ਧੋ ਪਾ ਕੇ,
ਸੱਚੇ ਮਨ ਨਾਲ ਸੱਚ ਧਿਆ ਕੇ, ਧੰਨ-ਧੰਨ ਚਾਰ-ਚੁਫ਼ੇਰੇ ਜੀਓ।
•

ਸਾਰੇ ਕਾਰਜ ਭੱਜ-ਭੱਜ ਕਰੀਏ,
ਉਹੀਓ ਕਾਰਜ ਨ੍ਹੀਂ ਇੱਕ ਹੁੰਦਾ,
ਜਿਸ ਕਰਕੇ ਬੰਦਾ ਇਨਸਾਨ।

ਛਿਣ ਭੰਗਰੀ ਜਦ ਜੂਨ ਬੀਤ ਗਈ,
ਜਾਨਵਰਾਂ ਦੀਆਂ ਜੂਨਾਂ ਦੇ ਵਿੱਚ,
ਫਿਰ ਭਗਤੀ ਨਹੀਂ ਪਰਵਾਨ।
•

ਕਿਸ ਬਿਧ ਝੂਠ ਰਿਹਾਈ ਪਾਵੇ, ਕਾਰ-ਵਿਹਾਰਾਂ ਤੋਂ ਬਚ ਪਾਵੇ,
ਸੱਚਪ੍ਰਸਤੀ ਮਨ ਵਸ ਜਾਵੇ, ਹਰ-ਹਰ ਨਾਮ ਧਿਆਵੇ ਰੇ!
ਹੁਕਮ ਮੰਨਣ ਦਾ ਵਲ਼ ਆ ਜਾਵੇ, ਰਾਮ ਰਜ਼ਾ ਵਿੱਚ ਰੰਗਿਆ ਜਾਵੇ,
ਸੱਤਿ ਬਚਨ ਕਹਿਣਾ ਆ ਜਾਵੇ, ਤੇਰਾ-ਤੇਰਾ ਗਾਵੈ ਰੇ!

•

ਊਠਤ-ਬੈਠਤ, ਸੋਵਤ-ਜਾਗਤ ਨਾਮ ਤੇਰਾ ਚਿੱਤ ਆਵੇ,
ਮਿਹਰ ਕਰੇ ਜਦ ਸਤਿਗੁਰ ਪੂਰਾ ਤਾਹੀਓਂ ਮਨ ਹਰਿ ਧਿਆਵੇ।
ਪਰ ਜੋ ਧਿਆਵੇ ਪਾਵੇ ਸਭ ਕਿਸ਼, ਆਂਗਣ ਖੇਡੇ ਬਾਲ ਗੁਪਾਲਾ,
ਘਰ ਅਨੰਦ ਸਮਾਵੈ, ਗੁਰਮੁੱਖ ਜੋ ਚਾਹਵੈ ਸੋ ਪਾਵੈ।

•

ਉੱਚੀ-ਉੱਚੀ ਹੱਸ ਕੇ ਸੱਜਣਾ! ਕਿਹੜਾ ਦਰਦ ਛੁਪਾਵੇਂ,
ਅਤ੍ਰਿਪਤੀ ਵਸ ਜੀਵਨ ਤੇਰਾ ਨਿੱਤ ਦਿਨ ਭੁੱਖ ਵਧਾਵੇਂ।
ਤੂੰ ਵੀ ਜਾਣੇ 'ਸੁੰਨੜਾ' ਇੱਕੋ-ਇੱਕ ਰਸਤਾ ਕਿਹੜਾ ਹੈ,
ਸਬਰ, ਸੰਤੋਖ਼, ਸਹਿਜ ਮਿਲਦਾ ਜੇ ਗੁਰ ਚਰਨੀਂ ਚਿੱਤ ਲਾਵੇਂ।

•

ਨਿਰੰਕਾਰ ਸੰਸਾਰ ਉਪਾਇਆ, ਭਵਜਲ ਦੁਨੀਆ ਦਾ ਸਰਮਾਇਆ,
ਸਾਰੇ ਦੁੱਖ-ਦਰਦ ਸੰਸਾਰੀ, ਜਗਤ ਜਲੰਦਾ ਸਾਰਾ ਹੂ।
ਜਿਸ ਦਿਨ ਸਾਡੀ ਵਾਰੀ ਆਊ, ਮਲਕਲ ਮੌਤ ਹਿਸਾਬ ਦਿਖਾਊ,
ਪਾਈ-ਪਾਈ ਜਦ ਗਿਣ ਹੋਈ, ਕਰਜ਼ਾ ਨਿੱਕਲੂ ਭਾਰਾ ਹੂ।

•

ਤੂੰ ਦਾਤਾ ਤੇਰਾ ਨਾਮ ਦਵਾਈ,
ਮੈਂ ਮੂਰਖ ਨੂੰ ਸਮਝ ਨਾ ਆਈ।
ਸਾਰੀ ਉਮਰ ਨਿਆਮਤ ਵਸਤਾਂ
ਬੇਸ਼ੁਕਰਾ ਜੱਗ ਜਾਂਦਾ ਖਾਈ।
•

ਸਿਰ ਉਠਾ ਕੇ ਦੁਨੀਆ ਵਿੱਚ ਤੁਰਨ ਦੀ ਜ਼ੁਅਰਤ,
ਤੇ ਸਤਿਗੁਰ ਦੀ ਨਜ਼ਰ ਦਾ ਅਹਿਸਾਸ ਹੈ।
ਆਖ਼ਰੀ ਦਮ ਤੱਕ ਸੱਚ ਕਹਿ ਸਕਣ ਦੀ ਤੌਫ਼ੀਕ ਬਖ਼ਸ਼ੇਗਾ,
ਮੈਨੂੰ ਮਿਹਰਾਂਵਾਲੇ ਮਾਲਕ ’ਤੇ ਪੂਰਾ ਵਿਸ਼ਵਾਸ ਹੈ।
•

ਓਟ ਆਸਰਾ ਤੇਰਾ ਸਤਿਗੁਰ!
ਪਾਵਨ ਅਤੇ ਪਵਿੱਤਰ ਨਾਮ।
ਤੈਨੂੰ ਵਿਸਰਿਆਂ ਮਰ ਜਾਵਾਂ,
ਤੇਰੀ ਬਖ਼ਸ਼ਿਸ਼ ਸਾਹ ਤੇ ਜਾਨ।
•

ਬਿਨਾ ਬੋਨ ਤੋਂ ਜੀਭ ਹੈ ਪਰ ਵੱਜੇ ਗੋਲੀ ਦੀ ਤਰ੍ਹਾਂ।
ਘਾਣ ਵੀ ਕਰਦੀ ਪੈੜ੍ਹ ਨਾ ਛੱਡਦੀ ਖੁਰਾ ਖੋਜ ਵੀ ਕਰਾਂ।
ਸੱਟਾਂ ਲੱਗਿਆਂ ਜ਼ਖ਼ਮ ਭਰੇ, ਮਿਟ ਗਏ ਜ਼ਖ਼ਮ ਸਮੇਂ ਦੇ ਨਾਲ,
ਜ਼ਖ਼ਮ ਜ਼ੁਬਾਂ ਦੇ ਮਿਟਦੇ ਹੀ ਨਹੀਂ ਪੀੜ ਸਦੀਵੀ ਕਿੰਝ ਜਰਾਂ।
•

ਹਰ ਜਸ ਪੜ੍ਹਦਿਆਂ, ਗਾਉਂਦਿਆਂ, ਸੁਣਦਿਆਂ,
ਸਫ਼ਲ ਹੋਵੇ ਜੀਵਨ ਪ੍ਰਕਿਰਿਆ।
ਜੋ ਤਨ, ਮਨ, ਧਨ ਅਰਪਨ ਗੁਰ 'ਤੇ
ਤੀਨ ਲੋਕ ਤਿਨ ਭਵਜਲ ਤਰਿਆ।
ਪ੍ਰਮਾਤਮ ਕੀ ਮੌਜ ਹੈ ਬੰਦਾ ਪਰ
ਰੱਬ ਨੂੰ ਘੜਣ, ਸੰਵਾਰਨ ਤੁਰ ਪਿਆ,
ਦੁਨੀਆ ਲਈ ਡਰ ਪੈਦਾ ਕਰਦਿਆਂ
ਰਹਿੰਦਾ ਹਰਦਮ ਡਰਿਆ-ਡਰਿਆ।

•

ਓਪਰੇ ਲੋਕ ਤਾਂ ਸਭ ਇੱਕ-ਦੂਸਰੇ ਲਈ ਓਪਰੇ,
ਅਚਨਚੇਤੀ ਵਾਰ ਕਰਦੇ ਨੇ ਤਾਂ ਕਰਦੇ ਖ਼ਾਸਮ-ਖ਼ਾਸ।
ਸਾਡੀਆਂ ਕਮਜ਼ੋਰੀਆਂ ਨੂੰ ਜੋ ਸਮਝਦੇ, ਬੁੱਝਦੇ,
ਉਹ ਕਰਨ ਮਜ਼ਬੂਰ ਜਿਨ੍ਹਾਂ ਤੋਂ ਕਦੇ ਨਹੀਂ ਸੀ ਆਸ।

•

ਮੈਂ-ਮੈਂ ਕਰਦਿਆਂ ਉਮਰ ਬੀਤ ਗਈ, ਮੈਂ ਦੀ ਸੁਧ ਨਾ ਆਈ।
ਤੂੰ ਹੀ ਤੂੰ ਕਹਿਣਾ ਨਾ ਆਇਆ, ਭੁੱਲੀ ਫਿਰੇ ਲੋਕਾਈ।

ਖ਼ੁਦ ਆਪਣਾ ਭਵ ਸਾਗਰ ਤਰਨਾ, ਸਭ ਤੋਂ ਔਖੀ ਕਾਰ।
ਖ਼ੁਦ ਨੂੰ ਜੇ ਸਰ ਕਰ ਲਈਏ ਤਾਂ ਤਰ ਜਾਈਏ ਸੰਸਾਰ।
ਆਪਣੇ ਮਨ ਮੰਦਿਰ ਦੇ ਅੰਦਰ ਓਹੀਓ ਦੀਪ ਜਲਾਵੇ,
ਜਿਸਦੇ ਸਿਰ ਉੱਤੇ ਹੱਥ ਰੱਖ ਕੇ ਮਿਹਰ ਕਰੇ ਕਰਤਾਰ।

•

ਦੁਨੀਆ ਦਾ ਹਰ ਧਰਮ ਸਚਿਆਰਾ ਬਣਾਉਂਦਾ ਹੈ,
ਤੇਰੇ 'ਚ ਕਿੰਨਾ ਸੱਚ ਹੈ ਤੂੰ ਆਪ ਜਾਣਦੈਂ।
ਦੂਜੇ ਦੀ ਅੱਖ ਤਾਂ ਧੋਖਾ ਵੀ ਖਾ ਸਕਦੀ ਹੈ,
ਆਪਣੇ ਬਾਰੇ ਜਾਣੇ ਤੂੰ ਕੀ ਖ਼ਾਕ ਛਾਣਦੈਂ।

•

ਚਾਰੇ ਤਰਫ਼ ਚਿੱਕੜ ਹੀ ਚਿੱਕੜ ਦੇਖ ਕੇ ਹੈਰਾਨ ਹਾਂ,
ਕਿਸ ਕਿਸਮ ਦਾ ਕਮਲ ਹੈ, ਜੋ ਅਜੇ ਵੀ ਖਿਲ ਜਾਂਵਦਾ।
ਮਹਿਕ ਵੀ ਰੰਗ ਵੀ ਹੈ ਕੋਮਲਤਾ ਵੀ ਹੈ ਕਮਾਲ,
ਚਿੱਕੜ ਨਾ ਹੁੰਦਾ ਤਾਂ ਇਹ ਕਮਲ ਕਿੰਝ ਖਿਲ ਪਾਂਵਦਾ।

•

'ਕੱਲੇ ਕਾਰੇ ਕਿਸੇ ਦੀ ਕਾਹਦੀ ਕਹਾਣੀ ਕਮਲਿਆ!
ਕੋਈ ਤੁੱਕ ਨਹੀਂ ਬਣਦੀ ਹੁੰਘਾਰੇ ਤੋਂ ਬਿਨਾ।
ਹੁਸਨ ਦਾ ਹੜ੍ਹ ਸੋਚ ਦਾ ਡੂੰਘਾ ਸਮੁੰਦਰ ਹੋਏਗਾ,
ਪਰ ਨਦੀ ਦੀ ਹੋਂਦ ਕੀ ਕਿਨਾਰੇ ਤੋਂ ਬਿਨਾ।

•

ਸਾਂਭ ਕੇ ਰੱਖੀ ਹੈ ਦਿਲ ਵਿੱਚ, ਇਸ ਕਦਰ ਤੇਰੀ ਉਡੀਕ,
ਕਿ ਭਾਲਿਆ ਵੀ ਕਿਸੇ ਤੋਂ ਹਰਗਿਜ਼ ਨਾ ਭਾਲੀ ਜਾਏਗੀ।
ਪਤਾ ਹੈ ਕਿ ਬਹੁਤ ਮੁਸ਼ਕਿਲ ਕੰਮ ਕਰਨਾ ਇੰਤਜ਼ਾਰ,
ਪਰ ਦਿਲ ਦੀ ਇੱਕੋ ਰੀਝ ਹੈ ਉਹ ਵੀ ਨਾ ਟਾਲੀ ਜਾਏਗੀ।

ਦੋਸਤ ਦੁਸ਼ਮਣ ਸਭ ਨੜੋਏ ਆਉਣਗੇ ਰਲ਼ ਕੇ,
ਜਿਸ ਦਿਨ ਪ੍ਰਾਣ ਤੇਰੇ ਅਲਵਿਦਾ ਕਹਿ ਗਏ।
ਜਿਹੜੇ ਇੱਕ-ਦੂਜੇ ਦੇ ਕੋਲੋਂ ਦੂਰ ਭੱਜਦੇ ਸੀ,
ਦੁਨੀਆ ਦੇਖੂ ਇੱਕੋ ਸਫ਼ 'ਤੇ ਆਣ ਕੇ ਬਹਿ ਗਏ।

•

ਦਾਨਸ਼ਮੰਦ ਦੁਨੀਆਂ ਦਾ ਮੈਂ ਸਤਿਕਾਰ ਕਰਦਾ ਹੈ,
ਪਰ ਆਪਣੇ ਦਿਲ ’ਤੇ ਵੀ ਮੈਂ ਇਤਬਾਰ ਕਰਦਾ ਹਾਂ।
ਸੋਚਣਾ ਤੇ ਸਮਝਣਾ ਵੀ ਲਾਜ਼ਮੀ ‘ਸੁੰਨੜ’ ਲਈ,
ਪਰ ਮਹਿਕਦੇ ਫੁੱਲਾਂ ਨੂੰ ਵੀ ਮੈਂ ਪਿਆਰ ਕਰਦਾ ਹਾਂ।
•

ਜਦ ਪਰਖ਼ਣ ਵਾਲਾ ਕੋਈ ਨਹੀਂ, ਕੀ ਫ਼ਰਕ ਹੈ,
ਫਿਰ ਕੰਡਾ ਹੋਵਾਂ ਜਾਂ ਫੁੱਲ ਹੋਵਾਂ।
ਸੁੰਨੇ ਕਮਰੇ ਵਿੱਚ ਦੀਪਕ ਹਾਂ ਕਿਸੇ ਨੂੰ ਕੀ,
ਮੈਂ ਜਗਦਾ ਰਹਾਂ ਜਾਂ ਗੁੱਲ ਹੋਵਾਂ।
•

ਫ਼ਤਵੇ ਹੀ ਲੱਗਦੇ ਰਹੇ ਸਾਰੀ ਉਮਰ ਮੈਨੂੰ,
ਡਰ ਜਿਹਾ ਲੱਗਦੈ ਜਦੋਂ ਤਾਰੀਫ਼ ਕਰਦੇ ਹੋ।
ਅੱਖ ਭਰ ਆਉਂਦੀ ਹੈ ਖੁਸ਼ੀ ਦੇ ਨਾਲ ਇੱਕ ਵਾਰੀ,
ਜਦ ਮਿਹਰਬਾਨ ਹੋ ਕੇ ਤੁਸੀਂ ਕੋਈ ਨਾਮ ਧਰਦੇ ਹੋ।

ਕਿਸੇ ਨੂੰ ਕੁੱਝ ਦੇਣ ਤੋਂ ਗੁਰੇਜ਼ ਕਰਦੈ ਹਰ ਕੋਈ,
ਤਾਂ ਹੀ ਦੇ ਸਕਦੇ ਹੋ ਜੇ ਤੁਸੀਂ ਆਪ ਸਰਦੇ ਹੋ।
ਦਿਲ ਹੋਵੇ ਜਾਂ ਦਿਲ ਜਿਹੀ ਕੋਈ ਕੀਮਤੀ ਵਸਤੂ,
ਜੇਕਰ ਤੁਹਾਡੇ ਕੋਲ ਹੈ ਤਾਹੀਓਂ ਤਾਂ ਹਰਦੇ ਹੋ।

ਤੁਹਾਨੂੰ ਆਪਣਾ ਲੱਗਦੈ ਜੋ ਇਸ ਨਾਚੀਜ਼ ਦੇ ਵਿੱਚੋਂ,
ਡੁੱਬਦੇ ਨੂੰ ਬਾਹਰ ਕੱਢ ਲਓ ਜੇ ਤਰਦੇ ਹੋ।
ਮੇਰਾ ਨਾਮ ਤਾਂ ਉਹੀ ਹੈ ਜੋ ਤੁਸੀਂ ਦਿੱਤਾ ਹੈ,
ਆਪਣੇ ਆਪ ਨੂੰ ਅਪਣਾਉਣੋਂ ਹੁਣ ਕਿਉਂ ਡਰਦੇ ਹੋ।
•

ਝੂਠ-ਮੂਠ ਹੀ ਕਹਿ ਸਕਦੈਂ ਕਿ ਬਹੁਤ ਹੀ ਵਧੀਆ ਹਾਲ,
ਚੰਗਾ ਰਹੇਂਗਾ ਸੱਚੋ-ਸੱਚ ਤੂੰ ਦੱਸਦੇ ਯਾਰ ਨੂੰ।
ਅੰਦਰੋਂ-ਅੰਦਰ ਰਿਝਦਾ ਰਿਹਾ ਤਾਂ ਕਿੰਨਾ ਚਿਰ ਕੱਢੇਂਗਾ,
ਚਾਰ ਦਿਹਾੜੇ ਜੀਣਾ ਹੈ ਤਾਂ ਦੱਸਦੇ ਦੁੱਖ ਸੰਸਾਰ ਨੂੰ।

ਕੁੱਲੀ, ਗੁੱਲੀ, ਜੁੱਲੀ ਦਾ ਫ਼ਿਕਰ ਰਾਤ ਦਿਨ ਤੈਨੂੰ,
ਸਿਰ ਢਕਾਵਾ ਹੋਇਆ ਨਹੀਂ ਤੇ ਰੋਂਦਾ ਫਿਰਦੈਂ ਪਿਆਰ ਨੂੰ।
ਦਿੱਲੀ ਦੂਰ ਬੜੀ ਹੈ ਸੱਜਣਾ! ਦਿਲ ਰੱਖ ਕੇ ਤੁਰਿਆ ਜਾਹ!
ਦਾਤੇ ਦਾ ਸ਼ੁਕਰਾਨਾ ਕਰਕੇ ਅੰਗ-ਸੰਗ ਰੱਖ ਕਰਤਾਰ ਨੂੰ।
•

ਬੀਤੀਆਂ ਬਹੁਤ ਲੋਹੜੀਆਂ, ਸਾਡੇ ਨਿੱਘ ਨਸੀਬੀਂ ਨਾ ਹੋਇਆ।
ਲੋਹੜੀਆਂ ਦੇ ਗੀਤ ਸੁਣ ਕੇ ਕਦੇ ਹੱਸਿਆ ਤੇ ਕਦੇ ਰੋਇਆ।
•

ਉਸਤਾਦ ਤਾਂ ਦੁਨੀਆ ਵਿੱਚ ਇੱਟ ਚੁੱਕਿਆਂ ਮਿਲਦੇ,
ਮੇਰਾ ਤਾਂ ਸ਼ਗਿਰਦ ਬਣਨ ਨੂੰ ਜੀ ਕਰਦਾ ਹੈ।
ਸਰਪਟ ਦੌੜ ਰਹੀ ਦੁਨੀਆਂ ਦੀ ਵੱਖ ਗਿਣਤੀ,
'ਸੁੰਨੜ' ਨੂੰ ਭੁੱਲਿਆਂ ਵਿੱਚ ਗਿਣਨ ਨੂੰ ਜੀ ਕਰਦਾ ਹੈ।

ਦੁਨੀਆ ਕਿਸੇ ਵੀ ਖੱਬੀ ਖਾਂ ਤੋਂ ਨਹੀਂ ਡਰਦੀ,
ਪਰ ਮੇਰਾ ਹਾਲੇ ਬਹੁਤ ਡਰਨ ਨੂੰ ਜੀ ਕਰਦਾ ਹੈ।
ਨੱਕ 'ਤੇ ਮੱਖੀ ਬਹਿਣ ਨ੍ਹੀਂ ਦਿੰਦਾ ਹੁਣ ਕੋਈ,
ਪਰ ਸੱਚੀ ਸੱਜਣਾ! ਹੁਕਮ ਜਰਨ ਨੂੰ ਜੀ ਕਰਦਾ ਹੈ।
•

ਜਿਸਦੀ ਝਲਕ ਲੈਣ ਲਈ ਲੋਕੀਂ, ਪਤਾ ਨ੍ਹੀਂ ਕਿੰਨੇ ਫਿਰਦੇ,
ਉਸਨੂੰ ਮੇਰਾ ਨਾਮ ਯਾਦ ਹੈ, ਇਸ ਤੋਂ ਵੱਧ ਮੈਂ ਕੀ ਲੋਚਾਂ।
ਜਿਸਦੀ ਸੋਚ ਸਮੁੰਦਰੋਂ ਡੂੰਘੀ, ਖੰਡ ਬ੍ਰਹਿਮੰਡ ਵਿੱਚ ਦਰਜਾ ਹੈ,
ਕੁੱਝ ਵੀ ਹੋਰ ਮੰਗਣ ਲਈ ਉਸਤੋਂ ਸੋਚਾਂ ਤਾਂ ਮੈਂ ਕੀ ਸੋਚਾਂ।
•

ਤੇਰੀ ਤਸਵੀਰ ਵਿੱਚ ਅੱਖੀਆਂ ਕਤਲ ਕਰ ਰਹੀਆਂ ਸਭਨਾਂ ਨੂੰ,
ਕਿਤੇ ਤੂੰ ਖ਼ੁਦ ਖੜੀ ਹੋਵੇਂ ਤਾਂ ਦੱਸ ਕੀ ਹਾਲ ਹੋਵੇਗਾ?
ਮੂਰਤ ਵਿੱਚ ਅੱਖੀਆਂ ਦੀ ਨਹੀਂ ਜਾਂਦੀ ਜੇਕਰ ਤਾਬ ਝੱਲੀ,
ਤਾਂ ਹਾਰੀ-ਸਾਰੀ ਫਿਰ ਤੇਰੇ ਸਾਹਵੇਂ ਦੱਸ! ਕਿੰਝ ਖਲੋਵੇਗਾ?
•

ਪ੍ਰੇਮ ਪਿਆਲਾ ਸਾਹਮਣੇ ਭਰਿਆ ਨੱਕੋ-ਨੱਕ।
ਕਿਸੇ ਸਖੀ ਨੂੰ ਕੀ ਪਤਾ ਕਿਸਦੀ, ਕਿਸ ’ਤੇ ਅੱਖ।

ਅਮਰ ਕਰਨ ਲਈ ਰਿਸ਼ਤੇ ਨੂੰ ਅਪਣਾਉਣਾ ਪੈਣੈ।
ਪ੍ਰੇਮ ਪਿਆਲਾ ਹੋਂਠਾਂ ਦੇ ਨਾਲ ਲਾਉਣਾ ਪੈਣੈ।
•

ਆਪਣੀ ਕਿਸਮਤ ਪੜ੍ਹ ਨਹੀਂ ਹੁੰਦੀ,
ਹੋਰ ਕਿਸੇ ਦੀ ਕੀ ਲਿਖੀਏ।
ਡੁੱਬਦਾ ਕੋਈ ਬਚਾਉਂਣਾ ਹੈ ਤਾਂ
ਖ਼ੁਦ ਪਹਿਲਾਂ ਤਰਨਾ ਸਿੱਖੀਏ।
•

ਪੱਕਾ ਹੈ ਵਿਸ਼ਵਾਸ ਕਿ ਹੈ ਕੋਈ ਪਰਮ ਪਿਤਾ ਪਰਮਾਤਮਾ।
ਲੇਕਿਨ ਭਾਲ ਨਹੀਂ ਹੁੰਦਾ ਜਿਉਂ ਪਿੰਡੇ ਵਿੱਚ ਆਤਮਾ।

ਲੁਕਣ-ਮਚਾਈ ਖੇਲ ਤਾਂ ਰਹਿੰਦੀ ਦੁਨੀਆ ਤੀਕਰ ਚੱਲਣੀ ਹੈ,
ਦੁਨੀਆਂ ਖਤਮ ਹੋਣ 'ਤੇ ਵੀ ਨਹੀਂ ਹੋਣਾ ਰੱਬ ਦਾ ਖਾਤਮਾ।

•

ਬੱਚਿਆਂ ਦੀ ਭੁੱਖ ਜਰ ਨਾ ਹੋਈ,
ਖੜ੍ਹੀ ਖਾ ਲਈ ਕਣਕ ਵਿਚਾਰੀ।
ਹਾੜ੍ਹੀ ਦੇ ਨਾਲ ਕਰਜ਼ਾ ਲਾਹ ਕੇ,
ਜੱਟ ਕਰਦੇ ਸੌਣੀ ਦੀ ਤਿਆਰੀ।

•

ਮੇਰੇ ਬਿਨਾ ਤੈਨੂੰ ਤਾਂ ਜੀਵਨ 'ਤੇ ਗਿਲਾ ਕੋਈ ਨਹੀਂ।
ਪਰ ਸਾਡੀ ਤੈਨੂੰ ਮਿਲਣ ਬਿਨ ਰੀਝ ਹੀ ਕੋਈ ਨਹੀਂ।

ਭਰੀ ਮਹਫ਼ਿਲ 'ਚ ਕਰਦੇ ਸਿਫ਼ਤ, ਅੱਜ ਤੂੰ ਡਰੀਂ ਨਾ 'ਸੁੰਨੜਾ'
ਇਸ ਅਪਰਾਧ ਦੀ ਹਰਗਿਜ਼ ਸਜ਼ਾ-ਏ-ਮੌਤ ਨਹੀਂ ਹੁੰਦੀ।

•

ਨਾ ਮੈਂ ਚੰਨ ਨਾ ਚਕੋਰ, ਨਾ ਮੈ ਮੇਘਲਾ ਨਾ ਮੋਰ।
ਜਿਵੇਂ ਉੱਜੜੀ ਸਰਾਂ ਦੇ ਵਿੱਚ ਅੱਧੀ ਰਾਤੇ ਚੋਰ।

•

ਮਜ਼ਾ ਜਿਹਾ ਲੱਗਿਆ ਸੀ ਆਉਣ ਮੇਰੇ ਦੋਸਤਾ!
ਮਸਾਂ-ਮਸਾਂ ਮਿਲਿਆ ਸੀ ਤੂੰ।
ਥੋਰ੍ਹਾਂ ਅਤੇ ਕਿੱਕਰਾਂ ਦੇ ਕੰਡਿਆਂ ਦੇ ਖੇਤ ਵਿੱਚ
ਮਸਾਂ-ਮਸਾਂ ਖਿਲਿਆ ਸੀ ਤੂੰ।

ਪਥਰੀਲੇ ਦੇਸ਼ ਵਿੱਚ ਕੋਈ ਵੀ ਨਾ ਤੁਰੇ ਨਾਲ
ਮਸਾਂ-ਮਸਾਂ ਹਿੱਲਿਆ ਸੀ ਤੂੰ।
ਵਾਸਤਾ ਈ ਰੱਬ ਦਾ ਤੂੰ ਵੀ ਨਾ ਕਿਤੇ ਜਾਂਦਾ ਰਹੀਂ
ਰੱਬ ਬਣ ਮਿਲਿਆ ਸੀ ਤੂੰ।

ਤੇਰੇ ਆਸਰੇ ਨਾਲ ਰੀਝਾਂ ਜਾਗੀਆਂ ਸੀ
ਮੁੱਡੋਂ-ਸੁੱਡੋਂ ਨਿੱਘਾ-ਨਿੱਘਾ ਲੱਗਿਆ ਸੀ ਰੂੰ।
ਮੈ ਵੀ ਜੀਅ ਕੇ ਵੇਖ ਲਵਾਂ ਤੇਰਾ ਚਿੱਤ ਕਰੇ
ਜੇ ਤਾਂ ਤੇਰੇ ਬਿਨਾਂ ਦੱਸ ਕੀ ਕਰੂੰ।
•

ਨੀ ਅੱਜ ਮੋਤੀਏ ਵਰਗੀ ਆਪਣੀ ਸ਼ਕਲ ਬਣਾਈ ਕਿਉਂ?
ਨੀ ਤਿੱਪ ਨਾ ਜਿਸ ਵਿੱਚ ਪਾਣੀ ਖੂਹੀ ਲਾਈ ਕਿਉਂ?
•

ਅਸੀਂ ਤਰਕੀਬਾਂ ਸਿੱਖਦੇ ਰਹਿ ਗਏ, ਰੁੱਸੇ ਯਾਰ ਮਨਾਉਣ ਦੀਆਂ।
ਅਸੀਂ ਕਵਿਤਾਵਾਂ ਲਿਖਦੇ ਰਹਿ ਗਏ, ਦਿਲ ਦਾ ਹਾਲ ਸੁਣਾਉਣ ਦੀਆਂ।

ਪਿਆਰ-ਮੁਹੱਬਤ ਰੱਬ ਸਾਡੀ ਕਿਸਮਤ ਵਿੱਚ ਲਿਖਣਾ ਭੁੱਲ ਗਿਆ,
ਬਸ! ਸੁਰਾਂ ਬਣਾਉਦੇ ਰਹਿ ਗਏ, ਗੀਤ ਪਿਆਰ ਦੇ ਗਾਉਣ ਦੀਆਂ।
•

ਅਸੀਂ ਰੱਟਾ ਲਾਉਂਦੇ ਰਹਿ ਐਵੇਂ, ਭੁੱਲ ਜਾਣਾ ਤੇਰੀ ਆਦਤ ਹੈ।
ਤੇਰੇ ਲਈ ਬਸ! ਮੁਲਾਕਾਤ ਪਰ ਸਾਡੀ ਬਣੀ ਇਬਾਦਤ ਹੈ।

ਇਹ ਸੋਚ ਕੇ ਉੱਠਿਆ ਸੀ ਮੈ ਤਾਂ ਕਿ ਤੁਰਨ ਲੱਗੇ ਤੁਸੀਂ ਰੋਕੋਗੇ,
ਨਾ ਬਾਂਹ ਪਕੜੀ, ਨਾ ਜ਼ਿਦ ਕੀਤੀ, ਤੁਰਦੇ ਨੂੰ ਕਿਹਾ ਇਜਾਜ਼ਤ ਹੈ।
•

ਬੋਲਿਆਂ ਬਿਨਾ ਗੁਜ਼ਾਰਾ ਵੀ ਨਹੀਂ,
ਵੱਧ-ਘੱਟ ਬੋਲ ਗਵਾਰਾ ਵੀ ਨਹੀਂ।
ਖ਼ਾਲੀ ਬਰਤਨ ਬਹੁਤ ਟੁਣਕਦੇ,
ਭਰਿਆ ਹੋਇਆ ਜੱਗ ਸਾਰਾ ਵੀ ਨਹੀਂ।

ਘੁੰਮਦਿਆਂ ਨਾਲ ਕਿੰਝ ਗੱਲ ਕਰੀਏ,
ਹਰ ਤਾਰਾ, ਧਰੂ ਤਾਰਾ ਵੀ ਨਹੀਂ,
'ਸੁੰਨੜ' ਰੱਬ-ਰੱਬ ਕਰਦਾ ਵੈਸੇ
ਰੱਬ ਤੋਂ ਬਿਨਾ ਸਹਾਰਾ ਵੀ ਨਹੀਂ।
•

ਦਿਲ ਮੇਰੀ ਦੀ ਖੁਸ਼ੀ-ਗਮੀਂ ਨੂੰ, ਚੇਹਰੇ ਤੋਂ ਪੜ੍ਹ ਲੈਂਦਾ ਹੈ।
ਪਰ ਦਿਲ ਮੇਰੇ ਦੀਆਂ ਰੀਝਾਂ, ਤੈਨੂੰ ਪੜ੍ਹਨੀਆਂ ਨਹੀਂ ਆਈਆਂ।

ਜਾਂ ਤੇਰੇ ਦਿਲ ਦੀਆਂ ਸਾਰੀਆਂ ਰੀਝਾਂ ਪੂਰੀਆ ਹੋ ਗਈਆਂ ,
ਇਹ ਵੀ ਹੋ ਸਕਦਾ ਤੂੰ ਸਾਰੀ ਉਮਰ ਕਿਸੇ ਨਾਲ ਨਹੀਂ ਲਾਈਆਂ।

ਮੇਰੀ ਅਤ੍ਰਿਪਤੀ ਦੀ ਤੈਨੂੰ ਖ਼ਬਰ ਨਹੀਂ ਹੈ ਭੋਰਾ ਵੀ,
ਅੱਖਾਂ ਵਿਚ ਪਾਣੀ ਹੁੰਦਿਆਂ ਵੀ ਨਜ਼ਰਾਂ ਬਿਲਕੁਲ ਤ੍ਰਿਹਾਈਆਂ।
•

ਯਾਰੜਿਆ! ਤੂੰ ਸ਼ਿਕਰਾ ਬਣ ਕੇ ਹੀ ਜੀਵਨ ਵਿੱਚ ਆ ਜਾਂਦਾ।
ਜਿੰਨਾ ਚਿਰ ਤੂੰ ਦਿਲ ਖਾਂਦਾ, ਓਨੀ ਤਾਂ ਉਮਰ ਵਧਾ ਜਾਂਦਾ ।

ਏਨਾ ਤਾਂ ਕਹਿ ਲੈਂਦੇ ਸਾਡੀ ਵੀ ਕੋਈ ਸਾਂਝ-ਭਿਆਲੀ ਸੀ,
ਖ਼ਾਰਾ ਪਾਣੀ ਕੱਢ ਲੈਂਦੇ, ਜੇਕਰ ਕਿੱਧਰੇ ਰੁਆ ਜਾਂਦਾ।
•

ਝੂਠੇ ਰੰਗ ਦੁਨੀਆ ਤੇ ਹੰਡਣਸਾਰ ਨਾ ਕੋਈ,
ਜਿਹੜਾ ਨਾਂ ਮਿਟ ਹੀ ਜਾਣਾ, ਕੀ ਲੈਣਾ ਹੈ ਰਟ ਕੇ।
ਤੇਰੀਆਂ ਲਿਖਤਾਂ ਨੇ 'ਸੁੰਨੜਾ' ਕਈ ਰੰਗ ਵਿਖਾਣੇ,
ਪੜ੍ਹੇ ਜਾਂ ਨਾ ਪੜ੍ਹੇ ਕੋਈ, ਤੂੰ ਲਿਖਦਾ ਜਾ ਡਟ ਕੇ।
•

ਮੈਂ ਬੇਨਤੀ ਕਰਾਂ ਕਿ ਜੋ ਕੁੱਝ ਕਰਦਾਂ ਕਰਨ ਦਿਓ।
ਜੇ ਮੈ ਜਾਣ-ਬੁੱਝ ਕੇ ਹਰਦਾ ਹਾਂ ਤਾਂ ਹਰਨ ਦਿਓ।

ਚੰਗੇ ਬਣਨਾ ਮੈਨੂੰ ਨਾ ਆਇਆ, ਨਾ ਹੀ ਆਉਣੈ,
ਪਰ ਮਰਜ਼ੀ ਦੇ ਨਾਲ ਜਾਨ ਤਲੀ 'ਤੇ ਧਰਨ ਦਿਓ।
•

ਇੱਕ ਤੋਂ ਲੱਖਾਂ, ਲੱਖਾਂ ਤੋਂ ਇੱਕ, ਇੱਕ ਅਰਬ ਕਰੋੜਾਂ।
ਚੰਗਾ ਭਲਾ! ਪਤੈ ਹਰ ਇੱਕ ਨੂੰ, ਇੱਕੋ ਦੀਆਂ ਹਨ ਲੋੜਾਂ।

ਫਿਰ ਵੀ ਹਰ ਕੋਈ ਆਪੋ-ਅਪਣਾ ਰਾਹ ਬਣਾਉਂਦਾ ਫਿਰਦਾ,
ਦਿਲ, ਦਿਮਾਗ ਦੋਹਾਂ ਨੂੰ ਦੱਸੋ! ਮੋੜਾਂ ਤਾਂ ਕਿੰਝ ਮੋੜਾਂ।
•

ਧਰਤ, ਆਕਾਸ਼ ਖੋਜਦਾ ਫਿਰਦਾ ਹੈ ਸੰਸਾਰ।
ਅੰਬਰ ਕਦੇ ਵੀ ਸਰ ਨਹੀ ਹੋਣੇ, ਐਵੇ ਨਾ ਤੂੰ ਖੰਭ ਖਿਲਾਰ।

ਜਿਉਂ-ਜਿਉਂ ਚਾਨਣ ਭਾਲੇਂਗਾ ਵੱਧਦਾ ਜਾਵੇਗਾ ਅੰਧਿਆਰ,
ਰੱਬ ਦੀ ਰਜ਼ਾ 'ਚ ਬੰਦਿਆ! ਐਵੇਂ ਨਾ ਝੱਖ ਮਾਰ।
•

ਕਿੰਨੀ ਸ਼ਕਤੀ ਰੱਖਦੀਆਂ ਨੇ ਚਾਰ ਲਾਵਾਂ, ਸੱਤ ਫੇਰੇ।
ਆਸਮਾਨ ਵਿੱਚ ਉੱਡਣ ਵਾਲੇ ਪਿੰਜਰਿਆਂ ਵਿੱਚ ਘੇਰੇ।
•

ਥੱਬਾ ਜੁਲਫਾਂ ਕੱਟ ਗਵਾਈਆਂ,
ਗੁੱਤ ਪਰਾਦੇਂ ਮ੍ਰੀਡੀਆ ਲਾਹੀਆਂ,
ਪਤਾ ਨਹੀਂ ਲੱਗਦਾ ਹੁਣ
ਕਿਹੜਾ ਆਦਮੀ ਹੈ ਜਾ ਨਾਰ।
ਜਾਵੋ ਕੋਈ ਮੋੜ ਲਿਆਵੋ,
ਰੁੱਸ ਕੇ ਚਲੀ ਗਈ ਹੈ ਕਿੱਧਰੇ,
ਜਿਸਨੂੰ ਕਹਿੰਦੇ ਸੀ ਪੰਜਾਬਣ,
ਹੁਸਨਾਂ ਦੀ ਸਰਕਾਰ।
•

ਆ ਇੱਕ-ਦੂਜੇ ਦੇ ਮੋਢੇ 'ਤੇ ਸਿਰ ਧਰ ਦੋਵੇਂ ਰੋ ਲਈਏ,
'ਕੱਲੇਪਣ ਦੀ ਗਰਦਿਸ਼ ਨੂੰ ਹੰਝੂਆਂ ਨਾਲ ਮਾਸਾ ਧੋ ਲਈਏ।

ਦਿਲ ਮੰਨੇ ਤਾਂ ਦਿਲ ਦੀ ਮੰਨ ਕੇ ਮਹਫ਼ਿਲ ਵਿਚ ਆ ਜਾਵੀਂ,
ਬਚੇ-ਖੁਚੇ ਫ਼ੁੱਲਾਂ ਨੂੰ ਮਿਲ ਇੱਕ ਮਾਲਾ ਵਿੱਚ ਪਰੋ ਲਈਏ।
•

ਤੂੰ ਦਾਤਾ, ਤੇਰਾ ਨਾਮ ਦਵਾਈ,
ਮੈ ਮੂਰਖ ਨੂੰ ਸਮਝ ਨਾ ਆਈ।
ਸਾਰੀ ਉਮਰ ਨਿਆਮਤ ਵਸਤਾਂ,
ਬੇਸ਼ੁਕਰਾ ਜੱਗ ਜਾਂਦਾ ਖਾਈ।
•

ਕਣਕ ਪੱਕਣ 'ਤੇ ਆ ਜਾਵੇ ਤਾਂ ਬਹੁਤਾ ਪਾਣੀ ਨਾ ਲਾਈਏ,
ਹੁੱਲ ਸਕਦੀ ਹੈ, ਆ ਸਕਦੇ ਨੇ ਬੁੱਲ੍ਹੇ, ਹਵਾ, ਹਨ੍ਹੇਰੀਆਂ।

ਪੱਕੀ ਉਮਰੇ ਕਦਾਚਿਤ ਵੀ ਬਹੁਤੀ ਭੱਜ-ਨੱਠ ਨਾ ਕਰੀਏ,
ਜੋਬਨ ਦੇ ਵਿੱਚ ਜੀ ਸਦਕੇ ਚੁੰਘਦੇ ਫਿਰੋ ਲਵੇਰੀਆਂ।

ਸੋਚ ਸਮਝ ਕੇ ਚੱਲੇ ਬੰਦਾ ਏਸੇ ਵਿੱਚ ਸਿਆਣਪ ਹੈ,
ਬਚਪਨ ਦੇ ਵਿੱਚ ਭਾਵੇਂ ਖੇਡੋ ਚੀਚੋ ਚੀਚ ਘਨ੍ਹੇਰੀਆਂ।

ਧੱਕਾ ਜ਼ੋਰੀ ਕਰ ਸਕਣ ਦਾ ਵੀ ਹੁੰਦਾ ਕੋਈ ਵੇਲਾ,
ਬਾਗ਼ੀਂ ਫੁੱਲ ਕਮਲਾਉਣ ਲੱਗਣ ਤਾਂ ਹੁੰਦੀਆਂ ਨਹੀਂ ਦਲੇਰੀਆਂ।

ਸਿਖ਼ਰ ਦੁਪਹਿਰੇ ਗਰਮੀਂ ਹੋਵੇ ਤਾਂ ਹੋਵੇ ਵੀਹ ਵਾਰੀ ਖੋਪ,
ਤੁਖ਼ਾਰ ਵਿਆਪੇ ਸਭ ਤੇ ਰਾਤਾਂ ਆਉਂਦੀਆਂ 'ਨ੍ਹੇਰੀਆਂ
•

ਨਾ ਕੋਈ ਗ਼ਲਤੀ ਤੇਰੀ ਸੱਜਣਾ! ਨਾ ਕੋਈ ਗ਼ਲਤੀ ਮੇਰੀ ਆ।
ਵਕਤ-ਵਕਤ ਦੀਆਂ ਗੱਲਾਂ ਮਿੱਤਰਾ! ਵਕਤ ਦੀ ਹੇਰਾ-ਫੇਰੀ ਆ।

ਦੁਨੀਆਂ ਪਿੱਛੇ ਲੱਗ ਕੇ ਐਵੇਂ, ਘਰ ਕੀਤਾ ਬਰਬਾਦ ਅਸੀਂ,
ਜਾਣਦਿਆਂ ਹੋਇਆਂ ਸਭ ਕੁੱਝ ਕਿ ਦੁਨੀਆਂ ਚਾਰ ਚੁਫ਼ੇਰੀ ਆ।

ਆਪਾਂ ਦੋਹਾਂ ਨੇ ਹਾਲੇ ਤੱਕ ਆਪਣਾ ਕਹਿਣਾ ਨਹੀਂ ਛੱਡਿਆ,
ਏਸੇ ਵਿੱਚ ਹੀ ਦਿਸੇ ਸਿਆਣਪ ਏਸੇ ਵਿੱਚ ਦਲੇਰੀ ਆ।

ਸੋਚ ਸਮਝ ਕੇ ਤੁਰੀਏ ਤੇ ਬਚ ਜਾਈਏ ਜਿੱਤਰਾਂ ਬਚ ਹੁੰਦਾ,
ਇਹ ਸੰਸਾਰ ਸਾਗਰ ਦੀ ਨਿਆਈਂ ਜੀਵਨ ਘੁੰਮਣਘੇਰੀ ਆ।

•

ਭਰੀ ਮਹਫ਼ਿਲ 'ਚ ਕਰਦੇ ਸਿਫ਼ਤ ਅੱਜ ਤੂੰ ਜਕੀਂ ਨਾ 'ਸੁੰਨੜਾ'
ਇਸ ਅਪਰਾਧ ਦੀ ਹਰਗਿਜ ਸਜ਼ਾ ਏ ਮੌਤ ਨਹੀਂ ਹੁੰਦੀ।

•

ਜਿੰਨਾ ਚਿਰ ਤੱਕ ਸਾਹ ਚਲਦਾ ਹੈ ਸਭ ਕੁੱਝ ਚੱਲਦਾ ਲੱਗਦਾ ਹੈ।
ਫ਼ੱਕਰ ਦੇ ਕਰ ਪੈਰ੍ਹ ਚੱਲਦੇ ਤਾਹੀਓਂ ਕੁੱਲੀ ਦੀਵਾ ਜਗਦਾ ਹੈ।
ਨਬਜ਼ ਜਿੰਨਾ ਚਿਰ ਚੱਲਦੀ ਹੈ ਤੇ ਤਪਸ ਵੀ ਹੈ ਜਿੰਨਾ ਚਿਰ ਤੱਕ,
ਇਸ ਤੋਂ ਜ਼ਾਹਿਰ ਹੁੰਦਾ ਹੈ ਅਜੇ ਖ਼ੂਨ ਜਿਸਮ ਵਿੱਚ ਵਗਦਾ ਹੈ।

•

ਨਾ ਸ਼ਿਕਵਾ ਨਾ ਸ਼ਿਕਾਇਤ, ਨਾ ਕਿਸੇ ਦਾ ਦੋਸ਼ ਹੈ ਕੋਈ।
ਜੋ ਮਿਲਿਆ ਜਾਂ ਨਹੀਂ ਮਿਲਿਆ ਨਾ ਹੀ ਅਫ਼ਸੋਸ ਹੈ ਕੋਈ।

ਨਾ ਹੀ ਬੇਹੋਸ਼ ਹਾਂ ਸੱਜਣਾ! ਤੇ ਨਾ ਹੀ ਹੋਸ਼ ਹੈ ਕੋਈ,
ਮੈਂ ਰੁੱਸ-ਰੁੱਸ ਵੀ ਨਹੀਂ ਬਹਿੰਦਾ ਤੇ ਨਾ ਹੀ ਰੋਸ ਹੈ ਕੋਈ।

ਮੇਰਾ ਵਿਸ਼ਵਾਸ ਨਾ ਡੋਲੇ ਕੋਈ ਐਸੀ ਬਾਤ ਪਾ ਜਾਵੀਂ,
ਵਾਅਦਾ ਖ਼ਿਲਾਫ਼ੀ ਨਾ ਕਰੀਂ ਬਸ! ਤੂੰ ਆ ਜਾਵੀਂ।
ਚਾਰ੍ਹ ਦਿਨ ਹੋਰ ਕੱਢ ਜਾਊਂ ਬਸ! ਤੂੰ ਅੱਖ ਮਿਲਾ ਜਾਵੀਂ।
•

ਕਿਉਂ ਭੁੱਖ ਵੀ ਲੱਗਦੀ ਹੈ ਮੈਨੂੰ ਪਿਆਸ ਵੀ।
ਤੇ ਨਾਲੇ ਦਿਲ ਨੇ ਛੱਡੀ ਨਹੀਂ ਅਜੇ ਆਸ ਵੀ।

ਤੋਤੇ ਦੀ ਅੱਖ ਵਾਂਗ ਅੱਖ ਵਿੱਚ ਆਸ ਹੈ ਹਾਲੇ।
ਕਦੇ ਤਾਂ ਕੋਈ ਮਿਲੇਗਾ ਧਰਵਾਸ ਹੈ ਹਾਲੇ।
•

ਐਸੀ-ਵੈਸੀ ਰੀਝ ਨਹੀ ਸੀ ਬਸ! ਦਿਲ ਕਰਦਾ ਸੀ,
ਕੋਈ ਰੁੱਸੇ ਤੇ ਅਸੀਂ ਮਨਾਉਂਦੇ ਫਿਰੀਏ।
ਮੰਨਣ-ਮਨਾਉਣ ਦੀਆ ਸੁਰਾਂ ਇੱਕ ਗੀਤ ਜਿਹਾ ਬਣ ਜਾਵੇ,
ਉੱਠਦਿਆ, ਬਹਿੰਦਿਆਂ ਗਾਉਂਦੇ ਫਿਰੀਏ।

ਸਾਡੀ ਸ਼ਖ਼ਸੀਅਤ ਵਿੱਚ ਕੋਈ ਘਾਟ ਹੋਣੀ ਐਂ,
ਕਾਹਨੂੰ ਐਂਵੇ ਊਜਾਂ ਹੋਰ ਕਿਸੇ 'ਤੇ ਲਾਉਂਦੇ ਫਿਰੀਏ।
ਅਜੇ ਤੀਕ ਨਹੀਂ ਆਇਆ ਕੋਈ ਹੁਣ ਕੀ ਅਉਣਾ,
ਐਂਵੇ ਕਾਹਤੋਂ ਰਾਹਾਂ ਉੱਤੇ ਦੀਪ ਜਗਾਉਂਦੇ ਫਿਰੀਏ।

ਜੀਅ ਕਰਦਾ ਹੈ ਜਾ ਮਿਲਾਂ ਉੱਡ ਕੇ,
ਮਾਸਾ ਜਿਹਾ ਵੀ ਜਦੋ ਇਸ਼ਾਰਾ ਮਿਲਦਾ ਹੈ।
ਪੜ੍ਹ ਰਹੇ ਹੁੰਦੇ ਜਦੋਂ ਉਹ ਮੇਰੀ ਕਵਿਤਾ ਨੂੰ,
ਮੈਨੂੰ ਲੱਗਦਾ ਜਿਵੇਂ ਹੁੰਘਾਰਾ ਮਿਲਦਾ ਹੈ।

ਬਿਨਾਂ ਮਲਾਹ ਕਿਸ਼ਤੀ ਜਾਵੇ ਤਾਂ ਕਿੱਧਰ ਨੂੰ,
ਮਾਝੀ ਬਿਨ ਕਿੱਦਾ ਕਿਨਾਰਾ ਮਿਲਦਾ ਹੈ।
ਇਹ ਜਨਮ ਤਾਂ ਭੰਗ ਦੇ ਭਾਣੇ ਗਿਆ, ਸੁਣਿਆ!
ਕਦੇ ਨਾ ਜੀਵਨ ਦੁਬਾਰਾ ਮਿਲਦਾ ਹੈ।

•

ਮੈ ਆਪਣੇ ਖ਼ੁਦ ਚਮਲਾਏ ਨੇ ਬਹੁਤਾ ਹੀ ਆਪਣੇ ਕਹਿ-ਕਹਿ ਕੇ,
ਗ਼ੈਰਾਂ ਵਿਚ ਗ਼ੈਰਤ ਹੈ ਹਾਲੇ ਪਰ ਆਪਣਿਆਂ ਠੁਕਰਾਇਆ ਹੈ।
ਰਾਹ ਬਣਾਏ ਨੇ ਜਿਨ੍ਹਾਂ ਲਈ ਮੈਂ ਮੁਮਕਿਨ ਕੋਸ਼ਿਸ਼ ਕਰਕੇ,
ਉਹਨਾਂ ਹੀ ਮੇਰੇ ਆਪਣਿਆਂ ਮੈਨੂੰ ਰਾਹੇ-ਰਾਹੇ ਪਾਇਆ ਹੈ।

ਘਰ-ਬਾਰ ਬਣਾਇਆ ਭੱਜ ਨੱਠ ਕੇ ਕਿ ਮੇਰਾ ਕੋਈ ਉਡੀਕੇਗਾ,
ਹੁਣ ਭੁੱਲ ਜਾ 'ਸੁੰਨੜਾ' ਉਸ ਘਰ ਨੂੰ ਜਿਸ ਵਿੱਚ ਭੂਤਾਂ ਦਾ ਸਾਇਆ ਹੈ।
ਕੋਈ ਅਪਣਾ ਨਾਂ ਥਾਂ ਬਣ ਜਾਵੇ ਇਸ ਲੋਚਾ ਵਿਚ ਬੀਂਡੀ ਜੁੱਟਿਆ,
ਪਰ ਮੈਨੂੰ ਹੀ ਪੁੱਛੇ ਕੋਈ ਕੀ ਖੱਟਿਆ ਕੀ ਗਵਾਇਆ ਹੈ।

•

ਜਦ ਕੱਲਮਕੱਲੇ ਬੈਠੇ ਹਾਂ ਤਾਂ ਚੰਗਾ ਕੀ ਤੇ ਮੰਦਾ ਕੀ,
ਤੂੰ ਮਿਲ ਜਾਵੇਂ ਤਾਂ ਖ਼ੈਰ ਹੈ ਨਹੀਂ ਤਾਂ ਬੀਤ ਗਈ ਹੈ ਏਸ ਤਰ੍ਹਾਂ।
ਸਾਡੇ ਜੀਵਨ ਵਿੱਚ ਮਹਿਕ ਨਹੀਂ ਦੁਨੀਆ ਮਹਿਕੇ ਤਾਂ ਕੀ ਕਰੀਏ,
ਜੇ ਦੇਖਣ ਵਾਲਾ ਕੋਈ ਨਾ ਹੋਵੇ ਕੀ ਫਰਕ ਹੈ ਫਿਰ ਜੀਵਾਂ ਕਿ ਮਰਾਂ।

ਦਿਲ ਟੁੱਟਦਾ ਹੈ ਰੋਂਦਾ ਹੈ ਦਿਲ ਦਾ ਇਸ ਦੇ ਵਿੱਚ ਦੋਸ਼ ਹੈ ਕੀ,
ਤਨ 'ਤੇ ਬੀਤੇ ਤਾਂ ਜਰ ਲਈਏ ਮਨ ਦੀ ਪੀੜਾ ਦੱਸ ਕਿੰਝ ਜਰਾਂ।
ਹਾਰੇ ਬੈਠੇ ਹਾਂ ਪਹਿਲਾਂ ਹੀ ਕੁੱਝ ਹੋਰ ਹਰਨ ਦਾ ਕੀ ਰੌਲ਼ਾ,
ਕੁੱਝ ਬਚਿਆ ਹੁੰਦਾ ਤਾਂ ਹਰਦੇ ਦੱਸ! ਹਾਰ ਗਏ ਨੂੰ ਕਿੰਝ ਹਰਾਂ।

•

ਆਪਣੇ ਚਿੱਤੋਂ ਰੱਬ ਨੇ ਬੰਦਾ ਉੱਤਮ ਜੀਵ ਬਣਾਇਆ,
ਬੰਦਾ ਰੱਬ 'ਤੇ ਊਜਾਂ ਲਾਵੇ, ਨਹੀਂ ਮਿਲਿਆ ਜੋ ਚਾਹਿਆ।

ਕੁੱਲ ਜੀਵਾਂ ਤੋਂ ਵਧ ਕੇ ਬਖ਼ਸ਼ੀ ਸੋਚਣ ਸਕਤੀ ਰੱਬ ਨੇ,
ਪਰ ਸੋਚਾਂ ਸੋਚ-ਸੋਚ ਬੰਦੇ ਨੇ ਰੱਬ ਨੂੰ ਸੋਚੀਂ ਪਾਇਆ।

ਰੱਬ ਕਿਵੇਂ ਦਾ ਹੋਵੇ ਬੰਦਾ ਆਪਣੀ ਮਰਜ਼ੀ ਦੱਸੇ,
ਏਸੇ ਲਈ ਤਾਂ ਵੱਖ-ਵੱਖ ਲੋਕਾਂ ਵੱਖ-ਵੱਖ ਰੱਬ ਬਣਾਇਆ।

ਨਾ ਜਲ ਡੋਬੇ ਨਾ ਅੱਗ ਸਾੜੇ ਸੱਚ ਤਾਂ ਸਾਬਤ ਸੱਚ ਹੈ,
ਲੇਕਿਨ ਲੋਕਾਂ ਜ਼ਹਿਰ ਪਿਲਾਈ ਸੂਲੀ ਚਾੜ੍ਹ ਵਿਖਾਇਆ।

•

ਨਕਲੀ ਹਾਸਾ ਵੀ ਹੱਸਾਂ ਤਾਂ ਖ਼ੁਸ਼ ਹੋ ਜਾਂਦੇ ਲੋਕ,
ਦਿਲ ਦਾ ਦਰਦ ਤਾਂ ਦਿਲ ਤੀਕਰ ਹੀ ਸੀਮਤ ਰਹਿੰਦਾ ਹੈ।

ਪੀੜ ਤਾਂ ਜਿਸ ਤਨ ਨੂੰ ਹੋਵੇ, ਉਸਨੂੰ ਝੱਲਣੀ ਪੈਂਦੀ ਹੈ,
ਖ਼ੁਸ਼ੀਆਂ ਦੀ ਮਹਿਫ਼ਿਲ ਵਿੱਚ ਹਰ ਕੋਈ ਉੱਠਦਾ-ਬਹਿੰਦਾ ਹੈ।

ਜੇ ਕੋਈ ਕੀਮਤ ਹੁੰਦੀ ਤਾਂ ਤੇ ਅੱਖ ਵੀ ਡੱਕ ਲੈਦੀਂ,
ਕਵੀ ਹੋਣਾ ਕੋਈ ਹੰਝੂਆਂ ਨੂੰ ਜੋ ਮੋਤੀ ਕਹਿੰਦਾ ਹੈ।

ਚੰਗਾ ਚੋਸਾ ਮਿਲੇ ਤਾਂ ਅੱਗੇ ਹੋ-ਹੋ ਫੜਦੇ ਲੋਕ,
ਪੀੜਾਂ ਦੇ ਧਰਘੋਨੇ ਦੱਸਿਓ! ਕਿਹੜਾ ਲੈਂਦਾ ਹੈ।

ਰੋਣਾ ਪੈਂਦਾ 'ਕੱਲਿਆਂ ਹਾਸੇ ਵੰਡਦੀ ਹੈ ਦੁਨੀਆ,
ਘਰ-ਘਰ ਏਹੋ ਅੱਗ 'ਸੁੰਨੜ' 'ਕੱਲਾ ਨਹੀਂ ਕਹਿੰਦਾ ਹੈ।

•

ਦਿਲ ਟੁੱਟਦਾ ਹੈ ਤਾਂ ਰੋਂਦਾ ਹੈ ਦਿਲ ਦਾ ਇਸ ਵਿੱਚ ਦੋਸ਼ ਹੈ ਕੀ,
ਤਨ 'ਤੇ ਬੀਤੇ ਤਾਂ ਜਰ ਲਈਏ ਮਨ 'ਤੇ ਬੀਤੇ ਤਾਂ ਕਿੰਝ ਜਰਾਂ।
ਹਾਰੇ ਬੈਠੇ ਹਾਂ ਪਹਿਲਾਂ ਹੀ ਕੁੱਝ ਹੋਰ ਹਰਨ ਦਾ ਕੀ ਰੌਲ਼ਾ
ਕੁੱਝ ਬਚਿਆ ਹੁੰਦਾ ਤਾਂ ਹਰਦੇ, ਦੱਸ ਹਾਰ ਗਏ ਨੂੰ ਕਿੰਝ ਹਰਾਂ।

•

ਕੋਈ ਸ਼ੱਕ ਨਹੀਂ ਏਸ ਵਿੱਚ ਤੂੰ ਬਿਲਕੁਲ ਬੇਵਫ਼ਾ ਨਹੀਂ,
ਜੇ ਤੂੰ ਬੇਵਫ਼ਾ ਹੁੰਦੀ ਤਾ ਫਿਰ ਤਾਂ ਗੱਲ ਹੀ ਮੁੱਕ ਜਾਂਦੀ।
ਸੱਚ ਹੈ ਕਿ ਮੈਨੂੰ ਵੀ ਪਤਾ ਨਹੀਂ ਕੀ ਹੈ ਮਜਬੂਰੀ
ਜੇ ਤੇਰਾ ਦੋਸ਼ ਕੋਈ ਹੁੰਦਾ ਤਾਂ ਹਰ ਇੱਕ ਰੀਝ ਸੁੱਕ ਜਾਂਦੀ।

ਤੈਨੂੰ ਨੇੜਿਓਂ ਜਾਨਣ ਦੀ ਦਿਲ ਵਿੱਚ ਖ਼ਾਹਿਸ਼ ਹੈ ਮੇਰੇ,
ਕਿਣਮਿਣ ਨਾ ਕਰਦੀ ਤਾਂ ਸ਼ਾਇਦ ਫਸਲ ਸੁੱਕ ਜਾਂਦੀ।
ਤੇਰੇ ਬਹਾਨੇ ਜੀਣ ਨੂੰ ਦਿਲ ਕਰਨ ਲੱਗਾ ਸੀ,
ਝੁਕਦਿਆਂ-ਝੁਕਦਿਆਂ ਇਹ ਰੂਹ ਨਹੀਂ ਤਾਂ ਬਿਲਕੁਲ ਝੁਕ ਜਾਂਦੀ।

•

ਮੈ ਤਾਂ ਐਵੇਂ ਸਰਸਰੀ ਦੱਸ ਬੈਠਾ ਆਪਣੀ ਦਾਸਤਾਂ,
ਇਹ ਕਦੇ ਨਹੀਂ ਚਾਹਿਆ ਕਿ ਤੂੰ ਵੀ ਰੋਣ ਲੱਗ ਜਾਵੇਂ।

ਮੇਰੇ ਤੋਂ ਜੋ ਦਿਸ ਰਹੀ ਇਹ ਮੇਰੀ ਆਪਣੀ ਮੈਲ਼ ਹੈ,
ਸੁਪਨੇ 'ਚ ਵੀ ਨਹੀਂ ਸੋਚਿਆ ਤੂੰ ਧੋਣ ਲੱਗ ਜਾਵੇਂ।

ਦਰਦ ਚੀਸਾਂ ਪੀੜ ਦੇ ਹੀ ਆਸਰੇ ਨਾਲ ਜੀ ਰਿਹਾਂ,
ਜਿਉਂਦੇ ਰਹਿਣ ਦੀ ਵਿਧੀ ਮੈਥੋਂ ਖੋਹਣ ਲੱਗ ਜਾਵੇਂ।

ਰੋਗ ਨਹੀਂ ਇਹ ਤਾਂ ਰੋਜ਼ਾਨਾ ਦੀ ਹੈ ਮੇਰੀ ਜ਼ਿੰਦਗੀ,
ਬਿਲਕੁਲ ਨਹੀਂ ਪੁੱਗਦਾ ਤੂੰ ਰੋਗੀ ਹੋਣ ਲੱਗ ਜਾਵੇਂ।

ਮੇਰੇ ਹਿੱਸੇ ਦਾ ਵਜ਼ਨ ਹੀ ਹੈ ਜੋ ਕਿ ਮੈਂ ਢੋ ਰਿਹਾਂ,
ਤਰਸ ਖਾ ਕੇ ਤੂੰ ਕਿਤੇ ਨਾ ਢੋਣ ਲੱਗ ਜਾਵੇਂ।
•

ਰੁੱਸ ਜਾਣ ਦਾ ਦਬਕਾ ਤਾਂ ਤੂੰ ਤਦ ਮਾਰੇ,
ਜੇ ਸੱਚੀ-ਮੁੱਚੀ ਸਾਨੂੰ ਅਪਣਾਇਆ ਹੋਵੇ ।
ਤੇਰੇ ਕੋਰੇ ਖ਼ਤ ਦੇ ਅਰਥ ਕਰਾਂ ਕਿੱਦਾ,
ਕੋਈ ਹਰਫ਼ ਤਾਂ ਖ਼ਤ ਉੱਤੇ ਪਾਇਆ ਹੋਵੇ ।
•

ਰਾਮ ਰਾਜ ਤਾਂ ਹੋਵੇ ਜੇ ਹੋਵੇ ਰਾਜਾ ਰਾਮ,
ਰਾਵਣ ਰਾਜੇ ਚਾਰ-ਚੁਫ਼ੇਰੇ ਸੀਤਾ ਉੱਧਲੇ ਸ਼ਰ੍ਹੇਆਮ।
ਧੱਕੇਸ਼ਾਹੀ ਏਨੀ ਹੈ ਕਿ ਚਿੱਟੇ ਦਿਨ ਵਿੱਚ 'ਨ੍ਹੇਰ ਮਚਾ ਕੇ
ਅੱਜ ਦੇ ਰਾਜੇ ਮਾਸਾ ਵੀ ਨਹੀਂ ਬਦਨਾਮ।
•

ਜਾਣ ਦੇ ਮੱਛੀਆਂ ਨੂੰ ਐਂਵੇ ਮੋੜ ਨਾ,
ਆਪੇ ਪਰਤ ਆਉਂਣਗੀਆ ਇਹ ਪੱਥਰ ਚੱਟ ਕੇ।

ਬੋਚ ਲਵੇਗਾ ਨਿੱਕੀ ਮੋਟੀ ਕੰਢੇ ਆਈ,
ਬਗਲਾ ਦੇਖ ਅਡੋਲ ਖੜਾ ਕਿੱਤਰਾਂ ਦੜ ਵੱਟ ਕੇ।
ਭੱਜਣ ਦੇ ਮਨ ਨੂੰ ਜੇ ਬਹੁਤਾ ਭੱਜਦਾ ਤਾਂ,
ਘਰ ਦਾ ਬੁੱਧੂ ਘਰ ਨੂੰ ਮੁੜ ਆਊ ਘੱਟਾ ਖੱਟ ਕੇ।

ਝੂਠੇ ਰੰਗ ਦੁਨੀਆ ਦੇ ਹੰਡਣਸਾਰ ਨਾ ਕੋਈ,
ਜਿਹੜਾ ਨਾਂ ਮਿਟ ਹੀ ਜਾਣਾ ਕੀ ਲੈਣਾ ਰਟ ਕੇ।

ਤੇਰੀਆਂ ਲਿਖਤਾਂ ਨੇ 'ਸੁੰਨੜਾ' ਕਈ ਰੰਗ ਦਿਖੌਣੇ,
ਪੜ੍ਹੇ ਨਾ ਪੜ੍ਹੇ ਕੋਈ ਤੂੰ ਲਿਖਦਾ ਰਹਿ ਡਟ ਕੇ।
•

ਗਜ਼ਲ਼ ਵਰਗੀ ਕੁੜੀ ਤਾਂ ਤੂੰ ਕਿਹਾ ਮੈਨੂੰ ਬਹੁਤ ਵਾਰ,
ਪਰ ਜੇ ਗਜ਼ਲ਼ ਬਣ ਗਈ ਤਾਂ ਤੈਥੋਂ ਗਾ ਨਹੀਂ ਹੋਣੀ ।
ਇਸ਼ਕ ਦੇ ਗੁੜ ਵਿੱਚ ਜੇ ਆ ਗਈ ਮਿੱਠੇ ਸੋਡੇ ਦੀ ਡਲੀ,
ਤੈਥੋਂ ਮਿੱਠਾ ਮਹੁਰਾ ਬਣੀ ਸ਼ੱਕਰ ਖਾ ਨਹੀਂ ਹੋਣੀ।
•

ਤੁਰਦੀਆਂ ਫਿਰਦੀਆਂ ਲਾਸ਼ਾਂ ਦੀ ਮੰਡੀ ਲੱਗੀ ਸੀ,
ਮੈਂ ਵੀ ਅਪਣੀ ਲਾਸ਼ ਲਿਆ ਕੇ ਵੇਚਣ ਲਈ ਟਿਕਾਈ।
ਖ਼ਬਰ ਲੱਗ ਗਈ ਜਦ ਕਿ 'ਸੁੰਨੜ' ਅਸਲੀਅਤ ਨੂੰ ਜਾਣੇ,
ਸਸਤਾ ਵੀ ਵਿਕਣਾ ਚਾਹਿਆ ਪਰ ਕਿਸੇ ਨਾ ਬੋਲੀ ਲਾਈ।
•

ਵੇਦੀ, ਤ੍ਰੈਵੇਦੀ, ਚਤੁਰਵੇਦੀ ਕਿੰਨੇ ਕੁ ਨੇ ਦੁਨੀਆ ਵਿਚ,
ਵੇਦ ਵਿਆਸ ਗ੍ਰੰਥਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ।
ਟਾਵਾਂ-ਟਾਵਾਂ ਹੈ ਕੋਈ ਜਿਸਨੇ ਵੇਦ-ਕਿਤਾਬਾਂ ਨੂੰ ਪੜ੍ਹਿਆ ਹੈ,
ਬੁੱਤ ਪੂਜ ਕੇ ਟੱਲ ਵਜਾ ਕੇ ਹਰ ਇੱਕ ਪੰਡਿਤ ਬਹਿ ਗਿਆ।

ਬਾਇਬਲ ਅਤੇ ਕੁਰਾਨ ਭਲਾ ਕਿੰਨੇ ਲੋਕਾਂ ਨੇ ਪੜ੍ਹਿਆ ਹੈ,
ਜੀਸਸ ਅਤੇ ਮੁਹੰਮਦ ਦਾ ਮਿਸ਼ਨ ਵਿਹੂਣਾ ਰਹਿ ਗਿਆ।
ਸੱਚੀ ਦੱਸਿਓ! ਗੁਰੂ ਗ੍ਰੰਥ ਨੂੰ ਕਿਸ ਵਡਭਾਗੇ ਨਾ ਪੜ੍ਹਿਆ ਹੈ,
ਬੋਲਤ ਬੋਲਤ ਬੜੇ ਬਿਕਾਰਾ ਭਗਤ ਕਬੀਰ ਕਹਿ ਗਿਆ।

•

ਭੁਲੇਖਾ ਜਿਹਾ ਹੀ ਪਾਉਂਦੇ ਰਹਿੰਦੇ,
ਲਾਰਾ ਜਿਹਾ ਹੀ ਲਾਉਂਦੇ ਰਹਿੰਦੇ।
ਜਿਹੜੇ ਮਰਜ਼ੀ ਰੰਗ ਦੇ ਵਿੱਚ,
ਕੋਈ ਸੁਪਨਾ ਜਿਹਾ ਦਿਖਾਉਂਦੇ ਰਹਿੰਦੇ।

ਸ਼ਾਇਦ ਉਸਦੇ ਨਾਟਕ ਦੇ ਵਿੱਚ
ਸਾਡਾ ਕੋਈ ਕਿਰਦਾਰ ਨਹੀਂ ਹੈ।
ਬਿਲਕੁਲ ਹਾਂ ਵਿੱਚ ਨਾ ਸਹੀ ਲੇਕਿਨ,
ਖ਼ਤ ਪੱਤਰ ਤਾਂ ਪਾਉਂਦੇ ਰਹਿੰਦੇ।

•

ਨਾ ਤੂੰ ਰਹਿਣਾ ਨਾ ਮੈਂ ਰਹਿਣਾ ਇਹ ਦੁਨੀਆਂ ਫਾਨੀ ਆ।
ਸਦੀਆਂ ਤੱਕ ਜਿਹੜੀ ਯਾਦ ਰਹੇ ਕੋਈ ਕੋਈ ਕਹਾਣੀ ਆ।

ਭੱਜ ਤੜੱਕੇ ਨਾਲ ਤਾਂ ਜੀਵਨ ਜੀਅ ਲੈਂਦੀ ਦੁਨੀਆਂ ਸਾਰੀ,
ਦਿਲ ਵਿੱਚ ਤਾਂ ਉਹੀਓ ਵਸਦਾ ਹੈ ਜੋ ਦਿਲ ਦਾ ਜਾਨੀ ਆ।

ਪਿਆਰ ਅਤੇ ਸਤਿਕਾਰ ਕਰਨ ਦਾ ਗਣਿਤ ਨਹੀਂ ਹੁੰਦਾ,
ਇਸਦੀ ਪੁਸਤਕ ਨਾ ਛਪੇ ਇਹ ਇਲਮ ਜ਼ੁਬਾਨੀ ਆ।

•

ਸੁਪਨਾ ਹੈਂ ਤੂੰ ਜੋ ਸੱਚ ਕਦੇ ਨਈਂ ਹੋ ਸਕਣਾਂ,
ਪਰ ਰੋਜ਼ ਇਹ ਸੁਪਨਾ ਦੇਖਣ ਨੂੰ ਦਿਲ ਕਰਦਾ ਹੈ।
ਜਾਣਦਿਆਂ ਕਿ ਚੰਦ ਕਦੇ ਨਈਂ ਹੱਥ ਆਉਣਾ,
ਕਮਲਾ ਦਿਲ ਫਿਰ ਵੀ ਕਿਉਂ ਹੌਕੇ ਭਰਦਾ ਹੈ।

ਜਿਉਂਦੇ ਰਹਿਣ ਲਈ ਕਾਫ਼ੀ ਇੱਕ ਮੌਕੇ ਦੀ ਆਸ,
ਪੂਰੀ ਹੁੰਦੀ ਹਰ ਇੱਛਾ ਜੋ ਡੋਲੇ ਨਾ ਵਿਸ਼ਵਾਸ।
ਆਪਣੇ ਅੰਦਰ ਦੇ ਮੰਦਿਰ ਵਿੱਚ ਦੀਵਾ ਜਗਦਾ ਰੱਖੀਂ,
ਡੋਲ੍ਹਣ ਨਾ ਦੇਵੀਂ ਤੂੰ ਖ਼ੁਦ ਨੂੰ ਦਿੰਦਾ ਰਹੀਂ ਧਰਵਾਸ।

•

ਹਰ ਕੋਈ ਆਪਣੇ ਦੁਖ ਨਿਵਾਰਨ ਦੇ ਲਈ ਸਾਥੀ ਲੱਭਦਾ ਹੈ
ਕੋਈ ਨਹੀਂ ਕਿਸੇ ਦੇ ਲਾਗੇ ਢੁਕਦਾ ਕਿਸੇ ਦੀ ਪੀੜਾ ਜਰਨ ਲਈ।
ਦਾਰੂ ਲੱਭਦੀ ਫਿਰਦੀ ਦੁਨੀਆਂ ਆਪਣੇ ਦਰਦ ਦੇ ਖਾਤਰ
ਜੋ ਨਹੀਂ ਜ਼ਖ਼ਮੀ ਉਹ ਜਾ ਸਕਦਾ ਜ਼ਖ਼ਮ ਕਿਸੇ ਦੇ ਭਰਨ ਲਈ।

ਦੁਨੀਆਂ ਦੀ ਇਸ ਭੀੜ 'ਚ ਕਈ ਵਾਰੀ 'ਕੱਲੇ ਰਹਿ ਜਾਂਦੇ,
ਜਾਨਵਰਾਂ ਦੇ ਗਲ ਲੱਗਣਾ ਚਾਹੁੰਦੇ ਆਪਣਾ ਦੁੱਖ ਹਰਨ ਲਈ।
ਮਰ ਮਰ ਕੇ ਆਪਣੀ ਆਪਣੀ ਬਾਲ ਕੇ ਸੇਕੇ ਇਹ ਦੁਨੀਆਂ,
ਖ਼ੁਦ ਤੋਂ ਵਿਹਲ ਮਿਲੇ ਕੋਈ ਸੋਚੇ ਕਿਸੇ ਦੀ ਥਾਂ 'ਤੇ ਮਰਨ ਲਈ।

•

ਰੱਬ ਨੇ ਬੰਦਾ ਆਪ ਬਣਾਇਆ ਬੰਦਾ ਬਣ ਕੇ ਰਹਿਣ ਲਈ,
ਪਰ ਅਕਲ ਦੇ ਪਿੱਛੇ ਲੱਗ ਬੰਦੇ ਨੇ ਕਰ ਲਿਆ ਸੱਤਿਆਨਾਸ।
ਬੰਦੇ ਨੂੰ ਇਹ ਪਤਾ ਹੈ ਬਹੁਤ ਸਿਆਣਪ ਸਹੀ ਨਹੀਂ ਹੁੰਦੀ,
ਰਜ਼ਾ ’ਚ ਰਾਜ਼ੀ ਰਹਿਣ ਨੂੰ ਰਚਿਆ ਧਰਮਾਂ ਦਾ ਇਤਿਹਾਸ।

ਖ਼ੁਦ ਨੂੰ ਕਾਬੂ ਕਰਨ ਲਈ ਕਾਨੂੰਨ ਬਣਾਉਣੇ ਪੈ ਗਏ,
ਰੱਬ ਵਰਗੇ ਬੰਦੇ ਦਾ ਖ਼ੁਦ ’ਤੇ ਬਿਲਕੁਲ ਨਹੀਂ ਵਿਸ਼ਵਾਸ।
ਧਰਮ ਤਾਂ ਮਰਿਆਦਾ ਹੈ ਕੋਈ ਵੀ ਮਰਿਆਦਾ ਨਹੀਂ ਮਾੜੀ,
ਪਰ ਇੱਕ ਦੂਜੇ ਦੀ ਨਿੰਦਿਆਂ ਕਰਕੇ ਕਰ ਲਿਆ ਪਰਦਾ ਫ਼ਾਸ਼।

ਵੇਦ ਸੱਚ, ਇਲਹਾਮ ਵੀ ਸੱਚਾ, ਸੱਚੀ ਧੁਰ ਕੀ ਬਾਣੀ,
ਫਿਰ ਸੱਚ ਨਾਲ ਸੱਚ ਨੂੰ ਝਗੜਣ ਦੀ ਥਾਂ ਲੋੜ ਨਹੀਂ ਹੈ ਖ਼ਾਸ।
ਹੁਕਮ ਰਜ਼ਾ ਵਿੱਚ ਰਹਿਣ ਦਾ ਬੰਦੇ ਨੂੰ ਇੱਕ ਮੌਕਾ ਮਿਲਿਆ,
ਪਰ ਜੂਨਾਂ ਦੇ ਚੱਕਰ ਵਿੱਚ ਪੈ ਗਿਆ ਜੰਮਦਾ ਮਰਦਾ ਮਾਸ।

ਸਾਰਿਆਂ ਧਰਮ ਗ੍ਰੰਥਾਂ ਵਿੱਚ ਸੱਚ ਤਾਂ ਇੱਕੋ ਇੱਕ ਹੈ,
ਸੱਚ ਸ਼ਬਦ ਦੇ ਚਰਨਾਂ ਦੇ ਵਿੱਚ ‘ਸੁੰਨੜਾ’ ਕਰ ਅਰਦਾਸ।
ਮਹਿਲ ਮਾੜੀਆਂ ਅਤੇ ਜੰਗੀਰਾਂ ਨਾਲ ਨਹੀਂ ਕੁੱਝ ਜਾਣਾ,
ਝੂਠੇ ਦੁਨੀਆਂ ਦੇ ਸਭ ਚਸਕੇ ਝੂਠੇ ਭੋਗ ਵਿਲਾਸ।

ਰਾਜੇ ਰੰਕ, ਅਮੀਰ ਵਜੀਰ ਤਾਂ ਹਰ ਕੋਈ ਬਣਨਾ ਚਾਹੁੰਦਾ,
ਕੋਈ ਨਹੀਂ ਜੋ ਇਸ ਦੁਨੀਆਂ ਵਿੱਚ ਬਣਨਾ ਚਾਹੁੰਦਾ ਦਾਸ।
ਭੋਂ ਭਾਂਡਾ ਜਿੰਨਾ ਮਰਜ਼ੀ ਤੂੰ ’ਕੱਠਾ ਕਰ ਲੈ ਮਿੱਤਰਾ!
ਪਰ ਸਾਢੇ ਤਿੰਨ ਹੱਥ ਧਰਤੀ ’ਤੇ ਹੋਣਾ ਕੰਮ ਖਲਾਸ।

•

ਚੰਗਾ ਹੋਇਆ ਅਸਤ ਹੋ ਗਿਆ ਸਾਡਾ ਸੂਰਜ ਦੇਵ,
ਨਹੀਂ ਤਾਂ 'ਨੇਰ੍ਹੀਆਂ ਰਾਤਾਂ ਦੇ ਵਿੱਚ ਤੁਰਨਾ ਕਦੇ ਨਾ ਆਉਂਦਾ।
ਜੋਬਨ ਰੁੱਤ ਦੀਆਂ ਗਰਮਜੋਸ਼ੀਆਂ ਦਾ ਸੱਚ ਤਾਂ ਅੱਧਾ ਹੈ,
ਜੀਵਨ ਦੇ ਵਿੱਚ ਕੱਕਰ ਕੋਰਾ ਦੂਜਾ ਅੱਧ ਅਖਵਾਉਂਦਾ।

ਸੁਖ ਤੇ ਦੁਖ ਦੋਵੇਂ ਰਲ ਮਿਲ ਕੇ ਕਰਦੇ ਇੱਕ ਕਹਾਣੀ,
ਦੁੱਖ ਨਾ ਹੁੰਦਾ ਕੋਈ ਤਾਂ ਬੰਦਾ ਰੱਬ ਨੂੰ ਕਿਵੇਂ ਧਿਆਉਂਦਾ।
ਦਿਲ ਦੀ ਭਾਫ਼ ਕੱਢ ਕੇ ਕਹਿੰਦੈਂ ਹੋਰ ਨਾ ਕਿਸੇ ਨੂੰ ਦੱਸੀਂ,
ਆਪਣੇ ਦਿਲ ਦੀ ਭਾਫ਼ ਕੱਢਣੀ ਸਾਡਾ ਦਿਲ ਵੀ ਚਾਹੁੰਦਾ।

ਘਰ ਘਰ ਏਹੀਓ ਅੱਗ ਹੈ 'ਸੁੰਨੜਾ' ਤੂੰ 'ਕੱਲਾ ਨਾ ਸਮਝੀਂ,
ਤੇਰੇ ਵਾਂਗ ਨਾ ਕੋਈ ਵੀ ਅਣਸੁਣਿਆ ਤਾਈਂ ਸੁਣਾਉਂਦਾ।
ਪੀੜ ਜਰਨ ਦੀ ਆਦਤ ਪਾ ਲੈ ਢਕੀ ਨਾ ਕੋਈ ਬੁੱਝਦਾ,
ਬਲਦੀ ਉੱਤੇ ਤੇਲ ਪਾਵੇ ਜੱਗ ਹੋਰ ਚੁਆਤੀ ਲਾਉਂਦਾ।

ਸਾਵਾਂ ਪੱਧਰਾ ਜੀਵਨ ਜੇਕਰ ਦਰਦ ਨਾ ਹੁੰਦਾ ਕੋਈ,
ਕਲਮ 'ਚ ਹੰਝੂ ਨਾ ਹੁੰਦੇ ਤਾਂ ਕਵਿਤਾ ਕਿਵੇਂ ਬਣਾਉਂਦਾ।
•

ਜੇਕਰ ਅੰਗ ਸੰਗ ਹੋਵੇ ਕੋਈ ਸਹਿਜ ਹੋ ਜਾਂਦੀ ਵਾਟ,
ਬਿਨਾਂ ਸਾਥ ਤੋਂ ਵੀ ਲੇਕਿਨ ਦਿਨ ਤਾਂ ਕਟ ਹੀ ਜਾਂਦੇ ਨੇ।
ਦੁੱਖ ਸਹੇੜਨ ਖਾਤਰ ਤਾਂ ਕੋਈ ਸਾਥੀ ਨਹੀਂਓ ਬਣਦਾ,
ਸੁੱਖ ਪ੍ਰਾਪਤ ਕਰਨ ਲਈ ਲੋਕੀਂ ਸਾਥ ਨਿਭਾਉਂਦੇ ਨੇ।

ਦਿਨ ਕਟੀਆਂ ਹੀ ਕਰਨੀਆਂ ਨੇ ਤਾਂ ਜੀਵਨ ਕਿਹੜੇ ਕੰਮ,
ਦੁੱਖ ਸੁੱਖ ਸਾਂਝੇ ਕਰਨ ਲਈ ਹੀ ਲੋਕੀਂ ਸਾਕ ਬਣਾਉਂਦੇ ਨੇ।
ਜਿਸਨੂੰ 'ਕੱਲਿਆਂ ਜੀਣਾ ਪੈ ਜਾਵੇ ਉਹ ਇਸ ਦਰਦ ਨੂੰ ਜਾਣੇ,
ਸੁੱਖ ਮਿਲਦਾ ਹੈ ਤਾਂ ਹੀਂ ਲੋਕੀਂ ਰੁੱਸਿਆਂ ਤਾਈਂ ਮਨਾਉਂਦੇ ਨੇ।

ਦਿਲ ਬਹਿਲਾਉਂਦੀ ਦੁਨੀਆਂ ਕਿਉਂਕਿ ਦਾਤੇ ਨੇ ਦਿਲ ਦਿੱਤਾ,
ਦਿਲ ਦਾ ਦਰਦ ਹਰਨ ਲਈ ਦਿਲਬਰ ਲੋਕੀਂ ਚਾਹੁੰਦੇ ਨੇ।
ਹੱਕ ਤਾਂ ਨਹੀਂ ਬਣਦਾ ਮੇਰਾ ਕਿ ਤੈਨੂੰ ਜ਼ਖ਼ਮ ਦਿਖਾਵਾਂ,
ਪਰ ਦਿਲ ਦੀ ਵੇਦਨ ਕੱਜਣੀ ਔਖੀ ਸੁਣਿਆਂ ਲੋਕ ਛੁਪਾਉਂਦੇ ਨੇ।
•

ਬਹੁਤ ਚੁੱਕ ਚੁੱਕ ਵੇਖਿਆ ਸਭ ਨੂੰ ਕੰਧੜੇ ਆਪਣੇ,
ਪਰ ਹੁਣ ਤਾਂ ਮੇਰੀਆਂ ਲੱਤਾਂ ਮੇਰਾ ਆਪਣਾ ਭਾਰ ਨਹੀਂ ਚੁੱਕਦੀਆਂ।
ਕੋਈ ਤਾਂ ਕਹਿੰਦਾ ਤੂੰ ਤਕੜਾ ਹੋ ਮੈਂ ਤੇਰੇ ਨਾਲ ਹਾਂ,
ਮੇਰੀ ਕੀ ਸੁਣਨੀ ਸੀ ਲੋਕਾਂ ਦੀਆਂ ਗੱਲਾਂ ਨਹੀਂ ਮੁੱਕਦੀਆਂ।

ਜ਼ਿੰਦਗੀ ਦਾ ਸਫ਼ਰ 'ਕੱਲਿਆਂ ਬਹੁਤ ਔਖਾ ਲੰਘਦਾ,
ਪਰ ਜੀਣਾ ਤਾਂ ਪੈਣਾ ਹੈ ਜਿੰਨਾ ਚਿਰ ਨਬਜ਼ਾਂ ਨਹੀਂ ਰੁਕਦੀਆਂ।
ਜੇ ਕਿਤੇ ਨਜ਼ਮਾਂ ਦੇ ਵਿੱਚ ਕੋਈ ਚੀਸ ਸਾਂਝੀ ਕਰ ਲਵਾਂ,
ਹਰ ਕੋਈ ਕਹਿੰਦਾ ਇਹ ਗੱਲਾਂ ਉਹਨਾਂ ਉੱਤੇ ਢੁਕਦੀਆਂ
•

ਤੇਰੇ ਜੀਵਨ ਦੇ ਵਿੱਚ ਆ ਕੇ,
ਅਰਮਾਨਾਂ ਨੂੰ ਸੰਨ੍ਹ ਲਗਾ ਕੇ।
ਰੋਂਦਿਆਂ ਛੱਡ ਗਿਆ ਜੋ ਤੇਰਾ,
ਸਭ ਕੁੱਝ ਲੁੱਟ ਲੁਟਾ ਕੇ।

ਅਜੇ ਵੀ ਉਸਨੂੰ ਯਾਦ ਕਰੇਂ ਤਾਂ,
ਉਸ 'ਤੇ ਕਵਿਤਾ ਲਿਖ ਧਰੇ ਤਾਂ।
ਤੇਰੇ ਜਿਹਾ ਨਾ ਕੋਮਲ ਕੋਈ,
ਮੈਂ ਤੈਨੂੰ ਕੀ ਲੈਣਾ ਸਮਝਾ ਕੇ।
•

ਆਦਿ ਬਿਨਾਂ ਨਾ ਅੰਤ ਹੈ,
ਜਨਮ ਬਿਨਾਂ ਨਾ ਮੌਤ।
ਦੁੱਖ ਜਾਵੇ ਸੁੱਖ ਆਂਵਦਾ,
ਇਹ ਸੱਚੋ ਸੱਚ ਅਖੌਤ।

ਚਾਨਣ ਮਿਟਦਾ 'ਨ੍ਹੇਰ ਵਿੱਚ,
ਅੰਧੇਰ ਮੇਟੇ ਪਰਕਾਸ਼।
'ਨ੍ਹੇਰਾ, ਚਾਨਣ ਸਕੇ ਸਬੰਧੀ,
ਹੈ ਕੁੜਮਚਾਰੀ ਦਾ ਸਾਕ।

ਸੱਚ ਬਿਨਾਂ ਕੋਈ ਝੂਠ ਨਾ,
ਝੂਠ ਬਿਨਾਂ ਨਹੀਂ ਸੱਚ।
ਸੱਚ, ਝੂਠ ਨਿਰਭਰ ਕਰਨ,
ਇਸ ਵਿੱਚ ਕੋਈ ਨਾ ਕੱਚ।
•

ਪਾਰ ਲੰਘਣ ਦੀ ਤਰਕੀਬ ਮੈਂ ਕਿਉਂ ਸੋਚਾਂ,
ਜਦ ਨਦੀ ਵੀ ਕੋਈ ਨਹੀਂ ਤੇ ਨਾ ਕੋਈ ਕਿਨਾਰਾ।
ਧਰਤ ਅਕਾਸ਼ ਵਿੱਚ ਜੇ ਕੋਈ ਰੜਕਦਾ ਆਪਣਾ,
ਤਾਂ ਦਿਲ ਬਦੋਬਦੀ ਤੱਕਦਾ ਉਸਦਾ ਸਹਾਰਾ।

ਨਾ ਸ਼ਿਕਵਾ ਹੈ ਨਾ ਕੋਈ ਸ਼ਿਕਾਇਤ ਹੈ,
ਜਿਸਦਾ ਮਾਲਕ ਨਾ ਹੋਵੇ ਉਹ ਹਰਦਮ ਭਟਕਦਾ ਅਵਾਰਾ।
ਅਗਲੀ ਜੂਨ ਦੀਆਂ 'ਸੁੰਨੜਾ' ਨਾ ਲਾ ਸਕੀਮਾਂ,
ਜੋ ਚਲਾ ਗਿਆ ਇੱਕ ਵਾਰ ਉਹ ਕਿਸ ਦੇਖਿਆ ਦੁਬਾਰਾ।
•

ਸਦਕੇ ਜਾਵਾਂ ਸਰਕਾਰਾਂ ਦੇ ਜੋ ਟੈਕਸ ਜੱਟ 'ਤੇ ਲਾਉਂਦੀਆਂ ਨੇ।
ਬਚੇ ਖੁਚੇ ਜੋ ਸਾਹ ਜੱਟ ਦੇ, ਉਹ ਸਾਹ ਵੀ ਘੁੱਟਣਾ ਚਾਹੁੰਦੀਆਂ ਨੇ।
ਦੋਨੇ ਦੇ ਸਰਦਾਰ ਨੇ ਕਦ ਪਰਦੇਸੀਂ ਜਾਣਾ ਚਾਹਿਆ ਸੀ।
ਖੇਤੀ 'ਚੋਂ ਰਗੜਾ ਖਾ ਕੇ ਹੀ ਸੁੰਨੜ ਘਰ ਛੱਡ ਕੇ ਆਇਆ ਸੀ।

ਖੋਖਲੀਆਂ ਸਰਦਾਰੀਆਂ ਛੱਡ ਕੇ ਇੱਕ ਆਵਾਜ਼ ਬੁਲੰਦ ਕਰੋ।
ਇਕਮੁੱਠ ਹੋ ਕੇ ਪਹਿਰਾ ਦੇ ਕੇ ਚੋਰਾਂ ਦੀ ਚੋਰੀ ਬੰਦ ਕਰੋ।
•

ਸੋਚ ਸਮਝ ਦੇ ਨਾਲ ਜੇ ਚੱਲੀਏ ਜੀ,
ਜੀਵਨ ਯਾਤਰਾ ਸਫ਼ਲ ਬਣਾ ਲਈਏ।
ਔਲੇ, ਹਰੜਾਂ, ਬਹੇੜੇ ਤਿੰਨ ਫਲ
ਕੁੱਟ ਪੀਸ ਕੇ ਚੂਰਣ ਬਣਾ ਲਈਏ ।

ਵਾਦੀ ਹੋਵੇ ਤਾਂ ਮਾਰ ਕੇ ਇੱਕ ਫੱਕਾ
ਘੁੱਟ ਪਾਣੀ ਦੇ ਨਾਲ ਲੰਘਾ ਲਈਏ।
ਗਰਮੀ ਹੋ 'ਜੇ ਤਾਂ ਰਾਤ ਨੂੰ ਭਿਉਂ ਦਈਏ,
ਨਿਰਨੇ ਕਾਲਜੇ ਉੱਠ ਕੇ ਖਾ ਲਈਏ।

ਇੱਕ ਚੁਟਕੀ ਜਵੈਣ ਦੇ ਪੱਤਿਆਂ ਦੀ
ਹਰ ਦਾਲ ਸਬਜ਼ੀ ਵਿੱਚ ਪਾ ਲਈਏ।
ਹੰਡਣਸਾਰ ਜ਼ਿੰਦਗੀ ਹੈ 'ਸੁੰਨੜਾ'
ਇਸਨੂੰ ਵਿਉਂਤ ਦੇ ਨਾਲ ਹੰਢਾ ਲਈਏ।
•

ਬੁੱਤ ਪੂਜਦਾ ਫਿਰੇ ਜੋ ਪੱਥਰਾਂ ਦੇ,
ਕਾਦਰ ਕੁਦਰਤ ’ਤੇ ਨਹੀਂ ਵਿਸ਼ਵਾਸ ਉਸਨੂੰ।
ਮਨ ਮੰਦਿਰ ਦੇ ਵਿੱਚ ਜੋ ਰਾਮ ਵਸਦਾ,
ਘਰ ਦਾ ਜੋਗੜਾ ਦਾ ਦਿਸਦਾ ਨਾ ਪਾਸ ਉਸਨੂੰ।

ਜਿਹੜਾ ਮੜ੍ਹੀਆਂ ਮਸਾਣਾਂ ਵਿੱਚ ਫਿਰੇ ਲੱਭਦਾ,
ਰੱਬ ਦੀ ਰਜ਼ਾ ਹੀ ਨਹੀਂ ਰਾਸ ਉਸਨੂੰ।
ਝੱਖ ਮਾਰਦਾ ਫਿਰੇ ਜੋ ਜੰਗਲਾਂ ਵਿੱਚ,
ਜਿੱਥੋਂ ਤੁਰ ਪਿਆ ਉਸਦੀ ਹੈ ਆਸ ਉਸਨੂੰ।

ਜਿਸਨੂੰ ਰੱਬ ਲੱਭਦਾ ਅੰਤਰਧਿਆਨ ਹੋ ਕੇ,
ਨਾ ਹੀ ਭੁੱਖ ਉਸਨੂੰ ਨਾ ਹੀ ਪਿਆਸ ਉਸਨੂੰ।
ਤਨ ਮਨ ਵਿੱਚ ਜਿਸਦੇ ਦਾਤਾ ਵਸਦਾ ਹੈ,
ਕਰਨੀ ਪੈਂਦੀ ਨੀਂ ਕਦੇ ਅਰਦਾਸ ਉਸਨੂੰ।

ਨੁਕਸ ਭਾਲਦਾ ਜਿਸ ਵਿੱਚ ਨੁਕਸ ਹੋਵੇ,
ਠੀਕ ਲੱਗਦੇ ਨਾ ਧਰਤ, ਆਕਾਸ਼ ਉਸਨੂੰ।
ਹੱਥ ਗਰਮ ਤੇ ਪੇਟ ਹੈ ਨਰਮ ਜਿਸਦਾ,
‘ਸੁੰਨੜ’ ਸਮਝ ਬਿਮਾਰੀ ਨਹੀਂ ਖ਼ਾਸ ਉਸਨੂੰ।
•

ਜੀਵਨ ਬੋਝ ਨਹੀਂ ਬਣਦਾ ਜੇ ਚੁੱਕੋ ਰਲ ਕੇ ਭਾਰ ਨੂੰ।
ਆਪੋ ਧਾਪੀ ਨੇ ਹੀ ਮਿੱਤਰੋ! ਮਾਰ ਲਿਆ ਸੰਸਾਰ ਨੂੰ।

ਪਤਾ ਨਹੀਂ ਨਫ਼ਰਤ ਦੀ ਅਗਨੀ ਕਿੱਦਾਂ ਪੈਦਾ ਹੋ ਜਾਂਦੀ,
ਜਿਸ ਘਰ ਨਫ਼ਰਤ ਵੜ 'ਜੇ ਉਹਨਾਂ ਸਾੜ ਲਿਆ ਘਰ ਬਾਰ੍ਹ ਨੂੰ।

ਪਿਆਰ ਮੁਹੱਬਤ ਜਿਸ ਘਰ ਸਮਝੋ ਉਸ ਘਰ ਦੇ ਵਿੱਚ ਰੱਬ ਵਸਦਾ,
ਨਫ਼ਰਤ ਨੂੰ ਨਫ਼ਰਤ ਹੀ ਮਿਲਦੀ ਪਰ ਪਿਆਰ ਹੈ ਮਿਲਦਾ ਪਿਆਰ ਨੂੰ।

ਜੋ ਤੈਨੂੰ ਨਫ਼ਰਤ ਕਰਦੈਂ ਤੂੰ ਗਲ ਨਾਲ ਕੀਕਣ ਲਾ ਸਕਦੈਂ,
ਜਿਸਨੇ ਵਿੰਨ੍ਹ ਦੇਣਾ ਤੂੰ ਉਸਦੇ ਕਿਉਂ ਤਰਸੇਂ ਦੀਦਾਰ ਨੂੰ।

•

ਆਉਂਦੇ ਜਾਂਦੇ ਰਹੇ ਬਥੇਰੇ ਦਿਨ, ਮਹੀਨੇ, ਸਾਲ।
ਪੈਂਹਠ ਸਾਲਾਂ ਵਿੱਚ 'ਸੁੰਨੜਾ' ਤੂੰ ਕੀ ਕੀਤਾ ਕਮਾਲ।

ਮੁੜ ਘਿੜ ਖੋਤੀ ਬੋਹੜ ਥੱਲੇ ਹੀ ਆਉਂਦੀ ਰਹੀ ਹਮੇਸ਼ਾ,
ਏਨੀ ਭੱਜ ਨੱਠ ਕਰਦਾ ਹੈਂ ਤੂੰ ਕਿਸਦੀ ਕਰਦੈਂ ਭਾਲ।

ਦੋਸ਼ੀ ਜਿਵੇਂ ਕਚਹਿਰੀ ਦੇ ਵਿੱਚ ਉਮਰ ਗੁਜ਼ਾਰੀ ਹੈ ਤੂੰ,
ਰੋਜ਼ ਤਰੀਕਾਂ ਭੁਗਤ ਰਿਹਾ ਹੈਂ ਮੰਦੜਾ ਤੇਰਾ ਹਾਲ।

ਦੁਨੀਆਂ ਨੂੰ ਤਾਂ ਜੀਣ ਦੀਆਂ ਤੂੰ ਜਾਚਾਂ ਦੱਸਦਾ ਫਿਰਦੈਂ,
ਚਾਲਬਾਜ਼ ਹੋਵੇਂਗਾ ਪਰ ਤੇਰੀ ਨਾ ਬਦਲੀ ਚਾਲ।

ਝੂਠੀ ਮੂਠੀ ਰੱਬ ਰੱਬ ਕਰਦੈਂ ਖੁਦ ਪਰ ਜਾਣੇ ਤੂੰ,
ਰਾਮ ਕਬੀਰਾ ਇੱਕ ਤਾਂ ਹੁੰਦੇ ਜੇ ਰੱਬ ਹੋਵੇ ਦਿਆਲ।

•

ਦੋ ਵੀ ਬੰਦੇ ਨਾਲ ਲੈ ਕੇ ਤੁਰ ਨਾ ਸਕਿਆ ਉਮਰ ਭਰ
ਕਿਸੇ ਦਿਨ ਫਿਰ ਵੇਖਿਓ ਬਦਲਣਗੇ ਮੋਢਾ ਚਾਰ ਚਾਰ
ਦੋ ਵੀ ਬੰਦੇ ਗੱਲ ਕਰਨ ਤਾਂ ਬੋਲਣੋਂ ਰੁਕਦੇ ਨਹੀਂ
ਚੁੱਪ ਚਾਪ ਪਿੱਛੇ ਤੁਰਨਗੇ ਭਾਵੇਂ ਨੜੋਆ ਬੇਸ਼ੁਮਾਰ।

ਮੱਥੇ ਲੱਗਣ ਤੋਂ ਵੀ ਪਰਹੇਜ਼ ਕਰਦੇ ਨੇ ਸੱਜਣ
ਆਖ਼ਰੀ ਦਿਨ ਸਾਰੇ ਰਲ ਕੇ ਕਰਨਗੇ ਮੇਰਾ ਦੀਦਾਰ
ਨਫ਼ਰਤਾਂ ਦੀ ਅੱਗ ਵਿੱਚ ਸੜਦੇ ਰਹੇ ਜੋ ਉਮਰ ਭਰ
ਮੌਤ ਮਗਰੋਂ ਸਾਰੇ ਮਿਲ ਕਰਨਗੇ ਮਿੱਟੀ ਨੂੰ ਪਿਆਰ।
•

ਉਹ ਕਾਹਦਾ ਗੀਤ ਜਿਸਨੂੰ ਗਾਇਆ ਹੀ ਨਾ ਜਾਵੇ,
ਗੀਤ ਤਾਂ ਉਹ ਹੈ ਜਿਹੜਾ ਗਾਉਣ ਵਾਲਾ ਹੋਵੇ।
ਰੁੱਸ ਰੁੱਸ ਬਹਿਣ ਦਾ ਸਵਾਦ ਤਾਹੀਓਂ ਆਂਵਦਾ,
ਇੱਕ ਰੁੱਸੇ ਦੂਜਾ ਮਨਾਉਣ ਵਾਲਾ ਹੋਵੇ।

ਹੁਸਨ ਜਵਾਨੀ ਦੀ ਕਹਾਣੀ ਤਾਹੀਓਂ ਬਣਦੀ ਜੇ,
ਇੱਕ ਦੂਸਰੇ ਨੂੰ ਕੋਈ ਚਾਹੁਣ ਵਾਲਾ ਹੋਵੇ।
ਪਰੇ ਹੋਣ ਦੇ ਡਰਾਵੇ ਦਾ ਵੀ ਮੁੱਲ ਉਦੋਂ ਪੈਂਦਾ,
ਜਦੋਂ ਬਾਂਹੋਂ ਫੜ ਉਸਨੂੰ ਬਿਠਾਉਣ ਵਾਲਾ ਹੋਵੇ।

ਰੱਬ ਵਾਲਾ ਰੁਤਬਾ ਤਾਂ ਬਸ ਉਹਦਾ ਹੁੰਦਾ ਜਿਹਨੂੰ,
ਰੱਬ ਵਾਂਗੂੰ ਦਿਲੋਂ ਲਾ ਧਿਆਉਣ ਵਾਲਾ ਹੋਵੇ।
•